Golden State Realty
JASSI GILL
Broker/Owner
Listing and Selling Homes
From San Jose to Sacramento
Ph:510-304-9292
Refinance Now
@ZERO COST
Call Sukhi Gill:510-207-9067
CA DRE Lic.#01180969
CA DRE# 00966763

Law Office of M Vivek Malik
Toll free no 866-424-4000
www.usa.immigrationlaw.com
ACCOMPLISHED
IMMIGRATION Attorneys
Help FAMILIES REUNITE in the US
Our Global & Nationwide Services in the field of U.S. Immigration & Nationality law
M Vivek Malik
Business immigration & worksite compliance
Family & general immigration
Naturalization & citizenship
Removal defense & waivers
ਪੰਜਾਬੀ, ਹਿੰਦੀ ਅਤੇ ਉਰਦੂ ਵਿੱਚ ਗੱਲ ਕਰੋ

COVERED CALIFORNIA
Certified Insurance Agent
Global Green
INSURANCE AGENCY
ਹੈਲਥ ਇੰਸ਼ੋਰੈਂਸ ਕਰਵਾਉਣ ਲਈ ਸੰਪਰਕ ਕਰੋ
ਫੋਨ:510-487-1000
Gurdawar Singh Mann
MANN@GGIABA.COM
Gurcharan Singh Mann
Mann Insurance Brokers Inc.
4123 Dyer St., #230, Union City, CA 94587



Twenty-Third Year of Publication
ਕੈਲੀਫੋਰਨੀਆ ਐਡੀਸ਼ਨ
Price 50¢
Email:punjabtimes1@gmail.com
www.punjabtimesusa.com
ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ


# ਪੰਜਾਬ ਟਾਈਮਜ਼


Punjab Times, Vol 23, Issue 34, August 20, 2022 20451 N. Plum Grove Rd., Palatine, IL 60074 Ph:847-359-0746, Fax:847-705-9388


## ਮੁਫਤ ਸਹੂਲਤਾਂ ਅਤੇ ਭਲਾਈ ਸਕੀਮਾਂ ਬਾਰੇ ਬਹਿਸ ਛਿੜੀ

**ਚੰਡੀਗੜ੍ਹ:** ਭਾਰਤ ਵਿਚ ਚੋਣਾਂ ਸਮੇਂ ਸਿਆਸੀ ਪਾਰਟੀਆਂ ਵੱਲੋਂ ਵੋਟਰਾਂ ਲਈ ਮੁਫਤ ਸਹੂਲਤਾਂ ਦੇ ਗੱਫਿਆਂ ਉਤੇ ਇਸ ਸਮੇਂ ਵੱਡੀ ਬਹਿਸ ਛਿੜੀ ਹੋਈ ਹੈ। ਇਹ ਮਾਮਲਾ ਇਸ ਸਮੇਂ ਸੁਪਰੀਮ ਕੋਰਟ ਵਿਚ ਵੀ ਹੈ ਤੇ ਮੁਲਕ ਦੀ ਸਰਬ ਉਚ ਅਦਾਲਤ ਦਾ ਤਰਕ ਹੈ ਕਿ ਮੁਫਤ ਸਹੂਲਤਾਂ ਤੇ ਸਮਾਜ ਭਲਾਈ ਯੋਜਨਾਵਾਂ ਦੋ ਵੱਖੋ-ਵੱਖਰੀਆਂ ਗੱਲਾਂ ਹਨ ਤੇ ਅਰਥਚਾਰੇ ਨੂੰ ਪੈਸੇ ਦੇ ਨੁਕਸਾਨ ਤੇ ਭਲਾਈ ਕਦਮਾਂ ਵਿਚਕਾਰ ਤਵਾਜ਼ਨ ਕਾਇਮ ਕਰਨ ਦੀ ਲੋੜ ਹੈ।





ਇਸ ਸਮੇਂ ਭਾਜਪਾ, ਖਾਸਕਰ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਇਨ੍ਹਾਂ ਮੁਫਤ ਸਹੂਲਤਾਂ ਨੂੰ 'ਰਿਓੜੀਆਂ' ਦੱਸ ਕੇ ਵਿਰੋਧੀ ਧਿਰਾਂ ਉਤੇ ਤੰਜ਼ ਕੱਸ ਰਹੇ ਹਨ, ਉਥੇ ਆਮ ਆਦਮੀ ਪਾਰਟੀ ਦਾ ਦਾਅਵਾ ਹੈ ਕਿ ਲੋਕ ਇਨ੍ਹਾਂ ਸਹੂਲਤਾਂ ਦੇ ਹੱਕਦਾਰ ਹਨ ਤੇ ਭਾਜਪਾ ਖੁਦ ਲੋਕਾਂ ਨੂੰ ਮੁਫ਼ਤਖ਼ੋਰੀ ਦੇ ਲਾਅਰੇ ਲਾ ਕੇ ਸੱਤਾ ਵਿਚ ਆਈ ਸੀ। ਆਪ ਸੁਪਰੀਮੋ ਅਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਕਹਿਣਾ ਹੈ ਕਿ ਕੇਂਦਰ ਜਿਸ ਤਰ੍ਹਾਂ ਲੋਕਾਂ ਨੂੰ ਮੁਫਤ ਸਹੂਲਤਾਂ ਦੇਣ ਦਾ ਸਖਤ ਵਿਰੋਧ ਕਰ ਰਿਹਾ ਹੈ, ਉਸ ਤੋਂ ਲੱਗਦਾ ਹੈ ਕਿ ਉਸ ਦੀ ਵਿੱਤੀ ਹਾਲਤ ਕੁਝ ਖਰਾਬ ਹੈ। ਰੱਖਿਆ ਭਰਤੀ ਯੋਜਨਾ ਅਗਨੀਪਥ, ਕੇਂਦਰੀ ਟੈਕਸਾਂ 'ਚ ਰਾਜਾਂ ਦੀ ਹਿੱਸੇਦਾਰੀ 42 ਫੀਸਦ ਤੋਂ ਘਟਾ ਕੇ 29 ਫੀਸਦ ਕਰਨ, ਖੁਰਾਕੀ ਪਦਾਰਥਾਂ 'ਤੇ ਲਾਏ ਗਏ ਜੀ.ਐਸ.ਟੀ. ਅਤੇ ਮਨਰੇਗਾ ਫੰਡਾਂ 'ਚ 25 ਫੀਸਦ ਦੀ ਕਟੌਤੀ ਦਾ ਹਵਾਲਾ ਦਿੰਦਿਆਂ ਕੇਜਰੀਵਾਲ ਨੇ ਸਵਾਲ ਕੀਤਾ ਕਿ ਸਾਰਾ ਪੈਸਾ ਕਿੱਥੇ ਜਾ ਰਿਹਾ ਹੈ? ਕੇਂਦਰ ਪੈਟਰੋਲ ਤੇ ਡੀਜ਼ਲ ਤੋਂ ਹਰ ਸਾਲ 3.5 ਲੱਖ ਕਰੋੜ ਰੁਪਏ ਸਮੇਤ ਵੱਡੀ ਪੱਧਰ 'ਤੇ ਟੈਕਸ ਇਕੱਠਾ ਕਰਦਾ ਹੈ ਤੇ ਉਹ ਹੁਣ ਵੀ ਦੇਸ਼ ਦੇ ਲੋਕਾਂ ਨੂੰ ਮੁਫਤ ਸਿੱਖਿਆ, ਸਿਹਤ ਸਹੂਲਤਾਂ ਤੇ ਹੋਰ ਸਹੂਲਤਾਂ ਦੇਣ ਦੇ ਖਿਲਾਫ ਹੈ।

ਯਾਦ ਰਹੇ ਕਿ ਭਾਵੇਂ ਭਾਜਪਾ ਮੁਫਤ ਸਹੂਲਤਾਂ ਨੂੰ ਬੰਦ ਕਰਨ ਲਈ ਜ਼ੋਰ ਮਾਰ ਰਹੀ ਹੈ ਪਰ ਚੋਣ ਮਾਹੌਲ ਵਿਚ ਸਿਆਸੀ ਲਾਹਾ ਇਸੇ ਧਿਰ ਨੇ ਵੀ ਲਿਆ ਹੈ। ਇਕ ਸਰਵੇਖਣ ਮੁਤਾਬਕ ਹਾਲ ਹੀ ਵਿਚ ਹੋਈਆਂ ਉਤਰ ਪ੍ਰਦੇਸ਼ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਨੂੰ ਸੱਤਾ ਦਿਵਾਉਣ ਵਿਚ ਇਸ ਦੀ ਮੁਫਤ ਰਾਸ਼ਨ ਯੋਜਨਾ ਨੇ ਸਭ ਤੋਂ ਵੱਡਾ ਰੋਲ ਅਦਾ ਕੀਤਾ ਸੀ। ਚੋਣਾਂ ਸਮੇਂ ਵੀ ਇਸ ਮੁਫਤ ਸਹੂਲਤ ਦਾ ਖੂਬ ਪ੍ਰਚਾਰ ਹੋਇਆ। ਪੰਜਾਬ ਦੀ ਗੱਲ ਕਰੀਏ ਤਾਂ ਮੁਫ਼ਤਖ਼ੋਰੀ ਆਸਰੇ ਸੱਤਾ ਹਾਸਲ ਕਰਨ ਦੀ ਪਿਰਤ ਸਭ ਤੋਂ ਵੱਧ ਭਾਜਪਾ ਤੇ ਇਸ ਦੇ ਪੁਰਾਣੇ ਭਾਈਵਾਲ ਅਕਾਲੀ ਦਲ ਬਾਦਲ ਨੇ ਹੀ ਪਾਈ ਸੀ। ਉਸ ਸਮੇਂ ਕਿਸਾਨਾਂ ਨੂੰ ਮੁਫਤ ਬਿਜਲੀ, ਵਿਦਿਆਰਥੀਆਂ ਨੂੰ ਲੈਪਟਾਪ, ਕਰਜ਼ਾ ਮੁਆਫੀ, ਮੁਫਤ ਤੀਰਥ ਯਾਤਰਾ ਸਣੇ ਕਈ ਵੱਡੇ ਐਲਾਨ ਕਰਕੇ ਅਕਾਲੀ-ਭਾਜਪਾ ਦੀ ਭਾਈਵਾਲੀ ਸੱਤਾ ਹਾਸਲ ਕਰਨ ਵਿਚ ਸਫਲ ਰਹੀ।

ਇਸ ਤੋਂ ਬਾਅਦ ਹੋਰ ਧਿਰਾਂ ਨੇ ਵੀ ਇਹੀ ਰਾਹ ਚੁਣਿਆ। ਹਾਲ ਹੀ ਹੋਈਆਂ ਚੋਣਾਂ ਵਿਚ ਤਾਂ ਤਕਰੀਬਨ ਸਾਰੀਆਂ ਧਿਰਾਂ ਨੇ ਲੋਕ ਮਸਲੇ ਇਕ ਪਾਸੇ ਕਰਕੇ ਮੁਫ਼ਤਖ਼ੋਰੀ ਦੇ ਐਲਾਨਾਂ ਦਾ ਖੁੱਲ੍ਹਾ ਹੋਕਾ ਦੇ ਦਿੱਤਾ। ਆਮ ਆਦਮੀ ਪਾਰਟੀ ਨੇ ਤਾਂ ਇਸ ਪਾਸੇ ਸਾਰੇ ਰਿਕਾਰਡ ਤੋੜ ਦਿੱਤੇ। ਸਾਰਿਆਂ ਨੂੰ ਮੁਫਤ ਬਿਜਲੀ, ਔਰਤਾਂ ਨੂੰ 1000 ਰੁਪਏ ਮਹੀਨਾਂ, ਨੌਕਰੀਆਂ ਸਣੇ ਕਈ ਵਾਅਦਿਆਂ ਨਾਲ ਸੱਤਾ ਵਿਚ ਆਈ ਹੈ। ਆਪ ਸਰਕਾਰ ਅਗਲੇ ਸਾਲ ਚੋਣਾਂ ਵਾਲੇ ਸੂਬਿਆਂ (ਹਿਮਾਚਲ ਪ੍ਰਦੇਸ਼, ਗੁਜਰਾਤ) ਲਈ ਵੀ ਇਹੋ ਐਲਾਨ ਕਰ ਰਹੀ ਹੈ। ਦੋਵੇਂ ਸੂਬੇ ਭਾਜਪਾ ਸੱਤਾ ਵਾਲੇ ਹਨ। ਪਿਛਲੇ ਸਮੇਂ ਵਿਚ ਮੂਫਤ ਸਹੂਲਤਾਂ ਨੂੰ ਮਿਲੇ ਹੁੰਗਾਰੇ ਕਾਰਨ ਭਾਜਪਾ ਚਿੰਤਾ ਵਿਚ ਵੀ ਹੈ।


*(ਬਾਕੀ ਸਫਾ 6 'ਤੇ)*


## ਸੰਨ ਸੰਤਾਲੀ ਦੇ ਸਾਕੇ ਲਈ ਅਰਦਾਸ



**ਅੰਮ੍ਰਿਤਸਰ:** 1947 ਵਿਚ ਦੇਸ਼ ਦੀ ਵੰਡ ਵੇਲੇ ਹਿੰਸਾ ਦਾ ਸ਼ਿਕਾਰ ਹੋਏ ਦਸ ਲੱਖ ਪੰਜਾਬੀਆਂ ਦੀ ਯਾਦ ਵਿਚ ਇਥੇ ਅਕਾਲ ਤਖਤ ਵਿਖੇ ਸਮੂਹਿਕ ਅਰਦਾਸ ਕੀਤੀ ਗਈ। ਤਖਤ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਅਰਦਾਸ ਵਿਚ ਸ਼ਾਮਲ ਹੁੰਦਿਆਂ ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਦੀਆਂ ਸਰਕਾਰਾਂ ਨੂੰ ਆਖਿਆ ਕਿ ਉਹ ਵੰਡ ਵੇਲੇ ਮਾਰੇ ਲੋਕਾਂ ਦੀ ਯਾਦ ਵਿਚ ਆਪੋ-ਆਪਣੀ ਸੰਸਦ ਵਿਚ ਸੋਗ ਮਤੇ ਪਾਸ ਕਰਨ। ਉਸ ਵੇਲੇ ਉਜਾੜੇ ਦਾ ਸ਼ਿਕਾਰ ਹੋਏ ਲੋਕਾਂ ਅਤੇ ਉਨ੍ਹਾਂ ਦੇ ਪਰਿਵਾਰਾਂ ਨੂੰ ਆਪਣੀ ਜਨਮ ਭੋਇੰ ਵੇਖਣ ਵਾਸਤੇ ਵੀਜ਼ੇ ਦਿੱਤੇ ਜਾਣ।

ਉਨ੍ਹਾਂ ਕਿਹਾ ਕਿ ਦੇਸ਼ ਨੂੰ ਆਜ਼ਾਦ ਹੋਇਆ 75 ਵਰ੍ਹੇ ਬੀਤ ਗਏ ਹਨ ਅਤੇ ਆਜ਼ਾਦੀ ਦੇ ਜਸ਼ਨ ਮਨਾਉਂਦਿਆਂ ਇਹ ਆਜ਼ਾਦੀ ਦਿਵਸ ਧੂਮ ਧੜੱਕੇ ਅਤੇ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ ਹੈ ਪਰ ਅਫਸੋਸ ਕਿ ਉਸ ਵੇਲੇ ਵੰਡ ਵਿਚ ਮਾਰੇ ਗਏ ਲੋਕਾਂ ਨੂੰ ਯਾਦ ਨਹੀਂ ਕੀਤਾ ਗਿਆ। ਅਕਾਲ ਤਖ਼ਤ ਵੱਲੋਂ ਅੱਜ ਇਨ੍ਹਾਂ ਮਾਰੇ ਲੋਕਾਂ ਦੀ ਯਾਦ ਵਿਚ ਸਮੂਹਿਕ ਅਰਦਾਸ ਕੀਤੀ ਗਈ ਹੈ। ਇਹ ਅਰਦਾਸ ਸਿਰਫ ਅਕਾਲ ਤਖ਼ਤ ਵਿਖੇ ਹੀ ਨਹੀਂ ਸਗੋਂ ਤਖ਼ਤ ਦਮਦਮਾ ਸਾਹਿਬ, ਤਖ਼ਤ ਕੇਸਗੜ੍ਹ ਸਾਹਿਬ ਤੇ ਹੋਰ ਇਤਿਹਾਸਕ ਗੁਰਦੁਆਰਿਆਂ ਵਿਚ ਵੀ ਕੀਤੀ ਗਈ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਦੇਸ਼ ਦੀ ਆਜ਼ਾਦੀ ਵਿਚ ਜਿਨ੍ਹਾਂ ਦੋ ਸੂਬਿਆਂ ਪੰਜਾਬ ਅਤੇ ਬੰਗਾਲ ਨੇ ਅਹਿਮ ਭੂਮਿਕਾ ਨਿਭਾਈ ਸੀ, ਉਨ੍ਹਾਂ ਦੋਹਾਂ ਸੂਬਿਆਂ ਨੂੰ ਹੀ ਵੰਡ ਵੇਲੇ ਸਜ਼ਾ ਦਿੱਤੀ ਗਈ ਹੈ। ਇਹ ਦੋਹਾਂ ਸੂਬਿਆਂ ਵਿਚ ਵੰਡ ਹੋਈ ਅਤੇ ਲੋਕ ਵੰਡੇ ਗਏ ਤੇ ਮਾਰੇ ਗਏ। ਸਮੂਹਿਕ ਅਰਦਾਸ ਵਿਚ ਸਿੱਖ ਭਾਈਚਾਰੇ ਤੋਂ ਇਲਾਵਾ ਹਿੰਦੂ ਅਤੇ ਮੁਸਲਿਮ ਭਾਈਚਾਰੇ ਦੇ ਲੋਕ ਵੀ ਸ਼ਾਮਲ ਹੋਏ।


Harmit Toor
Your Realtor® For Life!
Help you Buy or Sell:
♦Residential Property
♦Commercial property
♦Business Opportunity
Financing:
♦Residential Loans
♦Commercial Loans
♦SBA Loans
Commercial Leasing
Broker Associate
BRE Lic.# 01462579
NMLS ID 358820
2015-19 Awarded Grand Master Achievement Club Certificate
BEB BAY EAST BROKERS
EQUAL HOUSING OPPORTUNITY
Ph: 925-202-7027
HDtoor@gmail.com
WWW.BayEastBrokers.Com

Raja SWEETS & CATERING
AUTHORIZED CATERER FOR MAJOR 5-STAR HOTELS
Toll Free 1-866-FOR-RAJA
www.rajasweets.com
msbains@rajasweets.com
ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।
Fresh Sweets, Snacks & Food
Catering with Portable Tandoor for up to 10000 guests
Lunch - Dinner - Take Out - Banquets
Items Serving: All kinds of Sweets; Snacks & Food; Chaat & Tikki Stall; Pani Poori Stall; Bhel Poori / Pav Bhaji; Faloode Kulfi
Catering Services: Wedding Ceremonies; Receptions; Birthday Parties; Religious Gatherings; Corporate Events; Picnics / Bar-b-que
Additional Services: Warmers; Chaffing Dishes; China & Silverware; Linen Rental; Waiters & Bartenders
Raja Sweets & Indian Cuisine
Raja Indian Cuisine & Bar
Call Makhan Bains or Ravinder Singh For Your Next Party
1-866-FOR-RAJA (367-7252)
www.RajaSweets.com

GLOBAL TRUCK PERMITS
17 years of experience
Services
-We do Same day IRP Plates
-Truck Permits
-New company
-Truck ELD
-Trucking compliance
Rajinder Singh
159 D'Arcy Pkwy, Lathrop, CA 95330
Phone: 209 636 0880

Tel.: 317-426-5410
Ext. 2001 & 2403

XPressCargo

100% ਓਨਰ ਆਪਰੇਟਰ ਕੰਪਨੀ

Pay Every Week

Pay Single 60 Cent + Team 70 Cent

100% OWNER OPERATOR COMPANY

IN TO MI BACK TO IN OR IN TO OH TO LOUISVILLE KY/BOWLING KY BACK TO IN ( EVERYDAY HOME)

ਸਾਰਾ ਸਾਲ ਸਾਡੇ ਕੋਲ ਪੱਕੇ ਰੀਫਰ ਅਤੇ ਡਰਾਈ ਵੈਨ ਦੇ ਲੋਡ ਹਨ ਅਤੇ ਲੋਡ Same Location ਤੇ ਜਾਂਦੇ ਹਨ ।

- ਫਿਊਲ ਐਡਵਾਂਸ ਤੇ ਕੋਈ ਵਾਧੂ ਚਾਰਜ ਨਹੀਂ
- ਸਾਰੇ ਲੰਪਰ ਫੀਸ ਕੰਪਨੀ ਪੇ ਕਰੇਗੀ ।
- ਟਰੱਕ ਦੀ ਲਾਇਸੈਂਸ ਪਲੇਟ
- ਟਰੱਕ ਫਿਜ਼ੀਕਲ ਡੈਮੇਜ ਇੰਸ਼ੋਰੈਂਸ
- ਟਰੱਕ ਅਤੇ ਟਰੇਲਰ ਰੈਂਟਲ ਜਾਂ ਲੀਜ਼ ਲੈ ਸਕਦੇ ਹੋ
- ਟਾਇਰਾਂ ਅਤੇ Oil Change ਤੇ ਸਪੈਸ਼ਲ ਡਿਸਕਾਉਂਟ




ਅਸੀਂ ਵੇਅਰ ਹਾਊਸ ਅਤੇ ਲੋਡ ਸਟੈਗ ਕਰਦੇ ਹਾਂ

CA >> IN, OH, KY, PA, MD, VA
IN >> KS, TN, WI, MI, KY, IL, GA

ਸਾਡੇ ਕੋਲ ਸਾਰੀਆਂ ਲੋਕੇਸ਼ਨਾਂ ਤੋਂ ਵਾਪਸੀ ਕੈਲੀਫੋਰਨੀਆ ਤੱਕ ਪੱਕੇ ਲੋਡ ਹਨ

ਅਸੀਂ 2016 ਅਤੇ 2017 ਦੇ USED ਟਰੱਕ ਵੀ ਸੇਲ ਕਰਦੇ ਹਾਂ

ਸਿੰਗਲ ਅਤੇ ਟੀਮ ਡਰਾਈਵਰਾਂ ਦੀ ਲੋੜ ਹੈ
ਵੀਕਲੀ ਹੋਮ
ਵੇਅਰ ਹਾਊਸ ਅਤੇ 24/7 ਘੰਟੇ ਰਿਪੇਅਰ ਸ਼ਾਪ ਖੁੱਲੀ ਹੈ

Hiring Owner Operators and Drivers

ਸਾਡੇ ਸਰਕਾਰ ਤੋਂ ਮਾਨਤਾ ਪ੍ਰਾਪਤ ਸਕੂਲ ਵਿੱਚ ਕਮਰਸ਼ੀਲ ਲਾਇਸੈਂਸ ਲਈ ਕਾਲ ਕਰ ਸਕਦੇ ਹੋ ।

2330 Enterprise Park Dr., Indianapolis, IN 46218

Online Application @ www.xpresscargoinc.com

# ਸੁਖਬੀਰ ਦੀ ਕੁਰਸੀ ਸਲਾਮਤ, ਸੀਨੀਅਰ ਆਗੂਆਂ ਨੇ ਅਗਵਾਈ ਕਬੂਲੀ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਵਿਚ ਚੱਲ ਰਹੀ ਸਿਆਸੀ ਰੱਸਾਕਸ਼ੀ ਦੌਰਾਨ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਕੰਮ ਕਰਨ ਦਾ ਐਲਾਨ ਕਰ ਦਿੱਤਾ ਹੈ। ਪਾਰਟੀ ਦੀ ਦੋ ਦਿਨਾਂ ਮੀਟਿੰਗਾਂ ਦੌਰਾਨ ਸ੍ਰੀ ਬਾਦਲ ਦੀ ਲੀਡਰਸ਼ਿਪ ਕਾਇਮ ਰੱਖਣ ਲਈ ਭਾਰੀ ਕਸ਼ਮਕਸ਼ ਦੇਖਣ ਨੂੰ ਮਿਲੀ। ਪਾਰਟੀ ਦੇ ਭੰਗ ਕੀਤੇ ਜਾ ਚੁੱਕੇ ਜਥੇਬੰਦਕ ਢਾਂਚੇ ਦੇ ਜ਼ਿਲ੍ਹਾ ਪ੍ਰਧਾਨਾਂ ਵੱਲੋਂ ਸੁਖਬੀਰ ਸਿੰਘ ਬਾਦਲ ਨੂੰ ਭਵਿੱਖ ਦਾ ਆਗੂ ਮੰਨਣ ਦੇ ਐਲਾਨ ਤੋਂ ਬਾਅਦ ਵਰਕਿੰਗ ਕਮੇਟੀ ਤੇ ਸਾਬਕਾ ਵਿਧਾਇਕਾਂ ਨੇ ਵੀ ਉਨ੍ਹਾਂ ਦੇ ਐਲਾਨ 'ਤੇ ਹੀ ਫੁੱਲ ਚੜ੍ਹਾ ਦਿੱਤੇ।

ਇਨ੍ਹਾਂ ਮੀਟਿੰਗਾਂ ਦਾ ਮਹੱਤਵਪੂਰਨ ਪਹਿਲੂ ਇਹ ਦੇਖਣ ਨੂੰ ਮਿਲਿਆ ਕਿ ਪਾਰਟੀ ਪ੍ਰਧਾਨ ਦੀ ਕਾਰਜਸ਼ੈਲੀ ਅਤੇ ਕਾਰਗੁਜ਼ਾਰੀ 'ਤੇ ਸਿੱਧੇ ਜਾਂ



ਅਸਿੱਧੇ ਢੰਗ ਨਾਲ ਉਂਗਲ ਉਠਾਉਣ ਵਾਲੇ ਆਗੂਆਂ ਤੋਂ ਹੀ ਸੁਖਬੀਰ ਬਾਦਲ ਦੀ ਅਗਵਾਈ ਕਬੂਲਣ ਦਾ ਐਲਾਨ ਕਰਵਾਇਆ ਗਿਆ। ਸੀਨੀਅਰ ਅਕਾਲੀ ਆਗੂ ਪ੍ਰੇਮ ਸਿੰਘ ਚੰਦੂਮਾਜਰਾ ਨੇ ਲੀਡਰਸ਼ਿਪ ਤਬਦੀਲੀ ਦੇ ਏਜੰਡੇ ਨੂੰ ਰੱਦ ਕਰਦਿਆਂ ਕਿਹਾ ਕਿ ਪਾਰਟੀ ਪਲੇਟਫਾਰਮ ਜਾਂ ਹੋਰ ਕਿਧਰੇ ਵੀ ਪਾਰਟੀ ਦੀ ਬਿਹਤਰੀ ਅਤੇ ਚੜ੍ਹਦੀ ਕਲਾ ਲਈ ਸਲਾਹ-ਮਸ਼ਵਰਾ ਦੇਣ ਨੂੰ ਬਗਾਵਤ ਨਹੀਂ ਕਿਹਾ ਜਾ ਸਕਦਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਅਤੇ ਮਾਝੇ ਦੇ ਆਗੂ ਰਵੀਕਰਨ ਸਿੰਘ ਕਾਹਲੋਂ ਨੂੰ ਵੀ ਐਲਾਨ ਸਮੇਂ ਉਚੇਚੇ ਤੌਰ 'ਤੇ ਮੂਹਰੇ ਰੱਖਿਆ ਗਿਆ। ਪਾਰਟੀ ਦੇ ਇਕ ਹੋਰ ਸੀਨੀਅਰ ਆਗੂ ਬਲਵਿੰਦਰ ਸਿੰਘ ਭੂੰਦੜ ਨੇ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਾਲੀ ਕਮੇਟੀ ਦੀ ਰਿਪੋਰਟ ਵਿਚ ਲੀਡਰਸ਼ਿਪ ਤਬਦੀਲੀ ਦੀ ਮੱਦ ਹੋਣ ਨੂੰ ਰੱਦ ਕਰਦਿਆਂ ਕਿਹਾ ਕਿ ਇਸ ਦੇ 42 ਨੁਕਤਿਆਂ ਵਿਚ ਕਿਧਰੇ ਵੀ ਪ੍ਰਧਾਨ ਨੂੰ ਬਦਲਣ ਦੀ ਗੱਲ ਨਹੀਂ ਕਹੀ ਗਈ ਹੈ ਅਤੇ ਇਹ ਰਿਪੋਰਟ ਜਨਤਕ ਕੀਤੀ ਜਾਵੇਗੀ।

ਉਨ੍ਹਾਂ ਪ੍ਰਧਾਨ ਬਦਲਣ ਦੀਆਂ ਗੱਲਾਂ ਮੀਡੀਆ ਦੇ ਦਿਮਾਗ ਦੀ ਕਾਢ ਦੱਸੀ। ਸ੍ਰੀ ਚੰਦੂਮਾਜਰਾ ਨੇ ਕਿਹਾ ਕਿ ਮੀਟਿੰਗ ਦੌਰਾਨ ਵੀ ਪਾਰਟੀ ਦੀ ਦਿੱਖ ਸੰਵਾਰਨ ਅਤੇ ਸੂਬੇ ਦੇ ਹਿੱਤਾਂ ਦੀ ਲੜਾਈ ਲੜਨ ਦੀ ਰਣਨੀਤੀ ਘੜਨ 'ਤੇ ਵਿਚਾਰ ਕੀਤਾ ਗਿਆ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਇਕਜੁੱਟ ਹੈ ਅਤੇ ਇਕਜੁੱਟ ਹੀ ਰਹੇਗੀ। 'ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ ਦੇ ਹਿੱਤਾਂ ਲਈ ਹਮੇਸ਼ਾ ਹੀ ਡਟ ਕੇ ਪਹਿਰਾ ਦਿੱਤਾ ਹੈ ਅਤੇ ਹੁਣ ਵੀ ਸੂਬੇ ਦੇ ਹਿੱਤਾਂ ਨਾਲ ਖਿਲਵਾੜ ਨਹੀਂ ਕਰਨ ਦਿੱਤਾ ਜਾਵੇਗਾ। ਪੰਜਾਬੀਆਂ ਨੇ ਫਤਵਾ ਤਾਂ ਭਗਵੰਤ ਮਾਨ ਨੂੰ ਦਿੱਤਾ ਸੀ ਪਰ ਹਕੂਮਤ ਗੈਰ ਪੰਜਾਬੀ ਚਲਾ ਰਹੇ ਹਨ।' ਉਨ੍ਹਾਂ ਕਿਹਾ ਕਿ ਚੰਡੀਗੜ੍ਹ 'ਤੇ ਪੰਜਾਬ ਦਾ ਹੱਕ ਮਾਰਨ ਜਿਹੇ ਮਨਸੂਬੇ ਗੈਰ ਪੰਜਾਬੀਆਂ ਦੇ ਰਾਜ ਕਾਰਨ ਹੀ ਸਿਰੇ ਚੜ੍ਹਦੇ ਜਾ ਰਹੇ ਹਨ। ਵਿਧਾਇਕ ਮਨਪ੍ਰੀਤ ਸਿੰਘ ਇਯਾਲੀ ਦੀ ਗੈਰਮੌਜੂਦਗੀ 'ਤੇ ਸ੍ਰੀ ਭੂੰਦੜ ਨੇ ਕਿਹਾ ਕਿ ਪਰਿਵਾਰਕ ਕਾਰਨਾਂ ਕਰਕੇ ਉਹ ਮੀਟਿੰਗ ਵਿਚ ਸ਼ਾਮਲ ਨਹੀਂ ਹੋ ਸਕੇ। ਉਨ੍ਹਾਂ ਪਾਰਟੀ ਅੰਦਰ ਸਭ ਅੱਛਾ ਹੋਣ ਦਾ ਦਾਅਵਾ ਕਰਦਿਆਂ ਕਿਹਾ ਕਿ ਅਕਾਲੀ ਦਲ ਇਕ ਜਮਹੂਰੀ ਕਦਰਾਂ-ਕੀਮਤਾਂ 'ਤੇ ਪਹਿਰਾ ਦੇਣ ਵਾਲੀ ਪਾਰਟੀ ਹੈ ਜਿਸ ਕਾਰਨ ਲੋਕ ਅਕਾਲੀਆਂ ਤੋਂ ਅਕਸਰ ਜ਼ਿਆਦਾ ਉਮੀਦਾਂ ਰੱਖਦੇ ਹਨ। ਉਨ੍ਹਾਂ ਕਿਹਾ ਕਿ ਸਵਾਲ ਉਠਣੇ ਮਾੜੀ ਗੱਲ ਨਹੀਂ ਹੈ ਪਰ ਕਈ ਵਾਰ ਬਿਨਾਂ ਗੱਲ ਤੋਂ ਖੰਭਾਂ ਦੀਆਂ ਡਾਰਾਂ ਬਣ ਜਾਂਦੀਆਂ ਹਨ।

## ਕੋਲੇ ਦੀ ਥਾਂ ਝੋਨੇ ਦੀ ਪਰਾਲੀ ਨੂੰ ਬਾਲਣ ਵਜੋਂ ਵਰਤਣ ਦੀ ਤਿਆਰੀ

**ਚੰਡੀਗੜ੍ਹ:** ਪੰਜਾਬ ਦੇ ਸਾਇੰਸ ਤਕਨਾਲੋਜੀ ਤੇ ਵਾਤਾਵਰਨ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਇਥੇ ਕਿਹਾ ਕਿ ਸਨਅਤੀ ਇਕਾਈਆਂ ਵਿਚ ਕੋਲੇ ਦੀ ਥਾਂ ਝੋਨੇ ਦੀ ਪਰਾਲੀ ਨੂੰ ਬਾਲਣ ਵਜੋਂ ਵਰਤਣ ਲਈ ਤਕਨੀਕੀ ਹੱਲਾਂ ਨੂੰ ਉਤਸ਼ਾਹਿਤ ਕਰਨ ਵਾਸਤੇ ਕਦਮ ਚੁੱਕੇ ਜਾਣਗੇ। ਇਸ ਨਾਲ ਨਾ ਸਿਰਫ ਨਿਕਾਸੀ ਦਾ ਬੋਝ ਘਟੇਗਾ ਸਗੋਂ ਸੂਬੇ ਵਿਚ ਪੈਲੇਟਾਈਜੇਸ਼ਨ ਪਲਾਂਟ ਸਥਾਪਤ ਕਰਨ ਲਈ ਮਾਰਕਿਟ ਪੈਦਾ ਕਰਕੇ ਰੁਜ਼ਗਾਰ ਦੇ ਮੌਕੇ ਵੀ ਬਣਾਏ ਜਾਣਗੇ।

ਪੰਜਾਬ ਸਟੇਟ ਕੌਂਸਲ ਫਾਰ ਸਾਇੰਸ ਐਂਡ ਟੈਕਨਾਲੋਜੀ (ਪੀ.ਐਸ.ਸੀ.ਐਸ.ਟੀ.) ਦੇ ਮਾਹਰਾਂ ਨਾਲ ਗੱਲਬਾਤ ਕਰਦਿਆਂ ਮੀਤ ਹੇਅਰ ਨੇ ਇਸ ਗੱਲ ਦੀ ਸ਼ਲਾਘਾ ਕੀਤੀ ਕਿ ਪੰਜਾਬ ਨੇ ਇੰਡੀਆ ਇਨੋਵੇਸ਼ਨ ਇੰਡੈਕਸ ਰੈਂਕਿੰਗ ਫਰੇਮਵਰਕ 'ਤੇ ਸਥਿਤੀ 'ਚ ਸੁਧਾਰ ਕਰਕੇ 10ਵੇਂ ਤੋਂ 6ਵਾਂ ਸਥਾਨ ਹਾਸਲ ਕੀਤਾ ਹੈ।

# ਸ਼੍ਰੋਮਣੀ ਅਕਾਲੀ ਦਲ ਵੱਲੋਂ ਬਾਗੀ ਆਗੂਆਂ ਖਿਲਾਫ ਕਾਰਵਾਈ ਦੇ ਸੰਕੇਤ

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਦੀ ਅੰਦਰੂਨੀ ਖਾਨਾਜੰਗੀ ਦੇ ਚੱਲਦਿਆਂ ਭੰਗ ਹੋਏ ਜਥੇਬੰਦਕ ਢਾਂਚੇ ਦੇ ਜ਼ਿਲ੍ਹਾ ਪ੍ਰਧਾਨਾਂ ਨੇ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਭਰੋਸਾ ਪ੍ਰਗਟਾਇਆ ਹੈ। ਜ਼ਿਲ੍ਹਾ ਪ੍ਰਧਾਨਾਂ ਦੀ ਮ

ੀਟਿੰਗ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਪਾਰਟੀ ਆਗੂਆਂ ਵਿਰਸਾ ਸਿੰਘ ਵਲਟੋਹਾ, ਇਕਬਾਲ ਸਿੰਘ ਝੂੰਦਾ ਤੇ ਮਨਤਾਰ ਸਿੰਘ ਬਰਾੜ ਨੇ ਕਿਹਾ ਕਿ ਸੁਖਬੀਰ ਬਾਦਲ ਹੀ ਪਾਰਟੀ ਦੇ ਪ੍ਰਧਾਨ ਸਨ ਤੇ ਭਵਿੱਖ ਵਿਚ ਵੀ ਉਹੀ ਪ੍ਰਧਾਨ ਰਹਿਣਗੇ। ਆਗੂਆਂ ਨੇ ਸ੍ਰੀ ਬਾਦਲ ਦੀ ਕਾਰਗੁਜ਼ਾਰੀ ਤੇ ਕਾਰਜਸ਼ੈਲੀ 'ਤੇ ਟਿੱਪਣੀਆਂ ਕਰਨ ਵਾਲੇ ਆਗੂਆਂ ਦੀਆਂ ਗਤੀਵਿਧੀਆਂ ਨੂੰ ਅਨੁਸ਼ਾਸਨਹੀਣਤਾ ਦੱਸਦਿਆਂ ਬਾਗੀ ਆਗੂਆਂ ਖਿਲਾਫ ਜ਼ਾਬਤਾ ਕਾਰਵਾਈ ਦੇ ਸੰਕੇਤ ਦਿੱਤੇ ਹਨ।

ਵਿਰਸਾ ਸਿੰਘ ਵਲਟੋਹਾ ਨੇ ਤਾਂ ਬਾਗੀ ਵਿਧਾਇਕ ਮਨਪ੍ਰੀਤ ਸਿੰਘ ਇਯਾਲੀ 'ਤੇ ਭਾਜਪਾ ਨਾਲ ਸਾਂਝ ਪਾਉਣ ਤੇ ਦਲ ਨੂੰ ਕਮਜ਼ੋਰ ਕਰਨ ਦੇ ਦੋਸ਼ ਵੀ ਲਾਏ। ਆਗੂਆਂ ਨੇ ਕਿਹਾ ਕਿ ਜਿਵੇਂ ਮਹਾਰਾਸ਼ਟਰ ਵਿਚ ਭਾਜਪਾ ਨੇ ਸ਼ਿਵ ਸੈਨਾ ਨੂੰ ਕਮਜ਼ੋਰ ਕੀਤਾ ਹੈ, ਉਸੇ ਤਰ੍ਹਾਂ ਸ਼੍ਰੋਮਣੀ ਅਕਾਲੀ ਦਲ ਨੂੰ ਵੀ ਕਮਜ਼ੋਰ ਕਰਨ ਦੀਆਂ ਚਾਲਾਂ ਚੱਲੀਆਂ ਜਾ ਰਹੀਆਂ ਹਨ।

ਉਨ੍ਹਾਂ ਕਿਹਾ ਕਿ ਬੀਤੇ ਸਮੇਂ 'ਚ ਅਕਾਲੀ ਦਲ ਨੇ ਹੁਣ ਤੱਕ ਕਈ ਚੁਣੌਤੀਆਂ ਦਾ ਡੱਟ ਕੇ ਮੁਕਾਬਲਾ ਕੀਤਾ ਹੈ ਤੇ ਭਵਿੱਖ ਵਿਚ ਵੀ ਹਰ ਚੁਣੌਤੀ ਦਾ ਸਾਹਮਣਾ ਕੀਤਾ ਜਾਵੇਗਾ। ਆਗੂਆਂ ਨੇ ਇਹ ਵੀ ਦਾਅਵਾ ਕੀਤਾ ਕਿ ਇਕਬਾਲ ਸਿੰਘ ਝੂੰਦਾਂ ਦੀ ਅਗਵਾਈ ਵਾਲੀ ਕਮੇਟੀ ਨੇ ਜੋ ਰਿਪੋਰਟ ਦਿੱਤੀ ਹੈ, ਉਸ ਵਿਚ ਕਿਤੇ ਵੀ ਸੁਖਬੀਰ ਬਾਦਲ ਨੂੰ ਪ੍ਰਧਾਨਗੀ ਦੇ ਅਹੁਦੇ ਤੋਂ ਲਾਹੁਣ ਦਾ ਜ਼ਿਕਰ ਨਹੀਂ ਹੈ। ਸ੍ਰੀ ਵਲਟੋਹਾ ਨੇ ਕਿਹਾ ਕਿ ਵਿਰੋਧੀ ਸਿਆਸੀ ਪਾਰਟੀਆਂ ਨੂੰ ਵੀ ਅਕਾਲੀ ਦਲ ਜਾਂ ਪਾਰਟੀ ਦੇ ਪ੍ਰਧਾਨ ਖਿਲਾਫ ਝੂਠਾ ਪ੍ਰਚਾਰ ਕਰਨ 'ਤੇ ਕਰਾਰਾ ਜਵਾਬ ਦਿੱਤਾ ਜਾਵੇਗਾ।

ਅਕਾਲੀ ਦਲ ਦੇ ਆਗੂਆਂ ਨੇ ਕਿਹਾ ਕਿ ਹਰ ਪਾਰਟੀ ਵਿਚ ਅੰਦਰੂਨੀ ਜਮਹੂਰੀਅਤ ਤਹਿਤ ਪਾਰਟੀ ਪਲੇਟਫਾਰਮ 'ਤੇ ਗੱਲ ਕਰਨ ਦੀ ਖੁੱਲ੍ਹ ਹੁੰਦੀ ਹੈ, ਪਰ ਜੇਕਰ ਕੋਈ ਆਗੂ ਜਨਤਕ ਤੌਰ 'ਤੇ ਪਾਰਟੀ ਦੀਆਂ ਨੀਤੀਆਂ ਜਾਂ ਪਾਰਟੀ ਦੇ ਆਗੂ ਦੀ ਅਲੋਚਨਾ ਕਰਦਾ ਹੈ ਤਾਂ ਉਸ ਨੂੰ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਕਿਹਾ ਕਿ ਅਕਾਲੀ ਦਲ ਵੀ ਅਜਿਹੇ ਆਗੂਆਂ ਦੀਆਂ ਗਤੀਵਿਧੀਆਂ ਨੂੰ ਸਹਿਣ ਨਹੀਂ ਕਰੇਗਾ। ਇਕਬਾਲ ਸਿੰਘ ਝੂੰਦਾ ਨੇ ਕਿਹਾ ਕਿ ਜੇਕਰ ਅਕਾਲੀ ਦਲ ਵਿਚ ਕੋਈ ਕਮੀ ਹੈ ਤਾਂ ਉਹ ਦੂਰ ਕੀਤੀ ਜਾਵੇਗੀ ਤੇ ਪਾਰਟੀ ਦਾ ਨਵਾਂ ਰੂਪ ਲੋਕਾਂ ਸਾਹਮਣੇ ਲਿਆਂਦਾ ਜਾਵੇਗਾ।

### ਜਗਮੀਤ ਬਰਾੜ ਖਿਲਾਫ ਕਾਰਵਾਈ ਹੋਵੇਗੀ?

**ਚੰਡੀਗੜ੍ਹ:** ਸ਼੍ਰੋਮਣੀ ਅਕਾਲੀ ਦਲ ਨੇ ਪਾਰਟੀ ਦੇ 'ਬਾਗੀ' ਆਗੂ ਜਗਮੀਤ ਸਿੰਘ ਬਰਾੜ ਨੂੰ ਕੱਢਣ ਦੀ ਤਿਆਰੀ ਖਿੱਚ ਲਈ ਹੈ। ਪਾਰਟੀ ਦੇ ਇਕ ਸੀਨੀਅਰ ਆਗੂ ਨੇ ਇਸ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਪਿਛਲੇ ਦਿਨਾਂ ਤੋਂ ਜਗਮੀਤ ਸਿੰਘ ਬਰਾੜ ਵੱਲੋਂ ਕੀਤੀਆਂ ਜਾ ਰਹੀਆਂ ਕਾਰਵਾਈਆਂ ਤੇ ਟਿੱਪਣੀਆਂ ਨੂੰ ਅਨੁਸ਼ਾਸਨਹੀਣਤਾ ਮੰਨਿਆ ਜਾ ਰਿਹਾ ਹੈ। ਇਸ ਲਈ ਪਾਰਟੀ ਸਾਰੇ ਮਾਮਲੇ 'ਤੇ ਵਿਚਾਰ ਕਰ ਰਹੀ ਹੈ ਤੇ ਅਨੁਸ਼ਾਸਨਹੀਣਤਾ ਦੀ ਕਾਰਵਾਈ ਕਿਸੇ ਵੀ ਸਮੇਂ ਹੋ ਸਕਦੀ ਹੈ। ਪਾਰਟੀ ਅੰਦਰਲੇ ਸੂਤਰਾਂ ਦਾ ਦੱਸਣਾ ਹੈ ਕਿ ਕਾਂਗਰਸ ਛੱਡ ਕੇ ਅਕਾਲੀ ਦਲ 'ਚ ਸ਼ਾਮਲ ਹੋਏ ਜਗਮੀਤ ਸਿੰਘ ਬਰਾੜ ਵਿਰੁੱਧ ਕੀਤੀ ਜਾਣ ਵਾਲੀ ਕਾਰਵਾਈ ਤਾਂ ਸ਼ੁਰੂਆਤ ਹੈ ਤੇ ਆਉਣ ਵਾਲੇ ਦਿਨਾਂ ਦੌਰਾਨ ਹੋਰਨਾਂ ਆਗੂਆਂ ਖਿਲਾਫ ਵੀ ਅਨੁਸ਼ਾਸਨੀ ਕਾਰਵਾਈ ਹੋ ਸਕਦੀ ਹੈ।

# ਕਾਂਗਰਸ ਨੇ ਮਜੀਠੀਆ ਨੂੰ ਜ਼ਮਾਨਤ ਮਿਲਣ ਉਤੇ ਆਪ ਸਰਕਾਰ ਨੂੰ ਘੇਰਿਆ

**ਚੰਡੀਗੜ੍ਹ:** ਪੰਜਾਬ ਹਰਿਆਣਾ ਹਾਈ ਕੋਰਟ ਤੋਂ ਜ਼ਮਾਨਤ ਮਿਲਣ ਮਗਰੋਂ ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਪਟਿਆਲਾ ਦੀ ਕੇਂਦਰੀ ਜੇਲ੍ਹ 'ਚੋਂ ਰਿਹਾਅ ਹੋ ਗਏ ਹਨ। ਉਹ ਕਰੀਬ ਸਾਢੇ ਪੰਜ ਮਹੀਨੇ ਜੇਲ੍ਹ 'ਚ ਰਹੇ। ਉਧਰ, ਕਾਂਗਰਸ ਨੇ ਮਾਨ ਸਰਕਾਰ ਉਤੇ ਮਜੀਠੀਆ ਨੂੰ ਜਾਣਬੁਝ ਕੇ ਛੱਡਣ ਦਾ ਦੋਸ਼ ਲਾਇਆ ਹੈ। ਕਾਂਗਰਸ ਸੰਸਦ ਮੈਂਬਰ ਰਵਨੀਤ ਸਿੰਘ ਬਿੱਟੂ ਨੇ ਆਖਿਆ ਹੈ ਕਿ ਕਾਂਗਰਸ ਸਰਕਾਰ ਨੇ ਬੜੀ ਮਿਹਨਤ ਨਾਲ ਇਸ ਅਕਾਲੀ ਆਗੂ ਨੂੰ ਅੰਦਰ ਕੀਤਾ ਸੀ ਪਰ ਆਪ ਸਰਕਾਰ ਨੇ ਆਉਂਦੇ ਹੀ ਉਸ ਨੂੰ ਛੱਡ ਦਿੱਤਾ। ਸਾਬਕਾ ਉਪ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਕਿਹਾ ਕਿ ਮਜੀਠੀਆ ਸਬੰਧੀ ਜੇ ਕੇਸ ਕਮਜ਼ੋਰ ਹੁੰਦਾ ਤਾਂ ਉਹ ਉਸੇ ਵੇਲੇ ਹੱਲ ਹੋ ਜਾਂਦਾ।

ਪੰਜਾਬ ਦੀ ਮਾਨ ਸਰਕਾਰ ਨੂੰ ਆੜੇ ਹੱਥੀਂ ਲੈਂਦਿਆਂ ਕਿਹਾ ਕਿ ਮਜੀਠੀਆ ਦੇ ਬਾਹਰ ਆਉਣ



ਬਾਰੇ ਮੈਨੂੰ ਨਾ ਪੁੱਛੋ, ਸਗੋਂ ਉਨ੍ਹਾਂ ਤੋਂ ਪੁੱਛੋ ਜਿਹੜੇ ਪੰਜਾਬ ਦੇ ਡੀ.ਜੀ.ਪੀ. ਨੇ, ਮੁੱਖ ਮੰਤਰੀ, ਜੋ ਗ੍ਰਹਿ ਮੰਤਰੀ ਹਨ ਤੇ ਐਡਵੋਕੇਟ ਜਨਰਲ ਤੋਂ ਪੁੱਛੋ ਜਿਨ੍ਹਾਂ ਨੇ ਹਾਈਕੋਰਟ ਵਿਚ ਕੇਸ ਕਿਉਂ ਨਹੀਂ ਲੜਿਆ ਤੇ ਇਸ ਮਾਮਲੇ ਦੀ ਜਾਂਚ ਕਰਕੇ ਸਬੂਤ ਕਿਉਂ ਨਹੀਂ ਪੇਸ਼ ਕੀਤੇ।

ਦੱਸ ਦਈਏ ਕਿ ਚਰਨਜੀਤ ਸਿੰਘ ਚੰਨੀ ਦੀ ਅਗਵਾਈ ਹੇਠਲੀ ਕਾਂਗਰਸ ਸਰਕਾਰ ਸਮੇਂ ਮਜੀਠੀਆ ਖਿਲਾਫ ਪਿਛਲੇ ਸਾਲ 20 ਦਸੰਬਰ ਨੂੰ ਐਨ.ਡੀ.ਪੀ.ਐਸ. ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਸੀ। ਇਸ ਮਗਰੋਂ ਮਜੀਠੀਆ ਕੁਝ ਸਮੇਂ ਲਈ ਰੂਪੋਸ਼ ਵੀ ਹੋ ਗਏ ਸਨ। ਉਸ ਸਮੇਂ ਮੁਹਾਲੀ ਦੀ ਅਦਾਲਤ ਨੇ ਉਨ੍ਹਾਂ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਸੀ ਪਰ ਸੁਪਰੀਮ ਕੋਰਟ ਨੇ ਪੰਜਾਬ ਪੁਲਿਸ ਨੂੰ ਨਿਰਦੇਸ਼ ਦਿੱਤੇ ਸਨ ਕਿ ਮਜੀਠੀਆ ਨੂੰ 23 ਫਰਵਰੀ ਤੱਕ ਗ੍ਰਿਫਤਾਰ ਨਾ ਕੀਤਾ ਜਾਵੇ। ਪੰਜਾਬ ਵਿਧਾਨ ਸਭਾ ਚੋਣਾਂ 'ਚ ਪ੍ਰਚਾਰ ਲਈ ਮਜੀਠੀਆ ਨੂੰ ਇਹ ਮੋਹਲਤ ਮਿਲੀ ਸੀ। ਚੋਣਾਂ ਮਗਰੋਂ 24 ਫਰਵਰੀ ਨੂੰ ਮਜੀਠੀਆ ਨੇ ਆਤਮ ਸਮਰਪਣ ਕਰ ਦਿੱਤਾ ਸੀ ਅਤੇ ਉਨ੍ਹਾਂ ਕਰੀਬ 168 ਦਿਨ ਜੇਲ੍ਹ ਵਿਚ ਗੁਜ਼ਾਰੇ ਹਨ। ਅਕਾਲੀ ਆਗੂ ਵੱਲੋਂ ਵਕੀਲਾਂ ਆਰ.ਐਸ. ਚੀਮਾ ਅਤੇ ਅਰਸ਼ਦੀਪ ਸਿੰਘ ਨੇ 23 ਮਈ ਨੂੰ ਹਾਈ ਕੋਰਟ 'ਚ ਨਿਯਮਤ ਜ਼ਮਾਨਤ ਲਈ ਪਹੁੰਚ ਕੀਤੀ ਸੀ। ਜਸਟਿਸ ਏ.ਜੀ. ਮਸੀਹ ਅਤੇ ਜਸਟਿਸ ਸੰਦੀਪ ਮੌਦਗਿੱਲ ਦੇ ਬੈਂਚ ਨੇ 4 ਜੁਲਾਈ ਨੂੰ ਫੈਸਲਾ ਸੁਣਾਏ ਜਾਣ ਮੌਕੇ ਆਪਣੇ ਆਪ ਨੂੰ ਸੁਣਵਾਈ ਤੋਂ ਲਾਂਭੇ ਕਰ ਲਿਆ ਸੀ। ਮਜੀਠੀਆ ਨੇ ਆਪਣੀ ਪਟੀਸ਼ਨ 'ਚ ਦਲੀਲ ਦਿੱਤੀ ਸੀ ਕਿ ਤਤਕਾਲੀ ਕਾਂਗਰਸ ਸਰਕਾਰ ਵੱਲੋਂ ਸਿਆਸੀ ਬਦਲਾਖੋਰੀ ਲਈ ਆਪਣੀ ਤਾਕਤ ਅਤੇ ਅਹੁਦੇ ਦੀ ਦੁਰਵਰਤੋਂ ਕੀਤੀ ਗਈ ਸੀ।

ਡਿਵੀਜ਼ਨ ਬੈਂਚ ਨੇ ਕਿਹਾ ਕਿ ਐਫ.ਆਈ.ਆਰ. ਨੂੰ ਅੱਠ ਮਹੀਨੇ ਹੋ ਗਏ ਹਨ ਅਤੇ ਰਾਜ ਸਰਕਾਰ ਹਾਲੇ ਵੀ ਭਾਰਤ ਅਤੇ ਵਿਦੇਸ਼ਾਂ ਵਿਚ ਵੱਖ-ਵੱਖ ਵਿੱਤੀ ਸੰਸਥਾਵਾਂ ਤੋਂ ਜਾਣਕਾਰੀ ਇਕੱਤਰ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪਟੀਸ਼ਨਰ ਵੱਲੋਂ ਆਤਮ ਸਮਰਪਣ ਕਰਨ ਮਗਰੋਂ ਪੰਜਾਬ ਪੁਲਿਸ ਨੇ ਉਸ ਦੇ ਰਿਮਾਂਡ ਦੀ ਮੰਗ ਵੀ ਨਹੀਂ ਕੀਤੀ। ਦੱਸਣਯੋਗ ਹੈ ਕਿ ਡਰੱਗ ਰੈਕੇਟ ਦੀ 2018 ਦੀ ਜਾਂਚ ਰਿਪੋਰਟ ਦੇ ਆਧਾਰ 'ਤੇ ਹੀ ਪੰਜਾਬ ਪੁਲਿਸ ਨੇ ਮਜੀਠੀਆ ਖਿਲਾਫ ਮਾਮਲਾ ਦਰਜ ਕੀਤਾ ਸੀ।

## ਸੂਬੇ ਨੂੰ ਪੈਰਾਂ-ਸਿਰ ਕਰਨਾ ਮੁੱਖ ਮਕਸਦ: ਕਟਾਰੂਚੱਕ

**ਅਜੀਤਵਾਲ:** ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬੇ ਵਿਚ 'ਆਪ' ਨੂੰ ਜਦੋਂ ਸੱਤਾ ਮਿਲੀ ਸੀ ਤਾਂ ਪੰਜਾਬ ਦੀ ਹਾਲਤ ਬਹੁਤ ਮਾੜੀ ਸੀ ਤੇ ਕੰਗਾਲ ਹੋਏ ਸੂਬੇ ਨੂੰ ਮੁੜ ਪੈਰਾਂ ਸਿਰ ਕਰਨ ਲਈ ਹਾਲੇ ਸਮਾਂ ਲੱਗੇਗਾ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਦਾ ਸੂਬੇ ਨੂੰ 'ਜਿਉਂਦਾ ਜਾਗਦਾ ਪੰਜਾਬ' ਬਣਾਉਣ ਦਾ ਟੀਚਾ ਹੈ। ਮੀਡੀਆ ਨਾਲ ਗੱਲਬਾਤ ਕਰਦਿਆਂ ਜੰਗਲਾਤ ਮੰਤਰੀ ਨੇ ਕਿਹਾ ਕਿ ਪੰਜਾਬ ਨੂੰ ਹਰਿਆ ਭਰਿਆ ਕਰਨ ਲਈ ਸੂਬੇ ਵਿਚ 1.20 ਕਰੋੜ ਬੂਟੇ ਲਗਾਏ ਜਾ ਰਹੇ ਹਨ। ਨੀਲੇ ਕਾਰਡ ਬਣਾਉਣ ਮੌਕੇ ਹੋਈਆਂ ਗੜਬੜੀਆਂ ਸਬੰਧੀ ਪੁੱਛੇ ਗਏ ਇਕ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਦੌਰਾਨ ਅਯੋਗ ਲੋਕਾਂ ਦੇ ਵੀ ਨੀਲੇ ਕਾਰਡ ਬਣਾਏ ਗਏ ਸਨ, ਜਿਨ੍ਹਾਂ ਦੀ ਵਿਭਾਗ ਵੱਲੋਂ ਪੜਤਾਲ ਕੀਤੀ ਜਾਵੇਗੀ।

# ਮੋਦੀ ਸਰਕਾਰ ਦੀਆਂ ਫਿਰਕੂ ਨੀਤੀਆਂ ਖਿਲਾਫ ਸੰਘਰਸ਼ ਤੇਜ਼ ਕਰਨ ਦਾ ਅਹਿਦ

**ਮਹਿਲ ਕਲਾਂ:** ਸ਼ਹੀਦ ਕਿਰਨਜੀਤ ਕੌਰ ਦਾ 25ਵਾਂ ਸ਼ਰਧਾਂਜਲੀ ਸਮਾਗਮ ਅਨਾਜ ਮੰਡੀ ਮਹਿਲ ਕਲਾਂ 'ਚ ਇਨਕਲਾਬੀ ਜੋਸ਼ੋ-ਖਰੋਸ਼ ਨਾਲ ਮਨਾਇਆ ਗਿਆ। ਇਸ ਸੰਘਰਸ਼ ਦੌਰਾਨ ਵਿਛੋੜਾ ਦੇ ਗਏ ਚਾਰ ਸੰਗਰਾਮੀ ਯੋਧਿਆਂ ਮਰਹੂਮ ਮੋਹਨ ਸਿੰਘ, ਭਗਵੰਤ ਸਿੰਘ, ਕੁਲਵੰਤ ਰਾਏ, ਪ੍ਰੀਤਮ ਦਰਦੀ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।

ਐਕਸ਼ਨ ਕਮੇਟੀ ਦੇ ਕਨਵੀਨਰ ਗੁਰਬਿੰਦਰ ਸਿੰਘ ਕਲਾਲਾ ਤੇ ਨਰਾਇਣ ਦੱਤ ਨੇ ਇਸ ਸੰਘਰਸ਼ ਦੇ ਪਿਛੋਕੜ ਬਾਰੇ ਚਾਨਣਾ ਪਾਉਂਦਿਆਂ ਕਿਹਾ ਕਿ ਇਸ ਵੇਲੇ ਮੋਦੀ ਹਕੂਮਤ ਵੱਲੋਂ ਆਰਥਿਕ ਅਤੇ ਫਿਰਕੂ ਫਾਸ਼ੀ ਹੱਲਾ ਤੇਜ਼ ਕੀਤਾ ਹੋਇਆ ਹੈ ਜਿਸ ਤਹਿਤ ਧਾਰਮਿਕ ਘੱਟ ਗਿਣਤੀਆਂ, ਦਲਿਤਾਂ, ਔਰਤਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇਸ ਮੌਕੇ ਸਮਾਜਿਕ ਕਾਰਕੁਨ ਤੇ



ਮਰਹੂਮ ਨਾਟਕਕਾਰ ਗੁਰਸ਼ਰਨ ਭਾਅ ਜੀ ਦੀ ਬੇਟੀ ਡਾ. ਨਵਸ਼ਰਨ ਕੌਰ ਨੇ ਕਿਹਾ ਕਿ ਇਸ ਸੰਘਰਸ਼ ਦੌਰਾਨ ਔਰਤਾਂ ਦੀ ਸਰਗਰਮ ਸ਼ਮੂਲੀਅਤ ਰਹੀ ਹੈ। ਹਕੂਮਤ ਦੇ ਫਿਰਕੂ ਫਾਸ਼ੀ ਹੱਲੇ ਖਿਲਾਫ ਸਾਂਝਾ ਸੰਘਰਸ਼ ਸਮੇਂ ਦੀ ਲੋੜ ਹੈ। ਆਰ.ਐਮ.ਪੀ.ਆਈ. ਦੇ ਕੌਮੀ ਸਕੱਤਰ ਕਾਮਰੇਡ ਮੰਗਤ ਰਾਮ ਪਾਸਲਾ ਨੇ ਕਿਹਾ ਕਿ ਭਾਵੇਂ ਪੁਲਿਸ ਤੇ ਸਿਆਸੀ ਗੱਠਜੋੜ ਖਿਲਾਫ ਵੱਡੀ ਲੜਾਈ ਜਿੱਤ ਲਈ ਗਈ ਹੈ ਪਰ ਇਹ ਅੰਤਿਮ ਜਿੱਤ ਨਹੀਂ ਹੈ ਕਿਉਂਕਿ ਅੱਜ ਵੀ ਸੰਸਦ ਤੇ ਵਿਧਾਨ ਸਭਾਵਾਂ 'ਚ 37 ਫੀਸਦ ਨੁਮਾਇੰਦਿਆਂ ਦਾ ਅਪਰਾਧਿਕ ਪਿਛੋਕੜ ਹੈ। ਭਾਰਤੀ ਕਿਸਾਨ ਯੂਨੀਅਨ ਏਕਤਾ (ਡਕੌਂਦਾ) ਦੇ ਸੂਬਾ ਪ੍ਰਧਾਨ ਬੂਟਾ ਸਿੰਘ ਬੁਰਜ ਗਿੱਲ ਨੇ ਕਿਹਾ ਕਿ ਕਿਸਾਨ ਮੰਗਾਂ ਦੀ ਪੂਰਤੀ ਤੱਕ ਸੰਘਰਸ਼ ਜਾਰੀ ਰਹੇਗਾ।

### ਅਗਨੀਪਥ ਯੋਜਨਾ ਖਿਲਾਫ ਪ੍ਰਦਰਸ਼ਨ ਜਾਰੀ

**ਚੰਡੀਗੜ੍ਹ:** ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਅਗਨੀਪਥ ਯੋਜਨਾ ਰੱਦ ਕਰਨ ਦੀ ਮੰਗ ਨੂੰ ਲੈ ਕੇ ਭਾਰਤੀ ਕਿਸਾਨ ਯੂਨੀਅਨ (ਏਕਤਾ-ਉਗਰਾਹਾਂ) ਵੱਲੋਂ ਪੰਜਾਬ ਭਰ 'ਚ ਪ੍ਰਦਰਸ਼ਨ ਜਾਰੀ ਹਨ। ਯੂਨੀਅਨ ਦੇ ਆਗੂ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਬਰਨਾਲਾ 'ਚ ਡੀਸੀ ਦਫਤਰ ਤੇ ਗੁਰਦਾਸਪੁਰ ਦੇ ਡੇਰਾ ਬਾਬਾ ਨਾਨਕ ਐਸ.ਡੀ.ਐਮ. ਦਫਤਰ ਤੋਂ ਇਲਾਵਾ ਸੰਗਰੂਰ, ਮੋਗਾ, ਮਾਲੇਰਕੋਟਲਾ, ਫਰੀਦਕੋਟ, ਫਿਰੋਜ਼ਪੁਰ, ਫਾਜ਼ਿਲਕਾ, ਮੁਕਤਸਰ ਤੇ ਪਟਿਆਲਾ ਜ਼ਿਲ੍ਹਿਆਂ ਵਿਚ ਰੋਸ ਪ੍ਰਦਰਸ਼ਨ ਕੀਤੇ ਗਏ। ਕਿਸਾਨਾਂ ਨੇ ਪ੍ਰਦਰਸ਼ਨ ਕਰਦਿਆਂ ਅਗਨੀਪਥ ਯੋਜਨਾ ਰੱਦ ਕਰਨ ਦੀ ਮੰਗ ਕੀਤੀ ਤੇ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਨਾਂ ਮੰਗ ਪੱਤਰ ਸਬੰਧਿਤ ਅਧਿਕਾਰੀਆਂ ਨੂੰ ਸੌਂਪੇ।

# Matrimonials

## ਲੜਕੇ ਦੀ ਲੋੜ ਹੈ

Jatt Sikh family looking for a USA citizen equal qualification boy for their smart and beautiful girl, October 1990 born, 5' 4''. B.Sc Nursing (NCLEX) NY RN passed.Presently working as RN in Government Health sector in Punjab. Family currently residing at Moga, Punjab and very soon moving to USA. Contact us at: 1 (414) 574-1313 USA or 91 9417931388 India 34-37

A Sikh Hundal family seeking a suitable, well educated, well settled boy from USA or Canada for their 32 years old, daughter, height 5-3", smart, well educated knowing both cultures very well. She did Bachelor of Dental Surgery, Master degree Epidemiology from UNSW Sydney, Australia), Currently working as a Research Fellow with Bill and Malinda Gates Foundation, in collaboration World Health Organization, Public Health Foundation. Previously in Australia worked as Health Officer .Father B.Tech. (GNE, Ludh. retired from Government job). Family currently residing in Chandigarh and owns rural and urban agriculture land. Contact us at: ranjitsingh56@yahoo.com or 1+905-866-6091 Canada 91+896-869-7166. 29-32

Jatt Sikh family looking for a Jatt Sikh match for their 34 years, 5' 4" daughter. Master of Business Administration, Marketing , Food media. Permanent Resident of Canada. Mother retired govt. Principal , Brother Sarpanch of village & now preparing for MLA Election, urban and rural property. Boy wanted from jatt sikh family only. Contact us at: +1 4373328422 or E-mail at: puneetasra17october@gmail.com 29-32

Looking for an educated Jatt Sikh Punjabi girl (willing to move in TX) for handsome Jatt Sikh boy 5'10" (32), US born and raised. Degree in BBA (IT), presently working, belongs to a educated family. Please contact and send bio-data at: srom2000@yahoo.com 27-30

## ਲੜਕੀ ਦੀ ਲੋੜ ਹੈ

Jatt Sikh family looking for a Jatt Sikh match for their 1993 born, 5' 11", Canadian PR son. Currently working as a software engineer after completing his Masters in Electrical Engineering from university in USA (USA Green Card applied). Family is well educated and has urban and rural property (parents reside in Ludhiana). Please contact us at: +12488540003 or email: jpssandhu17@gmail.com 33-36

Suitable match for Sikh Rajput, clean shaved boy, 1989, 5'-3". MS from Boston. Senior Cybersecurity engineer in San Jose .Well- educated family with liberal values. Upper caste no bar. Please contact and send bio-data at: rajput.gagan255@gmail.com, Whatsapp no. 6506844709 32-33

Looking for a suitable match for our well educated Engineering and MBA and a professionally accomplished son 37, 5' 9". Working in US as a Manager with an IT consulting firm (MNC) based out of Chicago. Relocation to any state in the US possible. Please contact at Sandeep.ksb21@gmail.com or+1-630-464-9893. 31-34

Well settled Jatt Sikh family in USA looking for a suitable Sikh girl from USA for New Zealand citizen jatt sikh boy (currently in USA ) 32 years, 5'9". Bachelor in business. Also have a business in USA. Please Call us at 856-693-5401 or email rajdeepmann4u@yahoo.com 31-34

Sikh Kamboj family, looking for a suitable match for their Oct 73, 5' 8" well educated, Electronics Engineer son working as a Director in the IT field. USA Citizen based in Bay Area, CA. Divorcee (issue less). Contact us at: +1 (510) 806-7385 29-32

# ਡਿਟਰੋਇਟ ਵਿਖੇ ਅੰਤਰਰਾਸ਼ਟਰੀ ਸਿੱਖ ਯੂਥ ਸਿੰਪੋਜ਼ੀਅਮ 2022 ਦਾ ਆਯੋਜਨ

**ਡਿਟਰੋਇਟ:** ਬੀਤੇ ਦਿਨੀਂ ਸਿੱਖ ਯੂਥ ਅਲਾਇੰਸ ਆਫ਼ ਨਾਰਥ ਅਮਰੀਕਾ (ਸਿਆਨਾ) ਵਲੋਂ ਕਰਵਾਏ ਜਾਂਦੇ ਸਾਲਾਨਾ ਤਿੰਨ ਦਿਨਾਂ ਇੰਟਰਨੈਸ਼ਨਲ ਸਿੱਖ ਯੂਥ ਸਿੰਪੋਜ਼ੀਅਮ 2022 ਸੰਬੰਧੀ ਮੁਕਾਬਲੇ ਅਮਰੀਕਾ ਦੇ ਸੂਬੇ ਮਿਸ਼ੀਗਨ ਦੇ ਸ਼ਹਿਰ ਡਿਟਰੋਇਟ ਵਿਖੇ ਆਯੋਜਿਤ ਕੀਤੇ ਗਏ। ਸਿੱਖ ਗੁਰਦੁਆਰਾ ਆਫ਼ ਰੋਚੈਸਟਰ ਹਿਲਜ਼ ਵਿਖੇ ਹੋਏ ਪ੍ਰੋਗਰਾਮਾਂ ਵਿਚ 6 ਸਾਲ ਤੋਂ ਲੈ ਕੇ 22 ਸਾਲਾਂ ਤੱਕ ਦੇ 51 ਬੱਚਿਆਂ ਤੇ ਨੌਜਵਾਨਾਂ ਨੇ ਭਾਗ ਲਿਆ।



ਸਿੰਪੋਜ਼ੀਅਮ ਅਤੇ ਸੰਸਥਾ ਦੇ ਨੈਸ਼ਨਲ ਕਨਵੀਨਰ ਸ. ਕੁਲਦੀਪ ਸਿੰਘ ਨੇ ਦੱਸਿਆ ਕਿ ਸਿਆਨਾ ਸੰਸਥਾ ਵਲੋਂ ਸੰਨ 2000 ਤੋਂ ਹਰ ਸਾਲ ਮਾਰਚ-ਅਪਰੈਲ ਦੇ ਮਹੀਨੇ ਵਿਚ ਇਹ ਮੁਕਾਬਲੇ ਪਹਿਲਾਂ ਅਮਰੀਕਾ ਤੇ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿਚ ਕਰਵਾਏ ਜਾਂਦੇ ਹਨ। ਭਾਗ ਲੈਣ ਵਾਲੇ ਬੱਚਿਆਂ ਨੂੰ ਉਮਰ ਅਨੁਸਾਰ ਪੰਜ ਗਰੁੱਪਾਂ ਵਿਚ ਵੰਡਿਆ ਜਾਂਦਾ ਹੈ। ਬੱਚਿਆਂ ਨੂੰ 'ਜਸਵੰਤ ਸਿੰਘ ਖਾਲੜਾ' ਕਿਤਾਬ ਦਿੱਤੀ ਗਈ, ਜਿਸ ਵਿਚੋਂ ਉਨ੍ਹਾਂ ਨੂੰ ਦਿੱਤੇ ਗਏ ਤਿੰਨ ਸਵਾਲਾਂ ਦੇ ਜਵਾਬ ਵਿਚ ਭਾਸ਼ਣ ਦਿੱਤੇ। ਪਹਿਲੇ ਦਿਨ ਚਾਰ ਗਰੁੱਪਾਂ ਦੇ ਫਾਈਨਲ ਵਿਚ ਪਹੁੰਚੇ ਬੱਚਿਆਂ ਦੇ ਭਾਸ਼ਣ ਹੋਏ। ਦੂਜੇ ਦਿਨ ਪੰਜਵੇਂ ਗਰੁੱਪ ਵਿਚ ਭਾਗ ਲੈਣ ਵਾਲੇ 16 ਤੋਂ 22 ਸਾਲਾਂ ਦੇ ਨੌਜਵਾਨਾਂ ਨੇ "ਸਰਬੱਤ ਦਾ ਭਲਾ" ਸੰਬੰਧੀ ਡਿਬੇਟ ਵਿਚ ਭਾਗ ਲਿਆ। ਡਿਬੇਟ ਦੇ ਸੰਚਾਲਕ ਬੱਫਲੋ ਤੋਂ ਡਾ. ਸਤਪਾਲ ਸਿੰਘ ਸਨ, ਜਿਨ੍ਹਾਂ ਨੇ ਵਿਚਾਰ ਵਟਾਂਦਰੇ ਨੂੰ ਬਹੁਤ ਵਧੀਆ ਤਰੀਕੇ ਨਾਲ ਨੇਪਰੇ ਚਾੜ੍ਹਿਆ। ਇਨ੍ਹਾਂ ਸਾਲਾਨਾ ਫਾਈਨਲ ਮੁਕਾਬਲਿਆਂ ਦੌਰਾਨ ਭਾਗ ਲੈਣ ਵਾਲੇ ਬੱਚਿਆਂ ਨੂੰ ਸਨਮਾਨਿਤ ਕਰਨ ਲਈ ਸ਼ਾਮ ਦੇ ਖਾਣੇ ਦਾ ਵਿਸ਼ੇਸ਼ ਪ੍ਰੋਗਰਾਮ ਕੀਤਾ ਗਿਆ, ਜਿਸ ਵਿਚ ਸਾਰੇ ਬੁਲਾਰਿਆਂ ਦਾ ਸਨਮਾਨ ਕੀਤਾ ਗਿਆ ਅਤੇ ਉਨ੍ਹਾਂ ਬਾਰੇ ਆਏ ਹੋਏ ਮਹਿਮਾਨਾਂ ਨੂੰ ਜਾਣਕਾਰੀ ਦਿੱਤੀ ਗਈ।

ਸਿੰਪੋਜ਼ੀਅਮ ਦੇ ਅਖੀਰਲੇ ਦਿਨ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਦਰਬਾਰ ਉਪਰੰਤ ਨਤੀਜਿਆਂ ਦਾ ਐਲਾਨ ਕੀਤਾ ਗਿਆ। ਭਾਸ਼ਨ ਪ੍ਰਤੀਯੋਗਤਾ ਵਿਚ ਪਹਿਲੇ ਗਰੁੱਪ ਵਿਚ ਡੈਲਸ ਤੋਂ ਜਸਕੀਰਤ ਸਿੰਘ, ਦੂਜੇ ਵਿਚ ਐਟਲਾਂਟਾ ਤੋਂ ਬਿਸਮਾਦ ਕੌਰ, ਤੀਜੇ ਵਿਚ ਸਿਨਸਿਨਾਟੀ ਤੋਂ ਬਨਜੋਤ ਕੌਰ, ਚੌਥੇ ਵਿਚ ਸ਼ਿਕਾਗੋ ਤੋਂ ਮੁਸਕਾਨ ਕੌਰ ਅਤੇ ਪੰਜਵੇਂ ਗਰੁੱਪ ਵਿਚ ਨਿਊਯਾਰਕ ਤੋਂ ਗੁਰਪ੍ਰਤਾਪ ਸਿੰਘ ਪਹਿਲੇ ਸਥਾਨ 'ਤੇ ਰਹੇ। ਭਾਸ਼ਨ ਮੁਕਾਬਲੇ ਵਿਚ ਜੇਤੂਆਂ ਤੋਂ ਇਲਾਵਾ ਭਾਗ ਲੈਣ ਵਾਲੇ ਸਾਰੇ ਬੱਚਿਆਂ ਨੂੰ ਵਿਸ਼ੇਸ਼ ਪੁਰਸਕਾਰ "ਡਿਸਟਿੰਗਯੂਇਸ਼ਡ ਸਪੀਕਰ ਐਵਾਰਡ" ਦਿੱਤਾ ਗਿਆ। ਸਿਆਨਾ ਸੰਸਥਾ ਦੇ ਕਨਵੀਨਰ ਸ. ਕੁਲਦੀਪ ਸਿੰਘ ਦਾ ਕਹਿਣਾ ਸੀ ਕਿ ਸਿਮਪੋਜ਼ੀਅਮ ਦੀ ਤਿਆਰੀ ਨਾਲ ਬੱਚਿਆਂ ਨੂੰ ਜਿੱਥੇ ਸਿੱਖ ਇਤਿਹਾਸ ਤੇ ਵਿਰਸੇ ਬਾਰੇ ਜਾਣਕਾਰੀ ਮਿਲਦੀ ਹੈ, ਉਥੇ ਹੀ ਉਨ੍ਹਾਂ ਨੂੰ ਭਾਸ਼ਣ ਲਿਖਣ ਤੇ ਬੋਲਣ ਦਾ ਵੀ ਪਤਾ ਲੱਗਦਾ ਹੈ।

# ਘਰ ਵਿਚ ਹੋਏ ਧਮਾਕੇ ਕਾਰਨ 3 ਮੌਤਾਂ; 39 ਘਰਾਂ ਨੂੰ ਪੁੱਜਾ ਨੁਕਸਾਨ


**ਇੰਡੀਅਨਐਪਲਿਸ:** ਅਮਰੀਕਾ ਦੇ ਇੰਡੀਅਨਐਪਲਿਸ ਰਾਜ ਵਿਚ ਇਵਾਨਸਵਿਲੇ ਵਿਖੇ ਇਕ ਘਰ ਵਿਚ ਹੋਏ ਜ਼ਬਰਦਸਤ ਧਮਾਕੇ ਵਿਚ ਪਤੀ-ਪਤਨੀ ਸਮੇਤ 3 ਜਣਿਆਂ ਦੀ ਮੌਤ ਹੋ ਗਈ ਤੇ ਨਾਲ ਲੱਗਦੇ 39 ਘਰਾਂ ਨੂੰ ਨੁਕਸਾਨ ਪੁੱਜਾ। ਕਈ ਘਰ ਪੂਰੀ ਤਰ੍ਹਾਂ ਤਬਾਹ ਹੋ ਗਏ ਹਨ ਤੇ ਕਈਆਂ ਨੂੰ ਘੱਟ ਨੁਕਸਾਨ ਪੁੱਜਾ ਹੈ। ਇਵਾਨਸਵਿਲੇ ਦੇ ਅੱਗ ਬੁਝਾਊ ਵਿਭਾਗ ਦੇ ਮੁਖੀ ਮੀਸ਼ੈਲ ਕੋਨੈਲੀ ਨੇ ਦੱਸਿਆ ਕਿ ਧਮਾਕਾ ਅਚਨਚੇਤ ਹੋਇਆ। ਉਨ੍ਹਾਂ ਕਿਹਾ ਕਿ ਬਹੁਤ ਸਾਰੀਆਂ ਏਜੰਸੀਆਂ ਘਟਨਾ ਦੀ ਜਾਂਚ ਕਰ ਰਹੀਆਂ ਹਨ ਤੇ ਇਸ ਸਬੰਧੀ ਛੇਤੀ ਹੀ ਕਿਸੇ ਸਿੱਟੇ ਉਪਰ ਪੁੱਜਿਆ ਜਾਵੇਗਾ। ਮ੍ਰਿਤਕਾਂ ਦੀ ਪਛਾਣ ਪਤੀ-ਪਤਨੀ 43 ਸਾਲਾ ਚਾਰਲਸ ਹਾਈਟ ਤੇ 37 ਸਾਲਾ ਮਾਰਟੀਨਾ ਹਾਈਟ ਅਤੇ 29



ਸਾਲਾ ਜੈਸਿਕਾ ਟੀਗੂ ਵਜੋਂ ਹੋਈ ਹੈ। ਕੋਨੈਲੀ ਨੇ ਕਿਹਾ ਹੈ ਕਿ ਪ੍ਰਭਾਵਿਤ ਪਰਿਵਾਰਾਂ ਦੀ ਰੈੱਡ ਕਰਾਸ ਮਦਦ ਕਰ ਰਹੀ ਹੈ।

# ਲਾਜ ਨੀਲਮ ਸੈਣੀ ਦੇ ਕਹਾਣੀ-ਸੰਗ੍ਰਹਿ 'ਲਟ ਲਟ ਬਲ਼ਦਾ ਦੀਵਾ' ਦਾ ਲੋਕ ਅਰਪਣ 21 ਨੂੰ

ਵਿਸ਼ਵ ਪੰਜਾਬੀ ਸਾਹਤਿ ਅਕੈਡਮੀ (ਵਿਪਸਾ) ਦੀ ਸਾਹਿਤਕ ਮਿਲਣੀ ਡਾ. ਸੁਖਵਿੰਦਰ ਕੰਬੋਜ ਦੀ ਅਗਵਾਈ ਹੇਠ, 21 ਅਗਸਤ ਦਿਨ ਐਤਵਾਰ ਨੂੰ ਸਵੇਰੇ 11:30 ਵਜੇ Mehran Restaurant, 5774 Mofry School Rd, Nefark Ca ਵਿਖੇ ਹੋ ਰਹੀ ਹੈ। ਇਸ ਮੌਕੇ ਲਾਜ ਨੀਲਮ ਸੈਣੀ ਦਾ ਕਹਾਣੀ ਸੰਗ੍ਰਹਿ 'ਲਟ ਲਟ ਬਲ਼ਦਾ ਦੀਵਾ' ਲੋਕ ਅਰਪਣ ਕੀਤਾ ਜਾਵੇਗਾ। ਪ੍ਰੋਗਰਾਮ ਦਾ ਅਰੰਭ ਸੰਗੀਤ ਦੇ ਧਨੀ ਸੁਖਦੇਵ ਸਾਹਿਲ ਵਲੋਂ ਸ਼ਬਦ ਗਾਇਨ ਨਾਲ਼ ਹੋਵੇਗਾ। ਭਾਰਤ ਤੋਂ ਸੁਪ੍ਰਸਿੱਧ ਕਹਾਣੀਕਾਰ ਅਜਮੇਰ ਸਿੱਧੂ ਦਾ ਰਿਕਾਰਡ ਕੀਤਾ ਸੁਨੇਹਾ ਪੜ੍ਹ ਕੇ ਸੁਣਾਇਆ ਜਾਵੇਗਾ।



ਡਾ. ਹਰਿੰਦਰ ਸਿੰਘ ਤੁੜ (ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ) ਦਾ ਲਿਖਿਆ ਪੇਪਰ ਜਗਜੀਤ ਨੌਸ਼ਹਿਰਵੀ ਵਲੋਂ ਪੇਸ਼ ਕੀਤਾ ਜਾਵੇਗਾ। ਹਾਜ਼ਰ ਲੇਖਕ ਅਤੇ ਪਾਠਕ ਵਿਚਾਰ-ਚਰਚਾ ਵਿਚ ਭਾਗ ਲੈਣਗੇ। ਪੁਸਤਕ ਲੋਕ ਅਰਪਣ ਤੋਂ ਬਾਅਦ ਦੁਪਹਿਰ ਦਾ ਖਾਣਾ ਹੋਵੇਗਾ। ਸਮਾਗਮ ਸੰਬੰਧੀ ਸੱਦਾ-ਪੱਤਰ ਭੇਜੇ ਜਾ ਚੁੱਕੇ ਹਨ। ਇਸ ਸਮਾਗਮ ਵਿਚ ਹਿੱਸਾ ਲੈਣ ਲਈ ਡਾ. ਸੁਖਵਿੰਦਰ ਕੰਬੋਜ (ਪ੍ਰਧਾਨ) ਨਾਲ ਫੋਨ: 925-308-3000, ਕੁਲਵਿੰਦਰ (ਜਨਰਲ ਸਕੱਤਰ) ਨਾਲ 510-267-2090 ਅਤੇ ਲਾਜ ਨੀਲਮ ਸੈਣੀ (ਸਹਾਇਕ ਸਕੱਤਰ) ਨਾਲ ਫੋਨ ਨੰਬਰ 510-502-0551 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਆਜ਼ਾਦੀ ਦਿਹਾੜੇ ਮੌਕੇ ਖਾਲਸਈ ਝੰਡਿਆਂ ਨਾਲ ਮਾਰਚ ਕੀਤਾ

**ਤਲਵੰਡੀ ਸਾਬੋ:** ਦੇਸ਼ ਦੇ 75ਵੇਂ ਆਜ਼ਾਦੀ ਦਿਹਾੜੇ ਮੌਕੇ ਜਿਥੇ ਦੇਸ਼ ਭਰ ਵਿਚ ਸਿਆਸੀ ਪਾਰਟੀਆਂ ਵੱਲੋਂ ਤਿਰੰਗਾ ਲਹਿਰਾਇਆ ਜਾ ਰਿਹਾ ਹੈ, ਉਥੇ ਅਕਾਲੀ ਦਲ (ਅੰਮ੍ਰਿਤਸਰ) ਦੇ ਆਗੂਆਂ ਨੇ ਸਿੱਖ ਨੌਜਵਾਨਾਂ ਦੇ ਸਹਿਯੋਗ ਨਾਲ ਸਥਾਨਕ ਸ਼ਹਿਰ ਵਿਚ ਖਾਲਸਈ ਝੰਡੇ ਲੈ ਕੇ ਮਾਰਚ ਕੱਢਦਿਆਂ ਸੰਗਤ ਨੂੰ ਆਪਣੇ ਘਰਾਂ 'ਤੇ ਕੇਸਰੀ ਨਿਸ਼ਾਨ ਝੁਲਾਉਣ ਦੀ ਅਪੀਲ ਕੀਤੀ।

ਜ਼ਿਕਰਯੋਗ ਹੈ ਕਿ ਅਕਾਲੀ ਦਲ (ਅ) ਦੇ ਪ੍ਰਧਾਨ ਸਿਮਰਨਜੀਤ ਸਿੰਘ ਮਾਨ ਵੱਲੋਂ ਸਿੱਖਾਂ ਨੂੰ ਤਿਰੰਗੇ ਦੀ ਬਜਾਇ ਆਪਣੇ ਘਰਾਂ 'ਤੇ ਕੇਸਰੀ ਝੰਡੇ ਝੁਲਾਉਣ ਦੀ ਅਪੀਲ ਕੀਤੀ ਗਈ ਸੀ। ਅਕਾਲੀ ਦਲ (ਅ) ਦੇ ਸਰਕਲ ਪ੍ਰਧਾਨ ਯਾਦਵਿੰਦਰ ਸਿੰਘ ਭਾਗੀਵਾਂਦਰ ਦੀ ਅਗਵਾਈ ਹੇਠ ਮਾਰਚ ਤਖਤ ਸ੍ਰੀ ਦਮਦਮਾ ਸਾਹਿਬ ਤੋਂ ਅਰਦਾਸ ਉਪਰੰਤ ਰਵਾਨਾ ਹੋਇਆ। ਇਹ ਮਾਰਚ ਬਾਜ਼ਾਰਾਂ ਵਿਚੋਂ ਦੀ ਹੁੰਦਾ ਹੋਇਆ ਖੰਡਾ ਚੌਕ ਆ ਕੇ ਸਮਾਪਤ ਹੋਇਆ। ਇਸ ਦੌਰਾਨ ਯਾਦਵਿੰਦਰ ਸਿੰਘ ਭਾਗੀਵਾਂਦਰ ਅਤੇ ਹੋਰ ਆਗੂਆਂ ਨੇ ਕਿਹਾ ਕਿ ਭਾਰਤ ਦੀ ਆਜ਼ਾਦੀ ਲਈ ਸਭ ਤੋਂ ਵੱਧ ਕੁਰਬਾਨੀਆਂ ਸਿੱਖਾਂ ਨੇ ਦਿੱਤੀਆਂ ਪਰ ਦੇਸ਼ ਆਜ਼ਾਦ ਹੋਣ ਉਪਰੰਤ ਗ੍ਰਹਿ ਮੰਤਰਾਲੇ ਨੇ ਸਿੱਖਾਂ ਨੂੰ ਜ਼ਰਾਇਮ ਪੇਸ਼ਾ ਕੌਮ ਕਰਾਰ ਦੇ ਦਿੱਤਾ ਸੀ।



ਪੰਜਾਬ ਵਿਚੋਂ ਹਿਮਾਚਲ ਅਤੇ ਹਰਿਆਣਾ ਅਲੱਗ ਕੱਢ ਦਿੱਤੇ ਗਏ। ਸੂਬੇ ਨੂੰ ਅਜੇ ਤੱਕ ਰਾਜਧਾਨੀ ਨਹੀਂ ਦਿੱਤੀ ਗਈ। ਪਾਣੀਆਂ ਤੋਂ ਸੂਬੇ ਦਾ ਹੱਕ ਖਤਮ ਕਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਆਜ਼ਾਦੀ ਦਿਹਾੜੇ ਮੌਕੇ ਵੀ ਸਭ ਤੋਂ ਵੱਡੀ ਕੀਮਤ ਪੰਜਾਬੀਆਂ ਨੂੰ ਅਦਾ ਕਰਨੀ ਪਈ। ਕਰੀਬ 10 ਲੱਖ ਲੋਕ ਮੁਲਕ ਦੀ ਵੰਡ ਦੀ ਭੇਟ ਚੜ੍ਹ ਗਏ, ਇਸ ਲਈ ਅਸੀਂ ਆਜ਼ਾਦੀ ਦਿਹਾੜਾ ਕਿਸ ਤਰ੍ਹਾਂ ਮਨਾ ਸਕਦੇ ਹਾਂ। ਉਨ੍ਹਾਂ ਅਪੀਲ ਕੀਤੀ ਕਿ ਸਿੱਖ ਘਰਾਂ 'ਤੇ ਤਿਰੰਗੇ ਦੀ ਥਾਂ ਖਾਲਸਈ ਝੰਡੇ ਝੁਲਾਉਣ।

# ਮੀਨਾਰ-ਏ-ਫਤਹਿ ਨੂੰ ਤਿਰੰਗੇ ਦਾ ਰੰਗ ਦੇਣ ਦਾ ਵਿਰੋਧ

**ਅੰਮ੍ਰਿਤਸਰ:** ਸਿੱਖ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਵੱਲੋਂ ਸਰਹਿੰਦ ਫਤਹਿ ਕਰਨ ਦੀ ਯਾਦ ਵਿਚ ਚੱਪੜਚਿੜੀ 'ਚ ਬਣੀ ਯਾਦਗਾਰ ਮੀਨਾਰ-ਏ-ਫਤਹਿ ਨੂੰ ਰੋਸ਼ਨੀਆਂ ਨਾਲ ਤਿਰੰਗੇ ਝੰਡੇ ਦਾ ਰੰਗ ਦੇਣ ਦਾ ਵਿਰੋਧ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਇਹ ਸਿੱਖ ਜਜ਼ਬਾਤ ਨਾਲ ਖਿਲਵਾੜ ਹੈ।

ਉਨ੍ਹਾਂ ਕਿਹਾ ਕਿ ਬਾਬਾ ਬੰਦਾ ਸਿੰਘ ਬਹਾਦਰ ਨੇ ਉਸ ਵਕਤ ਦੇ ਜ਼ਾਲਮ ਹਾਕਮ ਨੂੰ ਸਜਾ ਦਿੰਦਿਆਂ ਸਰਹਿੰਦ ਫਤਹਿ ਕਰ ਕੇ ਖਾਲਸਈ ਨਿਸ਼ਾਨ ਝੁਲਾਇਆ ਸੀ। ਇਸੇ ਯਾਦ 'ਚ ਬਣੀ ਯਾਦਗਾਰ ਨੂੰ ਰੋਸ਼ਨੀਆਂ ਨਾਲ ਤਿਰੰਗੇ ਦਾ ਰੂਪ ਦੇ ਕੇ ਸਿੱਖ ਜਜ਼ਬਾਤ ਨੂੰ ਠੇਸ ਪਹੁੰਚਾਈ ਗਈ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੀਆਂ ਮਾਨਤਾਵਾਂ ਦਾ ਸਤਿਕਾਰ ਹੈ, ਪਰ ਧਰਮ ਦੀਆਂ ਮਾਨਤਾਵਾਂ ਇਸ ਤੋਂ ਵੱਖਰੀਆਂ ਹਨ ਤੇ ਇਨ੍ਹਾਂ ਨੂੰ ਰਲਗੱਡ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੋਸ਼ ਲਾਇਆ ਕਿ ਅਜਿਹਾ ਕਰ ਕੇ ਭਗਵੰਤ ਮਾਨ ਸਰਕਾਰ ਨੇ ਸਿੱਖ ਵਿਰੋਧੀ ਮਾਨਸਿਕਤਾ ਨੂੰ ਦਰਸਾ ਦਿੱਤਾ ਹੈ। ਉਨ੍ਹਾਂ ਨੇ ਕਿਹਾ ਕਿ ਦੇਸ਼ ਅੰਦਰ ਸਿੱਖ ਭਾਵਨਾਵਾਂ ਦੇ ਉਲਟ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਸ ਤੋਂ ਪਹਿਲਾਂ ਹਰਿਆਣਾ ਵਿਚ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ



ਗੁਰਦੁਆਰਾ ਸਾਹਿਬਾਨ ਵਿਚ ਪ੍ਰੋਗਰਾਮ ਕਰਨ ਦਾ ਪੱਤਰ ਕੱਢਿਆ ਗਿਆ ਸੀ ਜਿਸ ਨੂੰ ਸੰਗਤ ਦੇ ਵਿਰੋਧ ਮਗਰੋਂ ਵਾਪਸ ਲਿਆ ਗਿਆ। ਇਸੇ ਤਰ੍ਹਾਂ ਇਤਿਹਾਸਕ ਗੁਰਦੁਆਰਾ ਇਮਲੀ ਸਾਹਿਬ, ਇੰਦੌਰ ਵਿਚ ਤਿਰੰਗਾ ਲਗਾ ਕੇ ਸਿੱਖ ਜਜ਼ਬਾਤ ਨਾਲ ਖੇਡਿਆ ਗਿਆ ਹੈ। ਉਨ੍ਹਾਂ ਨੇ ਕਿਹਾ ਕਿ ਸਭ ਨੂੰ ਸਿੱਖ ਪਰੰਪਰਾਵਾਂ ਦਾ ਪਤਾ ਹੋਣ ਦੇ ਬਾਵਜੂਦ ਮਰਿਆਦਾ ਦੇ ਉਲਟ ਅਜਿਹੀਆਂ ਹਰਕਤਾਂ ਕਰ ਕੇ ਸਿੱਖਾਂ ਦੇ ਜਜ਼ਬਾਤ ਨੂੰ ਭੜਕਾਇਆ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਨੇ ਇਨ੍ਹਾਂ ਸਿੱਖ ਵਿਰੋਧੀ ਕਾਰਵਾਈਆਂ ਦੀ ਨਿਖੇਧੀ ਕੀਤੀ ਹੈ।

# ਪ੍ਰਧਾਨ ਮੰਤਰੀ ਵੱਲੋਂ ਵੰਡ ਦੌਰਾਨ ਜਾਨਾਂ ਗਵਾਉਣ ਵਾਲਿਆਂ ਨੂੰ ਸ਼ਰਧਾਂਜਲੀ

**ਨਵੀਂ ਦਿੱਲੀ:** ਪ੍ਰਧਾਨ ਮੰਤਰੀ ਮੋਦੀ ਤੇ ਭਾਜਪਾ ਦੇ ਹੋਰ ਸੀਨੀਅਰ ਆਗੂਆਂ ਨੇ ਬਟਵਾਰੇ ਦੌਰਾਨ ਜਾਨਾਂ ਗਵਾਉਣ ਵਾਲਿਆਂ ਨੂੰ ਸਰਧਾਂਜਲੀ ਭੇਟ ਕੀਤੀ। ਇਸ ਮੌਕੇ ਪ੍ਰਧਾਨ ਮੰਤਰੀ ਮੋਦੀ ਨੇ ਇਤਿਹਾਸ ਦੇ ਉਸ ਦੁਖਦਾਈ ਸਮੇਂ ਦੌਰਾਨ ਦੁੱਖ ਝੱਲਣ ਵਾਲੇ ਲੋਕਾਂ ਦੀ ਸਹਿਣਸ਼ੀਲਤਾ ਨਾਲ-ਨਾਲ ਉਨ੍ਹਾਂ ਦੇ ਜਜ਼ਬੇ ਦੀ ਵੀ ਸ਼ਲਾਘਾ ਕੀਤੀ।

ਬਟਵਾਰੇ ਦੇ ਦੁਖਾਂਤ ਯਾਦਗਾਰੀ ਦਿਵਸ ਮੌਕੇ ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ ਜੰਤਰ ਮੰਤਰ ਵਿਖੇ ਮੌਨ ਮਾਰਚ ਦੀ ਅਗਵਾਈ ਵੀ ਕੀਤੀ, ਜਿਸ ਵਿਚ ਕੇਂਦਰੀ ਮੰਤਰੀਆਂ ਪਿਊਸ਼ ਗੋਇਲ, ਅਨੁਰਾਗ ਠਾਕੁਰ ਸਮੇਤ ਪਾਰਟੀ ਦੇ ਕਈ ਆਗੂਆਂ ਨੇ ਸ਼ਮੂਲੀਅਤ ਕੀਤੀ। ਦੱਸਣਯੋਗ ਹੈ ਕਿ ਪ੍ਰਧਾਨ ਮੰਤਰੀ ਮੋਦੀ ਨੇ ਪਿਛਲੇ ਸਾਲ ਐਲਾਨ ਕੀਤਾ ਸੀ ਕਿ 14 ਅਗਸਤ ਨੂੰ ਦੇਸ਼ ਦੇ ਬਟਵਾਰੇ ਦੀ ਤ੍ਰਾਸਦੀ ਯਾਦਗਾਰੀ ਦਿਵਸ ਰੂਪ ਵਿਚ ਮਨਾਇਆ ਜਾਵੇਗਾ।

ਮੋਦੀ ਨੇ ਟਵੀਟ ਕਰਦਿਆਂ ਕਿਹਾ ਕਿ ਬਟਵਾਰੇ ਦੀ ਤ੍ਰਾਸਦੀ ਯਾਦਗਾਰੀ ਦਿਵਸ ਮੌਕੇ ਮੈਂ ਉਨ੍ਹਾਂ ਸਾਰੇ ਲੋਕਾਂ ਨੂੰ ਸ਼ਰਧਾਂਜਲੀ ਭੇਟ ਕਰਦਾ ਹਾਂ, ਜਿਨ੍ਹਾਂ ਨੂੰ ਬਟਵਾਰੇ ਦੌਰਾਨ ਆਪਣੀਆਂ ਜਾਨਾਂ ਗਵਾਉਣੀਆਂ ਪਈਆਂ। ਕੇਂਦਰੀ ਗ੍ਰਹਿ ਮੰਤਰੀ



ਅਮਿਤ ਸ਼ਾਹ ਨੇ ਕਿਹਾ ਕਿ ਭਾਰਤ ਦੇ ਇਤਿਹਾਸ ਦੇ ਅਣਮਨੁੱਖੀ ਅਧਿਆਇ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਭਾਜਪਾ ਪ੍ਰਧਾਨ ਜੇ.ਪੀ. ਨੱਢਾ ਨੇ ਬਟਵਾਰੇ ਦੌਰਾਨ ਅਸਹਿ ਕੀਮਤ ਚੁਕਾਉਣ ਵਾਲਿਆਂ ਨੂੰ ਯਾਦ ਕਰਦਿਆਂ ਕਿਹਾ ਕਿ ਸਾਨੂੰ ਕਦੇ ਨਹੀਂ ਭੁੱਲਣਾ ਚਾਹੀਦਾ ਕਿ ਕਿਸ ਤਰ੍ਹਾਂ ਸਵਾਰਥ ਅਤੇ ਨਿੱਜੀ ਹਿੱਤਾਂ ਦੀ ਰਾਜਨੀਤੀ ਨੇ ਬਟਵਾਰੇ ਅਤੇ ਦਰਦ ਨੂੰ ਜਨਮ ਦਿੱਤਾ।

# ਪੰਜਾਬ ਪੁਲਿਸ ਵੱਲੋਂ ਹਥਿਆਰਾਂ ਸਣੇ ਚਾਰ ਅਤਿਵਾਦੀ ਕਾਬੂ ਕਰਨ ਦਾ ਦਾਅਵਾ

**ਚੰਡੀਗੜ੍ਹ:** ਪੰਜਾਬ ਪੁਲਿਸ ਨੇ ਆਜ਼ਾਦੀ ਦਿਹਾੜੇ ਤੋਂ ਇਕ ਦਿਨ ਪਹਿਲਾਂ ਅਤਿਵਾਦੀ ਹਮਲੇ ਦੀ ਯੋਜਨਾ ਬਣਾਉਣ ਵਾਲੇ ਚਾਰ ਜਣਿਆਂ ਨੂੰ ਹਥਿਆਰਾਂ ਸਮੇਤ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਵੱਲੋਂ ਆਜ਼ਾਦੀ ਦਿਹਾੜੇ ਮੌਕੇ ਹਮਲਾ ਕੀਤੇ ਜਾਣ ਦੀ ਯੋਜਨਾ ਸੀ। ਪੰਜਾਬ ਪੁਲਿਸ ਮੁਤਾਬਕ ਇਨ੍ਹਾਂ ਗ੍ਰਿਫਤਾਰੀਆਂ ਨਾਲ ਆਜ਼ਾਦੀ ਦਿਹਾੜੇ ਤੋਂ ਐਨ ਪਹਿਲਾਂ ਪਾਕਿਸਤਾਨ-ਆਈ.ਐਸ.ਆਈ. ਦਾ ਸਮਰਥਨ ਪ੍ਰਾਪਤ ਅਤਿਵਾਦੀ ਮਡਿਊਲ ਬੇਨਕਾਬ ਹੋਇਆ ਹੈ।

ਪੁਲਿਸ ਨੇ ਕੈਨੇਡਾ ਅਧਾਰਿਤ ਗੈਂਗਸਟਰਾਂ ਨਾਲ ਸਬੰਧਤ ਚਾਰ ਜਣਿਆਂ ਨੂੰ ਗ੍ਰਿਫਤਾਰ ਕੀਤਾ ਹੈ। ਇਨ੍ਹਾਂ ਕੋਲੋਂ ਤਿੰਨ ਹੈਂਡ ਗ੍ਰਨੇਡ ਪੀ-86, ਇਕ ਆਈ.ਈ.ਡੀ. ਅਤੇ ਦੋ 9 ਐਮ.ਐਮ. ਦੇ ਪਿਸਤੌਲਾਂ ਸਮੇਤ 40 ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਡੀ.ਜੀ.ਪੀ. ਗੌਰਵ ਯਾਦਵ ਨੇ ਦੱਸਿਆ ਕਿ ਇਹ ਪੰਜਾਬ ਪੁਲਿਸ ਵੱਲੋਂ ਇਕ ਹਫਤੇ ਤੋਂ ਵੀ ਘੱਟ ਸਮੇਂ ਵਿਚ ਬੇਨਕਾਬ ਕੀਤਾ ਗਿਆ ਇਹ ਅਜਿਹਾ ਤੀਜਾ ਮਡਿਊਲ ਹੈ। ਯਾਦਵ ਨੇ ਦੱਸਿਆ ਕਿ ਮੁਲਜ਼ਮਾਂ ਦਾ ਸਬੰਧ ਕੈਨੇਡਾ ਆਧਾਰਿਤ ਗੈਂਗਸਟਰ ਅਰਸ਼ਦੀਪ ਸਿੰਘ ਉਰਫ ਅਰਸ਼ ਡੱਲਾ ਅਤੇ ਆਸਟਰੇਲੀਆ ਆਧਾਰਿਤ ਗੈਂਗਸਟਰ ਗੁਰਜੰਟ ਸਿੰਘ ਉਰਫ ਜੰਟਾ ਨਾਲ ਹੈ। ਇਨ੍ਹਾਂ ਮੁਲਜ਼ਮਾਂ ਨੂੰ ਪੰਜਾਬ ਪੁਲਿਸ ਦੀ ਕਾਊਂਟਰ-ਇੰਟੈਲੀਜੈਂਸ ਯੂਨਿਟ ਵੱਲੋਂ ਦਿੱਲੀ ਪੁਲਿਸ ਦੀ ਮਦਦ ਨਾਲ ਚਲਾਏ ਗਏ ਖੁਫ਼ੀਆ ਅਪਰੇਸ਼ਨ ਦੌਰਾਨ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ।

ਗ੍ਰਿਫਤਾਰ ਵਿਅਕਤੀਆਂ ਦੀ ਸ਼ਨਾਖਤ ਪ੍ਰੀਤ ਨਗਰ ਮੋਗਾ ਵਾਸੀ ਦੀਪਕ ਸ਼ਰਮਾ, ਫ਼ਿਰੋਜ਼ਪੁਰ ਦੇ ਪਿੰਡ ਕੋਟ ਕਰੋੜ ਕਲਾਂ ਦੇ ਸੰਦੀਪ ਸਿੰਘ, ਦਿੱਲੀ ਦੇ ਨਜਫਗੜ੍ਹ ਦੇ ਪਿੰਡ ਈਸਾਪੁਰ ਦੇ ਸੰਨੀ ਡਾਗਰ ਅਤੇ ਨਵੀਂ ਦਿੱਲੀ ਦੇ ਗੋਇਲਾ ਖੁਰਦ ਦੇ ਵਸਨੀਕ ਵਿਪਨ ਜਾਖੜ ਵਜੋਂ ਹੋਈ ਹੈ। ਦੱਸਣਯੋਗ ਹੈ ਕਿ ਇਹ ਸਾਰੇ ਮੁਲਜ਼ਮ ਵਿਪਨ ਜਾਖੜ ਦੇ ਘਰ ਵਿਚ ਲੁਕੇ ਹੋਏ ਸਨ।

ਡੀ.ਜੀ.ਪੀ. ਮੁਤਾਬਕ ਪੰਜਾਬ ਪੁਲਿਸ ਐਸ.ਐਸ.ਓ.ਸੀ. ਮੁਹਾਲੀ ਦੀਆਂ ਟੀਮਾਂ ਨੇ ਦੁਆਰਕਾ ਪੁਲਿਸ ਨਾਲ ਮਿਲ ਕੇ ਵਿਪਿਨ ਜਾਖੜ ਦੇ ਟਿਕਾਣਿਆਂ 'ਤੇ ਛਾਪੇਮਾਰੀ ਕੀਤੀ ਅਤੇ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਉਨ੍ਹਾਂ ਕਿਹਾ ਕਿ ਗ੍ਰਿਫ਼ਤਾਰ ਕੀਤੇ ਵਿਅਕਤੀਆਂ ਵੱਲੋਂ ਦੱਸੇ ਗਏ ਪੰਜਾਬ 'ਚ ਸਥਿਤ ਟਿਕਾਣਿਆਂ ਤੋਂ ਇਕ ਆਈ.ਈ.ਡੀ. ਅਤੇ ਤਿੰਨ ਹੈਂਡ ਗ੍ਰਨੇਡ ਵੀ ਬਰਾਮਦ ਕੀਤੇ ਗਏ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੇ ਇਹ ਵੀ ਖੁਲਾਸਾ ਕੀਤਾ ਹੈ ਕਿ ਉਨ੍ਹਾਂ ਨੂੰ ਅਰਸ਼ ਡੱਲਾ ਵੱਲੋਂ ਸੁਤੰਤਰਤਾ ਦਿਵਸ ਤੋਂ ਪਹਿਲਾਂ ਦਿੱਲੀ ਅਤੇ ਪੰਜਾਬ ਦੇ ਇਲਾਕਿਆਂ ਵਿਚ ਅਮਨ-ਸ਼ਾਂਤੀ ਨੂੰ ਭੰਗ ਕਰਨ ਲਈ ਅਪਰਾਧਕ ਗਤੀਵਿਧੀਆਂ ਨੂੰ ਅੰਜਾਮ ਦੇਣ ਦਾ ਕੰਮ ਸੌਂਪਿਆ ਗਿਆ ਸੀ।

ਡੀ.ਜੀ.ਪੀ. ਨੇ ਵਿਸਥਾਰ ਸਹਿਤ ਦੱਸਿਆ ਕਿ ਹੁਣ ਤੱਕ ਦੀ ਜਾਂਚ ਵਿਚ ਇਹ ਸਾਹਮਣੇ ਆਇਆ ਹੈ ਕਿ ਦੀਪਕ ਸ਼ਰਮਾ ਦਾ ਪੁਰਾਣਾ ਅਪਰਾਧਿਕ ਰਿਕਾਰਡ ਹੈ ਜੋ ਪੰਜਾਬ ਪੁਲਿਸ ਨੂੰ ਦੋ ਮਾਮਲਿਆਂ ਵਿਚ ਲੋੜੀਂਦਾ ਹੈ। ਉਹ ਮੋਗਾ ਦੇ ਜਸਵਿੰਦਰ ਸਿੰਘ ਉਰਫ ਜੱਸੀ, ਜੋ ਮਾਰਚ 2022 ਵਿਚ ਮਾਰਿਆ ਗਿਆ ਸੀ, ਦੇ ਕਤਲ ਅਤੇ ਜੂਨ 2022 ਵਿਚ ਪਿੰਡ ਡੱਲਾ, ਮੋਗਾ ਦੇ ਪੰਚਾਇਤ ਸਕੱਤਰ ਦੇ ਘਰ 'ਤੇ ਗੋਲਾਬਾਰੀ ਕਰਨ ਦੇ ਮਾਮਲੇ ਵਿਚ ਸ਼ਾਮਲ ਸੀ। ਜਦਕਿ ਮੁਲਜ਼ਮ ਸੰਦੀਪ, ਜੋ ਹਾਲ ਹੀ ਵਿਚ ਦੁਬਈ ਤੋਂ ਭਾਰਤ ਆਇਆ ਸੀ, ਨੇ ਪੰਚਾਇਤ ਸਕੱਤਰ ਦੇ ਘਰ ਗੋਲਾਬਾਰੀ ਕਰਨ ਲਈ ਦੀਪਕ ਦੀ ਸਹਾਇਤਾ ਕੀਤੀ ਸੀ।

# ਛੇਵਾਂ ਸ਼ੂਟਰ ਅਜੇ ਵੀ ਪੁਲਿਸ ਦੀ ਪਹੁੰਚ ਤੋਂ ਬਾਹਰ



**ਮਾਨਸਾ:** ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਹੱਤਿਆ ਦੇ ਢਾਈ ਮਹੀਨੇ ਬਾਅਦ ਵੀ ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ (ਐਸ.ਆਈ.ਟੀ.) ਛੇਵੇਂ ਸ਼ੂਟਰ ਦੀਪਕ ਉਰਫ ਮੁੰਡੀ ਦਾ ਪਤਾ ਲਗਾਉਣ ਵਿਚ ਅਸਫਲ ਰਹੀ ਹੈ। ਪੰਜਾਬ ਪੁਲਿਸ ਵੱਲੋਂ ਛੇਵੇਂ ਸ਼ਾਰਪ ਸ਼ੂਟਰ ਨੂੰ ਕਾਬੂ ਕਰਨ ਲਈ ਪੰਜਾਬ, ਹਰਿਆਣਾ ਅਤੇ ਰਾਜਸਥਾਨ ਵਿਚ ਛਾਪੇ ਮਾਰਨ ਲਈ ਵਿਸ਼ੇਸ਼ ਟੀਮਾਂ ਭੇਜੀਆਂ ਗਈਆਂ ਸਨ ਪਰ ਪੁਲਿਸ ਦੇ ਹੱਥ ਹਾਲੇ ਵੀ ਖਾਲੀ ਹਨ।

ਪੁਲਿਸ ਅਨੁਸਾਰ ਇਸ ਕਤਲ ਮਾਮਲੇ ਵਿਚ ਛੇ ਸ਼ੂਟਰਾਂ ਦੀ ਸ਼ਨਾਖਤ ਹੋ ਗਈ ਹੈ ਅਤੇ ਉਹ ਸਿੱਧੇ ਕੈਨੇਡਾ ਸਥਿਤ ਗੈਂਗਸਟਰ ਗੋਲਡੀ ਬਰਾੜ ਦੇ ਸੰਪਰਕ ਵਿਚ ਹਨ। ਇਨ੍ਹਾਂ ਸ਼ਾਰਪਸ਼ੂਟਰਾਂ ਵਿਚੋਂ ਹਰਿਆਣਾ ਦੇ ਪ੍ਰਿਆਵਰਤ ਉਰਫ ਫੌਜੀ, ਕਸ਼ਿਸ਼ ਉਰਫ ਕੁਲਦੀਪ, ਅੰਕਿਤ ਸੇਰਸਾ ਅਤੇ ਦੀਪਕ ਉਰਫ ਮੁੰਡੀ ਸ਼ਾਮਲ ਸਨ। ਦਿੱਲੀ ਪੁਲਿਸ ਨੇ ਪ੍ਰਿਆਵਰਤ, ਅੰਕਿਤ ਅਤੇ ਕਸ਼ਿਸ਼ ਨੂੰ ਗ੍ਰਿਫਤਾਰ ਕੀਤਾ ਸੀ, ਹਾਲਾਂਕਿ, 20 ਜੁਲਾਈ ਨੂੰ ਭਾਰਤ-ਪਾਕਿਸਤਾਨ ਸਰਹੱਦ ਨੇੜੇ ਇਕ ਖਾਲੀ ਪਈ ਇਮਾਰਤ ਵਿਚ ਗੋਲੀਬਾਰੀ ਤੋਂ ਬਾਅਦ ਪੰਜਾਬ ਪੁਲਿਸ ਨੇ ਮੰਨੂ ਅਤੇ ਰੂਪਾ ਨੂੰ ਮਾਰ ਦਿੱਤਾ ਸੀ ਜਦਕਿ ਛੇਵਾਂ ਸ਼ੂਟਰ ਮੁੰਡੀ ਹਾਲੇ ਵੀ ਫਰਾਰ ਹੈ। ਇਸ ਤੋਂ ਇਲਾਵਾ ਕਤਲ ਅਤੇ ਗੋਲੀਕਾਂਡ ਦੇ ਮਾਸਟਰਮਾਈਂਡ ਗੈਂਗਸਟਰਾਂ ਲਾਰੈਂਸ ਬਿਸ਼ਨੋਈ ਅਤੇ ਜਗਦੀਪ ਸਿੰਘ ਉਰਫ ਜੱਗੂ ਭਗਵਾਨਪੁਰੀਆ ਤੋਂ ਲਗਾਤਾਰ ਪੁੱਛਗਿੱਛ ਦੇ ਬਾਵਜੂਦ ਪੰਜਾਬ ਪੁਲਿਸ ਦੀਪਕ ਮੁੰਡੀ ਬਾਰੇ ਕੋਈ ਨਵਾਂ ਸੁਰਾਗ ਹਾਸਲ ਕਰਨ ਵਿਚ ਨਾਕਾਮ ਰਹੀ ਹੈ। ਮਾਨਸਾ ਦੇ ਐਸ.ਐਸ.ਪੀ. ਗੌਰਵ ਤੂਰਾ (ਐਸ.ਆਈ.ਟੀ. ਮੈਂਬਰ) ਨੇ ਦੱਸਿਆ ਕਿ ਭਿਵਾਨੀ ਦਾ ਦੀਪਕ ਉਰਫ ਮੁੰਡੀ ਫਰਾਰ ਹੈ ਅਤੇ ਮਾਨਸਾ ਪੁਲਿਸ ਅਤੇ ਐਂਟੀ ਗੈਂਗਸਟਰ ਟਾਸਕ ਫੋਰਸ (ਏ.ਜੀ.ਟੀ.ਐਫ.) ਵੱਲੋਂ ਉਸ ਨੂੰ ਕਾਬੂ ਕਰਨ ਲਈ ਛਾਪੇ ਮਾਰੇ ਜਾ ਰਹੇ ਹਨ।

## ਕਤਲ 'ਚ ਕੁਝ ਪੰਜਾਬੀ ਗਾਇਕਾਂ ਦਾ ਹੱਥ: ਬਲਕੌਰ ਸਿੰਘ

**ਮਾਨਸਾ:** ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਪਿਤਾ ਬਲਕੌਰ ਸਿੰਘ ਨੇ ਉਸ ਦੇ ਪ੍ਰਸੰਸਕਾਂ ਦੇ ਇਕੱਠ ਨੂੰ ਸੰਬੋਧਨ ਕਰਦਿਆਂ ਖੁਲਾਸਾ ਕੀਤਾ ਕਿ ਸਿੱਧੂ ਨੂੰ ਕਤਲ ਕਰਵਾਉਣ ਵਿਚ ਸੂਬੇ ਦੇ ਕੁਝ ਕਲਾਕਾਰਾਂ ਦਾ ਵੀ ਹੱਥ ਹੈ। ਉਨ੍ਹਾਂ ਕਿਹਾ ਕਿ ਉਹ ਇਹ ਖੁਲਾਸਾ ਅਗਲੇ ਦਿਨਾਂ ਦੌਰਾਨ ਕਰਨਗੇ। ਉਹ ਆਜ਼ਾਦੀ ਦਿਹਾੜੇ ਤੋਂ ਇਕ ਦਿਨ ਪਹਿਲਾਂ ਪਿੰਡ ਮੂਸਾ ਵਿਚ ਜੁੜੇ ਪ੍ਰਸ਼ੰਸਕਾਂ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਛੋਟੀ ਉਮਰੇ ਸ਼ੁਭਦੀਪ ਨੇ ਜਿੰਨੀ ਪ੍ਰਸਿੱਧੀ ਸੰਸਾਰ ਭਰ 'ਚ ਖੱਟੀ, ਉਹ ਉਸੇ ਦੇ ਨਾਲ ਦੇ ਕਲਾਕਾਰਾਂ ਨੂੰ ਬਰਦਾਸ਼ਤ ਨਹੀਂ ਹੋਈ। ਅਜਿਹੇ ਕਲਾਕਾਰ ਗੈਂਗਸਟਰਾਂ ਕੋਲ ਸਿੱਧੂ ਦੇ ਗੀਤਾਂ ਨੂੰ ਗਲਤ ਤਰੀਕੇ ਨਾਲ ਉਭਾਰਦੇ ਰਹੇ ਤੇ ਉਨ੍ਹਾਂ ਨੂੰ ਭੜਕਾਉਂਦੇ ਰਹੇ।

# ਪਾਕਿਸਤਾਨ ਦੇ ਗੁਰਦੁਆਰੇ 'ਚ ਲਹਿਰਾਇਆ ਕੌਮੀ ਝੰਡਾ

**ਅੰਮ੍ਰਿਤਸਰ:** ਪਾਕਿਸਤਾਨ ਦੇ ਕੁਝ ਸਿੱਖਾਂ ਵੱਲੋਂ ਦੇਸ਼ ਦੇ ਆਜ਼ਾਦੀ ਦਿਵਸ ਮੌਕੇ ਇਕ ਗੁਰਦੁਆਰੇ ਵਿਚ ਪਾਕਿਸਤਾਨੀ ਝੰਡਾ ਲਹਿਰਾਉਣ ਦਾ ਸ਼੍ਰੋਮਣੀ ਕਮੇਟੀ ਨੇ ਵਿਰੋਧ ਕੀਤਾ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਨੂੰ ਸਿੱਖ ਮਰਿਆਦਾ ਦੇ ਉਲਟ ਕਰਾਰ ਦਿੱਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਇਸ ਸਬੰਧੀ ਸੋਸ਼ਲ ਮੀਡੀਆ 'ਤੇ ਇਕ ਵੀਡੀਓ ਵਾਇਰਲ ਹੋਈ ਹੈ। ਇਸ ਵਿਚ ਦਿਖਾਈ ਦੇ ਰਿਹਾ ਹੈ ਕਿ ਕੁਝ ਸਿੱਖ ਜਿਨ੍ਹਾਂ ਨੇ ਹਰੀਆਂ ਦਸਤਾਰਾਂ ਸਜਾਈਆਂ ਹੋਈਆਂ ਹਨ ਅਤੇ ਪਾਕਿਸਤਾਨੀ ਝੰਡੇ ਫੜੇ ਹੋਏ ਹਨ, ਪਾਕਿਸਤਾਨੀ ਆਜ਼ਾਦੀ ਦਿਵਸ ਦੀ ਵਧਾਈ ਦੇ ਰਹੇ ਹਨ। ਉਹ ਪਾਕਿਸਤਾਨ ਆਜ਼ਾਦੀ ਦਿਵਸ 'ਤੇ ਨਾਅਰੇ ਵੀ ਲਾਉਂਦੇ ਹਨ। ਉਹ ਉਥੇ ਹਾਜ਼ਰ ਮੀਡੀਆ ਨੂੰ ਦੱਸਦੇ ਹਨ ਕਿ ਜਲਦੀ ਹੀ ਕੇਕ ਕੱਟਣ ਦੀ ਰਸਮ ਵੀ ਅਦਾ ਕੀਤੀ ਜਾਵੇਗੀ। ਉਸ ਵੀਡੀਓ ਤੋਂ ਅਜਿਹਾ ਪ੍ਰਤੀਤ ਹੁੰਦਾ ਹੈ ਕਿ ਜਿਵੇਂ ਇਹ ਗੁਰਦੁਆਰਾ ਕਰਤਾਰਪੁਰ ਸਾਹਿਬ ਹੋਵੇ।

ਇਸ ਮਾਮਲੇ ਵਿਚ ਗੱਲ ਕਰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਨੂੰ ਸਿੱਖ ਮਰਿਆਦਾ ਦੀ ਉਲੰਘਣਾ ਆਖਿਆ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰੇ ਦੇ ਕੈਂਪਸ ਵਿਚ ਸਿਰਫ ਖਾਲਸਈ ਨਿਸ਼ਾਨ ਸਾਹਿਬ ਨੂੰ ਹੀ ਲਹਿਰਾਇਆ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਉਹ ਇਸ ਸਬੰਧੀ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਆਖਣਗੇ ਕਿ ਅਜਿਹੀ ਸਿੱਖ ਮਰਿਆਦਾ ਖਿਲਾਫ ਕਾਰਵਾਈ ਨੂੰ ਰੋਕਿਆ ਜਾਵੇ।



**Punjab Times**

**Established in 2000**
**22nd Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com

**Founder Editor:**
Amolak Singh Jammu
**Astt. Editors:**
Jaspreet Kaur
Amrit Pal Kaur

**Our Columnists**
Gurbakhsh Singh Bhandal
Baljit Basi
Buta Singh
Tarlochan Singh Dupalpur
Major Kular

**California:**
Shiara Dhindsa
Photographer
661-703-6664

**Sacramento**
Gurbarinder Singh Raja
916-533-2678

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 115 ਡਾਲਰ**
**ਪੰਜ ਸਾਲ ਲਈ: 475 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵਿਆਂ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਯਾਦ-47: ਫਿਰਕੂ ਫਸਾਦਾਂ ਖਿਲਾਫ ਪੇਸ਼ਬੰਦੀਆਂ ਕਿਵੇਂ ਹੋਣ?

**ਪਟਿਆਲਾ (ਨਵਨੀਤ ਕੌਰ):** ਸਾਲ 1947 ਵਿਚ ਹੋਈ ਭਾਰਤ-ਪਾਕਿਸਤਾਨ ਵੰਡ ਦੌਰਾਨ ਪੈਦਾ ਹੋਈ ਦਹਿਸ਼ਤ ਉਤੇ ਦੁਬਾਰਾ ਝਾਤ ਪਾਉਣ ਲਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚ ਸਮਾਗਮ ਕਰਵਾਇਆ ਗਿਆ। ਸਮਾਗਮ ਵਿਚ ਵੰਡ ਦੌਰਾਨ ਆਮ ਲੋਕਾਂ ਦੇ ਜੀਵਨ ਜੀਵਨ 'ਤੇ ਪਏ ਅਸਰ ਅਤੇ ਔਰਤਾਂ ਤੇ ਬੱਚਿਆਂ ਦੀ ਹੋਣੀ ਬਾਰੇ ਚਰਚਾ ਕੀਤੀ ਗਈ।

ਸਮਾਗਮ ਦੀ ਸ਼ੁਰੂਆਤ ਵਿਚ ਐਜੂਕੇਸ਼ਨ ਮਲਟੀਮੀਡੀਆ ਰਿਸਰਚ ਸੈਂਟਰ ਦੇ ਡਾਇਰੈਕਟਰ ਦਲਜੀਤ ਅਮੀ ਨੇ ਸਾਫ ਕੀਤਾ ਕਿ ਵੰਡ ਨੂੰ ਯਾਦ ਕਰਨਾ ਸਾਡੇ ਸਮਾਜ ਦੇ ਪਿਛੋਕੜ ਨੂੰ ਸਮਝਣ ਲਈ ਤਾਂ ਜ਼ਰੂਰੀ ਹੀ ਹੈ, ਮੌਜੂਦਾ ਦੌਰ ਅਤੇ ਆਉਣ ਵਾਲੇ ਸਮੇਂ ਵਿਚ ਬੇਇਤਫਾਕੀ ਫੈਲਾਉਣ ਵਾਲੀਆਂ ਤਾਕਤਾਂ ਦੀ ਸ਼ਨਾਖਤ ਕਰਨ ਅਤੇ ਲੋੜੀਂਦੀਆਂ ਪੇਸ਼ਬੰਦੀਆਂ ਕਰਨ ਲਈ ਵੀ ਜ਼ਰੂਰੀ ਹੈ। ਹੁਣ ਤੱਕ ਵੰਡ ਦੀਆਂ ਯਾਦਾਂ ਵਿਚ ਤਰਜੀਹ ਸਿਰਫ 'ਆਪਣਿਆਂ ਉਤੇ ਜ਼ੁਲਮ ਨੂੰ ਮਿਲੀ' ਹੈ ਅਤੇ 'ਆਪਣਿਆਂ ਦੇ ਕੀਤੇ ਜ਼ੁਲਮ' ਵਿਸਾਰ ਦਿੱਤੇ ਗਏ ਹਨ। ਉਨ੍ਹਾਂ ਦਲੀਲ ਦਿੱਤੀ ਕਿ ਪੂਰਬੀ ਪੰਜਾਬ ਵਿਚ ਮੁਸਲਮਾਨਾਂ 'ਤੇ ਹੋਏ ਜ਼ੁਲਮਾਂ ਅਤੇ ਪੱਛਮੀ ਪੰਜਾਬ ਵਿਚ ਸਿੱਖਾਂ ਤੇ ਹਿੰਦੂਆਂ 'ਤੇ ਹੋਏ ਜ਼ੁਲਮਾਂ ਦੇ ਹਵਾਲੇ ਨਾਲ ਚਰਚਾ ਬਹੁਤ ਜ਼ਰੂਰੀ ਹੈ। ਆਖਰ 1947 ਵਾਲੇ ਕਾਤਲ ਵੀ ਸਾਡੇ ਸਮਾਜ ਵਿਚ ਹੀ ਵਿਚਰਦੇ ਰਹੇ ਹਨ।

ਸਮਾਗਮ ਵਿਚ ਮੁੱਖ ਬੁਲਾਰੇ ਵਜੋਂ ਸ਼ਾਮਿਲ ਡਾਕਟਰ ਕਵਿਤਾ ਸਿੰਘ ਨੇ ਆਪਣੀ ਕਿਤਾਬ 'ਅੱਜ ਆਖਾਂ ਵਾਰਿਸ ਸ਼ਾਹ ਨੂੰ' ਵਿਚ ਸ਼ਾਮਿਲ ਚਿੱਤਰਾਂ ਅਤੇ ਅੰਮ੍ਰਿਤਾ ਪ੍ਰੀਤਮ ਦੀ ਸ਼ਾਹਕਾਰ ਕਵਿਤਾ ਦੇ ਹਵਾਲੇ ਨਾਲ ਗੱਲਬਾਤ ਕੀਤੀ। ਬਤੌਰ ਚਿੱਤਰਕਾਰ


*ਸਮਾਗਮ ਨੂੰ ਸੰਬੋਧਨ ਕਰ ਰਹੇ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ।*

ਕਵਿਤਾ ਸਿੰਘ ਨੇ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ ਦੀ ਹਰ ਸਤਰ ਦੀ ਚਿੱਤਰ ਵਿਚ ਤਰਜਮਾਨੀ ਕੀਤੀ ਹੈ। ਉਨ੍ਹਾਂ ਇਸ ਕਵਿਤਾ ਦੀਆਂ ਯਾਦਾਂ ਸਾਂਝੀਆਂ ਕਰਦੇ ਹੋਏ ਦੱਸਿਆ ਕਿ ਉਨ੍ਹਾਂ ਦੀ ਦਾਦੀ ਇਹ ਕਵਿਤਾ ਗੁਣਗੁਣਾਉਂਦੀ ਹੁੰਦੀ ਸੀ। ਕਵਿਤਾ ਸਿੰਘ ਨੇ ਵੰਡ ਦੌਰਾਨ ਔਰਤਾਂ ਅਤੇ ਬੱਚਿਆਂ ਦੇ ਹਾਲਾਤ ਨੂੰ ਅਹਿਸਾਸ ਅਤੇ ਬਿੰਬਾਂ ਰਾਹੀ ਪੇਸ਼ ਕੀਤਾ ਹੈ।

ਮੁੱਖ ਮਹਿਮਾਨ ਵਜੋਂ ਸਮਾਗਮ ਵਿਚ ਸ਼ਾਮਿਲ ਹੋਏ ਵਾਈਸ ਚਾਂਸਲਰ ਪ੍ਰੋਫੈਸਰ ਅਰਵਿੰਦ ਨੇ ਵੰਡ ਦੀ ਦਹਿਸ਼ਤ ਬਾਰੇ ਚਰਚਾ ਕੀਤੀ। ਉਨ੍ਹਾਂ ਦੱਸਿਆ ਕਿ ਜਿਹੜੇ ਲੋਕ ਉਸ ਵਕਤ ਮੁਸਲਮਾਨਾਂ ਅਤੇ ਸਿੱਖਾਂ ਉਤੇ ਅੱਤਿਆਚਾਰ ਕਰ ਰਹੇ ਸਨ; ਉਨ੍ਹਾਂ ਨੂੰ ਗੁਰਦੁਆਰਿਆਂ ਮਸਜਿਦਾਂ ਅਤੇ ਮੰਦਿਰਾਂ ਵਿਚ ਲਿਜਾ ਕੇ ਮਾਰ ਰਹੇ ਸਨ, ਉਹ ਸਾਰੇ ਅੱਜ ਵੀ ਇਸੇ ਸਮਾਜ ਵਿਚ ਵਿਚਰ ਰਹੇ ਹਨ। ਉਸ ਵਕਤ ਧਰਮ ਦੇ ਰਾਖੇ ਆਪਣਾ ਹੀ ਧਰਮ ਭੁੱਲ ਚੁੱਕੇ ਸਨ। ਔਰਤਾਂ, ਬੱਚਿਆਂ ਅਤੇ ਬਜ਼ੁਰਗਾਂ ਵਿਚੋਂ ਕਿਸੇ ਨੂੰ ਵੀ ਨਹੀਂ ਬਖਸ਼ਿਆ ਗਿਆ।

ਇਸ ਮੌਕੇ ਅਲਕਾ ਨੇ ਸਮੁੱਚੇ ਸਮਾਗਮ ਦਾ ਨਾਲੋ-ਨਾਲ ਤਰਜਮਾ 'ਚਿੰਨ੍ਹ ਬੋਲੀ' (ਸਾਇਨ ਲੈਂਗੁਏਜ) ਵਿਚ ਕੀਤਾ ਤਾਂ ਜੋ ਸੁਣਨ-ਬੋਲਣ ਤੋਂ ਅਸਮਰੱਥ ਜੀਅ ਵੀ ਇਸ ਸੰਵਾਦ ਦੇ ਹਿੱਸੇਦਾਰ ਹੋ ਸਕਣ। ਸਮਾਗਮ ਵਿਚ ਉਚੇਚੇ ਪਹੁੰਚੇ ਜਗਦੀਪ ਸਿੰਘ ਨੇ ਇਸ ਬੰਦੋਬਸਤ ਦੀ ਤਾਰੀਫ ਕੀਤੀ ਅਤੇ ਕਿਹਾ ਕਿ ਉਹ ਜਮਾਂਦਰੂ ਤੌਰ 'ਤੇ ਸੁਣ-ਬੋਲ ਨਹੀਂ ਸਕਦੇ ਪਰ ਐਜੂਕੇਸ਼ਨ ਮਲਟੀਮੀਡੀਆ ਰਿਸਰਚ ਸੈਂਟਰ (ਈ.ਐਮ.ਆਰ.ਸੀ.) ਨੇ ਉਨ੍ਹਾਂ ਦੀ ਸਮੁੱਚੀ ਬਰਾਦਰੀ ਨੂੰ ਆਪਣੇ ਨਾਲ ਸ਼ਾਮਿਲ ਕੀਤਾ ਹੈ ਅਤੇ ਬਰਾਬਰ ਦੇ ਮਨੁੱਖ ਹੋਣ ਦਾ ਅਹਿਸਾਸ ਦਿੱਤਾ ਹੈ। ਸਮਾਗਮ ਦੌਰਾਨ ਮੰਚ ਸੰਚਾਲਨ ਸਮਾਜ ਵਿਗਿਆਨ ਦੀ ਸਹਾਇਕ ਪ੍ਰੋਫੈਸਰ ਡਾ. ਕਿਰਨ ਨੇ ਕੀਤਾ ਜੋ ਆਪ ਦੇਖ ਨਹੀਂ ਸਕਦੇ ਅਤੇ ਸੈਂਟਰ ਫਾਰ ਇੰਪਾਵਰਮੈਂਟ ਆਫ ਪੀਪਲ ਵਿਦ ਡਿਸਏਬਿਲਟੀਜ਼ ਦੇ ਕੋਆਰਡੀਨੇਟਰ ਹਨ।

ਸਮਾਗਮ ਦੇ ਦੂਜੇ ਹਿੱਸੇ ਵਿਚ ਵੰਡ ਦੀ ਦਹਿਸ਼ਤ ਨੂੰ ਬਿਆਨ ਕਰਦੀ ਫਿਲਮ 'ਗਰਮ ਹਵਾ' ਦਿਖਾਈ ਗਈ। ਇਹ ਫਿਲਮ ਐਮ. ਐਸ. ਸੱਤਯੂ ਨੇ 1974 ਵਿਚ ਬਣਾਈ ਸੀ; ਇਸ ਵਿਚ ਜਜ਼ਬਾਤ, ਸੱਚਾਈ ਅਤੇ ਪਿਆਰ ਦੀ ਕਹਾਣੀ ਬਿਆਨ ਕੀਤੀ ਗਈ ਹੈ। ਫਿਲਮ ਵਿਚ ਭਾਰਤ-ਪਾਕਿਸਤਾਨ ਦੀ ਵੰਡ ਤੋਂ ਬਾਅਦ ਜਿਹੜੇ ਮੁਸਲਮਾਨ ਭਾਰਤ ਵਿਚ ਰਹਿ ਰਹੇ ਸਨ, ਉਨ੍ਹਾਂ ਦੀ ਹਾਲਤ ਦਿਖਾਈ ਗਈ ਹੈ। ਫਿਲਮ ਦੀ ਪਰਦਾਪੇਸ਼ੀ ਤੋਂ ਬਾਅਦ ਈ.ਐਮ.ਆਰ.ਸੀ. ਵਿਚ ਪ੍ਰੋਡਿਊਸਰਾਂ ਵਜੋਂ ਤਾਇਨਾਤ ਕੁਲਪਿੰਦਰ ਸ਼ਰਮਾ ਅਤੇ ਤਜਿੰਦਰ ਸਿੰਘ ਨੇ ਹਾਜ਼ਰੀਨ ਨਾਲ ਸੰਵਾਦ ਰਚਾਇਆ।

ਸਮਾਗਮ ਐਜੂਕੇਸ਼ਨਲ ਮਲਟੀਮੀਡੀਆ ਰਿਸਰਚ ਸੈਂਟਰ, ਸੈਂਟਰ ਫਾਰ ਐਡਵਾਂਸ ਮੀਡੀਆ ਸਟੱਡੀਜ਼, ਸੈਂਟਰ ਫਾਰ ਇੰਪਾਵਰਮੈਂਟ ਆਫ ਪੀਪਲ ਵਿਦ ਡਿਸਏਬਿਲਟੀਜ਼, ਪੰਜਾਬੀ ਵਿਭਾਗ, ਸਰਦਾਰ ਸੋਭਾ ਸਿੰਘ ਡਿਪਾਰਟਮੈਂਟ ਆਫ ਫਾਈਨ ਆਰਟਸ ਅਤੇ ਸ਼ਹੀਦ ਕਰਤਾਰ ਸਿੰਘ ਸਰਾਭਾ ਚੇਅਰ ਨੇ ਮਿਲ ਕੇ ਈ.ਐਮ.ਆਰ.ਸੀ. ਆਡੀਟੋਰੀਅਮ ਵਿਚ ਕਰਵਾਇਆ। ***(ਲੇਖਕ ਪੰਜਾਬੀ ਯੂਨੀਵਰਸਿਟੀ ਦੇ ਲੋਕ ਸੰਪਰਕ ਵਿਭਾਗ ਵਿਚ ਪੱਤਰਕਾਰੀ ਦੀ ਸਿਖਲਾਈ ਹਾਸਿਲ ਕਰ ਰਹੀ ਹੈ।)***

## ਪੰਜਾਬ ਵਿਧਾਨ ਸਭਾ ਪੇਪਰ ਮੁਕਤ ਹੋਵੇਗੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਵਿਧਾਨ ਸਭਾ ਨੂੰ ਪੇਪਰ ਮੁਕਤ ਕਰਨ ਦੀ ਤਿਆਰੀ ਖਿੱਚ ਲਈ ਹੈ। ਵਿਧਾਨ ਸਭਾ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਵਿਧਾਨ ਸਭਾ ਦੇ ਕੰਮਕਾਜ ਡਿਜੀਟਲ ਕਰਨ ਲਈ ਕੰਪਿਊਟਰਾਈਜ਼ੇਸ਼ਨ ਤੇ ਡਿਜੀਟਾਈਜ਼ੇਸ਼ਨ ਕਮੇਟੀ ਦੀ ਸਮੀਖਿਆ ਮੀਟਿੰਗ ਕੀਤੀ। ਉਨ੍ਹਾਂ ਸਬੰਧਤ ਵਿਭਾਗਾਂ ਨੂੰ ਕਿਹਾ ਕਿ ਨੈਸ਼ਨਲ ਈ-ਵਿਧਾਨ ਐਪਲੀਕੇਸ਼ਨ ਨੂੰ ਲਾਗੂ ਕਰਨ ਲਈ ਕੋਸ਼ਿਸ਼ਾਂ ਤੇਜ਼ ਕੀਤੀਆਂ ਜਾਣ ਤਾਂ ਜੋ ਜਲਦ ਹੀ ਵਿਧਾਨ ਸਭਾ ਦੀ ਸਾਰੀ ਕਾਰਵਾਈ ਪੇਪਰ ਮੁਕਤ ਹੋ ਸਕੇ। ਇਸ ਸਾਰੇ ਕਾਰਜ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਫੰਡਾਂ ਦੀ ਕੋਈ ਘਾਟ ਨਾ ਆਉਣ ਦਾ ਭਰੋਸਾ ਦਿੱਤਾ।

# ਸੰਯੁਕਤ ਮੋਰਚੇ ਵੱਲੋਂ ਐਮ.ਐਸ.ਪੀ. ਕਮੇਟੀ ਦੀ ਮੀਟਿੰਗ ਦਾ ਵਿਰੋਧ

**ਨਵੀਂ ਦਿੱਲੀ:** ਸੰਯੁਕਤ ਕਿਸਾਨ ਮੋਰਚਾ ਦੇ ਆਗੂਆਂ ਨੇ ਐਮ.ਐਸ.ਪੀ. ਉਤੇ ਬਣੀ ਕਮੇਟੀ ਦੀ ਅਗਾਮੀ ਮੀਟਿੰਗ ਦਾ ਵਿਰੋਧ ਕੀਤਾ। ਇਹ ਮੀਟਿੰਗ ਅਗਲੇ ਹਫਤੇ ਹੋਣੀ ਹੈ। ਉਨ੍ਹਾਂ ਇਸ ਕਮੇਟੀ ਨੂੰ 'ਮਹਿਜ ਡਰਾਮਾ' ਕਰਾਰ ਦਿੱਤਾ ਤੇ ਕਿਹਾ ਕਿ ਇਸ ਵਿਚੋਂ ਕੁਝ ਠੋਸ ਨਹੀਂ ਨਿਕਲੇਗਾ।

ਆਗੂਆਂ ਨੇ ਕਿਹਾ ਕਿ ਉਹ ਪਹਿਲਾਂ ਹੀ 'ਕਿਸਾਨ ਵਿਰੋਧੀ ਕਮੇਟੀ' ਨੂੰ ਨਕਾਰ ਚੁੱਕੇ ਹਨ ਤੇ 22 ਅਗਸਤ ਨੂੰ ਹੋਣ ਵਾਲੀ ਮੀਟਿੰਗ ਦਾ ਹਿੱਸਾ ਨਹੀਂ ਬਣਨਗੇ। ਮੀਟਿੰਗ ਦਿੱਲੀ ਵਿਚ ਹੋਵੇਗੀ। ਸੂਤਰਾਂ ਮੁਤਾਬਕ ਪਹਿਲੀ ਮੀਟਿੰਗ ਵਿਚ ਮੈਂਬਰਾਂ ਦੀ ਜਾਣ-ਪਛਾਣ ਵੀ ਕਰਾਈ ਜਾਵੇਗੀ। ਇਸ ਤੋਂ ਇਲਾਵਾ ਹੋਰਨਾਂ ਮੁੱਦਿਆਂ 'ਤੇ ਵਿਚਾਰ ਲਈ ਸਬ-ਕਮੇਟੀਆਂ ਬਣਾਉਣ ਬਾਰੇ ਵੀ ਚਰਚਾ ਹੋਵੇਗੀ। ਮੋਰਚੇ ਵੱਲੋਂ ਕੇਂਦਰ ਸਰਕਾਰ ਅਤੇ ਰਾਜ ਸਰਕਾਰ ਦੇ ਅਵੇਸਲੇਪਨ ਖਿਲਾਫ 21 ਅਗਸਤ ਤੱਕ ਅੰਦੋਲਨ ਕੀਤਾ ਜਾਵੇਗਾ। ਕਿਸਾਨ ਆਗੂ ਜਗਤਾਰ ਸਿੰਘ ਬਾਜਵਾ ਨੇ ਕਿਹਾ ਕਿ ਯੂਪੀ ਦੇ ਸਾਰੇ ਜ਼ਿਲ੍ਹਿਆਂ ਤੋਂ ਇਲਾਵਾ ਪੰਜਾਬ, ਹਰਿਆਣਾ, ਉੱਤਰਾਖੰਡ, ਮੱਧ ਪ੍ਰਦੇਸ, ਰਾਜਸਥਾਨ ਸਮੇਤ 20 ਤੋਂ ਵੱਧ ਰਾਜਾਂ ਦੇ ਕਿਸਾਨ ਲਖੀਮਪੁਰ ਮੰਡੀ ਵਿਚ ਇਕੱਠੇ ਹੋਣਗੇ।

## ਤਿਵਾੜੀ ਨੇ ਸਿੱਖ ਕੈਦੀਆਂ ਦਾ ਮਾਮਲਾ ਉਠਾਇਆ

**ਨਵੀਂ ਦਿੱਲੀ:** ਬਿਲਕਿਸ ਬਾਨੋ ਕੇਸ ਦੇ ਦੋਸ਼ੀਆਂ ਦੀ ਰਿਹਾਈ ਤੋਂ ਇਕ ਦਿਨ ਬਾਅਦ ਕਾਂਗਰਸੀ ਆਗੂ ਮਨੀਸ਼ ਤਿਵਾੜੀ ਨੇ ਸਿੱਖ ਕੈਦੀਆਂ ਦਾ ਮਾਮਲਾ ਉਠਾਇਆ ਤੇ ਕੈਦੀਆਂ ਦੀ ਮੁਆਫੀ ਨੀਤੀ ਦੀ ਪਰਿਭਾਸ਼ਾ ਵਿਚ ਇਕਸਾਰਤਾ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਕੁਝ ਦੋਸ਼ੀ 15 ਸਾਲ ਬਾਅਦ ਰਿਹਾਅ ਹੋ ਜਾਂਦੇ ਹਨ ਜਦ ਕਿ ਦੂਸਰੇ 30 ਸਾਲ ਜਾਂ ਇਸ ਤੋਂ ਵੱਧ ਜੇਲ੍ਹ ਵਿਚ ਬੰਦ ਹਨ।

## 'ਆਪ' ਸਰਕਾਰ ਨੇ ਆਪਣੀਆਂ ਪ੍ਰਾਪਤੀਆਂ ਗਿਣਾਈਆਂ

**ਚੰਡੀਗੜ੍ਹ:** ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਨੇ ਆਪਣੇ ਪੰਜ ਮਹੀਨਿਆਂ ਦਾ ਰਿਪੋਰਟ ਕਾਰਡ ਪੇਸ਼ ਕਰਦਿਆਂ ਇਸ ਸਮੇਂ ਦੌਰਾਨ ਕੀਤੀਆਂ ਸਰਕਾਰ ਦੀਆਂ ਪ੍ਰਾਪਤੀਆਂ ਗਿਣਾਈਆਂ। ਸਰਕਾਰ ਦੇ ਪੰਜ ਵਜ਼ੀਰਾਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਨੇ ਪਹਿਲੇ ਪੰਜ ਮਹੀਨਿਆਂ 'ਚ ਹੀ ਆਪਣੇ ਵਾਅਦੇ ਪੂਰੇ ਕੀਤੇ ਹਨ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਇਸ ਵਿੱਤੀ ਸਾਲ ਲਈ 9 ਪ੍ਰਮੁੱਖ ਵਿਭਾਗਾਂ ਸਿਹਤ ਤੇ ਪਰਿਵਾਰ ਭਲਾਈ, ਮੈਡੀਕਲ ਸਿੱਖਿਆ ਤੇ ਖੋਜ, ਸਿੱਖਿਆ, ਤਕਨੀਕੀ ਸਿੱਖਿਆ, ਗ੍ਰਿਹ ਮਾਮਲੇ, ਸਹਿਕਾਰਤਾ, ਖੇਤੀਬਾੜੀ ਅਤੇ ਕਿਸਾਨ ਭਲਾਈ ਅਤੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਲਈ ਰੱਖੇ ਕੁੱਲ ਬਜਟ ਦਾ 35.06 ਫੀਸਦੀ ਹਿੱਸਾ 5 ਮਹੀਨਿਆਂ ਅੰਦਰ ਹੀ ਜਾਰੀ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੇ ਇਸ ਸਮੇਂ ਦੌਰਾਨ 12,339 ਕਰੋੜ ਕਰਜ਼ਾ ਵਾਪਸ ਕੀਤਾ ਹੈ ਜਦਕਿ ਇਸ ਸਮੇਂ ਦੌਰਾਨ 10729 ਕਰੋੜ ਰੁਪਏ ਦਾ ਕਰਜ਼ਾ ਲਿਆ ਹੈ। ਚਾਲੂ ਵਿੱਤੀ ਸਾਲ 2022-23 ਦੌਰਾਨ ਜੀ.ਐਸ.ਟੀ. ਮਾਲੀਆ 24.15 ਵਧਿਆ ਹੈ।

# ਮੁਫਤ ਸਹੂਲਤਾਂ ਅਤੇ ਭਲਾਈ ਸਕੀਮਾਂ ਬਾਰੇ ਬਹਿਸ ਛਿੜੀ

***(ਪਹਿਲੇ ਸਫੇ ਦੀ ਬਾਕੀ)***

ਆਪ ਦਾ ਤਰਕ ਹੈ ਕਿ ਇਹ ਮੁਫ਼ਤਖ਼ੋਰੀ ਨਹੀਂ ਹੋ ਰਹੀ ਸਗੋਂ ਇਹ ਲੋਕਾਂ ਦੇ ਟੈਕਸਾਂ ਨਾਲ ਉਗਰਾਹਿਆ ਪੈਸਾ ਲੋਕਾਂ ਲਈ ਹੀ ਖਰਚ ਕੀਤਾ ਜਾ ਰਿਹਾ ਹੈ। ਆਪ ਦਾ ਦਾਅਵਾ ਹੈ ਕਿ ਭਾਜਪਾ ਕਿਸਾਨਾਂ ਦੀ ਕਰਜ਼ ਮੁਆਫੀ ਸਣੇ ਹੋਰ ਸਹੂਲਤਾਂ ਤੋਂ ਔਖੀ ਹੈ ਪਰ ਆਪਣੇ ਅਮੀਰ ਮਿੱਤਰਾਂ ਤੇ ਉਨ੍ਹਾਂ ਦੀਆਂ ਕੰਪਨੀਆਂ ਦੇ 10 ਲੱਖ ਕਰੋੜ ਰੁਪਏ ਦੇ ਕਰਜ਼ੇ ਤੇ 5 ਲੱਖ ਕਰੋੜ ਰੁਪਏ ਦੇ ਟੈਕਸ ਮੁਆਫ ਕਰ ਦਿੱਤੇ ਹਨ।

ਸੁਪਰੀਮ ਕੋਰਟ ਨੇ ਇਸ ਮਸਲੇ ਉਤੇ ਸੁਣਵਾਈ ਦੌਰਾਨ ਸੁਝਾਅ ਦਿੱਤਾ ਸੀ ਕਿ ਇਸ ਉਤੇ ਗੰਭੀਰ ਵਿਚਾਰ ਕਰਨ ਵਾਸਤੇ ਚੋਣ ਕਮਿਸ਼ਨ, ਕੇਂਦਰ ਸਰਕਾਰ, ਰਿਜ਼ਰਵ ਬੈਂਕ, ਵਿੱਤ ਕਮਿਸ਼ਨ ਅਤੇ ਕਾਨੂੰਨ ਕਮਿਸ਼ਨ ਆਧਾਰਿਤ ਕਮੇਟੀ ਬਣਾਈ ਜਾ ਸਕਦੀ ਹੈ; ਹਾਲਾਂਕਿ ਚੋਣ ਕਮਿਸ਼ਨ ਨੇ ਅਜਿਹੀ ਕਿਸੇ ਕਮੇਟੀ ਦਾ ਮੈਂਬਰ ਬਣਨ ਤੋਂ ਇਨਕਾਰ ਕਰ ਦਿੱਤਾ ਹੈ। ਅਸਲ ਵਿਚ, ਪ੍ਰਧਾਨ ਮੰਤਰੀ ਦੇ ਬਿਆਨ ਅਤੇ ਜਨਹਿੱਤ ਪਟੀਸ਼ਨ ਨਾਲ ਇਸ ਸੋਚ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ ਕਿ ਕੇਂਦਰ ਤੇ ਰਾਜ ਸਰਕਾਰਾਂ ਦੀ ਵਿੱਤੀ ਹਾਲਤ ਮੁਫਤ ਵਸਤਾਂ ਜਾਂ ਸੇਵਾਵਾਂ ਦੇਣ ਦੇ ਕਾਰਨ ਕਮਜ਼ੋਰ ਹੋ ਰਹੀ ਹੈ। ਸੁਪਰੀਮ ਕੋਰਟ ਅਨੁਸਾਰ ਲੋਕ ਭਲਾਈ ਸਕੀਮਾਂ ਅਤੇ ਮੁਫ਼ਤਖ਼ੋਰੀ ਵਿਚ ਫਰਕ ਕੀਤਾ ਜਾਣਾ ਚਾਹੀਦਾ ਹੈ।

ਸਿਆਸੀ ਮਾਹਰਾਂ ਦਾ ਤਰਕ ਹੈ ਕਿ ਦੇਸ਼ ਦਾ ਸੰਵਿਧਾਨ ਨਾਗਰਿਕਾਂ ਨੂੰ ਬਿਹਤਰ ਜੀਵਨ ਜਿਊਣ ਦੀ ਗਰੰਟੀ ਦਿੰਦਾ ਹੈ। ਉਨ੍ਹਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਾ ਹੋਣ ਕਾਰਨ ਸਰਕਾਰ ਵੱਲੋਂ ਉਨ੍ਹਾਂ ਨੂੰ ਦਿੱਤੀ ਜਾਂਦੀ ਸਹਾਇਤਾ ਨਾਂਹ-ਪੱਖੀ ਨਹੀਂ ਕਹੀ ਜਾ ਸਕਦੀ। ਇਸੇ ਲਈ ਖੁਰਾਕ, ਸਿੱਖਿਆ, ਰੁਜ਼ਗਾਰ, ਸੂਚਨਾ ਅਤੇ ਸਿਹਤ ਦੇ ਅਧਿਕਾਰਾਂ ਸੰਬੰਧੀ ਲੋਕ-ਪੱਖੀ ਕਾਨੂੰਨਾਂ ਅਤੇ ਨੀਤੀਆਂ ਦੀ ਜ਼ਰੂਰਤ ਹੈ। ਜਦ ਪਾਰਟੀਆਂ ਠੋਸ ਨੀਤੀਆਂ ਅਤੇ ਤਜਵੀਜ਼ਾਂ ਪੇਸ਼ ਕਰਨ ਦੀ ਬਜਾਇ ਕੁਝ ਲੋਕ-ਲੁਭਾਊ ਨਾਅਰਿਆਂ ਦੇ ਬਲਬੂਤੇ 'ਤੇ ਚੋਣਾਂ ਜਿੱਤਦੀਆਂ ਹਨ ਤਾਂ ਲੋਕਾਂ ਦੇ ਅਧਿਕਾਰਾਂ ਅਤੇ ਸਵੈਮਾਣ ਦੇ ਮਸਲੇ ਪਿੱਛੇ ਪੈ ਜਾਂਦੇ ਹਨ।

ਇਹ ਵਿਚਾਰ ਵੀ ਗੌਰ ਕਰਨ ਲਾਇਕ ਹੈ ਕਿ ਕੀ ਇਹ ਬਿਰਤਾਂਤ ਕਾਰਪੋਰੇਟ ਜਗਤ ਨੂੰ ਦਿੱਤੀਆਂ ਜਾਣ ਵਾਲੀਆਂ ਛੋਟਾਂ, ਟੈਕਸ ਰਿਆਇਤਾਂ ਤੇ ਕਰਜ਼ਿਆਂ 'ਚ ਰਾਹਤਾਂ ਵਿਰੁੱਧ ਹੋ ਰਹੀ ਵਿਚਾਰ-ਚਰਚਾ ਨੂੰ ਠੱਲ੍ਹਣ ਲਈ ਤਾਂ ਨਹੀਂ ਸਿਰਜਿਆ ਜਾ ਰਿਹਾ। ਦੋ ਸਾਲਾਂ ਦੌਰਾਨ ਕਾਰਪੋਰੇਟ ਟੈਕਸ 'ਚ ਕਟੌਤੀ ਕਰਕੇ ਸਰਕਾਰ ਨੂੰ 1.84 ਲੱਖ ਕਰੋੜ ਰੁਪਏ ਘੱਟ ਪ੍ਰਾਪਤ ਹੋਏ ਹਨ। ਰਾਜ ਸਭਾ 'ਚ ਦਿੱਤੇ ਜਵਾਬ ਮੁਤਾਬਕ ਪਿਛਲੇ ਕੁਝ ਸਾਲਾਂ ਦੌਰਾਨ ਵੱਡੇ ਘਰਾਣਿਆਂ ਦੁਆਰਾ ਕਰਜ਼ਿਆਂ ਨੂੰ ਨਾ ਮੋੜਨਯੋਗ ਕਰਾਰ ਦੇ ਕੇ 10 ਲੱਖ ਕਰੋੜ ਰੁਪਏ ਮੁਆਫ ਕੀਤੇ ਗਏ। ਵਿਰੋਧੀ ਧਿਰਾਂ ਵੱਲੋਂ ਭਾਜਪਾ ਨੂੰ ਇਸ ਮੁੱਦੇ ਉਤੇ ਘੇਰਿਆ ਜਾ ਰਿਹਾ ਹੈ। ਹਾਲਾਂਕਿ ਭਾਜਪਾ ਇਸ ਉਤੇ ਕੋਈ ਠੋਸ ਜਵਾਬ ਦੇਣ ਦੀ ਥਾਂ ਆਮ ਲੋਕਾਂ ਲਈ ਮੁਫ਼ਤ ਐਲਾਨਾਂ ਨੂੰ ਜ਼ੋਰ-ਸ਼ੋਰ ਨਾਲ ਮੁੱਦਾ ਬਣਾ ਰਹੀ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

| | | | |
|---|---|---|---|
| (ਡਾ.) ਨਵਦੀਪ ਕੌਰ | ਡਾ. ਗੁਰਦਿਆਲ ਸਿੰਘ ਬਸਰਾਨ | ਡਾ. ਹਰਗੁਰਮੁਖਪਾਲ ਸਿੰਘ | ਰਾਜਿੰਦਰ ਸਿੰਘ ਬੈਂਸ |
| ਬਲਵਿੰਦਰ (ਨਿੱਕੀ) ਕੌਰ ਸੇਖੋਂ | ਹਰਜੀਤ ਸਿੰਘ ਸਾਹੀ | ਡਾ. ਤੇਜਿੰਦਰ ਸਿੰਘ ਮੰਡੇਰ | ਮਨਦੀਪ ਸਿੰਘ ਭੂਰਾ |
| ਜਸਬੀਰ ਕੌਰ ਢਿੱਲੋਂ | ਸਰਵਣ ਸਿੰਘ ਟਿਵਾਣਾ | ਜਗਦੀਸ਼ਰ ਸਿੰਘ ਕਲੇਰ | ਗੁਲਜ਼ਾਰ ਸਿੰਘ ਮੁਲਤਾਨੀ |
| ਅਮੋਲਕ ਸਿੰਘ ਗਾਖਲ | ਜੈਦੇਵ ਸਿੰਘ ਭੱਠਲ | ਰਘਬੀਰ ਸਿੰਘ ਘੁੰਨ | ਅਵਤਾਰ ਸਿੰਘ ਸਪਰਿੰਗਫੀਲਡ |
| ਦਰਸ਼ਨ ਸਿੰਘ ਗਰੇਵਾਲ | ਪਰਮਿੰਦਰ ਸਿੰਘ ਵਾਲੀਆ | ਦਰਸ਼ਨ ਸਿੰਘ ਦਰੜ | ਗੁਰਵੀਰ ਸਿੰਘ ਗਿੱਲ |
| ਹਰਦਿਆਲ ਸਿੰਘ ਦਿਓਲ | ਜਸਵਿੰਦਰ ਸਿੰਘ (ਜੱਸੀ) ਗਿੱਲ | ਡਾ. ਗੁਰਚਰਨ ਸਿੰਘ ਗਰੇਵਾਲ | |

# ਸ਼੍ਰੋਮਣੀ ਕਮੇਟੀ ਵੱਲੋਂ ਬੰਦੀ ਸਿੱਖਾਂ ਦੀ ਰਿਹਾਈ ਲਈ ਰੋਸ ਮਾਰਚ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਆਜ਼ਾਦੀ ਦਿਹਾੜੇ ਦੀ 75ਵੀਂ ਵਰ੍ਹੇਗੰਢ ਮੌਕੇ ਬੰਦੀ ਸਿੱਖਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਖਿਲਾਫ ਰੋਸ ਮਾਰਚ ਕੀਤਾ। ਇਸ ਸਬੰਧੀ ਕਮੇਟੀ ਵੱਲੋਂ ਡਿਪਟੀ ਕਮਿਸ਼ਨਰ ਦੇ ਦਫਤਰ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਨਾਂ ਇਕ ਮੰਗ ਪੱਤਰ ਵੀ ਸੌਂਪਿਆ ਗਿਆ।

ਦਰਬਾਰ ਸਾਹਿਬ ਕੰਪਲੈਕਸ ਤੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਆਰੰਭ ਹੋਏ ਰੋਸ ਮਾਰਚ ਵਿਚ ਸ਼੍ਰੋਮਣੀ ਕਮੇਟੀ ਦੇ ਮੈਂਬਰ, ਮੁਲਾਜ਼ਮ ਤੇ ਹੋਰ ਸਿੱਖ ਸ਼ਾਮਲ ਸਨ। ਮਾਰਚ 'ਚ ਪ੍ਰਦਰਸ਼ਨਕਾਰੀਆਂ ਨੇ ਰੋਸ ਵਜੋਂ ਕਾਲੀਆਂ ਦਸਤਾਰਾਂ ਸਜਾਈਆਂ ਹੋਈਆਂ ਸਨ ਅਤੇ ਬੰਦੀ ਸਿੱਖਾਂ ਦੀ ਰਿਹਾਈ ਸਬੰਧੀ ਤਖ਼ਤੀਆਂ ਹੱਥਾਂ ਵਿਚ ਫੜੀਆਂ ਹੋਈਆਂ ਸਨ। ਇਸ ਦੌਰਾਨ ਉਨ੍ਹਾਂ ਬੰਦੀ ਸਿੱਖਾਂ ਦੀ ਰਿਹਾਈ ਬਾਰੇ ਨਾਅਰੇ ਵੀ ਲਾਏ। ਜਾਣਕਾਰੀ ਅਨੁਸਾਰ ਪ੍ਰਦਰਸ਼ਨਕਾਰੀ ਪਹਿਲਾਂ ਹਾਲ ਗੇਟ 'ਤੇ ਇਕੱਠੇ ਹੋਏ ਅਤੇ ਫਿਰ ਰੋਸ ਮਾਰਚ ਕਰਦੇ ਹੋਏ ਡਿਪਟੀ ਕਮਿਸ਼ਨਰ ਦਫਤਰ ਪੁੱਜੇ।



ਇਸ ਦੌਰਾਨ ਪ੍ਰਧਾਨ ਐਡਵੋਕੇਟ ਧਾਮੀ ਨੇ ਆਖਿਆ ਕਿ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਬੰਦ ਬੰਦੀ ਸਿੱਖ ਨਿਰਧਾਰਤ ਸਜਾਵਾਂ ਦੀ ਮਿਆਦ ਪੂਰੀ ਕਰ ਚੁੱਕੇ ਹਨ ਪਰ ਇਸ ਦੇ ਬਾਵਜੂਦ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ। ਗੁਰੂ ਨਾਨਕ ਦੇਵ ਦੇ 550 ਸਾਲਾ ਪ੍ਰਕਾਸ਼ ਪੁਰਬ ਮੌਕੇ ਕਈ ਬੰਦੀ ਸਿੱਖਾਂ ਨੂੰ ਰਿਹਾਅ ਕਰਨ ਦਾ ਐਲਾਨ ਵੀ ਕੀਤਾ ਗਿਆ ਸੀ, ਜਿਸ 'ਤੇ ਹਾਲੇ ਤੱਕ ਬੂਰ ਨਹੀਂ ਪਿਆ। ਸ੍ਰੀ ਧਾਮੀ ਨੇ ਕਿਹਾ ਕਿ ਇਸ ਸਬੰਧੀ ਪ੍ਰਧਾਨ ਮੰਤਰੀ, ਕੇਂਦਰੀ ਗ੍ਰਹਿ ਮੰਤਰੀ, ਦਿੱਲੀ ਅਤੇ ਕਰਨਾਟਕ ਦੇ ਮੁੱਖ ਮੰਤਰੀ ਨੂੰ ਮਿਲਣ ਲਈ ਪੱਤਰ ਵੀ ਭੇਜੇ ਗਏ ਹਨ ਪਰ ਉਨ੍ਹਾਂ ਨੇ ਹਾਲੇ ਤੱਕ ਕੋਈ ਹੁੰਗਾਰਾ ਨਹੀਂ ਦਿੱਤਾ।

ਉਨ੍ਹਾਂ ਆਖਿਆ ਕਿ ਇਹ ਬੇਹੱਦ ਮੰਦਭਾਗਾ ਕਿ ਦੇਸ਼ ਲਈ ਸਭ ਤੋਂ ਵੱਧ ਕੁਰਬਾਨੀਆਂ ਦੇਣ ਵਾਲੇ ਸਿੱਖਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਫਿਲਹਾਲ ਇਹ ਇਕ ਸੰਕੇਤਕ ਰੋਸ ਪ੍ਰਦਰਸ਼ਨ ਹੈ, ਪਰ ਜੇਕਰ ਸਰਕਾਰਾਂ ਨਾ ਜਾਗੀਆਂ ਤਾਂ ਭਵਿੱਖ ਵਿਚ ਸੰਘਰਸ਼ ਦੀ ਰੂਪ ਰੇਖਾ ਉਲੀਕੀ ਜਾਵੇਗੀ।

## ਸਿਮਰਨਜੀਤ ਸਿੰਘ ਮਾਨ ਦਾ ਜੰਤਰ-ਮੰਤਰ 'ਤੇ ਧਰਨਾ

**ਨਵੀਂ ਦਿੱਲੀ:** ਸੰਗਰੂਰ ਤੋਂ ਲੋਕ ਸਭਾ ਮੈਂਬਰ ਸਿਮਰਨਜੀਤ ਸਿੰਘ ਮਾਨ ਦੀ ਅਗਵਾਈ ਹੇਠ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਜੰਤਰ-ਮੰਤਰ 'ਤੇ ਬੰਦੀ ਸਿੰਘਾਂ ਦੀ ਰਿਹਾਈ ਲਈ ਧਰਨਾ ਦਿੱਤਾ। ਪਾਰਟੀ ਵੱਲੋਂ ਰਾਸ਼ਟਰਪਤੀ ਦਰੋਪਦੀ ਮੁਰਮੂ ਦੇ ਨਾਂ 'ਤੇ ਦਿੱਤੇ ਗਏ ਯਾਦ ਪੱਤਰ ਵਿਚ ਬੇਨਤੀ ਕੀਤੀ ਗਈ ਹੈ ਕਿ ਉਹ ਸੰਵਿਧਾਨ ਦੀ ਧਾਰਾ 72 ਤਹਿਤ 25 ਸਾਲਾਂ ਤੋਂ ਵੱਧ ਕਾਨੂੰਨੀ ਸਜ਼ਾ ਭੁਗਤ ਚੁੱਕੇ ਸਾਰੇ ਸਿੱਖ ਬੰਦੀਆਂ ਨੂੰ ਰਿਹਾਅ ਕਰਨ। ਜੰਤਰ-ਮੰਤਰ 'ਤੇ ਦਿੱਤੇ ਧਰਨੇ 'ਚ ਇਮਾਨ ਸਿੰਘ ਮਾਨ ਅਤੇ ਪੰਜਾਬ ਤੋਂ ਆਏ ਵੱਡੀ ਗਿਣਤੀ ਸਿੱਖ ਵੀ ਹਾਜ਼ਰ ਸਨ। ਸਿਮਰਨਜੀਤ ਸਿੰਘ ਮਾਨ ਨੇ ਕਿਹਾ ਕਿ ਦੇਸ਼ ਦੇ ਕਈ ਸੂਬਿਆਂ 'ਚ ਕਾਨੂੰਨ ਦੀ ਦੁਰਵਰਤੋਂ ਕਰਦਿਆਂ ਘੱਟ ਗਿਣਤੀ ਨੌਜਵਾਨਾਂ ਨੂੰ ਨਿਸ਼ਾਨਾ ਬਣਾ ਕੇ 25-25 ਸਾਲਾਂ ਤੋਂ ਜਬਰੀ ਬੰਦੀ ਬਣਾਇਆ ਹੋਇਆ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰਪਤੀ ਸੰਵਿਧਾਨ ਦੀ ਧਾਰਾ 72 ਤਹਿਤ ਜੇਲ੍ਹਾਂ ਵਿਚ ਬੰਦ ਕਿਸੇ ਵੀ ਕੈਦੀ ਦੀ ਸਜ਼ਾ ਘਟਾ, ਸਜ਼ਾ ਬਦਲ ਸਕਦੇ ਹਨ ਜਾਂ ਮੁਆਫ ਕਰ ਸਕਦੇ ਹਨ।

# 31 ਹੋਰ ਅਫਗਾਨ ਹਿੰਦੂਆਂ ਤੇ ਸਿੱਖਾਂ ਨੂੰ ਈ-ਵੀਜ਼ਾ ਜਾਰੀ

**ਨਵੀਂ ਦਿੱਲੀ:** ਇੰਡੀਅਨ ਵਰਲਡ ਫੋਰਮ ਨੇ ਕਿਹਾ ਕਿ ਕੇਂਦਰ ਸਰਕਾਰ ਨੇ 31 ਹੋਰ ਅਫਗਾਨ ਹਿੰਦੂਆਂ ਤੇ ਸਿੱਖਾਂ ਨੂੰ ਈ-ਵੀਜ਼ਾ ਜਾਰੀ ਕੀਤਾ ਅਤੇ 23 ਹੋਰ ਅਰਜ਼ੀਆਂ ਅਜੇ ਵੀ ਬਕਾਇਆ ਹਨ। ਇੰਡੀਅਨ ਵਰਲਡ ਫੋਰਮ ਨੇ ਇੱਥੇ ਜਾਰੀ ਕੀਤੇ ਬਿਆਨ ਵਿਚ ਕਿਹਾ ਕਿ ਅਫਗਾਨਿਸਤਾਨ ਵਿਚ 74 ਸਿੱਖਾਂ ਅਤੇ ਹਿੰਦੂਆਂ ਕੋਲ ਵਾਜਬ ਈ-ਵੀਜ਼ਾ ਹਨ ਅਤੇ ਉਨ੍ਹਾਂ ਸਾਰਿਆਂ ਨੂੰ ਜਲਦ ਭਾਰਤ ਲਿਆਂਦਾ ਜਾਵੇਗਾ।

ਇੰਡੀਅਨ ਵਰਲਡ ਫੋਰਮ ਦੇ ਪ੍ਰਧਾਨ ਪੁਨੀਤ ਚੰਢੋਕ ਨੇ ਕਿਹਾ ਕਿ ਅਫਗਾਨ ਸਿੱਖਾਂ ਅਤੇ ਹਿੰਦੂਆਂ ਦੀਆਂ ਚਿੰਤਾਵਾਂ ਨੂੰ ਸਮਝਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਗ੍ਰਹਿ ਮੰਤਰੀ ਅਮਿਤ ਸ਼ਾਹ ਅਤੇ ਵਿਦੇਸ਼ ਮੰਤਰਾਲੇ ਦੀ ਸਹਾਇਤਾ ਲਈ ਬਹੁਤ ਰਿਣੀ ਹਾਂ। ਇਸ ਤੋਂ ਪਹਿਲਾਂ ਜੂਨ ਵਿਚ ਕਾਬੁਲ ਦੇ ਗੁਰਦੁਆਰਾ ਕਰਤਾ-ਏ-ਪਰਵਾਨ ਉਤੇ ਅਤਿਵਾਦੀ ਹਮਲੇ ਤੋਂ ਬਾਅਦ ਚਾਰ ਜਥਿਆਂ ਵਿਚ 66 ਅਫਗਾਨ ਸਿੱਖਾਂ ਅਤੇ ਹਿੰਦੂਆਂ ਨੂੰ ਭਾਰਤ ਭੇਜਿਆ ਗਿਆ ਸੀ।

## ਡਿਗਰੀਆਂ ਰੋਕਣ ਵਾਲੀਆਂ ਵਿੱਦਿਅਕ ਸੰਸਥਾਵਾਂ ਖਿਲਾਫ ਕਾਰਵਾਈ ਦੇ ਹੁਕਮ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪੋਸਟਮੈਟ੍ਰਿਕ ਵਜ਼ੀਫਾ ਸਕੀਮ ਦੀ ਆੜ 'ਚ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਦੀਆਂ ਡਿਗਰੀਆਂ ਰੋਕਣ ਵਾਲੇ ਵਿੱਦਿਅਕ ਅਦਾਰਿਆਂ ਖ਼ਿਲਾਫ ਕਾਰਵਾਈ ਕਰਨ ਦੇ ਹੁਕਮ ਦਿੱਤੇ ਹਨ। ਮੁੱਖ ਮੰਤਰੀ ਨੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਵਿਭਾਗ ਦੇ ਅਧਿਕਾਰੀਆਂ ਨਾਲ ਮੀਟਿੰਗ 'ਚ ਹਦਾਇਤ ਕੀਤੀ ਕਿ ਸੂਬੇ ਵਿਚ ਇਹ ਯਕੀਨੀ ਬਣਾਇਆ ਜਾਵੇ ਕਿ ਕਿਸੇ ਵੀ ਵਿੱਦਿਅਕ ਸੰਸਥਾ ਵੱਲੋਂ ਇਕ ਵੀ ਵਿਦਿਆਰਥੀ ਦੀ ਡਿਗਰੀ ਨਾ ਰੋਕੀ ਜਾਵੇ।

ਸ੍ਰੀ ਮਾਨ ਨੇ ਕਿਹਾ ਕਿ ਇਸ ਸਕੀਮ ਤਹਿਤ ਫੰਡਾਂ ਦੀ ਅਦਾਇਗੀ ਦਾ ਮਾਮਲਾ ਸੂਬਾ ਸਰਕਾਰ ਅਤੇ ਵਿੱਦਿਅਕ ਅਦਾਰਿਆਂ ਦਾ ਆਪਸੀ ਮਸਲਾ ਹੈ। ਇਸ ਨਾਲ ਸਮਾਜ ਦੇ ਪੱਛੜੇ ਅਤੇ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਦਾ ਕੋਈ ਲੈਣਾ-ਦੇਣਾ ਨਹੀਂ ਹੈ, ਜਿਸ ਕਰਕੇ ਉਨ੍ਹਾਂ ਨੂੰ ਕਿਸੇ ਵੀ ਕੀਮਤ 'ਤੇ ਪਰੇਸ਼ਾਨ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਕਿਹਾ ਕਿ ਵਿੱਦਿਅਕ ਸੰਸਥਾਵਾਂ ਨੂੰ ਵਿਦਿਆਰਥੀਆਂ ਦੀਆਂ ਡਿਗਰੀਆਂ ਰੋਕ ਕੇ ਉਨ੍ਹਾਂ ਦਾ ਭਵਿੱਖ ਤਬਾਹ ਕਰਨ ਦਾ ਕੋਈ ਅਧਿਕਾਰ ਨਹੀਂ ਹੈ। ਮੁੱਖ ਮੰਤਰੀ ਨੇ ਕਿਹਾ ਕਿ ਵਿੱਦਿਅਕ ਸੰਸਥਾਵਾਂ ਨੂੰ ਅਨੁਸੂਚਿਤ ਜਾਤੀ ਦੇ ਵਿਦਿਆਰਥੀਆਂ ਨਾਲ ਧੱਕੇਸ਼ਾਹੀ ਵਾਲਾ ਵਤੀਰਾ ਅਪਨਾਉਣ ਤੋਂ ਗੁਰੇਜ਼ ਕਰਨਾ ਚਾਹੀਦਾ ਹੈ।

# ਮੁੱਖ ਮੰਤਰੀ ਭਗਵੰਤ ਮਾਨ ਦੇ ਹਵਾਈ ਸਫਰ ਦੇ ਖਰਚੇ ਬਾਰੇ ਜਾਣਕਾਰੀ ਦੇਣ ਤੋਂ ਕੋਰੀ ਨਾਂਹ ਕੀਤੀ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਹਵਾਈ ਸਫਰ ਸਬੰਧੀ ਜਾਣਕਾਰੀ ਸੂਚਨਾ ਅਧਿਕਾਰ ਕਾਨੂੰਨ (ਆਰ.ਟੀ.ਆਈ.) ਦੇ ਦਾਇਰੇ ਤੋਂ ਬਾਹਰ ਕਰਦਿਆਂ ਮੁੱਖ ਮੰਤਰੀ ਦੇ ਹਵਾਈ ਸਫਰ ਦੇ ਖਰਚਿਆਂ ਸਬੰਧੀ ਜਾਣਕਾਰੀ ਹਾਸਲ ਕਰਨ ਲਈ ਪਾਈ ਆਰ.ਟੀ.ਆਈ. ਰੱਦ ਦਿੱਤੀ ਹੈ।

ਪੰਜਾਬ ਦੇ ਆਰ.ਟੀ.ਆਈ. ਕਾਰਕੁਨ ਮਾਨਿਕ ਗੋਇਲ ਨੇ ਆਰ.ਟੀ.ਆਈ. ਰਾਹੀਂ ਮੁੱਖ ਮੰਤਰੀ ਭਗਵੰਤ ਮਾਨ ਦੇ 11 ਮਾਰਚ 2022 ਤੋਂ 20 ਜੂਨ 2022 ਤੱਕ ਦੇ ਹਵਾਈ ਸਫਰ ਦੇ ਖਰਚ, ਪਾਇਲਟ ਦੀ ਤਨਖਾਹ, ਰਹਿਣ-ਸਹਿਣ, ਹੈਲੀਕਾਪਟਰ ਦੀ ਰਿਪੇਅਰ ਤੇ ਤੇਲ ਖਰਚ ਦੀ ਜਾਣਕਾਰੀ ਮੰਗੀ ਸੀ।



ਸੂਬਾ ਸਰਕਾਰ ਨੇ ਮੁੱਖ ਮੰਤਰੀ ਦੀ ਸੁਰੱਖਿਆ ਦੀ ਦਲੀਲ ਦਿੰਦਿਆਂ ਆਰ.ਟੀ.ਆਈ. ਐਕਟ ਅਧੀਨ ਇਹ ਜਾਣਕਾਰੀ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਹਾਲਾਂਕਿ ਇਸ ਤੋਂ ਪਹਿਲਾਂ ਸਰਕਾਰਾਂ ਵੱਲੋਂ ਮੁੱਖ ਮੰਤਰੀਆਂ ਦੇ ਹਵਾਈ ਸਫਰ ਦੀ ਜਾਣਕਾਰੀ ਆਰ.ਟੀ.ਆਈ. ਵਿਚ ਸਾਂਝੀ ਕੀਤੀ ਜਾਂਦੀ ਰਹੀ ਹੈ। ਸੂਤਰਾਂ ਦਾ ਕਹਿਣਾ ਹੈ ਕਿ ਭਗਵੰਤ ਮਾਨ ਨੇ ਪੰਜਾਬ ਦੇ ਮੁੱਖ ਮੰਤਰੀ ਬਣਨ ਮਗਰੋਂ ਗੁਜਰਾਤ ਅਤੇ ਹਿਮਾਚਲ ਪ੍ਰਦੇਸ਼ ਵਿਚ ਵੀ ਸਫਰ ਕੀਤਾ ਹੈ। ਇੰਨਾ ਹੀ ਨਹੀਂ ਆਪ ਦੇ ਦਿੱਲੀ ਦੇ ਕਈ ਆਗੂ ਵੀ ਇਸ ਹੈਲੀਕਾਪਟਰ ਵਿਚ ਸਫਰ ਕਰ ਚੁੱਕੇ ਹਨ। ਜਦੋਂ ਕਿ ਨੇਮਾਂ ਅਨੁਸਾਰ ਮੁੱਖ ਮੰਤਰੀ ਦੇ ਸਰਕਾਰੀ ਹੈਲੀਕਾਪਟਰ ਦੀ ਵਰਤੋਂ ਸਿਰਫ ਮੁੱਖ ਮੰਤਰੀ ਹੀ ਸਕਦੇ ਹਨ। ਆਰ.ਟੀ.ਆਈ. ਕਾਰਕੁਨ ਮਾਨਿਕ ਗੋਇਲ ਨੇ ਕਿਹਾ ਕਿ ਉਸ ਵੱਲੋਂ ਮੁੱਖ ਮੰਤਰੀ ਦੇ ਹਵਾਈ ਸਫਰ ਦੀ ਮੰਗੀ ਜਾਣਕਾਰੀ ਦੇਣ 'ਤੇ ਸੁਰੱਖਿਆ ਵਿਚ ਕੀ ਸਮੱਸਿਆ ਹੋ ਸਕਦੀ ਹੈ। ਇਹ ਬਹਾਨਾ ਲਗਾ ਕੇ ਅਰਜ਼ੀ ਰੱਦ ਕਰਨਾ ਗਲਤ ਹੈ। ਮੁੱਖ ਮੰਤਰੀ ਜਨਤਾ ਦੇ ਪੈਸੇ 'ਤੇ ਹਵਾਈ ਸਫਰ ਕਰ ਰਹੇ ਹਨ ਜਿਸ ਦੀ ਜਾਣਕਾਰੀ ਦੇਣੀ ਪਵੇਗੀ।

## 'ਪਿੰਡ ਬਾਬੇ ਨਾਨਕ' ਪ੍ਰੋਜੈਕਟ ਨੂੰ ਕੇਂਦਰ ਤੋਂ 500 ਕਰੋੜ ਦੀ ਪ੍ਰਵਾਨਗੀ

**ਚੰਡੀਗੜ੍ਹ:** ਸੈਰ-ਸਪਾਟਾ ਤੇ ਸਭਿਆਚਾਰਕ ਮੰਤਰੀ ਅਨਮੋਲ ਗਗਨ ਮਾਨ ਨੇ ਦੱਸਿਆ ਕਿ ਸੁਲਤਾਨਪੁਰ ਲੋਧੀ ਵਿਚ ਪਿੰਡ ਬਾਬੇ ਨਾਨਕ ਦੇ ਪ੍ਰੋਜੈਕਟ ਲਈ ਕੇਂਦਰ ਸਰਕਾਰ ਤੋਂ 500 ਕਰੋੜ ਰੁਪਏ ਦੀ ਸਿਧਾਂਤਕ ਪ੍ਰਵਾਨਗੀ ਮਿਲ ਗਈ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰੋਜੈਕਟ ਸਬੰਧੀ ਸੂਬਾ ਸਰਕਾਰ ਵੱਲੋਂ ਮੁਢਲੀ ਰਿਪੋਰਟ ਕੇਂਦਰ ਸਰਕਾਰ ਨੂੰ ਭੇਜੀ ਗਈ ਸੀ ਜਿਸ ਲਈ ਮਨਜ਼ੂਰੀ ਮਿਲ ਗਈ ਹੈ।

ਉਨ੍ਹਾਂ ਕਿਹਾ ਕਿ ਪਿੰਡ ਬਾਬੇ ਨਾਨਕ ਦੇ ਵਿਰਾਸਤੀ ਕੰਪਲੈਕਸ ਨੂੰ ਮੁਕੰਮਲ ਕਰਨ ਲਈ ਜਲਦੀ ਹੀ ਸਲਾਹਕਾਰ ਨਿਯੁਕਤ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਸੈਰ-ਸਪਾਟਾ ਅਤੇ ਸਭਿਆਚਾਰਕ ਮਾਮਲੇ ਵਿਭਾਗ ਵੱਲੋਂ ਇਸ ਵਿਸ਼ਵ ਪੱਧਰੀ ਪ੍ਰੋਜੈਕਟ ਲਈ ਛੇਤੀ ਹੀ ਟੈਂਡਰ ਲਾਇਆ ਜਾਵੇਗਾ। ਸਰਕਾਰ ਇਸ ਪ੍ਰੋਜੈਕਟ ਨੂੰ ਜਲਦੀ ਮੁਕੰਮਲ ਕਰਨ ਲਈ ਹਰ ਯਤਨ ਕਰੇਗੀ ਤੇ ਇਸ ਸਬੰਧੀ ਅਧਿਕਾਰੀਆਂ ਨੂੰ ਨਿਰਦੇਸ਼ ਦਿੱਤੇ ਹਨ।

# ਗਾਇਕਾ ਜੋਤੀ ਨੂਰਾਂ ਦੀ ਪਤੀ ਨਾਲ ਸੁਲ੍ਹਾ

**ਜਲੰਧਰ:** ਪੰਜਾਬ ਦੀ ਸੂਫੀ ਗਾਇਕਾ ਜੋਤੀ ਨੂਰਾਂ ਆਪਣੇ ਪਤੀ ਕੁਨਾਲ ਪਾਸੀ ਨਾਲ ਮੀਡੀਆ ਦੇ ਰੂਬਰੂ ਹੋਈ। ਦੋਵਾਂ ਨੇ ਇਕਜੁੱਟਤਾ ਦਿਖਾਉਂਦਿਆਂ ਕਿਹਾ ਕਿ ਉਨ੍ਹਾਂ ਵਿਚ ਕੁਝ ਗਲਤਫਹਿਮੀ ਹੋ ਗਈ ਸੀ ਪਰ ਰੱਬ ਨੇ ਉਨ੍ਹਾਂ ਨੂੰ ਦੁਬਾਰਾ ਮਿਲਾ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਨੂਰਾਂ ਨੇ ਪਿਛਲੇ ਹਫਤੇ ਹੀ ਆਪਣੇ ਪਤੀ ਨੂੰ ਨਸ਼ੇੜੀ ਕਹਿੰਦਿਆਂ ਤਲਾਕ ਲੈਣ ਲਈ ਅਦਾਲਤ ਤੱਕ ਪਹੁੰਚ ਕੀਤੀ ਸੀ। ਜੋਤੀ ਨੂਰਾਂ ਭਾਵੁਕ ਹੋ ਗਈ, ਉਸ ਨੇ ਕਾਨਫਰੰਸ ਵਿਚ ਹੀ ਗੀਤ 'ਤੁਰ ਕੱਲਿਆਂ ਵੇ ਛੱਲਾ, ਤੁਰ ਚੱਲਿਆ' ਵੀ ਸੁਣਾਇਆ। ਜੋਤੀ ਨੇ ਕਿਹਾ ਕਿ ਹੁਣ ਦੋਵਾਂ 'ਚ ਸਭ ਕੁਝ ਠੀਕ ਹੋ ਗਿਆ ਹੈ ਤੇ



ਤਲਾਕ ਦੀ ਅਰਜ਼ੀ ਵਾਪਸ ਲੈ ਲਈ ਹੈ। ਪਤੀ ਨੂੰ ਨਸ਼ੇੜੀ ਕਹਿਣ ਬਾਰੇ ਜੋਤੀ ਨੇ ਕਿਹਾ ਕਿ ਉਸ ਨੇ ਗੁੱਸੇ 'ਚ ਬਹੁਤ ਕੁਝ ਕਹਿ ਦਿੱਤਾ ਸੀ ਪਰ ਅੱਜ ਉਹ ਸਭ ਦੇ ਸਾਹਮਣੇ ਇਹ ਕਹਿਣਾ ਚਾਹੁੰਦੀ ਹੈ ਕਿ ਉਸ ਦਾ ਪਤੀ ਸਿਗਰਟ ਜਾਂ ਭੰਗ ਹੀ ਪੀਂਦਾ ਹੈ।

ਕੁਨਾਲ ਨੇ ਉਸ ਨਾਲ ਵਾਅਦਾ ਕੀਤਾ ਹੈ ਕਿ ਉਹ ਛੱਡ ਕੇ ਨਹੀਂ ਜਾਵੇਗਾ ਤੇ ਨਾ ਹੀ ਉਹ ਕੋਈ ਨਸ਼ਾ ਲਵੇਗਾ। ਕੁਨਾਲ ਪਾਸੀ ਨੇ ਦੱਸਿਆ ਕਿ ਦੋਹਾਂ 'ਚ ਗਲਤਫਹਿਮੀ ਦਾ ਕਈ ਲੋਕ ਫਾਇਦਾ ਉਠਾਉਣਾ ਚਾਹੁੰਦੇ ਸਨ ਪਰ ਅੱਜ ਦੋਵੇਂ ਫਿਰ ਇਕ ਹੋ ਗਏ ਹਨ। ਇਹ ਪੁੱਛੇ ਜਾਣ 'ਤੇ ਕਿ ਉਸ ਦੀ ਪਤਨੀ ਨੇ 20 ਕਰੋੜ ਰੁਪਏ ਗਾਇਬ ਕਰਨ ਦਾ ਦੋਸ਼ ਲਗਾਇਆ ਸੀ ਤਾਂ ਕੁਨਾਲ ਨੇ ਦੱਸਿਆ ਕਿ ਇਹ ਮਾਮਲਾ ਵੀ ਸੁਲਝਾ ਲਿਆ ਗਿਆ ਹੈ।

# ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੀ ਛੱਤ ਡਿੱਗੀ

**ਗੁੱਜਰਾਂਵਾਲਾ:** ਪਾਕਿਸਤਾਨ ਸਰਕਾਰ ਵੱਲੋਂ ਲਗਾਤਾਰ ਵਰਤੀ ਲਾਪਰਵਾਹੀ ਕਾਰਨ ਗੁੱਜਰਾਂਵਾਲਾ ਸ਼ਹਿਰ 'ਚ ਸਥਿਤ ਮਹਾਰਾਜਾ ਰਣਜੀਤ ਸਿੰਘ ਦੀ ਜੱਦੀ ਹਵੇਲੀ ਦੀ ਛੱਤ ਡਿੱਗ ਗਈ ਹੈ। ਵੇਰਵਿਆਂ ਮੁਤਾਬਕ 'ਸ਼ੇਰ-ਏ-ਪੰਜਾਬ' ਦੀ ਹਵੇਲੀ ਦੀ ਛੱਤ ਦਾ ਕੁਝ ਹਿੱਸਾ ਡਿੱਗ ਗਿਆ ਹੈ।

ਹਾਲੇ ਕੁਝ ਦਿਨ ਪਹਿਲਾਂ ਹੀ ਪ੍ਰਸ਼ਾਸਨ ਨੇ ਇਸ ਨੂੰ ਇਤਿਹਾਸਕ ਸੈਰ-ਸਪਾਟੇ ਵਾਲੀ ਥਾਂ ਵਿਚ ਤਬਦੀਲ ਕੀਤੇ ਜਾਣ ਲਈ ਸੁਰੱਖਿਅਤ ਕਰਾਰ ਦਿੱਤਾ ਸੀ। ਹਵੇਲੀ ਨੂੰ ਸੈਲਾਨੀਆਂ, ਖਾਸ ਕਰ ਕੇ ਭਾਰਤ ਦੇ ਸਿੱਖਾਂ ਲਈ ਖੋਲ੍ਹਣ ਦਾ ਐਲਾਨ ਵੀ ਕੀਤਾ ਗਿਆ ਸੀ। ਸਿੱਖ ਸਾਮਰਾਜ ਦੇ ਪਹਿਲੇ ਮਹਾਰਾਜਾ ਰਣਜੀਤ ਸਿੰਘ ਦਾ ਜਨਮ ਇਸ ਘਰ ਵਿਚ 13 ਨਵੰਬਰ, 1780 ਨੂੰ ਹੋਇਆ ਸੀ। ਇਹ ਹਵੇਲੀ ਦੁਨੀਆਂ ਭਰ ਦੇ ਸਿੱਖਾਂ ਵਿਚ ਵਿਸ਼ੇਸ਼ ਅਹਿਮੀਅਤ ਰੱਖਦੀ ਹੈ।

ਜਾਣਕਾਰਾਂ ਮੁਤਾਬਕ 18ਵੀਂ ਸਦੀ ਤੱਕ ਹਵੇਲੀ ਦੇ ਆਲੇ-ਦੁਆਲੇ ਕਾਫੀ ਹਰਿਆਲੀ ਸੀ ਤੇ ਥਾਂ ਵੀ ਕਾਫੀ ਖੁੱਲ੍ਹੀ ਸੀ, ਪਰ ਹੁਣ ਇਸ ਇਲਾਕੇ ਵਿਚ ਬਹੁਤ ਭੀੜ-ਭੜੱਕਾ ਹੈ ਤੇ ਕਈ ਗੈਰਕਾਨੂੰਨੀ ਉਸਾਰੀਆਂ ਹੋ ਚੁੱਕੀਆਂ ਹਨ। ਸਥਾਨਕ ਲੋਕਾਂ ਨੇ ਇਕ ਵੀਡੀਓ ਵੀ ਸ਼ੇਅਰ ਕੀਤੀ ਹੈ ਜਿਸ ਵਿਚ ਇਹ ਵਿਰਾਸਤੀ ਜਾਇਦਾਦ ਖਸਤਾ ਹਾਲ ਨਜ਼ਰ ਆ ਰਹੀ ਹੈ। ਜਦਕਿ ਕਿਸੇ ਵੇਲੇ ਇਹ ਰਣਜੀਤ ਸਿੰਘ ਦੇ ਪਿਤਾ ਮਹਾਂ ਸਿੰਘ ਦੀ ਦੌਲਤ ਤੇ ਸ਼ਾਨ ਦਾ ਪ੍ਰਤੀਕ ਸੀ। ਗੁਜਰਾਂਵਾਲਾ ਦੇ ਇਕ ਵਾਸੀ ਨੇ ਦੱਸਿਆ ਕਿ ਹਵੇਲੀ ਦੇ ਅੱਗੇ ਇਕ ਗੈਰਕਾਨੂੰਨੀ ਮੰਡੀ ਮਾਰਕਿਟ ਬਣ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਕਈ ਵਾਰ ਹਵੇਲੀ ਦੀ ਮੁਰੰਮਤ ਲਈ ਰਾਸ਼ੀ ਜਾਰੀ ਹੋਈ ਹੈ ਪਰ ਛੱਤ ਦਾ ਡਿੱਗਣਾ ਦਿਖਾਉਂਦਾ ਹੈ ਕਿ ਲਾਪਰਵਾਹੀ ਵਰਤੀ ਗਈ ਹੈ। ਹਵੇਲੀ ਦਾ ਬਾਕੀ ਹਿੱਸਾ ਵੀ



ਬਹੁਤੀ ਚੰਗੀ ਹਾਲਤ ਵਿਚ ਨਹੀਂ ਹੈ।

ਪਾਕਿਸਤਾਨ ਦਾ ਪੁਰਾਤਤਵ ਵਿਭਾਗ ਇਸ ਇਮਾਰਤ ਨੂੰ ਵਿਰਾਸਤੀ ਇਮਾਰਤਾਂ ਦੇ ਵਰਗ ਵਿਚ ਰੱਖ ਚੁੱਕਾ ਹੈ ਜਿਨ੍ਹਾਂ ਦੀ ਸਾਂਭ-ਸੰਭਾਲ ਦੀ ਜ਼ਿੰਮੇਵਾਰੀ ਸਰਕਾਰ ਦੀ ਹੈ ਪਰ ਅਧਿਕਾਰੀ ਕਦੇ-ਕਦਾਈਂ ਹੀ ਗੇੜਾ ਮਾਰਦੇ ਹਨ। ਸਰਕਾਰ ਨੇ ਮੁਰੰਮਤ ਲਈ ਕਈ ਵਾਰ ਫੰਡ ਜਾਰੀ ਕੀਤੇ ਹਨ ਪਰ ਇਨ੍ਹਾਂ ਨੂੰ ਵਰਤਿਆ ਨਹੀਂ ਗਿਆ। ਕੁਝ ਰਿਪੋਰਟਾਂ ਮੁਤਾਬਕ ਸਰਕਾਰ ਨੇ ਹਵੇਲੀ ਦੇ ਇਕ ਹਿੱਸੇ ਨੂੰ ਕੂੜਾ ਡੰਪ ਵਜੋਂ ਵਰਤਣਾ ਸ਼ੁਰੂ ਕਰ ਦਿੱਤਾ ਸੀ। ਹਵੇਲੀ ਦੇ ਸਭ ਤੋਂ ਹੇਠਲੇ ਹਿੱਸੇ ਨੂੰ ਵੰਡ ਤੋਂ ਬਾਅਦ ਪੁਲਿਸ ਥਾਣੇ ਵਜੋਂ ਵੀ ਵਰਤਿਆ ਜਾਂਦਾ ਰਿਹਾ। ਹਾਲਾਂਕਿ ਮਗਰੋਂ ਸਰਕਾਰ ਨੇ ਡੰਪ ਨੂੰ ਹਟਾ ਲਿਆ ਸੀ ਤੇ ਪਾਰਕਿੰਗ ਬਣਾ ਦਿੱਤੀ ਸੀ। ਸੰਨ 2012-13 ਵਿਚ ਹਵੇਲੀ ਦੇ ਇਕ ਹਿੱਸੇ ਵਿਚ ਸਬਜ਼ੀਆਂ ਦੀਆਂ ਦੁਕਾਨਾਂ ਬਣ ਗਈਆਂ।

# ਇਕ ਪੈਨਸ਼ਨ: ਬਾਦਲ, ਕੈਪਟਨ, ਭੱਠਲ ਸਣੇ ਕਈਆਂ ਨੂੰ ਲੱਗੇਗਾ ਝਟਕਾ



**ਚੰਡੀਗੜ੍ਹ:** ਪੰਜਾਬ ਵਿਧਾਨ ਸਭਾ ਵੱਲੋਂ 'ਇਕ ਵਿਧਾਇਕ-ਇਕ ਪੈਨਸ਼ਨ' ਸਬੰਧੀ ਕਾਨੂੰਨੀ ਪ੍ਰਬੰਧ ਕਰਨ ਵਾਲੇ ਬਿੱਲ ਨੂੰ ਸੂਬੇ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪ੍ਰਵਾਨਗੀ ਦੇ ਦਿੱਤੀ ਹੈ। ਰਾਜ ਸਰਕਾਰ ਨੇ 'ਦਿ ਪੰਜਾਬ ਸਟੇਟ ਲੈਜਿਸਲੇਚਰ ਮੈਂਬਰਜ਼ (ਪੈਨਸ਼ਨ ਅਤੇ ਮੈਡੀਕਲ ਸਹੂਲਤ ਰੈਗੂਲੇਸ਼ਨ) ਸੋਧ ਐਕਟ 2022 ਲਾਗੂ ਕਰਨ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਹੈ।

ਨਵਾਂ ਕਾਨੂੰਨ ਲਾਗੂ ਹੋਣ ਤੋਂ ਬਾਅਦ ਭਾਵੇਂ ਕੋਈ ਵੀ ਸਿਆਸਤਦਾਨ ਕਿੰਨੀ ਵਾਰ ਵਿਧਾਇਕ ਚੁਣਿਆ ਗਿਆ ਹੋਵੇ, ਉਸ ਨੂੰ ਇਕ ਹੀ ਪੈਨਸ਼ਨ ਨਾਲ ਗੁਜ਼ਾਰਾ ਕਰਨਾ ਪਵੇਗਾ। ਸਰਕਾਰ ਦੇ ਇਸ ਫੈਸਲੇ ਨਾਲ ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਨਾਲ ਸਬੰਧਤ ਸਾਬਕਾ ਮੁੱਖ ਮੰਤਰੀਆਂ, ਸਾਬਕਾ ਮੰਤਰੀਆਂ ਅਤੇ ਵਿਧਾਇਕਾਂ ਨੂੰ ਵੱਡਾ ਝਟਕਾ ਲੱਗੇਗਾ। ਮੁੱਖ ਮੰਤਰੀ ਨੇ ਆਪਣੇ ਐਲਾਨ ਦੇ ਨਾਲ ਹੀ ਇਹ ਵੀ ਦਾਅਵਾ ਕੀਤਾ ਸੀ ਕਿ ਕਈ ਸਾਬਕਾ ਵਿਧਾਇਕਾਂ ਨੂੰ ਦੋ ਲੱਖ, 3 ਲੱਖ, 5 ਲੱਖ ਅਤੇ ਕਈ ਤਾਂ ਅਜਿਹੇ ਹਨ ਜਿਨ੍ਹਾਂ ਨੂੰ 7 ਲੱਖ ਰੁਪਏ ਤੱਕ ਪੈਨਸ਼ਨ ਮਿਲਦੀ ਹੈ। ਵਿਧਾਇਕ ਅਤੇ ਸੰਸਦ ਮੈਂਬਰ ਰਹਿ ਚੁੱਕੀਆਂ ਹਸਤੀਆਂ ਨੂੰ ਛੋਟ ਦਿੱਤੀ ਗਈ ਹੈ ਕਿ ਉਹ ਇਕੋ ਸਮੇਂ ਸਾਬਕਾ ਵਿਧਾਇਕ ਅਤੇ ਸਾਬਕਾ ਸੰਸਦ ਮੈਂਬਰ ਵਾਲੀ ਭਾਵ ਦੋਵੇਂ ਪੈਨਸ਼ਨ ਹਾਸਲ ਕਰਨ ਦਾ ਹੱਕ ਰੱਖਦੇ ਹਨ।

ਪੰਜਾਬ ਸਰਕਾਰ ਦੇ ਇਸ ਫੈਸਲੇ ਨਾਲ ਸੂਬੇ ਦੇ ਜਿਨ੍ਹਾਂ ਸਿਆਸਤਦਾਨਾਂ ਨੂੰ ਵੱਡਾ ਵਿੱਤੀ ਝਟਕਾ ਲੱਗੇਗਾ, ਉਨ੍ਹਾਂ ਵਿਚ ਪ੍ਰਕਾਸ਼ ਸਿੰਘ ਬਾਦਲ, ਕੈਪਟਨ ਅਮਰਿੰਦਰ ਸਿੰਘ, ਬੀਬੀ ਰਾਜਿੰਦਰ ਕੌਰ ਭੱਠਲ, ਲਾਲ ਸਿੰਘ, ਸਰਵਣ ਸਿੰਘ ਫਿਲੌਰ, ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ, ਬਲਵਿੰਦਰ ਸਿੰਘ ਭੂੰਦੜ, ਸੁਖਦੇਵ ਸਿੰਘ ਢੀਂਡਸਾ, ਜਥੇਦਾਰ ਤੋਤਾ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਮਨਪ੍ਰੀਤ ਸਿੰਘ ਬਾਦਲ, ਓਮ ਪ੍ਰਕਾਸ਼ ਸੋਨੀ, ਨਿਰਮਲ ਸਿੰਘ ਕਾਹਲੋਂ, ਰਾਕੇਸ਼ ਪਾਂਡੇ, ਬਲਬੀਰ ਸਿੰਘ ਘੁੰਨਸ, ਬ੍ਰਹਮ ਮਹਿੰਦਰਾ, ਸਾਧੂ ਸਿੰਘ ਧਰਮਸੋਤ, ਆਦੇਸ਼ ਪ੍ਰਤਾਪ ਸਿੰਘ ਕੈਰੋਂ ਆਦਿ ਸ਼ਾਮਲ ਹਨ। ਜ਼ਿਕਰਯੋਗ ਹੈ ਕਿ ਸੂਬੇ ਵਿਚ 'ਆਪ' ਸਰਕਾਰ ਦਾ ਗਠਨ ਹੁੰਦਿਆਂ ਹੀ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੈਨਸ਼ਨ ਨਾ ਲੈਣ ਦਾ ਐਲਾਨ ਕਰਦਿਆਂ ਆਪਣੀ ਸਾਰੀ ਪੈਨਸ਼ਨ ਪੰਜਾਬ ਦੀ ਭਲਾਈ 'ਤੇ ਲਾਉਣ ਲਈ ਸਰਕਾਰ ਨੂੰ ਪੱਤਰ ਲਿਖਿਆ ਸੀ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ 'ਆਪ' ਸਰਕਾਰ ਦੇ ਗਠਨ ਤੋਂ ਬਾਅਦ 25 ਮਾਰਚ ਨੂੰ ਸੂਬੇ ਦੇ ਵਿਧਾਇਕਾਂ ਨੂੰ ਪੈਨਸ਼ਨੀ ਗੱਫਿਆਂ ਦੀ ਥਾਂ ਸਿਰਫ ਇਕੋ ਪੈਨਸ਼ਨ ਦੀ ਸਹੂਲਤ ਦੇਣ ਦਾ ਐਲਾਨ ਕੀਤਾ ਸੀ ਤੇ ਜੂਨ 'ਚ ਬਜਟ ਸੈਸ਼ਨ ਦੌਰਾਨ ਵਿਧਾਨ ਸਭਾ ਨੇ ਸੋਧ ਬਿੱਲ ਨੂੰ ਪਾਸ ਕਰ ਦਿੱਤਾ ਸੀ। ਇਹ ਬਿੱਲ ਪ੍ਰਵਾਨਗੀ ਲਈ ਜੂਨ ਦੇ ਅਖੀਰ ਤੋਂ ਹੀ ਰਾਜਪਾਲ ਕੋਲ ਪਿਆ ਸੀ। ਨਵੇਂ ਕਾਨੂੰਨ ਮੁਤਾਬਕ ਵਿਧਾਇਕੀ ਦੀ ਮਿਆਦ ਖਤਮ ਹੋਣ ਮਗਰੋਂ ਹੁਣ ਉਨ੍ਹਾਂ ਨੂੰ ਸਿਰਫ 60 ਹਜ਼ਾਰ ਰੁਪਏ ਦੇ ਨਾਲ ਹੋਰ ਭੱਤਿਆਂ ਦੀ ਅਦਾਇਗੀ ਕੀਤੀ ਜਾਵੇਗੀ। ਇਹ ਅਦਾਇਗੀ 75 ਹਜ਼ਾਰ ਰੁਪਏ ਦੇ ਕਰੀਬ ਮੰਨੀ ਜਾਂਦੀ ਹੈ।

ਜ਼ਿਕਰਯੋਗ ਹੈ ਕਿ 'ਆਪ' ਆਗੂ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ ਇਕ ਵਫ਼ਦ ਨੇ 17 ਅਗਸਤ, 2021 ਨੂੰ ਪੰਜਾਬ ਵਿਧਾਨ ਸਭਾ ਦੇ ਤਤਕਾਲੀ ਸਪੀਕਰ ਨੂੰ ਮੰਗ ਪੱਤਰ ਦੇ ਕੇ ਸਾਬਕਾ ਵਿਧਾਇਕਾਂ ਨੂੰ ਸਿਰਫ਼ ਇਕ ਪੈਨਸ਼ਨ ਦੇਣ ਦੀ ਮੰਗ ਕੀਤੀ ਸੀ। ਇਸ ਤੋਂ ਪਹਿਲਾਂ ਮੌਜੂਦਾ ਵਿਵਸਥਾ ਮੁਤਾਬਕ ਜੇਕਰ ਕੋਈ ਦੋ ਵਾਰ ਵਿਧਾਇਕ ਰਹਿ ਜਾਂਦਾ ਹੈ ਤਾਂ ਉਸ ਨੂੰ 1.25 ਲੱਖ ਰੁਪਏ ਪ੍ਰਤੀ ਮਹੀਨਾ ਪੈਨਸ਼ਨ ਮਿਲਦੀ ਹੈ। ਹਰ ਇਕ ਟਰਮ ਵਿਚ 50 ਹਜ਼ਾਰ ਰੁਪਏ ਦਾ ਵਾਧਾ ਜੁੜਦਾ ਹੈ ਜੋ ਕਰੀਬ 66 ਫ਼ੀਸਦੀ ਬਣਦਾ ਹੈ।

ਬੇਸ਼ੱਕ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਪੈਨਸ਼ਨ ਲੈਣ ਤੋਂ ਇਨਕਾਰ ਕਰ ਦਿੱਤਾ ਹੈ ਪਰ ਉਹ 10 ਵਾਰੀ ਵਿਧਾਇਕ ਰਹੇ ਹੋਣ ਕਰਕੇ 5.25 ਲੱਖ ਰੁਪਏ ਦੀ ਪੈਨਸ਼ਨ ਦੇ ਹੱਕਦਾਰ ਹਨ। ਭਗਵੰਤ ਸਿੰਘ ਮਾਨ ਨੇ ਪੈਨਸ਼ਨਾਂ 'ਤੇ ਲਕੀਰ ਫੇਰਦਿਆਂ ਦਾਅਵਾ ਕੀਤਾ ਸੀ ਕਿ ਵਿਧਾਇਕਾਂ ਦੀਆਂ ਪੈਨਸ਼ਨਾਂ ਨਾਲ ਖ਼ਜ਼ਾਨੇ 'ਤੇ ਕਰੋੜਾਂ ਰੁਪਏ ਦਾ ਬੋਝ ਹੈ। ਪੰਜਾਬ ਦੇ ਇਸ ਵੇਲੇ ਦੋ ਸੌ ਦੇ ਕਰੀਬ ਸਾਬਕਾ ਵਿਧਾਇਕ ਹਨ ਜਿਨ੍ਹਾਂ ਨੂੰ ਪੈਨਸ਼ਨ ਮਿਲ ਰਹੀ ਹੈ ਜਾਂ ਮਿਲਣੀ ਹੈ।

### ਪੰਜ ਸਾਲਾਂ 'ਚ 100 ਕਰੋੜ ਰੁਪਏ ਬਚਣਗੇ: ਕੰਗ

**ਚੰਡੀਗੜ੍ਹ:** ਆਮ ਆਦਮੀ ਪਾਰਟੀ ਨੇ ਦਾਅਵਾ ਕੀਤਾ ਹੈ ਕਿ ਸੂਬੇ ਵਿਚ 'ਇਕ ਵਿਧਾਇਕ-ਇਕ ਪੈਨਸ਼ਨ' ਲਾਗੂ ਕਰਨ ਦੇ ਫੈਸਲੇ ਨਾਲ ਸਾਲਾਨਾ 20 ਕਰੋੜ ਰੁਪਏ ਤੇ ਪੰਜ ਸਾਲਾਂ ਵਿਚ ਲਗਭਗ 100 ਕਰੋੜ ਰੁਪਏ ਦੀ ਬੱਚਤ ਹੋਵੇਗੀ। ਇਹ ਰਕਮ ਹੁਣ ਲੋਕਾਂ ਦੀ ਭਲਾਈ ਲਈ ਵਰਤੀ ਜਾਵੇਗੀ। 'ਆਪ' ਪੰਜਾਬ ਦੇ ਮੁੱਖ ਬੁਲਾਰੇ ਮਾਲਵਿੰਦਰ ਸਿੰਘ ਕੰਗ ਨੇ ਕਿਹਾ ਕਿ ਦੇਸ ਦੇ ਇਤਿਹਾਸ 'ਚ ਪਹਿਲੀ ਵਾਰ ਕਿਸੇ ਸਰਕਾਰ ਨੇ ਜਨਤਾ ਦੇ ਪੈਸੇ ਨਾਲ ਨੇਤਾਵਾਂ ਨੂੰ ਮਿਲਣ ਵਾਲੀਆਂ ਰਿਓੜੀਆਂ ਉਤੇ ਪਾਬੰਦੀ ਲਗਾਈ ਹੈ।

## ਗੰਨਾ ਕਾਸ਼ਤਕਾਰਾਂ ਦੇ 100 ਕਰੋੜ ਰੁਪਏ ਦੇ ਬਕਾਏ ਜਾਰੀ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਫਗਵਾੜਾ ਗੰਨਾ ਮਿੱਲ ਅੱਗੇ ਚੱਲ ਰਹੇ ਕਿਸਾਨ ਧਰਨੇ ਦੌਰਾਨ ਗੰਨਾ ਕਾਸ਼ਤਕਾਰਾਂ ਦੀ 100 ਕਰੋੜ ਰੁਪਏ ਦੀ ਬਕਾਇਆ ਰਾਸ਼ੀ ਜਾਰੀ ਕਰ ਦਿੱਤੀ ਤੇ ਇਹ ਰਾਸ਼ੀ ਕਿਸਾਨਾਂ ਦੇ ਖਾਤਿਆਂ ਵਿਚ ਜਮ੍ਹਾਂ ਵੀ ਹੋ ਚੁੱਕੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਸੂਬਾ ਭਰ ਦੀਆਂ ਸਰਕਾਰੀ/ਸਹਿਕਾਰੀ ਖੰਡ ਮਿੱਲਾਂ ਵੱਲ ਕੁੱਲ 295.60 ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ।

ਉਨ੍ਹਾਂ ਕਿਹਾ ਕਿ ਇਸ ਵਿਚੋਂ 100 ਕਰੋੜ ਰੁਪਏ ਸਰਕਾਰ ਨੇ ਲੰਘੀ 29 ਜੁਲਾਈ ਨੂੰ ਅਦਾ ਕੀਤੇ ਸਨ। ਮੁੱਖ ਮੰਤਰੀ ਮਾਨ ਨੇ ਕਿਹਾ ਕਿ ਗੰਨਾ ਕਾਸ਼ਤਕਾਰਾਂ ਦਾ ਹੁਣ ਸ਼ੂਗਰਫੈੱਡ ਵੱਲ 195.60 ਕਰੋੜ ਰੁਪਏ ਦਾ ਬਕਾਇਆ ਖੜ੍ਹਾ ਸੀ ਅਤੇ ਉਨ੍ਹਾਂ ਕਿਸਾਨਾਂ ਨਾਲ ਵਾਅਦਾ ਕੀਤਾ ਸੀ ਕਿ 100 ਕਰੋੜ ਰੁਪਏ 15 ਅਗਸਤ ਤੱਕ ਜਾਰੀ ਕਰ ਦਿੱਤੇ ਜਾਣਗੇ ਜਦਕਿ ਬਾਕੀ 95.60 ਕਰੋੜ ਰੁਪਏ ਦਾ ਬਕਾਇਆ 7 ਸਤੰਬਰ ਤੱਕ ਨਿਬੇੜ ਦਿੱਤਾ ਜਾਵੇਗਾ। ਭਗਵੰਤ ਮਾਨ ਨੇ ਦੱਸਿਆ ਕਿ ਫਗਵਾੜਾ ਖੰਡ ਮਿੱਲ ਨੂੰ ਛੱਡ ਕੇ ਬਾਕੀ ਪ੍ਰਾਈਵੇਟ ਖੰਡ ਮਿੱਲਾਂ ਨੇ ਭਰੋਸਾ ਦਿੱਤਾ ਹੈ ਕਿ ਉਹ 7 ਸਤੰਬਰ ਤੱਕ ਕਿਸਾਨਾਂ ਦੇ ਖੰਡ ਮਿੱਲਾਂ ਵੱਲ ਬਕਾਏ ਅਦਾ ਕਰ ਦੇਣਗੀਆਂ।

ਉਨ੍ਹਾਂ ਦੱਸਿਆ ਕਿ ਅੱਜ ਕੀਤੀ ਗਈ 100 ਕਰੋੜ ਰੁਪਏ ਦੀ ਅਦਾਇਗੀ ਨਾਲ ਸੂਬੇ ਦੀਆਂ ਸਹਿਕਾਰੀ ਖੰਡ ਮਿੱਲਾਂ ਵੱਲ ਹੁਣ ਤੱਕ ਦੇ 619.62 ਕਰੋੜ ਰੁਪਏ ਦੇ ਕੁੱਲ ਬਕਾਏ ਵਿੱਚੋਂ 526.27 ਕਰੋੜ ਰੁਪਏ ਦੀ ਅਦਾਇਗੀ ਹੋ ਚੁੱਕੀ ਹੈ। ਇਹ ਅਦਾਇਗੀ ਸਾਲ 2021-22 ਦੇ ਸੀਜ਼ਨ ਦੀ ਹੈ ਅਤੇ ਸੂਬਾ ਸਰਕਾਰ ਬਕਾਇਆਂ ਦੀ ਅਦਾਇਗੀ ਬਿਨਾਂ ਕਿਸੇ ਦੇਰੀ ਤੋਂ ਕਰਨ ਲਈ ਸੁਹਿਰਦ ਯਤਨ ਕਰ ਰਹੀ ਹੈ।

## ਜਾਇਦਾਦ ਦੀ ਰਜਿਸਟ੍ਰੇਸ਼ਨ ਸਬੰਧੀ ਵੱਡੇ ਸੁਧਾਰ ਦੀ ਤਿਆਰੀ




**ਚੰਡੀਗੜ੍ਹ:** ਪੰਜਾਬ ਦੇ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਸੂਬਾ ਸਰਕਾਰ ਸ਼ਹਿਰੀ ਖੇਤਰਾਂ ਵਿਚ ਯੋਜਨਾਬੱਧ ਵਿਕਾਸ ਨੂੰ ਯਕੀਨੀ ਬਣਾਉਣ ਅਤੇ ਜਾਇਦਾਦ ਦੀ ਖਰੀਦ ਨੂੰ ਪਾਰਦਰਸ਼ੀ ਅਤੇ ਨਿਰਵਿਘਨ ਬਣਾਉਣ ਲਈ ਵਿਆਪਕ ਪ੍ਰਣਾਲੀ ਲੈ ਕੇ ਆ ਰਹੀ ਹੈ।

ਮੀਟਿੰਗ ਦੌਰਾਨ ਕੈਬਨਿਟ ਮੰਤਰੀਆਂ ਨੇ ਸ਼ਹਿਰਾਂ ਵਿਚ ਜਾਇਦਾਦ ਖਰੀਦਣ ਵਾਲਿਆਂ ਨੂੰ ਦਰਪੇਸ਼ ਸਮੱਸਿਆਵਾਂ ਅਤੇ ਜਾਇਦਾਦ ਦੀ ਰਜਿਸਟ੍ਰੇਸ਼ਨ ਨਾਲ ਸਬੰਧਤ ਮੁਸ਼ਕਿਲਾਂ ਦੇ ਹੱਲ ਲਈ ਵਿਚਾਰ-ਵਟਾਂਦਰਾ ਕੀਤਾ। ਮੰਤਰੀਆਂ ਨੇ ਕਿਹਾ ਕਿ ਜਾਇਦਾਦ ਦੀ ਰਜਿਸਟ੍ਰੇਸ਼ਨ ਲਈ ਐਨ.ਓ.ਸੀ. ਸਬੰਧੀ ਸਾਰੇ ਮਸਲੇ ਜਲਦੀ ਹੀ ਹੱਲ ਕਰ ਲਏ ਜਾਣਗੇ ਕਿਉਂਕਿ 'ਆਪ' ਸਰਕਾਰ ਬਿਨਾਂ ਕਿਸੇ ਪੱਖਪਾਤ ਤੋਂ ਸੇਵਾਵਾਂ ਮੁਹੱਈਆ ਵਿਚ ਕੋਈ ਕਸਰ ਬਾਕੀ ਨਹੀਂ ਛੱਡ ਰਹੀ ਹੈ ਅਤੇ ਮੁੱਖ ਮੰਤਰੀ ਖੁਦ ਇਸ ਮਾਮਲੇ ਦੀ ਨਿਗਰਾਨੀ ਕਰ ਰਹੇ ਹਨ। ਅਮਨ ਅਰੋੜਾ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਕੈਬਨਿਟ ਸਾਥੀਆਂ ਨਾਲ ਮਿਲ ਕੇ ਸ਼ਹਿਰੀ ਖੇਤਰਾਂ ਵਿਚ ਜਾਇਦਾਦ ਦੀ ਰਜਿਸਟ੍ਰੇਸ਼ਨ ਅਤੇ ਯੋਜਨਾਬੱਧ ਵਿਕਾਸ ਨਾਲ ਸਬੰਧਤ ਮੁੱਦਿਆਂ ਨੂੰ ਹੱਲ ਕਰਨ ਲਈ ਚਰਚਾ ਕੀਤੀ ਹੈ।

## ਪੰਜਾਬ ਦੇ ਖੇਤੀ ਮਹਿਕਮੇ ਨੇ ਦਸ ਕੀਟਨਾਸ਼ਕਾਂ 'ਤੇ ਪਾਬੰਦੀ ਲਾਈ



**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਬਾਸਮਤੀ ਚੌਲਾਂ ਦੇ ਕੌਮਾਂਤਰੀ ਮਿਆਰਾਂ ਦੇ ਮੱਦੇਨਜ਼ਰ 10 ਤਰ੍ਹਾਂ ਦੇ ਕੀਟਨਾਸ਼ਕਾਂ 'ਤੇ ਪਾਬੰਦੀ ਲਗਾ ਦਿੱਤੀ ਹੈ। ਖੇਤੀ ਮਹਿਕਮੇ ਨੇ ਨੋਟੀਫਿਕੇਸ਼ਨ ਜਾਰੀ ਕਰ ਕੇ ਇਨ੍ਹਾਂ ਦਸ ਤਰ੍ਹਾਂ ਦੇ ਕੀਟਨਾਸ਼ਕਾਂ ਦੇ ਭੰਡਾਰ ਅਤੇ ਵਿੱਕਰੀ 'ਤੇ ਰੋਕ ਲਗਾ ਦਿੱਤੀ ਹੈ। ਚੇਤੇ ਰਹੇ ਕਿ ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਵੱਲੋਂ ਬਾਸਮਤੀ 'ਤੇ ਕੀਟਨਾਸ਼ਕਾਂ ਦੇ ਅਸਰਾਂ ਸਬੰਧੀ ਸਖਤ ਕਦਮ ਚੁੱਕਣੇ ਸ਼ੁਰੂ ਕਰਨ ਦੀ ਤਜਵੀਜ਼ ਬਣਾ ਲਈ ਗਈ ਸੀ।

ਅਥਾਰਟੀ ਵੱਲੋਂ ਭਾਰਤੀ ਬਾਸਮਤੀ ਨੂੰ ਪੱਛਮੀ ਏਸ਼ੀਆ ਵਿਚ ਸਵੀਕਾਰਯੋਗ ਬਣਾਉਣ ਲਈ ਮਾਪਦੰਡਾਂ ਵਿਚ ਤਬਦੀਲੀ ਕਰਨ ਵਾਸਤੇ ਤਜਵੀਜ਼ ਘੜਨੀ ਸ਼ੁਰੂ ਕੀਤੀ ਗਈ ਸੀ। ਇਸ ਨਾਲ ਪੰਜਾਬ ਦੇ ਬਾਸਮਤੀ ਉਤਪਾਦਕਾਂ ਨੂੰ ਸੇਕ ਲੱਗਣਾ ਸੀ। ਖੇਤੀ ਮਹਿਕਮੇ ਨੇ ਇਸੇ ਕਰ ਕੇ ਹੁਣ ਕੀਟਨਾਸ਼ਕਾਂ 'ਤੇ ਪਾਬੰਦੀ ਲਗਾਈ ਹੈ ਤਾਂ ਜੋ ਅਜਿਹੀਆਂ ਰੋਕਾਂ ਤੋਂ ਬਚਿਆ ਜਾ ਸਕੇ।

ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਕੀਟਨਾਸ਼ਕ ਕੰਪਨੀਆਂ ਦੇ ਨੁਮਾਇੰਦਿਆਂ ਦੇ ਇਕ ਵਫਦ ਨਾਲ ਮੀਟਿੰਗ ਦੌਰਾਨ ਤਾੜਨਾ ਕੀਤੀ ਹੈ ਕਿ ਕਿਸੇ ਨੂੰ ਵੀ ਸੂਬੇ ਦੇ ਲੋਕਾਂ ਦੀ ਸਿਹਤ ਅਤੇ ਵਾਤਾਵਰਨ ਨਾਲ ਖਿਲਵਾੜ ਨਹੀਂ ਕਰਨ ਦਿੱਤਾ ਜਾਵੇਗਾ। ਖੇਤੀਬਾੜੀ ਮੰਤਰੀ ਨੇ ਦੱਸਿਆ ਕਿ ਇਸ ਬਾਰੇ ਵਿਭਾਗ ਦੇ ਅਧਿਕਾਰੀਆਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਹਨ ਕਿ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਤੈਅ ਮਾਪਦੰਡਾਂ ਅਨੁਸਾਰ ਹੀ ਕੀਟਨਾਸ਼ਕ ਵੇਚਣ ਦੀ ਹੀ ਪ੍ਰਵਾਨਗੀ ਦਿੱਤੀ ਜਾਵੇ। ਧਾਲੀਵਾਲ ਨੇ ਕਿਹਾ ਕਿ ਪਹਿਲੀਆਂ ਸਰਕਾਰਾਂ ਦੇ ਢਿੱਲ ਮੱਠ ਵਾਲੇ ਰਵੱਈਏ ਕਾਰਨ ਸੂਬੇ ਵਿਚ ਕੀਟਨਾਸ਼ਕ ਅਤੇ ਦਵਾਈਆਂ ਵਿਕਦੀਆਂ ਰਹੀਆਂ।

## ਬੇਰੁਜ਼ਗਾਰਾਂ ਨਾਲ ਕੀਤਾ ਵਾਅਦਾ ਪੂਰਾ ਕਰੇਗੀ ਮਾਨ ਸਰਕਾਰ



**ਰਈਆ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਕਿਹਾ ਕਿ ਪੰਜਾਬ ਵਿਚ ਛੇ ਹਜ਼ਾਰ ਆਂਗਣਵਾੜੀ ਵਰਕਰਾਂ ਦੀ ਭਰਤੀ ਜਲਦੀ ਹੀ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ 4500 ਪੁਲਿਸ ਮੁਲਾਜ਼ਮਾਂ ਭਰਤੀ ਦੀ ਪ੍ਰਕਿਰਿਆ ਮੁਕੰਮਲ ਹੋ ਚੁੱਕੀ ਹੈ ਤੇ ਜਲਦੀ ਹੀ ਨੌਜਵਾਨਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣਗੇ। ਉਨ੍ਹਾਂ ਕਿਹਾ ਕਿ ਪੰਜਾਬ ਵਿਚ 16 ਨਵੇਂ ਮੈਡੀਕਲ ਕਾਲਜ ਖੋਲ੍ਹੇ ਜਾਣਗੇ ਜਿਸ ਨਾਲ ਹਰ ਜਿਲ੍ਹੇ ਨੂੰ ਇਕ ਕਾਲਜ ਮਿਲੇਗਾ ਅਤੇ ਕੁੱਲ ਮੈਡੀਕਲ ਕਾਲਜਾਂ ਦੀ ਗਿਣਤੀ 25 ਹੋ ਜਾਵੇਗੀ ਜਿਸ ਨਾਲ ਪੰਜਾਬ ਦੇ ਬੱਚਿਆਂ ਨੂੰ ਮੈਡੀਕਲ ਦੀ ਪੜ੍ਹਾਈ ਲਈ ਯੂਕਰੇਨ ਜਾਂ ਕਿਸੇ ਹੋਰ ਮੁਲਕ ਨਹੀਂ ਜਾਣਾ ਪਵੇਗਾ।

ਉਨ੍ਹਾਂ ਕਿਹਾ ਕਿ ਮਾਝੇ ਦੀ ਤਰੱਕੀ ਲਈ ਕਲਾਨੌਰ ਵਿਚ ਖੇਤੀਬਾੜੀ ਕਾਲਜ ਮਨਜ਼ੂਰ ਕੀਤਾ ਗਿਆ ਹੈ। ਭਗਵੰਤ ਮਾਨ ਨੇ ਧਰਨੇ ਦੇ ਰਹੇ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਪੰਜਾਬ ਸਰਕਾਰ ਉਨ੍ਹਾਂ ਦੀ ਸੁਣਵਾਈ ਕਰੇਗੀ ਤੇ ਭਰਤੀ ਪ੍ਰਕਿਰਿਆ ਵਿਚ ਉਨ੍ਹਾਂ ਨੂੰ ਉਮਰ ਹੱਦ ਵਿਚ ਛੋਟ ਦਿੱਤੀ ਜਾਵੇਗੀ। ਇਸ ਕਰਕੇ ਉਹ ਅਫਵਾਹਾਂ ਪਿੱਛੇ ਨਾ ਲੱਗਣ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੇ ਰੁਕੇ ਹੋਏ ਆਰ ਫੰਡ ਸਬੰਧੀ ਕੈਬਨਿਟ 'ਚ ਮਤਾ ਪਾਸ ਕਰਕੇ ਕੇਂਦਰ ਸਰਕਾਰ ਨੂੰ ਭੇਜਿਆ ਸੀ ਤੇ ਕੇਂਦਰ ਸਰਕਾਰ ਨੇ 1760 ਕਰੋੜ ਰੁਪਏ ਰਿਲੀਜ ਕਰ ਦਿੱਤੇ ਹਨ।

ਕਰੈਡਿਟ ਲਿਸਟ 'ਤੇ 1 ਫੀਸਦ ਵਿਆਜ ਦਰ ਦੀ ਛੋਟ ਦਿੱਤੀ ਗਈ ਹੈ ਜਿਸ ਨਾਲ ਮੰਡੀਆਂ ਤੇ ਪੇਂਡੂ ਸੜਕਾਂ ਦਾ ਵਿਕਾਸ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸਾਨਾਂ ਦੀ ਆ ਰਹੀ ਝੋਨੇ ਦੀ ਫਸਲ ਦਾ ਇਕ-ਇਕ ਦਾਣਾ ਖਰੀਦਿਆ ਜਾਵੇਗਾ ਤੇ ਖਰੀਦ ਦੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਹਨ। ਬਾਹਰਲੇ ਰਾਜਾਂ ਤੋਂ ਸਸਤੇ ਭਾਅ ਝੋਨਾ ਲਿਆ ਕੇ ਵੇਚੇ ਜਾਣ ਬਾਰੇ ਉਨ੍ਹਾਂ ਕਿਹਾ ਕਿ ਜਿਹੜਾ ਸੈੱਲਰ ਮਾਲਕ ਬਾਹਰਲੇ ਸੂਬੇ ਦਾ ਝੋਨਾ ਖਰੀਦੇਗਾ, ਉਸ ਨੂੰ ਬਲੈਕ ਲਿਸਟ ਕੀਤਾ ਜਾਵੇਗਾ। ਮੁੱਖ ਮੰਤਰੀ ਨੇ ਕਾਂਗਰਸ ਪਾਰਟੀ ਅਤੇ ਅਕਾਲੀਆਂ ਨੂੰ ਕਰਾਰੇ ਹੱਥੀਂ ਲੈਂਦਿਆਂ ਕਿਹਾ ਕਿ ਪੰਜਾਬ ਵਿਚ ਪਹਿਲਾਂ ਇਨ੍ਹਾਂ ਪਾਰਟੀਆਂ ਦਾ ਕੋਈ ਬਦਲ ਨਾ ਹੋਣ ਕਾਰਨ ਪਾਰਟੀਆਂ ਦੇ ਆਗੂ ਸੱਤਾ ਦੇ ਨਸ਼ੇ ਵਿਚ ਅੰਨ੍ਹੇ ਹੋ ਗਏ ਸਨ। ਇਸ ਕਾਰਨ ਲੋਕ ਬਦਲਾਅ ਚਾਹੁੰਦੇ ਸਨ ਜੋ 2022 ਦੀਆਂ ਵਿਧਾਨ ਸਭਾ ਚੋਣਾਂ ਵਿਚ ਸਾਹਮਣੇ ਆਇਆ ਹੈ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਪੰਜਾਬ ਦੇ ਲੋਕਾਂ ਦੇ ਖੂਨ-ਪਸੀਨੇ ਦੀ ਕਮਾਈ ਲੁੱਟੀ ਹੈ ਉਹ ਵਿਆਜ ਸਮੇਤ ਵਾਪਸ ਲਿਆਂਦੀ ਜਾਵੇਗੀ। ਉਨ੍ਹਾਂ ਕਿਹਾ ਕੇ ਜਿਨ੍ਹਾਂ ਪਾਰਟੀਆਂ ਨੇ ਹੁਣ ਤੱਕ ਜੇਲ੍ਹਾਂ ਦੀ ਸਾਰ ਨਹੀਂ ਲਈ ਉਹ ਅੱਜ ਜੇਲ੍ਹਾਂ ਵਿਚ ਸੁਧਾਰ ਲਈ ਮੰਗ ਪੱਤਰ ਦੇ ਰਹੇ ਹਨ।

### ਮਾਲੇਰਕੋਟਲਾ 'ਚ ਮੈਡੀਕਲ ਕਾਲਜ ਤੇ ਕਲਾਨੌਰ 'ਚ ਖੇਤੀਬਾੜੀ ਕਾਲਜ ਨੂੰ ਪ੍ਰਵਾਨਗੀ

**ਚੰਡੀਗੜ੍ਹ:** ਮੁੱਖ ਮੰਤਰੀ ਭਗਵੰਤ ਮਾਨ ਨੇ ਸੂਬੇ ਵਿਚ ਉਚੇਰੀ ਸਿੱਖਿਆ ਨੂੰ ਉਤਸ਼ਾਹਿਤ ਕਰਨ ਲਈ ਮਾਲੇਰਕੋਟਲਾ ਜ਼ਿਲ੍ਹੇ ਵਿਚ ਮੈਡੀਕਲ ਕਾਲਜ ਅਤੇ ਕਲਾਨੌਰ (ਗੁਰਦਾਸਪੁਰ) ਵਿਚ ਖੇਤੀਬਾੜੀ ਕਾਲਜ ਸਥਾਪਤ ਕਰਨ ਦੀ ਪ੍ਰਵਾਨਗੀ ਦੇ ਦਿੱਤੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਮਾਲੇਰਕੋਟਲਾ ਵਿਚ ਕੋਟ ਸ਼ੇਰਵਾਨੀ ਵਿਖੇ ਮੈਡੀਕਲ ਕਾਲਜ ਬਣਾਇਆ ਜਾਵੇਗਾ। ਇਹ ਮੈਡੀਕਲ ਕਾਲਜ ਪੰਜਾਬ ਤੇ ਖਾਸ ਤੌਰ 'ਤੇ ਮਾਲਵਾ ਖੇਤਰ ਨੂੰ ਮਿਆਰੀ ਸਿਹਤ ਸੇਵਾਵਾਂ ਅਤੇ ਮੈਡੀਕਲ ਸਿੱਖਿਆ ਪ੍ਰਦਾਨ ਕਰਨ ਲਈ ਧੁਰੇ ਵਜੋਂ ਕੰਮ ਕਰੇਗਾ।

# ਅਮਰੀਕਾ ਵਿਚ ਸੀਤਾਰਾਮਨ ਸਣੇ 11 ਭਾਰਤੀਆਂ ਖਿਲਾਫ ਪਟੀਸ਼ਨ

**ਨਵੀਂ ਦਿੱਲੀ:** ਭਾਰਤੀ ਮੂਲ ਦੇ ਅਮਰੀਕੀ ਤੇ ਦੇਵਾਸ ਕੰਪਨੀ ਦੇ ਬਾਨੀ ਰਾਮਚੰਦਰਨ ਵਿਸ਼ਵਨਾਥਨ ਨੇ ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਸਮੇਤ 11 ਭਾਰਤੀਆਂ ਖਿਲਾਫ ਭ੍ਰਿਸ਼ਟਾਚਾਰ ਤੇ ਮਨੁੱਖੀ ਹੱਕਾਂ ਦੇ ਘਾਣ ਦੇ ਦੋਸ਼ ਲਾਉਂਦਿਆਂ ਆਰਥਿਕ ਤੇ ਵੀਜ਼ਾ ਪਾਬੰਦੀਆਂ ਲਗਾਉਣ ਦੀ ਮੰਗ ਕੀਤੀ ਹੈ।

ਉਸ ਨੇ ਇਸ ਸਬੰਧੀ ਗਲੋਬਲ ਮੈਗਨਿਟਸਕੀ ਹਿਊਮਨ ਰਾਈਟਸ ਅਕਾਊਂਟਬਿਲਿਟੀ ਐਕਟ ਤਹਿਤ ਅਮਰੀਕੀ ਵਿਦੇਸ਼ ਵਿਭਾਗ 'ਚ ਪਟੀਸ਼ਨ ਦਾਖਲ ਕੀਤੀ ਹੈ। ਇਹ ਪਟੀਸ਼ਨ ਭਾਰਤ ਸਰਕਾਰ ਅਤੇ ਦੇਵਾਸ ਵਿਚਕਾਰ ਚੱਲ ਰਹੀ ਜੰਗ ਦਾ ਹਿੱਸਾ ਹੈ ਜਿਸ ਤਹਿਤ ਸਮਝੌਤਾ ਕਰਾਉਣ ਲਈ ਇਕ ਅਰਬ ਡਾਲਰ ਦੀ ਮੰਗ ਕੀਤੀ ਗਈ ਹੈ। ਸੀਤਾਰਾਮਨ ਤੋਂ ਇਲਾਵਾ ਐਂਟਰਿਕਸ ਦੇ ਸੀ.ਈ.ਓ. ਰਾਕੇਸ਼ ਸ਼ਸ਼ੀਭੂਸ਼ਨ, ਸੁਪਰੀਮ ਕੋਰਟ ਦੇ ਦੋ ਜੱਜਾਂ, ਆਸ਼ੀਸ਼ ਪਾਰਿਕ (ਸੀ.ਬੀ.ਆਈ.), ਸੰਜੇ ਕੁਮਾਰ ਮਿਸ਼ਰਾ, ਆਰ ਰਾਜੇਸ਼ ਅਤੇ ਏ ਸਦੀਕ ਮੁਹੰਮਦ ਨਾਇਜਨਾਰ (ਸਾਰੇ ਈਡੀ ਅਧਿਕਾਰੀ) ਖਿਲਾਫ ਵੀ ਪਟੀਸ਼ਨ ਦਾਖਲ ਕੀਤੀ ਗਈ ਹੈ।

ਐਕਟ ਅਮਰੀਕੀ ਸਰਕਾਰ ਨੂੰ ਉਨ੍ਹਾਂ ਵਿਦੇਸ਼ੀ ਸਰਕਾਰੀ ਅਧਿਕਾਰੀਆਂ ਅਤੇ ਆਗੂਆਂ ਖਿਲਾਫ ਪਾਬੰਦੀ ਲਗਾਉਣ ਦਾ ਅਧਿਕਾਰ ਦਿੰਦਾ ਹੈ ਜੋ ਗੰਭੀਰ ਮਨੁੱਖੀ ਹੱਕਾਂ ਦੀ ਉਲੰਘਣਾ



ਕਰਦੇ ਹਨ। ਅਜਿਹੇ ਆਗੂਆਂ ਦੇ ਅਸਾਸੇ ਜ਼ਬਤ ਕਰਨ ਦੇ ਨਾਲ ਉਨ੍ਹਾਂ ਦੇ ਅਮਰੀਕਾ 'ਚ ਦਾਖਲੇ 'ਤੇ ਪਾਬੰਦੀ ਲਗ ਸਕਦੀ ਹੈ। ਵਿੱਤ ਮੰਤਰੀ ਸੀਤਾਰਾਮਨ ਨੇ ਭਾਵੇਂ ਇਸ ਕਾਰੇ ਲਈ ਪਿਛਲੀ ਕਾਂਗਰਸ ਸਰਕਾਰ 'ਤੇ ਦੋਸ਼ ਮੜ੍ਹਿਆ ਹੈ ਅਤੇ ਕਿਹਾ ਕਿ ਕੇਂਦਰ ਕੌਮਾਂਤਰੀ ਸਾਲਸੀ ਫੈਸਲੇ ਨੂੰ ਸੁਪਰੀਮ ਕੋਰਟ ਦੇ ਫੈਸਲੇ ਦੇ ਆਧਾਰ 'ਤੇ ਚੁਣੌਤੀ ਦੇਵੇਗਾ ਜਿਸ ਨੇ ਕੌਮੀ ਕੰਪਨੀ ਲਾਅ ਟ੍ਰਿਬਿਊਨਲ ਦੇ ਹੁਕਮਾਂ ਨੂੰ ਬਹਾਲ ਰਖਦਿਆਂ ਪ੍ਰਮੋਟਰਾਂ ਨੂੰ ਕੰਪਨੀ ਸਮੇਟ ਲੈਣ ਲਈ ਆਖਿਆ ਸੀ ਕਿਉਂਕਿ ਐਂਟਰਿਕਸ ਨਾਲ ਸਮਝੌਤੇ 'ਚ ਘਪਲਾ ਹੋਇਆ ਸੀ।

ਯੂ.ਪੀ.ਏ. ਸਰਕਾਰ ਵੱਲੋਂ ਦੇਵਾਸ ਅਤੇ ਇਸਰੋ ਦੀ ਕੰਪਨੀ ਐਂਟਰਿਕਸ ਵਿਚਕਾਰ ਹੋਏ ਸੌਦੇ ਨੂੰ ਰੱਦ ਕਰਨ ਮਗਰੋਂ ਨਿਵੇਸ਼ਕਾਂ ਨੇ ਕੌਮਾਂਤਰੀ ਸਾਲਸ 'ਚ ਤਿੰਨ ਕੇਸ ਕੀਤੇ ਸਨ। ਭਾਰਤ ਸਰਕਾਰ ਇਹ ਸਾਰੇ ਕੇਸ ਹਾਰ ਗਈ ਸੀ ਪਰ ਵਿਸ਼ਵਨਾਥਨ ਨੇ ਦਿੱਲੀ ਖਿਲਾਫ ਲੋਹਾ ਲੈਂਦਿਆਂ ਕੈਨੇਡਾ 'ਚ ਏਅਰ ਇੰਡੀਆ ਦੀ ਸੰਪਤੀ ਅਤੇ ਫਰਾਂਸ 'ਚ ਭਾਰਤ ਸਰਕਾਰ ਦੀ ਸੰਪਤੀ 'ਤੇ ਦਾਅਵਾ ਜਤਾਇਆ ਸੀ। ਭਾਰਤ ਸਰਕਾਰ ਨੂੰ ਕੇਅਰਨਜ ਐਨਰਜੀ ਨਾਲ ਜੁੜੇ ਇਕ ਕੇਸ 'ਚ 8 ਹਜ਼ਾਰ ਕਰੋੜ ਰੁਪਏ ਮੋੜਨੇ ਪੈ ਰਹੇ ਹਨ ਅਤੇ ਮੈਗਨਿਟਸਕੀ ਪਟੀਸ਼ਨ ਵੀ ਇਸੇ ਇਰਾਦੇ ਨਾਲ ਪਾਈ ਗਈ ਹੈ।

## ਪਰਚੂਨ ਮਹਿੰਗਾਈ ਦਰ ਘੱਟ ਕੇ 6.71 ਫੀਸਦ 'ਤੇ ਪਹੁੰਚੀ

**ਨਵੀਂ ਦਿੱਲੀ:** ਖੁਰਾਕੀ ਵਸਤਾਂ ਦੀਆਂ ਕੀਮਤਾਂ ਨਰਮ ਪੈਣ ਕਾਰਨ ਪਿਛਲੇ ਮਹੀਨੇ ਜੁਲਾਈ 'ਚ ਪਰਚੂਨ ਮਹਿੰਗਾਈ ਦਰ ਘੱਟ ਕੇ 6.71 ਫੀਸਦ 'ਤੇ ਪਹੁੰਚ ਗਈ। ਇਸ ਤੋਂ ਪਹਿਲਾਂ ਜੂਨ 'ਚ ਮਹਿੰਗਾਈ ਦਰ 7.01 ਫੀਸਦ ਦਰਜ ਹੋਈ ਸੀ। ਉਂਜ ਇਕ ਸਾਲ ਪਹਿਲਾਂ ਜੁਲਾਈ 'ਚ ਪਰਚੂਨ ਮਹਿੰਗਾਈ ਦਰ 5.59 ਫੀਸਦ ਰਿਕਾਰਡ ਕੀਤੀ ਗਈ ਸੀ। ਸਰਕਾਰੀ ਅੰਕੜਿਆਂ ਮੁਤਾਬਕ ਖੁਰਾਕੀ ਮਹਿੰਗਾਈ ਦਰ ਜੂਨ ਦੇ 7.75 ਫੀਸਦ ਦੇ ਮੁਕਾਬਲੇ 'ਚ ਜੁਲਾਈ 'ਚ 6.75 ਫੀਸਦੀ ਦਰਜ ਹੋਈ ਹੈ। ਉਂਜ ਖਪਤਕਾਰ ਕੀਮਤ ਸੂਚਕ ਅੰਕ 'ਤੇ ਆਧਾਰਿਤ ਪਰਚੂਨ ਮਹਿੰਗਾਈ ਦਰ ਭਾਰਤੀ ਰਿਜ਼ਰਵ ਬੈਂਕ ਵੱਲੋਂ 6 ਫੀਸਦੀ ਰੱਖਣ ਦੇ ਦਾਅਵਿਆਂ ਤੋਂ ਅਜੇ ਵਧ ਹੈ।

## ਇਮਰਾਨ ਖਾਨ ਵੱਲੋਂ ਭਾਰਤੀ ਵਿਦੇਸ਼ ਨੀਤੀ ਦੀ ਸ਼ਲਾਘਾ

**ਲਾਹੌਰ:** ਪਾਕਿਸਤਾਨ ਤਹਿਰੀਕ-ਏ-ਇਨਸਾਫ (ਪੀ.ਟੀ.ਆਈ.) ਦੇ ਚੇਅਰਮੈਨ ਤੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਮੁੜ ਭਾਰਤ ਦੀ ਆਜਾਦਾਨਾ ਵਿਦੇਸ਼ ਨੀਤੀ ਦੀ ਸ਼ਲਾਘਾ ਕੀਤੀ। ਰੂਸ ਤੋਂ ਤੇਲ ਖਰੀਦਣ ਲਈ ਪੱਛਮੀ ਜਗਤ ਵੱਲੋਂ ਭਾਰਤ ਦੀ ਕੀਤੀ ਜਾ ਰਹੀ ਆਲੋਚਨਾ ਦੀ ਇਮਰਾਨ ਨੇ ਨਿਖੇਧੀ ਵੀ ਕੀਤੀ।

ਇਮਰਾਨ ਖਾਨ ਲਾਹੌਰ ਦੇ ਹਾਕੀ ਸਟੇਡੀਅਮ ਵਿਚ ਇਕ ਵੱਡੀ ਰੈਲੀ ਨੂੰ ਸੰਬੋਧਨ ਕਰ ਰਹੇ ਸਨ। ਇਮਰਾਨ ਨੇ ਇਸ ਮੌਕੇ ਭਾਰਤ ਦੇ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਦੀ ਇਕ ਵੀਡੀਓ ਕਲਿੱਪ ਚਲਾਈ। ਇਹ ਵੀਡੀਓ ਸਲੋਵਾਕੀਆ ਵਿਚ ਹੋਈ ਬ੍ਰਾਤੀਸਲਾਵਾ ਫੋਰਮ ਦੀ ਸੀ। ਉਨ੍ਹਾਂ ਭਾਰਤੀ ਮੰਤਰੀ ਵੱਲੋਂ ਤੇਲ ਖਰੀਦਣ ਦੇ ਮਾਮਲੇ ਵਿਚ ਅਮਰੀਕੀ ਦਬਾਅ ਅੱਗੇ ਮਜ਼ਬੂਤੀ ਨਾਲ ਖੜ੍ਹਨ ਦੀ ਸ਼ਲਾਘਾ ਕੀਤੀ। ਇਮਰਾਨ ਨੇ



ਰੈਲੀ ਵਿਚ ਕਿਹਾ, 'ਜੇ ਭਾਰਤ, ਜਿਸ ਨੂੰ ਪਾਕਿਸਤਾਨ ਦੇ ਨਾਲ ਹੀ ਆਜ਼ਾਦੀ ਮਿਲੀ ਸੀ, ਤੇ ਨਵੀਂ ਦਿੱਲੀ ਇਸ ਤਰ੍ਹਾਂ ਦਾ ਮਜ਼ਬੂਤ ਰੁਖ ਅਖਤਿਆਰ ਕਰ ਸਕਦੀ ਹੈ, ਆਪਣੀ ਵਿਦੇਸ਼ ਨੀਤੀ ਆਪਣੇ ਲੋਕਾਂ ਦੀ ਲੋੜ ਮੁਤਾਬਕ ਘੜ ਸਕਦੀ ਹੈ ਤਾਂ ਉਹ ਕੌਣ ਹੁੰਦੇ ਹਨ (ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ ਦੀ ਸਰਕਾਰ) ਜੋ ਅਮਰੀਕਾ ਦੇ ਕਹਿਣ 'ਤੇ ਚੱਲਦੇ ਹਨ'।

ਇਮਰਾਨ ਖਾਨ ਨੇ ਵੀਡੀਓ ਚਲਾਉਂਦਿਆਂ ਕਿਹਾ, 'ਉਨ੍ਹਾਂ (ਅਮਰੀਕਾ) ਨੇ ਭਾਰਤ ਨੂੰ ਰੂਸ ਤੋਂ ਤੇਲ ਨਾ ਖਰੀਦਣ ਦੇ ਹੁਕਮ ਦਿੱਤੇ। ਭਾਰਤ, ਅਮਰੀਕਾ ਦਾ ਰਣਨੀਤਕ ਭਾਈਵਾਲ ਹੈ, ਪਾਕਿਸਤਾਨ ਨਹੀਂ ਹੈ। ਚਲੋ ਅਸੀਂ ਦੇਖਦੇ ਹਾਂ ਕਿ ਅਮਰੀਕਾ ਦੇ ਹੁਕਮ ਦਾ ਭਾਰਤ ਦੇ ਵਿਦੇਸ਼ ਮੰਤਰੀ ਨੇ ਕੀ ਜਵਾਬ ਦਿੱਤਾ ਜਦ ਉਨ੍ਹਾਂ ਤੇਲ ਨਾ ਖਰੀਦਣ ਬਾਰੇ ਕਿਹਾ। ਜੈਸ਼ੰਕਰ ਉਨ੍ਹਾਂ ਨੂੰ ਕਹਿ ਰਹੇ ਹਨ ਕਿ ਤੁਸੀਂ ਕੌਣ ਹੁੰਦੇ ਹੋ? ਉਨ੍ਹਾਂ ਕਿਹਾ ਕਿ ਯੂਰਪ ਰੂਸ ਤੋਂ ਗੈਸ ਲੈ ਰਿਹਾ ਹੈ ਤੇ ਅਸੀਂ ਲੋਕਾਂ ਦੀ ਲੋੜ ਮੁਤਾਬਕ ਤੇਲ ਲਵਾਂਗੇ। ਇਹ ਹੁੰਦੀ ਹੈ ਆਜ਼ਾਦ ਹਕੂਮਤ'।

## ਹਿਮਾਚਲ ਵਿਧਾਨ ਸਭਾ 'ਚ ਸਮੂਹਿਕ ਧਰਮ ਪਰਿਵਰਤਨ ਖਿਲਾਫ ਬਿੱਲ ਪਾਸ

**ਸ਼ਿਮਲਾ:** ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਨੇ ਜਬਰੀ ਸਮੂਹਿਕ ਧਰਮ ਪਰਿਵਰਤਨ ਖਿਲਾਫ ਬਿੱਲ ਜ਼ੁਬਾਨੀ ਵੋਟਾਂ ਨਾਲ ਪਾਸ ਕਰ ਦਿੱਤਾ। ਹਿਮਾਚਲ ਪ੍ਰਦੇਸ਼ ਧਰਮ ਦੀ ਆਜ਼ਾਦੀ (ਸੋਧ) ਬਿੱਲ, 2022 ਦੀ ਉਲੰਘਣਾ ਕਰਨ ਵਾਲੇ ਲਈ ਸਜਾ 7 ਤੋਂ ਵਧਾ ਕੇ 10 ਸਾਲ ਕਰ ਦਿੱਤੀ ਗਈ ਹੈ। ਮੁੱਖ ਮੰਤਰੀ ਜੈਰਾਮ ਠਾਕੁਰ ਨੇ ਇਹ ਬਿੱਲ ਪੇਸ਼ ਕੀਤਾ ਸੀ। ਬਿੱਲ ਪੇਸ਼ ਕਰਦਿਆਂ ਉਨ੍ਹਾਂ ਕਿਹਾ ਸੀ ਕਿ 2019 ਦੇ ਐਕਟ 'ਚ ਸਮੂਹਿਕ ਧਰਮ ਪਰਿਵਰਤਨ 'ਤੇ ਰੋਕ ਲਾਉਣ ਸਬੰਧੀ ਕੋਈ ਪ੍ਰਬੰਧ ਨਹੀਂ ਸੀ ਜਿਸ ਕਰਕੇ ਹੁਣ ਐਕਟ 'ਚ ਸੋਧ ਕਰਕੇ ਨਵੀਂ ਧਾਰਾ ਜੋੜੀ ਗਈ ਹੈ। 2019 ਦੇ ਐਕਟ ਦੀਆਂ ਧਾਰਾਵਾਂ 2, 4, 7 ਅਤੇ 13 'ਚ ਸੋਧ ਕੀਤੀ ਗਈ ਹੈ ਜਦਕਿ ਨਵੀਂ ਧਾਰਾ 8ਏ ਜੋੜੀ ਗਈ ਹੈ। ਭਾਜਪਾ ਸਰਕਾਰ ਨੇ ਸੂਬੇ 'ਚ ਆਉਂਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਇਹ ਵੱਡਾ ਕਦਮ ਉਠਾਇਆ ਹੈ।

## ਉਘੇ ਕਾਰੋਬਾਰੀ ਰਾਕੇਸ਼ ਝੁਨਝੁਨਵਾਲਾ ਦਾ ਦੇਹਾਂਤ

**ਮੁੰਬਈ:** ਸ਼ੇਅਰ ਬਾਜ਼ਾਰ ਦੇ ਉੱਘੇ ਨਿਵੇਸ਼ਕ ਰਾਕੇਸ਼ ਝੁਨਝੁਨਵਾਲਾ ਦਾ ਦੇਹਾਂਤ ਹੋ ਗਿਆ। ਉਹ 62 ਵਰ੍ਹਿਆਂ ਦੇ ਸਨ। ਉਨ੍ਹਾਂ ਦੀ ਮੌਤ ਦਾ ਕਾਰਨ ਦਿਲ ਦਾ ਦੌਰਾ ਪੈਣਾ ਦੱਸਿਆ ਗਿਆ ਹੈ। ਦਲਾਲ ਸਟਰੀਟ ਦੇ 'ਬਿਗ ਬੁੱਲ' ਵਜੋਂ ਜਾਣੇ ਜਾਂਦੇ ਰਾਕੇਸ਼ ਨੇ ਆਪਣਾ ਕਾਰੋਬਾਰ ਖੁਦ ਖੜ੍ਹਾ ਕੀਤਾ।

ਵਪਾਰ ਵਿਚ ਪੈਰ ਧਰਨ ਤੋਂ ਬਾਅਦ ਉਨ੍ਹਾਂ ਸ਼ੇਅਰ ਬਾਜ਼ਾਰ ਵਿਚ ਨਿਵੇਸ਼ ਕੀਤਾ ਤੇ ਵੱਡੇ ਕਾਰੋਬਾਰੀ ਬਣੇ। ਉਨ੍ਹਾਂ ਕੋਲ ਕਰੀਬ 46 ਹਜ਼ਾਰ ਕਰੋੜ ਰੁਪਏ ਦੀ ਸੰਪਤੀ ਹੈ। 'ਫੋਰਬਜ' ਰਸਾਲੇ ਦੀ 2021 ਵਿਚ ਆਈ ਸੂਚੀ ਮੁਤਾਬਕ ਝੁਨਝੁਨਵਾਲਾ ਭਾਰਤ ਦੇ 36ਵੇਂ ਸਭ ਤੋਂ ਅਮੀਰ ਵਿਅਕਤੀ ਸਨ। ਉਨ੍ਹਾਂ ਨੇ ਹਾਲ ਹੀ ਵਿਚ ਇਕ ਏਅਰਲਾਈਨ ਵੀ ਸ਼ੁਰੂ ਕੀਤੀ ਸੀ। ਆਮਦਨ ਕਰ ਅਧਿਕਾਰੀ ਦੇ ਪੁੱਤਰ ਰਾਕੇਸ਼ ਦੇ ਪਰਿਵਾਰ ਵਿਚ ਪਤਨੀ ਤੋਂ ਇਲਾਵਾ ਤਿੰਨ ਬੱਚੇ ਹਨ।

ਰਾਕੇਸ਼ ਦਾ ਜਨਮ 1960 ਵਿਚ ਇਕ ਰਾਜਸਥਾਨੀ ਪਰਿਵਾਰ ਵਿਚ ਹੋਇਆ ਤੇ ਉਨ੍ਹਾਂ ਦਾ ਜ਼ਿਆਦਾਤਰ ਪਾਲਣ-ਪੋਸ਼ਣ ਮੁੰਬਈ ਵਿਚ ਹੋਇਆ। ਰਾਕੇਸ਼ ਨੇ ਚਾਰਟਰਡ ਅਕਾਊਂਟੈਂਟ (ਸੀ.ਏ) ਦੀ ਸਿੱਖਿਆ ਹਾਸਲ ਕੀਤੀ ਸੀ। ਪਿਛਲੇ ਕੁਝ ਮਹੀਨਿਆਂ ਤੋਂ ਉਨ੍ਹਾਂ ਦੀ ਸਿਹਤ ਠੀਕ ਨਹੀਂ ਸੀ। ਉਹ ਕਿਡਨੀ ਤੇ ਦਿਲ ਦੇ ਰੋਗਾਂ ਤੋਂ ਪੀੜਤ ਸਨ। ਕਈ ਸਮਾਗਮਾਂ 'ਤੇ ਉਨ੍ਹਾਂ ਨੂੰ ਵੀਲ੍ਹਚੇਅਰ ਉਤੇ ਵੀ ਦੇਖਿਆ ਗਿਆ ਸੀ।

## ਈ.ਵੀ.ਐਮ. ਨਾਲ ਸਬੰਧਤ ਕਾਨੂੰਨ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਰੱਦ



**ਨਵੀਂ ਦਿੱਲੀ:** ਸੁਪਰੀਮ ਕੋਰਟ ਨੇ 'ਲੋਕ ਪ੍ਰਤੀਨਿਧਤਾ ਕਾਨੂੰਨ' ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ ਖਾਰਜ ਕਰ ਦਿੱਤੀ ਹੈ, ਜਿਸ ਸਦਕਾ ਦੇਸ ਵਿਚ ਚੋਣਾਂ ਵਾਸਤੇ ਬੈਲਟ ਪੇਪਰਾਂ ਦੀ ਬਜਾਏ ਇਲੈਕਟ੍ਰਾਨਿਕ ਵੋਟਿੰਗ ਮਸ਼ੀਨਾਂ (ਈ.ਵੀ.ਐਮ.) ਦੀ ਸ਼ੁਰੂਆਤ ਹੋਈ ਸੀ।

ਜਸਟਿਸ ਐਸ.ਕੇ. ਕੌਲ ਅਤੇ ਐਮ.ਐਮ. ਸੁੰਦਰੇਸ ਦੇ ਬੈਂਚ ਨੇ 1951 ਦੇ ਐਕਟ ਦੀ ਧਾਰਾ 61ਏ (ਜੋ ਚੋਣਾਂ ਸਮੇਂ ਵੋਟਿੰਗ ਮਸ਼ੀਨਾਂ ਦੀ ਵਰਤੋਂ ਨਾਲ ਸਬੰਧਤ ਹੈ) ਨੂੰ ਚੁਣੌਤੀ ਦੇਣ ਵਾਲੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਪਟੀਸ਼ਨਰ ਐਡਵੋਕੇਟ ਐਮ.ਐਲ. ਸ਼ਰਮਾ ਨੇ ਸੰਵਿਧਾਨ ਦੀ ਧਾਰਾ 100 ਦਾ ਹਵਾਲਾ ਦਿੱਤਾ ਅਤੇ ਕਿਹਾ ਕਿ ਇਹ ਲਾਜ਼ਮੀ ਪ੍ਰਬੰਧ/ਵਿਵਸਥਾ ਹੈ। ਆਰਟੀਕਲ 100 ਸਦਨਾਂ ਵਿਚ ਵੋਟਿੰਗ, ਖਾਲੀ ਅਸਾਮੀਆਂ ਅਤੇ ਕੋਰਮ ਦੇ ਬਾਵਜੂਦ ਕੰਮ ਕਰਨ ਲਈ ਸਦਨਾਂ ਦੀ ਸ਼ਕਤੀ ਨਾਲ ਸਬੰਧਤ ਹੈ।

ਪਟੀਸ਼ਨਰ ਸ਼ਰਮਾ ਨੇ ਕਿਹਾ, ''ਮੈਂ ਲੋਕ ਪ੍ਰਤੀਨਿਧਤਾ ਕਾਨੂੰਨ ਦੀ ਧਾਰਾ-61ਏ ਨੂੰ ਚੁਣੌਤੀ ਦਿੱਤੀ ਹੈ। ਇਹ ਲੋਕ ਸਭਾ ਜਾਂ ਰਾਜ ਸਭਾ ਵਿਚ ਵੋਟਿੰਗ ਨਾਲ ਪਾਸ ਨਹੀਂ ਹੋਇਆ ਹੈ।'' ਬੈਂਚ ਨੇ ਪੁੱਛਿਆ, ''ਕੀ ਤੁਸੀਂ ਸਦਨ ਵਿਚ ਜੋ ਹੁੰਦਾ ਹੈ, ਉਸ ਨੂੰ ਚੁਣੌਤੀ ਦੇ ਰਹੇ ਹੋ? ਜਾਂ ਤੁਸੀਂ ਆਮ ਮਤਦਾਨ ਨੂੰ ਚੁਣੌਤੀ ਦੇ ਰਹੇ ਹੋ? ਤੁਸੀਂ ਕਿਸ ਚੀਜ਼ ਨੂੰ ਚੁਣੌਤੀ ਦੇ ਰਹੇ ਹੋ? ਸ਼ਰਮਾ ਨੇ ਕਿਹਾ ਕਿ ਉਹ ਐਕਟ ਦੀ ਧਾਰਾ-61ਏ ਨੂੰ ਚੁਣੌਤੀ ਦੇ ਰਿਹਾ ਹੈ, ਜਿਸ ਵਿਚ ਈ.ਵੀ.ਐਮ. ਦੀ ਵਰਤੋਂ ਦੀ ਆਗਿਆ ਹੈ ਹਾਲਾਂਕਿ ਇਸ ਨੂੰ ਵੋਟਿੰਗ ਰਾਹੀਂ ਸਦਨ ਵਿੱਚ ਪਾਸ ਨਹੀਂ ਕੀਤਾ ਗਿਆ ਸੀ।''

## ਸ੍ਰੀਲੰਕਾ ਵੱਲੋਂ ਚੀਨੀ ਸਮੁੰਦਰੀ ਬੇੜੇ ਨੂੰ ਦਾਖਲੇ ਦੀ ਇਜਾਜ਼ਤ

**ਕੋਲੰਬੋ:** ਸ੍ਰੀਲੰਕਾ ਸਰਕਾਰ ਨੇ ਚੀਨ ਦੇ ਉੱਚ ਤਕਨੀਕ ਨਾਲ ਲੈਸ ਖੋਜੀ ਸਮੁੰਦਰੀ ਜਹਾਜ਼ ਨੂੰ ਹੰਬਨਟੋਟਾ ਦੀ ਦੱਖਣੀ ਬੰਦਰਗਾਹ ਅੰਦਰ ਦਾਖਲ ਹੋਣ ਦੀ ਮਨਜ਼ੂਰੀ ਦੇ ਦਿੱਤੀ ਹੈ। ਇਹ ਬੇੜਾ 22 ਅਗਸਤ ਤੱਕ ਬੰਦਰਗਾਹ 'ਤੇ ਰਹੇਗਾ।

ਬੈਲਿਸਟਿਕ ਮਿਜਾਈਲ ਅਤੇ ਸੈਟੇਲਾਈਟ ਟਰੈਕਿੰਗ ਨਾਲ ਲੈਸ ਚੀਨੀ ਸਮੁੰਦਰੀ ਬੇੜੇ 'ਯੁਆਨ ਵੈਂਗ 5' ਨੇ ਪਹਿਲਾਂ 11 ਤੋਂ 17 ਅਗਸਤ ਤੱਕ ਬੰਦਰਗਾਹ 'ਤੇ ਰੁਕਣਾ ਸੀ।

ਭਾਰਤ ਵੱਲੋਂ ਸੁਰੱਖਿਆ ਸਬੰਧੀ ਤੇ ਦੇਸ਼ ਦੀ ਜਾਸੂਸੀ ਹੋਣ ਦੀਆਂ ਚਿੰਤਾਵਾਂ ਦਾ ਮੁੱਦਾ ਚੁੱਕੇ ਜਾਣ ਮਗਰੋਂ ਸ੍ਰੀਲੰਕਾ ਦੇ ਵਿਦੇਸ਼ ਮੰਤਰਾਲੇ ਨੇ ਪਿਛਲੇ ਹਫਤੇ ਕੋਲੰਬੋ ਸਥਿਤ ਚੀਨੀ ਸਫ਼ਾਰਤਖ਼ਾਨੇ ਨੂੰ ਸਮੁੰਦਰੀ ਜਹਾਜ਼ ਦੀ ਯਾਤਰਾ ਮੁਲਤਵੀ ਕਰਨ ਦੀ ਅਪੀਲ ਕੀਤੀ ਸੀ। ਸ੍ਰੀਲੰਕਾ ਦੇ ਵਿਦੇਸ਼ ਮੰਤਰਾਲੇ ਨੇ ਇਕ ਬਿਆਨ 'ਚ ਕਿਹਾ ਕਿ ਉਨ੍ਹਾਂ ਸਰਕਾਰ ਵੱਲੋਂ ਬੇੜੇ ਨੂੰ ਦਿੱਤੀ ਗਈ ਮਨਜ਼ੂਰੀ ਦੀ ਜਾਣਕਾਰੀ ਚੀਨੀ ਸਫ਼ਾਰਤਖ਼ਾਨੇ ਨੂੰ ਦੇ ਦਿੱਤੀ ਹੈ। 'ਕੌਮਾਂਤਰੀ ਫਰਜ਼ਾਂ ਨੂੰ ਦੇਖਦਿਆਂ ਸ੍ਰੀਲੰਕਾ ਸਾਰੇ ਮੁਲਕਾਂ ਦੇ ਜਾਇਜ਼ ਹਿੱਤਾਂ ਦੀ ਰਾਖੀ ਕਰਦਾ ਰਹੇਗਾ।'

ਭਾਰਤ ਵੱਲੋਂ ਇਤਰਾਜ਼ ਪ੍ਰਗਟਾਏ ਜਾਣ ਮਗਰੋਂ ਸ੍ਰੀਲੰਕਾ ਸਰਕਾਰ ਨੇ ਸਬੰਧਤ ਧਿਰਾਂ ਨਾਲ ਕੂਟਨੀਤਕ ਚੈਨਲਾਂ ਰਾਹੀਂ ਉੱਚ ਪੱਧਰੀ ਵਿਚਾਰ



ਵਟਾਂਦਰਾ ਕੀਤਾ ਤਾਂ ਜੋ ਆਪਸੀ ਸਹਿਮਤੀ ਅਤੇ ਵਾਰਤਾ ਨਾਲ ਇਹ ਮਾਮਲਾ ਸੁਲਝਾਇਆ ਜਾ ਸਕੇ। ਚੀਨੀ ਸਫ਼ਾਰਤਖ਼ਾਨੇ ਨੇ 12 ਅਗਸਤ ਨੂੰ ਬੇੜੇ ਦੀ ਆਮਦ ਦੀਆਂ ਨਵੀਆਂ ਤਰੀਕਾਂ ਦਿੱਤੀਆਂ ਸਨ। ਹੰਬਨਟੋਟਾ ਬੰਦਰਗਾਹ ਨੂੰ ਰਣਨੀਤਕ ਤੌਰ 'ਤੇ ਅਹਿਮ ਮੰਨਿਆ ਜਾਂਦਾ ਹੈ ਅਤੇ ਇਸ ਬੰਦਰਗਾਹ ਨੂੰ ਚੀਨ ਤੋਂ ਮਿਲੇ ਕਰਜ਼ੇ ਨਾਲ ਵਿਕਸਤ ਕੀਤਾ ਗਿਆ ਹੈ।

# ਵਿੱਤ ਮੰਤਰਾਲਾ ਛੋਟ ਮੁਕਤ ਟੈਕਸ ਪ੍ਰਬੰਧ ਦੀ ਸਮੀਖਿਆ ਕਰੇਗਾ

**ਨਵੀਂ ਦਿੱਲੀ:** ਕੇਂਦਰੀ ਵਿੱਤ ਮੰਤਰਾਲਾ ਛੋਟਾਂ ਜਾਂ ਰਿਆਇਤਾਂ ਤੋਂ ਮੁਕਤ ਟੈਕਸ ਪ੍ਰਬੰਧ ਦੀ ਸਮੀਖਿਆ ਕਰਨ ਦੀ ਯੋਜਨਾ ਬਣਾ ਰਿਹਾ ਹੈ। ਮੰਤਰਾਲੇ ਨੇ ਇਸ 'ਤੇ ਛੇਤੀ ਨਜ਼ਰਸਾਨੀ ਕਰਨ ਦੀ ਤਜਵੀਜ਼ ਰੱਖੀ ਹੈ ਤਾਂ ਜੋ ਇਸ ਨੂੰ ਵਿਅਕਤੀਗਤ ਆਮਦਨ ਕਰਦਾਤਿਆਂ ਲਈ ਵਧੇਰੇ ਆਕਰਸ਼ਕ ਬਣਾਇਆ ਜਾ ਸਕੇ।

ਸੂਤਰਾਂ ਨੇ ਕਿਹਾ ਕਿ ਸਰਕਾਰ ਦਾ ਇਰਾਦਾ ਅਜਿਹੀ ਟੈਕਸ ਪ੍ਰਣਾਲੀ ਸਥਾਪਤ ਕਰਨ ਦਾ ਹੈ ਜਿਸ 'ਚ ਕਿਸੇ ਤਰ੍ਹਾਂ ਦੀ ਰਿਆਇਤ ਨਾ ਹੋਵੇ। ਇਸ ਦੇ ਨਾਲ ਸਰਕਾਰ ਛੋਟਾਂ ਅਤੇ ਕਟੌਤੀਆਂ ਵਾਲੇ ਗੁੰਝਲਦਾਰ ਪੁਰਾਣੇ ਟੈਕਸ ਪ੍ਰਬੰਧ ਨੂੰ ਖਤਮ ਕਰਨਾ ਚਾਹੁੰਦੀ ਹੈ। ਆਮ ਬਜਟ 2020-21




'ਚ ਨਵਾਂ ਟੈਕਸ ਪ੍ਰਬੰਧ ਪੇਸ਼ ਕੀਤਾ ਗਿਆ ਸੀ। ਇਸ 'ਚ ਟੈਕਸਦਾਤਿਆਂ ਨੂੰ ਵੱਖ ਵੱਖ ਕਟੌਤੀਆਂ ਅਤੇ ਛੋਟਾਂ ਦੇ ਨਾਲ ਪੁਰਾਣਾ ਪ੍ਰਬੰਧ ਤੇ ਬਿਨਾਂ ਛੋਟਾਂ ਤੇ ਕਟੌਤੀਆਂ ਵਾਲੀ ਹੇਠਲੀ ਦਰਾਂ ਦੇ ਨਵੇਂ ਪ੍ਰਬੰਧ 'ਚੋਂ ਚੋਣ ਦਾ ਬਦਲ ਦਿੱਤਾ ਗਿਆ ਸੀ। ਇਸ ਦਾ ਮਕਸਦ ਵਿਅਕਤੀਗਤ ਟੈਕਸਦਾਤਿਆਂ ਨੂੰ ਰਾਹਤ ਦੇਣਾ ਅਤੇ ਆਮਦਨ ਕਰ ਕਾਨੂੰਨ ਨੂੰ ਸਰਲ ਬਣਾਉਣਾ ਸੀ।

ਨਵੇਂ ਟੈਕਸ ਪ੍ਰਬੰਧ ਦੇ ਤਜਰਬੇ ਬਾਰੇ ਪੁੱਛੇ ਜਾਣ 'ਤੇ ਸੂਤਰਾਂ ਨੇ ਕਿਹਾ ਕਿ ਇਸ ਗੱਲ ਦੇ ਸਪੱਸ਼ਟ ਸੰਕੇਤ ਹਨ ਕਿ ਜਿਨ੍ਹਾਂ ਲੋਕਾਂ ਨੇ ਆਪਣੇ ਘਰਾਂ ਅਤੇ ਸਿੱਖਿਆ ਦਾ ਕਰਜ਼ਾ ਉਤਾਰ ਦਿੱਤਾ ਹੈ, ਉਹ ਨਵੇਂ ਟੈਕਸ ਪ੍ਰਬੰਧ ਨੂੰ ਅਪਣਾਉਣਾ ਚਾਹੁੰਦੇ ਹਨ। ਅਜਿਹੀ ਟੈਕਸ ਪ੍ਰਣਾਲੀ ਕਾਰਪੋਰੇਟ ਟੈਕਸਦਾਤਿਆਂ ਲਈ ਵੀ ਸਤੰਬਰ 2019 'ਚ ਲਿਆਂਦੀ ਗਈ ਸੀ। ਇਸ 'ਚ ਟੈਕਸ ਦਰਾਂ ਨੂੰ ਘਟਾਇਆ ਗਿਆ ਸੀ ਅਤੇ ਨਾਲ ਹੀ ਛੋਟਾਂ ਜਾਂ ਰਿਆਇਤਾਂ ਨੂੰ ਵੀ ਖਤਮ ਕੀਤਾ ਗਿਆ ਸੀ। ਵਿਅਕਤੀਗਤ ਟੈਕਸਦਾਤਿਆਂ ਲਈ ਪਹਿਲੀ ਫਰਵਰੀ, 2020 ਨੂੰ ਪੇਸ਼ ਨਵੇਂ ਟੈਕਸ ਪ੍ਰਬੰਧ 'ਚ ਢਾਈ ਲੱਖ ਰੁਪਏ ਤੱਕ ਦੀ ਸਾਲਾਨਾ ਆਮਦਨ ਵਾਲੇ ਲੋਕਾਂ ਨੂੰ ਕੋਈ ਟੈਕਸ ਨਹੀਂ ਦੇਣਾ ਹੁੰਦਾ ਹੈ। ਢਾਈ ਲੱਖ ਤੋਂ ਪੰਜ ਲੱਖ ਰੁਪਏ ਦੀ ਆਮਦਨ 'ਤੇ ਪੰਜ ਫੀਸਦੀ, ਪੰਜ ਲੱਖ ਤੋਂ ਸਾਢੇ 7 ਲੱਖ ਰੁਪਏ 'ਤੇ 10 ਫੀਸਦ, ਸਾਢੇ 7 ਲੱਖ ਤੋਂ 10 ਲੱਖ ਰੁਪਏ 'ਤੇ 15 ਫੀਸਦ, 10 ਤੋਂ ਸਾਢੇ 12 ਲੱਖ ਰੁਪਏ 'ਤੇ 20 ਫੀਸਦ, ਸਾਢੇ 12 ਤੋਂ 15 ਲੱਖ ਰੁਪਏ 'ਤੇ 25 ਫੀਸਦ ਅਤੇ 15 ਲੱਖ ਰੁਪਏ ਤੋਂ ਜਿਆਦਾ ਦੀ ਆਮਦਨ 'ਤੇ 30 ਲੱਖ ਰੁਪਏ ਟੈਕਸ ਲੱਗਦਾ ਹੈ।

# ਚਮੜੀ ਰੋਗ: ਹੱਡਾਰੋੜੀਆਂ 'ਚ ਪਸ਼ੂ ਸੁੱਟਣ ਜੋਗੀ ਥਾਂ ਵੀ ਨਹੀਂ ਬਚੀ

**ਚੰਡੀਗੜ੍ਹ:** ਪੰਜਾਬ ਵਿਚ ਲੰਪੀ ਸਕਿਨ ਬਿਮਾਰੀ ਨੇ ਹੁਣ ਤੱਕ ਕਰੀਬ ਤਿੰਨ ਹਜ਼ਾਰ ਪਸ਼ੂਆਂ ਦੀ ਜਾਨ ਲੈ ਲਈ ਹੈ, ਜਦੋਂ ਕਿ ਸੂਬੇ ਵਿਚ ਬਿਮਾਰ ਪਸ਼ੂਆਂ ਦੀ ਗਿਣਤੀ 70 ਹਜ਼ਾਰ ਤੋਂ ਟੱਪ ਗਈ ਹੈ। ਪਸ਼ੂ ਪਾਲਕਾਂ ਵਿਚ ਰੋਹ ਭਖਣ ਲੱਗਿਆ ਹੈ। ਅੰਮ੍ਰਿਤਸਰ ਜ਼ਿਲ੍ਹੇ ਦੇ ਫਤਾਹਪੁਰ ਡੇਅਰੀ ਕੰਪਲੈਕਸ ਵਿਚ ਹੁਣ ਤੱਕ ਦੋ ਦਰਜਨ ਗਊਆਂ ਮਰਨ ਦੀ ਸੂਚਨਾ ਹੈ। ਵੇਰਵਿਆਂ ਅਨੁਸਾਰ ਪੰਜਾਬ ਵਿਚ ਰੋਜ਼ਾਨਾ ਔਸਤਨ ਚਾਰ ਹਜ਼ਾਰ ਪਸ਼ੂ ਬਿਮਾਰ ਹੋ ਰਹੇ ਹਨ। ਸਰਕਾਰੀ ਅੰਕੜੇ ਤੋਂ ਬਾਹਰ ਦੇਖੀਏ ਤਾਂ ਬਿਮਾਰ ਪਸ਼ੂਆਂ ਦੀ ਗਿਣਤੀ ਲੱਖਾਂ ਵਿਚ ਪੁੱਜ ਗਈ ਹੈ।

ਸ਼ੁਰੂਆਤੀ ਦੌਰ ਵਿਚ ਸਰਕਾਰ ਅਤੇ ਵਿਭਾਗੀ ਅਧਿਕਾਰੀਆਂ ਨੇ ਇਸ ਨੂੰ ਮਾਮੂਲੀ ਬਿਮਾਰੀ ਸਮਝਦਿਆਂ ਨਜ਼ਰਅੰਦਾਜ਼ ਕਰਨ ਦੀ ਕੋਸ਼ਿਸ਼ ਕੀਤੀ। ਫਾਜ਼ਿਲਕਾ ਜ਼ਿਲ੍ਹੇ ਤੋਂ ਆ ਰਹੀਆਂ ਰਿਪੋਰਟਾਂ ਦੀ ਗੰਭੀਰਤਾ ਨਾਲ ਨਿਰਖ-ਪਰਖ ਨਾ ਕੀਤੇ ਜਾਣ ਬਾਰੇ ਸਵਾਲ ਖੜ੍ਹੇ ਹੋ ਰਹੇ ਹਨ। ਇਸ ਸਮੇਂ ਪਸ਼ੂ ਪਾਲਣ ਵਿਭਾਗ ਅੰਦਰ ਮੁਲਾਜ਼ਮਾਂ ਦੀ ਕਮੀ ਅਤੇ ਵੈਕਸੀਨ ਦੀ ਘਾਟ ਜਿਹੇ ਪੱਖ ਵੀ ਸਾਹਮਣੇ ਆਏ ਹਨ। ਪਸ਼ੂ ਪਾਲਣ ਵਿਭਾਗ ਦਾ ਕਹਿਣਾ ਹੈ ਕਿ ਵਿਭਾਗ ਕਾਰਵਾਈ ਕਰ ਰਿਹਾ ਹੈ ਪਰ ਬਿਮਾਰੀ ਦੀ ਰਫਤਾਰ ਘਟ ਨਹੀਂ ਰਹੀ।



ਪਸ਼ੂਆਂ ਵਿਚ ਲੰਪੀ ਸਕਿਨ ਦੀ ਬਿਮਾਰੀ ਫੈਲਣ ਕਾਰਨ ਰੋਜ਼ਾਨਾ ਵੱਡੀ ਗਿਣਤੀ ਪਸ਼ੂ ਮਰ ਰਹੇ ਹਨ ਤੇ ਹੱਡਾਰੋੜੀਆਂ ਵਿਚ ਮਰੇ ਪਸ਼ੂ ਸੁੱਟਣ ਲਈ ਥਾਂ ਨਹੀਂ ਮਿਲ ਰਹੀ ਜਿਸ ਕਾਰਨ ਪਿੰਡ ਵਾਸੀ ਜੇ.ਸੀ.ਬੀ. ਮਸ਼ੀਨਾਂ ਰਾਹੀਂ ਟੋਏ ਪੁੱਟ ਕੇ ਮਰੇ ਪਸ਼ੂ ਦੱਬਣ ਲੱਗੇ ਹਨ।

ਪਿੰਡ ਰੂੜੇਕੇ ਕਲਾਂ ਦੀ ਹੱਡਾਰੋੜੀ ਵਿਚ ਮਰੇ ਪਸ਼ੂਆਂ ਦੀ ਮੁਸ਼ਕ ਕਾਰਨ ਲੋਕ ਪਰੇਸ਼ਾਨ ਹਨ ਤੇ ਬਿਮਾਰੀ ਫੈਲਣ ਦੇ ਡਰੋਂ ਪਿੰਡ ਦੇ ਨੌਜਵਾਨਾਂ ਨੇ ਗੁਰਦੁਆਰਾ ਸਾਹਿਬ ਵਿਖੇ ਇਕੱਠ ਕੀਤਾ। ਇਸ ਮੌਕੇ ਮਰੇ ਪਸ਼ੂਆਂ ਨੂੰ ਦੱਬਣ ਲਈ ਨੌਜਵਾਨਾਂ ਨੇ ਉਗਰਾਹੀ ਕਰਕੇ ਜੇ.ਸੀ.ਬੀ. ਮਸ਼ੀਨ ਮੰਗਵਾ ਕੇ ਪਸ਼ੂਆਂ ਨੂੰ ਦੱਬਣਾ ਸ਼ੁਰੂ ਕਰ ਦਿੱਤਾ ਤਾਂ ਕਿ ਹੱਡਾਰੋੜੀ ਵਿਚ ਥਾਂ ਖਾਲੀ ਕੀਤੀ ਜਾ ਸਕੇ। ਇਸ ਇਲਾਕੇ ਦੇ ਪਿੰਡ ਧੌਲਾ, ਕਾਹਨੇਕੇ, ਧੂਰਕੋਟ ਅਤੇ ਪੱਖੋ ਕਲਾਂ ਦੀਆਂ ਹੱਡਾਰੋੜੀਆਂ ਵਿਚ ਵੀ ਵੱਡੀ ਗਿਣਤੀ ਪਸ਼ੂ ਮਰੇ ਪਏ ਹਨ। ਹੱਡਾਰੋੜੀ ਦੇ ਠੇਕੇਦਾਰ ਚਰਨਾ ਸਿੰਘ ਨੇ ਦੱਸਿਆ ਕਿ ਉਸ ਕੋਲ ਪੱਖੋ ਕਲਾਂ ਤੇ ਰੂੜੇਕੇ ਕਲਾਂ ਦੀਆਂ ਹੱਡਾਰੋੜੀਆਂ ਦਾ ਠੇਕਾ ਹੈ ਅਤੇ ਉਹ ਰੋਜ਼ਾਨਾ 12 ਤੋਂ 15 ਮਰੇ ਹੋਏ ਪਸ਼ੂ ਚੁੱਕ ਕੇ ਲਿਆ ਰਿਹਾ ਹੈ। ਕਈ ਵਾਰ ਤਾਂ ਸਾਰੇ ਪਸ਼ੂ ਇਕ ਦਿਨ ਵਿਚ ਚੁੱਕੇ ਨਹੀਂ ਜਾ ਸਕਦੇ ਜਿਸ ਕਾਰਨ ਸਮੱਸਿਆ ਆ ਰਹੀ ਹੈ।

ਇਸੇ ਦੌਰਾਨ ਵਿਭਾਗ ਦੇ ਪ੍ਰਮੁੱਖ ਸਕੱਤਰ ਵਿਕਾਸ ਪ੍ਰਤਾਪ ਨੇ ਦੱਸਿਆ ਕਿ ਪੰਜਾਬ ਦੇ ਪਸ਼ੂ ਪਾਲਣ ਵਿਭਾਗ ਵੱਲੋਂ ਲੰਪੀ ਸਕਿਨ ਦੀ ਬਿਮਾਰੀ ਦੀ ਰੋਕਥਾਮ ਲਈ ਹੁਣ ਤੱਕ 1.84 ਲੱਖ ਤੋਂ ਵੱਧ ਪਸ਼ੂਆਂ ਦਾ ਟੀਕਾਕਰਨ ਕੀਤਾ ਜਾ ਚੁੱਕਿਆ ਹੈ। ਗੋਟ ਪੌਕਸ ਵੈਕਸੀਨ ਦੀ 83,000 ਡੋਜ਼ ਦੀ ਤੀਜੀ ਖੇਪ ਵਿਭਾਗ ਕੋਲ ਪਹੁੰਚ ਚੁੱਕੀ ਹੈ, ਜੋ ਅੱਗੇ ਜ਼ਿਲ੍ਹਿਆਂ ਵਿਚ ਵੰਡ ਦਿੱਤੀ ਗਈ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਦੇ ਦਿਸ਼ਾ-ਨਿਰਦੇਸ਼ਾਂ 'ਤੇ ਟੀਕਾਕਰਨ ਵਿਚ ਤੇਜ਼ੀ ਲਿਆਂਦੀ ਗਈ ਹੈ। ਵਿਭਾਗ ਦੇ ਅਮਲੇ ਵੱਲੋਂ ਛੁੱਟੀ ਵਾਲੇ ਦਿਨਾਂ ਦੌਰਾਨ ਵੀ ਟੀਕਾਕਰਨ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪੰਜਾਬ ਵੈਟਰਨਰੀ ਵੈਕਸੀਨ ਇੰਸਟੀਚਿਊਟ, ਲੁਧਿਆਣਾ ਤੋਂ 5 ਵੈਟਰਨਰੀ ਅਫਸਰਾਂ ਨੂੰ ਵੀ ਵੱਖ-ਵੱਖ ਜ਼ਿਲ੍ਹਿਆਂ ਵਿਚ ਭੇਜਿਆ ਗਿਆ ਹੈ।

## ਮੁੱਖ ਮੰਤਰੀ ਵੱਲੋਂ ਨਿਗਰਾਨੀ ਲਈ ਮੰਤਰੀ ਸਮੂਹ ਦਾ ਗਠਨ

**ਚੰਡੀਗੜ੍ਹ:** ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਪਸ਼ੂਆਂ ਵਿਚ ਫੈਲੀ ਲੰਪੀ ਸਕਿਨ ਦੀ ਬਿਮਾਰੀ (ਚਮੜੀ ਰੋਗ) ਦੇ ਮਾਮਲੇ ਸਬੰਧੀ ਉਚ ਪੱਧਰੀ ਕਮੇਟੀ ਦੀ ਮੀਟਿੰਗ ਕੀਤੀ। ਇਸ ਮੌਕੇ ਬਿਮਾਰੀ ਕਾਰਨ ਪੈਦਾ ਹੋਏ ਹਾਲਾਤ ਦੀ ਰੋਜ਼ਾਨਾ ਪ੍ਰਭਾਵੀ ਢੰਗ ਨਾਲ ਨਿਗਰਾਨੀ ਲਈ ਤਿੰਨ ਕੈਬਨਿਟ ਵਜ਼ੀਰਾਂ 'ਤੇ ਆਧਾਰਿਤ ਮੰਤਰੀ ਸਮੂਹ ਦਾ ਗਠਨ ਕੀਤਾ ਗਿਆ। ਭਗਵੰਤ ਮਾਨ ਨੇ ਦੱਸਿਆ ਕਿ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ, ਖੇਤੀਬਾੜੀ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਅਤੇ ਪਸ਼ੂ ਪਾਲਣ ਮੰਤਰੀ ਲਾਲਜੀਤ ਸਿੰਘ ਭੁੱਲਰ 'ਤੇ ਆਧਾਰਿਤ ਕਮੇਟੀ ਨੂੰ ਪਸ਼ੂ ਪਾਲਨ ਵਿਭਾਗ ਦੇ ਸੀਨੀਅਰ ਅਧਿਕਾਰੀ ਅਤੇ ਗੁਰੂ ਅੰਗਦ ਦੇਵ ਵੈਟਰਨਰੀ ਐਂਡ ਐਨੀਮਲ ਸਾਇੰਸਜ਼ ਯੂਨੀਵਰਸਿਟੀ ਦੇ ਮਾਹਿਰ ਅਤੇ ਅਧਿਕਾਰੀ ਸਹਿਯੋਗ ਕਰਨਗੇ।

# ਪੰਜਾਬ ਸਰਕਾਰ ਵੱਲੋਂ ਸ਼ਹੀਦ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਮੁੜ ਸ਼ੁਰੂ ਕਰਨ ਦਾ ਐਲਾਨ

**ਚੰਡੀਗੜ੍ਹ:** ਖੇਡਾਂ ਤੇ ਯੁਵਕ ਸੇਵਾਵਾਂ ਮੰਤਰੀ ਗੁਰਮੀਤ ਸਿੰਘ ਮੀਤ ਹੇਅਰ ਨੇ ਦੇਸ਼ ਦੇ 75ਵੇਂ ਆਜ਼ਾਦੀ ਦਿਹਾੜੇ ਮੌਕੇ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਹਰ ਜ਼ਿਲ੍ਹੇ ਦੇ 15 ਤੋਂ 35 ਸਾਲ ਤੱਕ ਦੇ ਦੋ-ਦੋ ਨੌਜਵਾਨਾਂ ਨੂੰ ਇਹ ਪੁਰਸਕਾਰ ਦਿੱਤੇ ਜਾਣਗੇ।

ਕੁਝ ਸਮੇਂ ਤੋਂ ਨੌਜਵਾਨਾਂ ਨੂੰ ਇਹ ਪੁਰਸਕਾਰ ਨਹੀਂ ਦਿੱਤਾ ਜਾ ਰਿਹਾ ਸੀ। ਇਸੇ ਤਰ੍ਹਾਂ ਮੀਤ ਹੇਅਰ ਨੇ ਨੌਜਵਾਨਾਂ ਲਈ ਚੰਡੀਗੜ੍ਹ ਵਿਚ ਉਸਾਰੇ ਯੁਵਾ ਭਵਨ ਦੇ ਨਵੀਨੀਕਰਨ ਤੇ ਪੁਨਰ-ਸੁਰਜੀਤੀ ਦਾ ਵੀ ਫੈਸਲਾ ਕੀਤਾ ਹੈ। ਯੁਵਕ ਸੇਵਾਵਾਂ ਮੰਤਰੀ ਨੇ ਇਥੇ ਯੁਵਾ ਭਵਨ ਵਿਚ ਕੀਤੀ ਮੀਟਿੰਗ ਮਗਰੋਂ ਦੱਸਿਆ ਕਿ ਨੌਜਵਾਨਾਂ ਨੂੰ ਸ਼ਹੀਦ-ਏ-ਆਜ਼ਮ ਭਗਤ ਸਿੰਘ ਰਾਜ ਯੁਵਾ ਪੁਰਸਕਾਰ ਵਿਚ 51 ਹਜ਼ਾਰ ਰੁਪਏ ਦੀ ਨਗਦ ਰਾਸ਼ੀ, ਇਕ ਮੈਡਲ, ਇਕ ਸਕਰੋਲ, ਇਕ ਬਲੇਜ਼ਰ ਤੇ ਇਕ ਸਰਟੀਫਿਕੇਟ ਨਾਲ ਸਨਮਾਨਿਆ ਜਾਵੇਗਾ।

ਇਸ ਸਬੰਧੀ ਯੁਵਕ ਸੇਵਾਵਾਂ ਵਿਭਾਗ ਨੂੰ ਨਿਰਦੇਸ਼ ਦਿੱਤੇ ਗਏ ਹਨ। ਇਸ ਲਈ ਯੁਵਕ ਭਲਾਈ ਗਤੀਵਿਧੀਆਂ, ਐਨ.ਸੀ.ਸੀ, ਐਨ.ਐਸ.ਐਸ, ਸਮਾਜ ਸੇਵਾ, ਸਭਿਆਚਾਰਕ ਗਤੀਵਿਧੀਆਂ, ਖੇਡਾਂ, ਰਾਸ਼ਟਰੀ ਏਕਤਾ, ਖੂਨਦਾਨ, ਨਸ਼ਿਆਂ ਵਿਰੁੱਧ ਜਾਗਰੂਕਤਾ, ਵਿੱਦਿਅਕ ਯੋਗਤਾ, ਬਹਾਦਰੀ ਅਤੇ ਹੋਰ ਗਤੀਵਿਧੀਆਂ ਵਿਚ ਹਿੱਸਾ ਲੈਣ ਵਾਲੇ ਨੌਜਵਾਨਾਂ ਦੀ ਮੈਰਿਟ ਦੇ ਆਧਾਰ 'ਤੇ ਚੋਣ ਹੋਵੇਗੀ। ਮੀਤ ਹੇਅਰ ਨੇ ਚੰਡੀਗੜ੍ਹ ਵਿਚ ਯੁਵਾ ਭਵਨ ਇਮਾਰਤ ਦੇ ਨਵੀਨੀਕਰਨ ਤੇ ਪੁਨਰ ਸੁਰਜੀਤੀ ਦਾ ਵੀ ਐਲਾਨ ਕੀਤਾ ਹੈ, ਜਿਸ 'ਤੇ ਕਰੀਬ ਤਿੰਨ ਕਰੋੜ ਰੁਪਏ ਖਰਚਾ ਆਵੇਗਾ।

## ਕੇਂਦਰੀ ਮੰਤਰਾਲੇ ਦੀ ਪੰਜਾਬ 'ਚ ਕੌਮੀ ਵਰਕਸ਼ਾਪ 22 ਤੋਂ

**ਮੁਹਾਲੀ:** ਕੇਂਦਰੀ ਪੰਚਾਇਤੀ ਰਾਜ ਮੰਤਰਾਲੇ ਵੱਲੋਂ ਸਥਾਈ ਵਿਕਾਸ ਦੇ ਟੀਚਿਆਂ ਦੇ ਸਥਾਨੀਕਰਨ ਸਬੰਧੀ ਵੱਖ-ਵੱਖ ਸੂਬਿਆਂ ਨੂੰ ਦਿੱਤੇ ਨੌਂ ਥੀਮਜ਼ 'ਤੇ ਕਰਵਾਈਆਂ ਜਾਣ ਵਾਲੀਆਂ ਕੌਮੀ ਵਰਕਸ਼ਾਪਾਂ ਵਿਚੋਂ ਪੰਜਾਬ ਸੂਬੇ ਵਿਚ ਪਹਿਲੀ ਵਰਕਸ਼ਾਪ 22 ਅਤੇ 23 ਅਗਸਤ ਨੂੰ ਮੁਹਾਲੀ ਵਿੱਚ ਹੋਵੇਗੀ। 'ਸਵੈ-ਪੂਰਨ ਬੁਨਿਆਦੀ ਢਾਂਚਾ ਪਿੰਡ' ਵਿਸ਼ੇ 'ਤੇ ਹੋਣ ਵਾਲੀ ਇਸ ਵਰਕਸ਼ਾਪ ਵਿਚ ਪੰਚਾਇਤੀ ਸੰਸਥਾਵਾਂ ਦੇ ਕਰੀਬ 1500 ਨੁਮਾਇੰਦੇ ਸ਼ਮੂਲੀਅਤ ਕਰਨਗੇ, ਜਿਨ੍ਹਾਂ ਵਿਚ 1000 ਨੁਮਾਇੰਦੇ ਪੰਜਾਬ ਤੋਂ ਅਤੇ 500 ਨੁਮਾਇੰਦੇ ਦੂਜੇ ਰਾਜਾਂ ਤੋਂ ਹੋਣਗੇ। ਇਸ ਵਰਕਸ਼ਾਪ ਨੂੰ ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਕੇਂਦਰੀ ਪੰਚਾਇਤੀ ਰਾਜ ਮੰਤਰੀ ਵੀ ਸੰਬੋਧਨ ਕਰਨਗੇ। ਪੇਂਡੂ ਵਿਕਾਸ ਤੇ ਪੰਚਾਇਤ ਵਿਭਾਗ ਦੇ ਵਿੱਤੀ ਕਮਿਸ਼ਨਰ ਕੇਸ਼ਿਵਾ ਪ੍ਰਸ਼ਾਦ ਦੀ ਪ੍ਰਧਾਨਗੀ ਹੇਠ ਵਿਕਾਸ ਭਵਨ ਵਿਚ ਵਰਕਸ਼ਾਪ ਦੀਆਂ ਤਿਆਰੀਆਂ ਸਬੰਧੀ ਮੀਟਿੰਗ ਹੋਈ।

# ਸਕੂਲ ਪ੍ਰਿੰਸੀਪਲਾਂ ਨੂੰ ਸਿਖਲਾਈ ਲਈ ਵਿਦੇਸ਼ ਭੇਜੇਗੀ ਮਾਨ ਸਰਕਾਰ



**ਲੁਧਿਆਣਾ:** ਕੈਬਨਿਟ ਮੰਤਰੀ ਪੰਜਾਬ ਹਰਜੋਤ ਬੈਂਸ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿਚ ਸਿੱਖਿਆ ਦਾ ਪੱਧਰ ਉੱਚਾ ਚੁੱਕਣ ਲਈ 60 ਸਕੂਲਾਂ ਦੇ ਪ੍ਰਿੰਸੀਪਲਾਂ ਅਤੇ ਮੁਖੀਆਂ ਨੂੰ ਸਿਖਲਾਈ ਲਈ ਕੈਨੇਡਾ, ਯੂਕੇ ਅਤੇ ਸਿੰਘਾਪੁਰ ਆਦਿ ਦੇਸ਼ਾਂ ਵਿਚ ਭੇਜਿਆ ਜਾਵੇਗਾ। ਉਹ ਸਥਾਨਕ ਗੁਰੂ ਨਾਨਕ ਭਵਨ ਵਿਚ ਸਪੀਕਿੰਗ ਮਾਈਂਡਜ਼ ਯੂਥ ਕਨਕਲੇਵ ਪ੍ਰੋਗਰਾਮ ਦੀ ਪ੍ਰਧਾਨਗੀ ਕਰਨ ਲਈ ਪਹੁੰਚੇ ਸਨ।

ਸ੍ਰੀ ਬੈਂਸ ਨੇ ਦੱਸਿਆ ਕਿ ਮੌਜੂਦਾ ਸਮੇਂ ਸੂਬੇ ਵਿਚ 20 ਹਜ਼ਾਰ ਸਰਕਾਰੀ ਸਕੂਲ ਹਨ ਤੇ ਇਨ੍ਹਾਂ ਵਿਚੋਂ 400 ਸਕੂਲਾਂ ਵਿਚ ਕੋਈ ਅਧਿਆਪਕ ਨਹੀਂ ਹੈ, ਜਦਕਿ 1600 ਸਕੂਲਾਂ ਵਿਚ ਸਿਰਫ ਇਕ-ਇਕ ਅਧਿਆਪਕ ਨਾਲ ਹੀ ਕੰਮ ਚਲਾਇਆ ਜਾ ਰਿਹਾ ਹੈ। ਸਰਕਾਰ ਵੱਲੋਂ ਸਕੂਲਾਂ 'ਚ ਕਲਾਸਰੂਮ, ਲੈਬ, ਸਟਾਫ, ਖੇਡ ਮੈਦਾਨ, ਪੈਖਾਨੇ, ਡੈਸਕ ਆਦਿ ਦੀ ਜਾਣਕਾਰੀ ਲਈ ਸਰਵੇਖਣ ਕੀਤਾ ਜਾ ਰਿਹਾ ਹੈ।

# ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਸਣੇ ਛੇ ਖਿਲਾਫ ਇਰਾਦਾ ਕਤਲ ਦਾ ਕੇਸ ਦਰਜ

**ਮਾਨਸਾ:** ਮਾਨਸਾ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਵਿਕਰਮ ਸਿੰਘ ਮੋਫਰ ਸਮੇਤ ਛੇ ਜਣਿਆਂ ਖਿਲਾਫ ਮਾਨਸਾ ਜ਼ਿਲ੍ਹੇ ਦੇ ਬੋਹਾ ਥਾਣੇ ਵਿਚ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਅਨੁਸਾਰ ਵਿਕਰਮ ਸਿੰਘ ਮੋਫਰ, ਗੁਰਕੀਰਤ ਸਿੰਘ, ਗੋਬਿੰਦਰ ਸਿੰਘ, ਜਗਸੀਰ ਸਿੰਘ, ਗੁਰਪਿਆਰ ਸਿੰਘ ਤੇ ਪੰਜ-ਛੇ ਅਣਪਛਾਤੇ ਵਿਅਕਤੀਆਂ ਖਿਲਾਫ ਇਰਾਦਾ ਕਤਲ ਤੇ ਅਸਲਾ ਐਕਟ ਸਣੇ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਗਿਆ ਹੈ। ਇਹ ਮਾਮਲਾ ਪੁਲਿਸ ਦੇ ਸੀਨੀਅਰ ਅਧਿਕਾਰੀਆਂ ਦੇ ਧਿਆਨ ਵਿਚ ਆਉਣ ਮਗਰੋਂ ਇਰਾਦਾ ਕਤਲ ਦੀ ਧਾਰਾ 307 ਨੂੰ ਤੋੜ ਦਿੱਤਾ ਗਿਆ ਹੈ, ਜਿਸ ਦੀ ਪੁਸ਼ਟੀ ਮਾਨਸਾ ਦੇ ਸੀਨੀਅਰ ਕਪਤਾਨ ਪੁਲਿਸ ਗੌਰਵ ਤੂਰਾ ਨੇ ਕੀਤੀ ਹੈ। ਡੀ.ਐਸ.ਪੀ. ਅਮਰਜੀਤ ਸਿੰਘ ਅਤੇ ਥਾਣਾ ਬੋਹਾ ਦੇ ਮੁਖੀ ਹਰਭਜਨ ਸਿੰਘ ਅਨੁਸਾਰ ਇਸ ਮਾਮਲੇ ਵਿਚ ਮੁਲਜ਼ਮਾਂ ਨੇ ਪੁਲਿਸ ਨਾਲ ਬਹਿਸ ਕਰਦਿਆਂ ਹੱਥੋਪਾਈ ਕੀਤੀ, ਜਿਸ ਦੌਰਾਨ ਤਿੰਨ ਪੁਲਿਸ ਮੁਲਾਜ਼ਮ ਮਾਮੂਲੀ ਜ਼ਖ਼ਮੀ ਹੋਏ ਹਨ ਤੇ ਉਨ੍ਹਾਂ ਨੂੰ ਹਸਪਤਾਲ 'ਚ ਦਾਖਲ ਕਰਵਾਇਆ ਗਿਆ ਹੈ। ਉਨ੍ਹਾਂ ਦੀ ਹਾਲਤ ਹੁਣ ਠੀਕ ਹੈ।

ਪੁਲਿਸ ਅਧਿਕਾਰੀ ਅਨੁਸਾਰ ਅੱਕਾਂਵਾਲੀ ਪਿੰਡ ਦੇ ਮਨਪ੍ਰੀਤ ਸਿੰਘ ਮਨੀ ਨੇ ਹੈਲਪ ਲਾਈਨ 112 'ਤੇ ਫੋਨ ਕਰਕੇ ਦੱਸਿਆ ਕਿ ਪਿੰਡ ਦੀ ਇਕ ਮੋਟਰ 'ਤੇ ਕੁਝ ਵਿਅਕਤੀ ਬੈਠੇ ਹਨ, ਜਿਨ੍ਹਾਂ ਨਾਲ ਉਸ ਦਾ ਪੁਰਾਣਾ ਝਗੜਾ ਚੱਲ ਰਿਹਾ ਹੈ ਤੇ ਉਸ ਨੂੰ ਆਪਣੀ ਜਾਨ ਦਾ ਖਤਰਾ ਹੈ। ਇਸ ਮਗਰੋਂ ਮੌਕੇ 'ਤੇ ਪਹੁੰਚੇ ਥਾਣਾ ਮੁਖੀ ਹਰਭਜਨ ਸਿੰਘ, ਪੁਲਿਸ ਮੁਲਾਜ਼ਮ ਅਮਰਜੀਤ ਸਿੰਘ, ਬਲਜਿੰਦਰ ਸਿੰਘ, ਬਿੱਕਰਜੀਤ ਸਿੰਘ ਤੇ ਸੁਖਪਾਲ ਸਿੰਘ ਨੇ ਵਿਅਕਤੀਆਂ ਤੋਂ ਪੁੱਛ-ਪੜਤਾਲ ਕੀਤੀ, ਜਿਸ ਮਗਰੋਂ ਉਥੇ ਬੈਠੇ ਗੋਬਿੰਦਰ ਸਿੰਘ ਨੇ ਪਿਸਤੌਲ ਕੱਢ ਕੇ ਮੁਲਾਜ਼ਮਾਂ ਨੂੰ ਧਮਕਾਇਆ ਤੇ ਖਿੱਚ-ਧੂਹ ਕਰਦਿਆਂ ਬਿੱਕਰਜੀਤ ਸਿੰਘ ਦੀ ਵਰਦੀ ਪਾੜ ਦਿੱਤੀ। ਇਸ ਦੌਰਾਨ ਬਿੱਕਰਜੀਤ ਸਿੰਘ ਦੇ ਸੱਟਾਂ ਵੀ ਲੱਗੀਆਂ ਹਨ। ਪੁਲਿਸ ਅਨੁਸਾਰ ਮੁਲਜ਼ਮਾਂ ਵੱਲੋਂ ਫਾਇਰ ਵੀ ਕੀਤੇ ਗਏ। ਜ਼ਿਕਰਯੋਗ ਹੈ ਕਿ ਵਿਕਰਮ ਸਿੰਘ ਮੋਫ਼ਰ, ਸੰਸਦ ਵਿਚ ਵਿਰੋਧੀ ਧਿਰ ਦੇ ਨੇਤਾ ਰਵਨੀਤ ਸਿੰਘ ਬਿੱਟੂ ਦਾ ਸਕਾ ਭਣੋਈਆ ਹੈ ਤੇ ਸੀਨੀਅਰ ਕਾਂਗਰਸੀ ਆਗੂ ਅਜੀਤ ਇੰਦਰ ਸਿੰਘ ਮੋਫ਼ਰ ਦਾ ਪੁੱਤ ਹੈ।

ਵਿਕਰਮ ਸਿੰਘ ਮੋਫ਼ਰ ਨੇ ਪੁਲਿਸ ਦੇ ਦੋਸ਼ਾਂ ਨੂੰ ਝੂਠ ਦੱਸਦਿਆਂ ਕਿਹਾ ਕਿ ਸਿਆਸੀ ਬਦਲਾਖੋਰੀ ਤਹਿਤ ਇਹ ਕੇਸ ਦਰਜ ਕਰਵਾਇਆ ਗਿਆ ਹੈ ਤੇ ਇਸ ਦੀ ਸ਼ਿਕਾਇਤ ਉਹ ਪੰਜਾਬ ਪੁਲਿਸ ਦੇ ਮੁਖੀ ਕੋਲ ਕਰਨਗੇ। ਉਨ੍ਹਾਂ ਦੋਸ਼ ਲਾਇਆ ਕਿ ਇਹ ਸਭ ਕੁਝ ਇਕ ਸਥਾਨਕ ਆਗੂ ਦੇ ਇਸ਼ਾਰੇ 'ਤੇ ਹੋ ਰਿਹਾ ਹੈ, ਜਿਸ ਵਿਰੁੱਧ ਛੇਤੀ ਹੀ ਪਾਰਟੀ ਵੱਲੋਂ ਸੰਘਰਸ਼ ਵਿੱਢਿਆ ਜਾਵੇਗਾ।

# 'ਲਾਲ ਸਿੰਘ ਚੱਢਾ' ਦੀ ਸਕ੍ਰੀਨਿੰਗ ਲਈ ਪਾਕਿਸਤਾਨੀ ਮੀਡੀਆ ਨੇ ਐਨ.ਓ.ਸੀ. ਮੰਗੀ

**ਕਰਾਚੀ:** ਪਾਕਿਸਤਾਨ ਵਿਚ ਇਕ ਮੀਡੀਆ ਸਮੂਹ ਨੇ ਬੌਲੀਵੁੱਡ ਅਦਾਕਾਰ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਦੀ ਦੇਸ਼ ਭਰ ਵਿਚ ਸਕ੍ਰੀਨਿੰਗ ਵਾਸਤੇ ਐਨ.ਓ.ਸੀ. ਲੈਣ ਲਈ ਸੂਚਨਾ ਮੰਤਰਾਲੇ ਕੋਲ ਪਹੁੰਚ ਕੀਤੀ ਹੈ। ਮੀਡੀਆ ਦੀਆਂ ਖਬਰਾਂ ਮੁਤਾਬਕ, ਜੇਕਰ ਸਿਨੇਪੈਕਸ ਮੀਡੀਆ ਸਮੂਹ ਨੂੰ 'ਇਤਰਾਜ਼ ਨਹੀਂ ਸਰਟੀਫਿਕੇਟ' ਮਿਲ ਜਾਂਦਾ ਹੈ ਤਾਂ 2019 ਤੋਂ ਬਾਅਦ ਇਹ ਪਹਿਲੀ ਭਾਰਤੀ ਫਿਲਮ ਹੋਵੇਗੀ ਜੋ ਕਿ ਪਾਕਿਸਤਾਨ ਦੇ ਸਿਨੇਮਾਘਰਾਂ ਵਿਚ ਰਿਲੀਜ਼ ਹੋਵੇਗੀ।

2019 ਵਿਚ ਭਾਰਤ ਸਰਕਾਰ ਵੱਲੋਂ ਜੰਮੂ ਕਸ਼ਮੀਰ ਦਾ ਵਿਸ਼ੇਸ਼ ਰਾਜ ਦਾ ਦਰਜਾ ਖਤਮ ਕਰ ਕੇ ਸੂਬੇ ਨੂੰ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ 'ਚ ਵੰਡੇ ਜਾਣ ਤੋਂ ਬਾਅਦ ਦੋਹਾਂ ਦੇਸ਼ਾਂ ਵਿਚਾਲੇ ਪੈਦਾ ਹੋਏ ਤਣਾਅ ਮਗਰੋਂ ਪਾਕਿਸਤਾਨ ਸਰਕਾਰ ਨੇ ਭਾਰਤੀ ਫਿਲਮਾਂ 'ਤੇ ਰੋਕ ਲਗਾ ਦਿੱਤੀ ਸੀ। ਭਾਰਤ ਦੇ ਧਾਰਾ 370 ਰੱਦ ਕੀਤੇ ਜਾਣ ਦੇ ਫੈਸਲੇ ਦਾ ਪਾਕਿਸਤਾਨ ਵੱਲੋਂ ਤਿੱਖਾ ਵਿਰੋਧ ਕੀਤਾ ਗਿਆ ਸੀ, ਜਿਸ ਕਰ ਕੇ ਦੋਹਾਂ ਦੇਸ਼ਾਂ ਵਿਚਾਲੇ ਕੂਟਨੀਤਕ ਸਬੰਧ ਵਿਗੜ ਗਏ ਸਨ ਅਤੇ ਪਾਕਿਸਤਾਨ ਨੇ ਭਾਰਤੀ ਰਾਜਦੂਤ ਨੂੰ ਕੱਢ ਦਿੱਤਾ ਸੀ।




ਇਕ ਸੂਤਰ ਨੇ ਕਿਹਾ ਕਿ ਦੁਨੀਆਂ ਭਰ ਵਿਚ ਇਹ ਫਿਲਮ ਪੈਰਾਮਾਊਂਟ ਪਿਕਚਰਜ਼ ਵੱਲੋਂ ਰਿਲੀਜ਼ ਕੀਤੀ ਗਈ ਹੈ, ਜਦਕਿ ਪਾਕਿਸਤਾਨ 'ਚ ਇਹ ਫਿਲਮ ਸਿਨੇਪੈਕਸ ਮੀਡੀਆ ਸਮੂਹ ਵੱਲੋਂ ਲਿਆਂਦੀ ਗਈ ਹੈ। ਉਧਰ, ਸਿਨੇਪੈਕਸ ਮੀਡੀਆ ਸਮੂਹ ਦੇ ਜਨਰਲ ਮੈਨੇਜਰ ਸਾਦ ਬੇਗ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੇ ਐਨ.ਓ.ਸੀ. ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ, "ਹਾਂ, ਅਸੀਂ ਦੇਸ਼ ਭਰ ਵਿਚ ਫਿਲਮ ਰਿਲੀਜ਼ ਕਰਨ ਲਈ ਐਨ.ਓ.ਸੀ. ਮੰਗੀ ਹੈ। ਅਸੀਂ ਮੰਤਰਾਲੇ ਤੋਂ ਚੰਗੀ ਖਬਰ ਮਿਲਣ ਲਈ ਆਸਵੰਦ ਹਾਂ।" ਸੈਂਟਰਲ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਅਤੇ ਸਿੰਧ ਬੋਰਡ ਆਫ ਫਿਲਮ ਸਰਟੀਫਿਕੇਸ਼ਨ ਦੇ ਨੁਮਾਇੰਦਿਆਂ ਨੇ ਇਸ ਸਬੰਧੀ ਕੋਈ ਜਾਣਕਾਰੀ ਸਾਂਝੀ ਨਹੀਂ ਕੀਤੀ ਪਰ ਮੰਤਰਾਲੇ ਵਿਚਲੇ ਸੂਤਰਾਂ ਨੇ ਦੱਸਿਆ ਕਿ ਪਾਕਿਸਤਾਨ 'ਚ ਫਿਲਮ ਰਿਲੀਜ਼ ਕਰਨ ਲਈ ਐਨ.ਓ.ਸੀ. ਦੀ ਅਰਜ਼ੀ ਵਿਚਾਰ ਅਧੀਨ ਹੈ। ਮੰਤਰਾਲੇ ਦੇ ਇਕ ਹੋਰ ਅਧਿਕਾਰੀ ਨੇ ਕਿਹਾ ਕਿ ਮੰਤਰਾਲੇ ਨੇ ਸਿਨੇਪੈਕਸ ਮੀਡੀਆ ਨੂੰ ਪਹਿਲਾਂ ਹੀ ਸੂਚਿਤ ਕਰ ਦਿੱਤਾ ਹੈ ਕਿ ਕੋਈ ਭਾਰਤੀ ਫਿਲਮ ਜਾਂ ਭਾਰਤ ਵਿੱਚ ਬਣਿਆ ਕੋਈ ਵੀ ਪ੍ਰੋਜੈਕਟ ਦੇਸ਼ ਵਿਚ ਰਿਲੀਜ਼ ਨਹੀਂ ਹੋਵੇਗਾ।

## ਸਿੱਖ ਆਗੂ ਅਤੇ ਸ਼ਿਵ ਸੈਨਾ ਆਹਮੋ-ਸਾਹਮਣੇ

**ਜਲੰਧਰ:** ਐਮ.ਬੀ.ਡੀ. ਮਾਲ ਦੇ ਬਾਹਰ ਉਸ ਸਮੇਂ ਤਣਾਅ ਫੈਲ ਗਿਆ ਜਦੋਂ ਸ਼ਿਵ ਸੈਨਾ ਦੇ ਕਾਰਕੁਨਾਂ ਨੇ ਬੌਲੀਵੁੱਡ ਅਦਾਕਾਰ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਨੂੰ ਹਟਾਉਣ ਦੀ ਮੰਗ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਬੌਲੀਵੁੱਡ ਅਦਾਕਾਰ ਨੇ ਆਪਣੀ ਪਿਛਲੀ ਫਿਲਮ 'ਪੀਕੇ' ਵਿਚ ਕਥਿਤ ਤੌਰ ਉਤੇ ਹਿੰਦੂ ਦੇਵੀ-ਦੇਵਤਿਆਂ ਦਾ ਅਪਮਾਨ ਕੀਤਾ ਸੀ। ਸ਼ਿਵ ਸੈਨਾ ਕਾਰਕੁਨਾਂ ਨੇ ਕਿਹਾ ਕਿ ਉਹ ਸ਼ਹਿਰ ਦੇ ਕਿਸੇ ਵੀ ਮਲਟੀਪਲੈਕਸ ਆਪ੍ਰੇਟਰ ਨੂੰ ਫਿਲਮ ਨਹੀਂ ਚਲਾਉਣ ਦੇਣਗੇ। ਇਸੇ ਦੌਰਾਨ ਸਿੱਖ ਤਾਲ-ਮੇਲ ਕਮੇਟੀ ਦੇ ਕਾਰਕੁਨ ਵੀ ਮਾਲ ਵਿਚ ਪੁੱਜ ਗਏ ਅਤੇ ਉਨ੍ਹਾਂ ਸ਼ਿਵ ਸੈਨਾ ਆਗੂਆਂ ਦਾ ਵਿਰੋਧ ਕਰਦਿਆਂ ਕਿਹਾ ਕਿ ਉਹ ਅਜਿਹੀ 'ਗੁੰਡਾਗਰਦੀ' ਬਰਦਾਸ਼ਤ ਨਹੀਂ ਕਰਨਗੇ।

# ਪੰਜਾਬ 'ਚ ਮੁੜ ਸਖਤ ਹੋਣ ਲੱਗੀਆਂ ਕਰੋਨਾ ਪਾਬੰਦੀਆਂ

**ਚੰਡੀਗੜ੍ਹ:** ਪੰਜਾਬ ਵਿਚ ਕਰੋਨਾ ਮਹਾਮਾਰੀ ਦੇ ਵਧ ਰਹੇ ਕੇਸਾਂ ਦੇ ਮੱਦੇਨਜ਼ਰ ਰਾਜ ਸਰਕਾਰ ਨੇ ਲੋਕਾਂ ਨੂੰ ਚੌਕਸੀ ਵਰਤਣ ਅਤੇ ਜਨਤਕ ਥਾਵਾਂ 'ਤੇ ਮਾਸਕ ਪਹਿਨਣ ਦੇ ਨਿਰਦੇਸ਼ ਜਾਰੀ ਕੀਤੇ ਹਨ। ਸੂਬੇ ਦੇ ਗ੍ਰਹਿ ਵਿਭਾਗ ਨੇ ਸਾਰੀਆਂ ਡਿਵੀਜ਼ਨਾਂ, ਡਿਪਟੀ ਕਮਿਸ਼ਨਰਾਂ, ਜ਼ੋਨਲ ਪੁਲਿਸ ਦੇ ਆਈ.ਜੀ, ਪੁਲਿਸ ਕਮਿਸ਼ਨਰਾਂ ਤੇ ਸਿਵਲ ਸਰਜਨਾਂ ਨੂੰ ਇਸ ਸਬੰਧੀ ਨੋਟਿਸ ਜਾਰੀ ਕੀਤੇ ਹਨ।

ਹੁਕਮਾਂ ਵਿਚ ਲੋਕਾਂ ਨੂੰ ਸਮਾਜਿਕ ਦੂਰੀ ਬਣਾ ਕੇ ਰੱਖਣ ਦੀਆਂ ਹਦਾਇਤਾਂ ਵੀ ਕੀਤੀਆਂ ਗਈਆਂ ਹਨ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਹੁਕਮਾਂ ਵਿਚ ਕਿਹਾ ਗਿਆ ਹੈ ਕਿ ਇਹ ਦੇਖਣ ਵਿਚ ਆਇਆ ਹੈ ਕਿ ਬਹੁਤ ਸਾਰੇ ਲੋਕ ਕਰੋਨਾ ਦੀ ਰੋਕਥਾਮ ਲਈ ਸੁਝਾਈਆਂ ਗਈਆਂ ਹਦਾਇਤਾਂ ਦੀ ਪਾਲਣਾ ਨਹੀਂ ਕਰ ਰਹੇ। ਹੁਕਮਾਂ 'ਚ ਕਿਹਾ ਗਿਆ ਹੈ ਕਿ ਸਕੂਲਾਂ, ਸਰਕਾਰੀ ਦਫਤਰਾਂ, ਨਿੱਜੀ ਦਫਤਰਾਂ ਅਤੇ ਹੋਰਨਾਂ ਭੀੜ ਭੜੱਕੇ ਵਾਲੀਆਂ ਥਾਵਾਂ



'ਤੇ ਮਾਸਕ ਪਹਿਨਣਾ ਜ਼ਰੂਰੀ ਹੈ। ਸੂਬੇ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਲੰਘੇ ਦਿਨਾਂ ਦੌਰਾਨ ਕਰੋਨਾ ਮਹਾਮਾਰੀ ਦੀ ਸੰਭਾਵੀ ਲਹਿਰ ਦੇ ਮੱਦੇਨਜ਼ਰ ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਸਥਿਤੀ ਦੀ ਸਮੀਖਿਆ ਕਰਨ ਮਗਰੋਂ ਸਿਹਤ ਵਿਭਾਗ ਨੂੰ ਲੋੜੀਂਦੇ ਕਦਮ ਚੁੱਕਣ ਦੀਆਂ ਹਦਾਇਤਾਂ ਦਿੱਤੀਆਂ ਸਨ। ਸੂਬੇ ਵਿਚ ਲੰਘੇ ਇਕ ਮਹੀਨੇ ਤੋਂ ਕਰੋਨਾ ਦੇ ਮਾਮਲਿਆਂ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਪਿਛਲੇ ਇਕ ਹਫਤੇ ਤੋਂ ਤਾਂ ਕਰੋਨਾ ਕਾਰਨ ਮੌਤਾਂ ਵੀ ਹੋ ਰਹੀਆਂ ਹਨ। ਸਿਹਤ ਵਿਭਾਗ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਕਰੋਨਾ ਦੀ ਨਵੀਂ ਲਹਿਰ ਜ਼ਿਆਦਾ ਜਾਨਲੇਵਾ ਨਹੀਂ ਹੈ ਫਿਰ ਵੀ ਸਾਵਧਾਨੀ ਵਰਤਣ ਦੀ ਜ਼ਰੂਰਤ ਹੈ। ਕਰੋਨਾ ਦੀ ਇਸ ਲਹਿਰ ਦੌਰਾਨ ਹਸਪਤਾਲਾਂ 'ਚ ਦਾਖਲ ਹੋਣ ਵਾਲੇ ਗੰਭੀਰ ਮਰੀਜ਼ਾਂ 'ਚ ਵੀ ਕਮੀ ਦੇਖੀ ਗਈ ਹੈ।

ਪੰਜਾਬ ਸਰਕਾਰ ਨੇ ਸੂਬੇ ਵਿਚਲੇ ਸਾਰੇ ਹਸਪਤਾਲਾਂ, ਲੈਬਾਂ, ਸੈਂਪਲ ਇਕੱਠੇ ਕਰਨ ਵਾਲੇ ਸੈਂਟਰਾਂ ਨੂੰ ਹਦਾਇਤ ਕੀਤੀ ਹੈ ਕਿ ਉਹ ਕਰੋਨਾ ਦੀ ਜਾਂਚ ਲਈ ਕੀਤੇ ਜਾਣ ਵਾਲੇ ਟੈਸਟਾਂ ਤੋਂ ਇਲਾਵਾ ਕਰੋਨਾ ਪਾਜ਼ੀਟਿਵ ਤੇ ਨੈਗੇਟਿਵ ਮਰੀਜ਼ਾਂ ਦੀ ਸੂਚੀ ਸਰਕਾਰ ਦੇ ਕੋਵਾ ਪੋਰਟਲ 'ਤੇ ਅਪਲੋਡ ਕਰਨ ਅਤੇ ਨਾਲ ਹੀ ਇਸ ਦੀ ਸੂਚਨਾ ਸਬੰਧਤ ਜ਼ਿਲ੍ਹਾ ਤੇ ਰਾਜ ਕੋਵਿਡ-19 ਸੈੱਲ ਨੂੰ ਦਿੱਤੀ ਜਾਵੇ।

## ਨਸ਼ਿਆਂ ਦੇ ਖਾਤਮੇ ਲਈ ਸਾਂਝੀ ਰਣਨੀਤੀ ਦਾ ਸੱਦਾ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਸਕੱਤਰ ਵਿਜੈ ਕੁਮਾਰ ਜੰਜੂਆ ਨੇ ਨਸ਼ਿਆਂ ਨੂੰ ਰੋਕਣ ਲਈ ਸੂਬਾ ਪੱਧਰੀ ਨਾਰਕੋ ਤਾਲਮੇਲ ਸੈਂਟਰ (ਐਨ.ਸੀ.ਓ.ਆਰ.ਡੀ.) ਦੀ ਮੀਟਿੰਗ ਦੀ ਪ੍ਰਧਾਨਗੀ ਕੀਤੀ। ਉਨ੍ਹਾਂ ਨਸ਼ਿਆਂ ਦੇ ਖਾਤਮੇ ਲਈ ਸਾਂਝੀ ਰਣਨੀਤੀ ਉਲੀਕਣ 'ਤੇ ਜ਼ੋਰ ਦਿੰਦਿਆਂ ਕਿਹਾ ਕਿ ਆਈ.ਜੀ. ਪੱਧਰ ਦਾ ਨੋਡਲ ਅਫਸਰ ਨਾਮਜ਼ਦ ਕੀਤਾ ਜਾਵੇਗਾ, ਜੋ ਜੇਲ੍ਹਾਂ ਨਾਲ ਸਬੰਧਤ ਮਾਮਲਿਆਂ ਵਿਚ ਨਸ਼ਿਆਂ ਦੇ ਕਾਨੂੰਨ ਨੂੰ ਲਾਗੂ ਕਰਨ ਵਾਲੀਆਂ ਸਾਰੀਆਂ ਏਜੰਸੀਆਂ ਨਾਲ ਤਾਲਮੇਲ ਕਰੇਗਾ। ਜੰਜੂਆ ਨੇ ਕਿਹਾ ਕਿ ਸੂਬੇ ਭਰ ਦੇ ਸਾਰੇ ਪੱਬਾਂ ਤੇ ਰੈਸਟੋਰੈਂਟ ਵਿਚ 'ਨਸ਼ਾ ਰੋਕੂ ਬੋਰਡ' ਲਗਾਏ ਜਾਣ। ਉਨ੍ਹਾਂ ਕਿਹਾ ਕਿ ਐਨ.ਸੀ.ਬੀ. ਦੇ ਤਾਲਮੇਲ ਨਾਲ ਸਾਰੇ ਵਿਭਾਗਾਂ ਅਤੇ ਨਸ਼ਾ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਨਸ਼ੀਲੇ ਪਦਾਰਥਾਂ ਦੀ ਤਸਕਰੀ ਨਾਲ ਨਜਿੱਠਣ ਲਈ ਸਿਖਲਾਈ ਸਮੇਤ ਸਮਰੱਥਾ ਨਿਰਮਾਣ ਪ੍ਰੋਗਰਾਮਾਂ 'ਤੇ ਧਿਆਨ ਕੇਂਦਰਿਤ ਕੀਤਾ ਜਾਵੇਗਾ।

# ਪੰਜਾਬ ਦੇ ਸਰਕਾਰੀ ਖਜ਼ਾਨੇ ਨੂੰ ਝਟਕਾ ਲਾਵੇਗੀ ਮੁਫਤ ਬਿਜਲੀ ਦੀ ਸਹੂਲਤ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਪਹਿਲੀ ਜੁਲਾਈ ਤੋਂ ਪ੍ਰਤੀ ਮਹੀਨਾ 300 ਯੂਨਿਟ ਮੁਫਤ ਸਾਰੇ ਘਰੇਲੂ ਖਪਤਕਾਰਾਂ ਨੂੰ ਦੇਣੇ ਸ਼ੁਰੂ ਕਰ ਦਿੱਤੇ ਹਨ। ਭਗਵੰਤ ਮਾਨ ਨੇ ਐਲਾਨ ਕੀਤਾ ਹੈ ਕਿ ਪਹਿਲੀ ਸਤੰਬਰ ਨੂੰ 52 ਲੱਖ ਪਰਿਵਾਰਾਂ ਦਾ ਬਿਜਲੀ ਦਾ ਬਿੱਲ ਜ਼ੀਰੋ ਆਵੇਗਾ, ਹਾਲਾਂਕਿ ਇਸ ਨਾਲ ਸਰਕਾਰੀ ਖਜ਼ਾਨੇ ਨੂੰ ਬਿਜਲੀ ਟੈਕਸਾਂ ਦਾ ਵੱਡਾ ਘਾਟਾ ਵੀ ਪਾਏਗਾ। ਇਸ ਨਾਲ ਪੰਜਾਬ ਸਰਕਾਰ ਦੇ ਖਜ਼ਾਨੇ 'ਤੇ ਜਿਥੇ ਬਿਜਲੀ ਸਬਸਿਡੀ ਦਾ ਬੋਝ ਵਧੇਗਾ, ਉਥੇ ਘਰੇਲੂ ਬਿਜਲੀ ਤੋਂ ਪ੍ਰਾਪਤ ਹੋਣ ਵਾਲੇ ਟੈਕਸ ਵੀ ਮਿਲਣੇ ਬੰਦ ਹੋ ਜਾਣਗੇ। ਪਹਿਲਾਂ ਸਿਰਫ ਐਸ.ਸੀ. ਪਰਿਵਾਰਾਂ ਨੂੰ 200 ਯੂਨਿਟ ਬਿਜਲੀ ਮੁਫਤ ਦੇਣ ਦੀ ਸਹੂਲਤ ਸੀ ਜਿਸ ਦੀ ਸਬਸਿਡੀ ਦਾ ਬਿੱਲ 1600 ਕਰੋੜ ਰੁਪਏ ਸਾਲਾਨਾ ਬਣਦਾ ਸੀ। ਹੁਣ ਜਦੋਂ 'ਆਪ' ਸਰਕਾਰ ਨੇ 300 ਯੂਨਿਟ ਮੁਫ਼ਤ ਦੇਣੇ ਸ਼ੁਰੂ ਕਰ ਦਿੱਤੇ ਹਨ ਤਾਂ ਇਕੱਲੀ ਘਰੇਲੂ ਬਿਜਲੀ ਸਬਸਿਡੀ ਦਾ ਅੰਕੜਾ ਛੇ ਹਜ਼ਾਰ ਤੋਂ ਸਾਢੇ ਛੇ ਹਜ਼ਾਰ ਕਰੋੜ ਰੁਪਏ ਸਾਲਾਨਾ ਬਣਨ ਦੀ ਸੰਭਾਵਨਾ ਹੈ। ਉਂਜ ਖਜ਼ਾਨਾ ਮੰਤਰੀ ਹਰਪਾਲ ਸਿੰਘ ਚੀਮਾ ਆਖਦੇ ਹਨ ਕਿ 1800 ਕਰੋੜ ਦੀ ਸਬਸਿਡੀ ਬਣੇਗੀ। ਪੰਜਾਬ ਸਰਕਾਰ ਦਾ 'ਜ਼ੀਰੋ ਬਿੱਲ' ਅਮਲ 'ਚ ਆਉਣ ਮਗਰੋਂ ਸਾਲਾਨਾ 1320 ਕਰੋੜ ਰੁਪਏ ਦੇ ਬਿਜਲੀ ਟੈਕਸ ਅਤੇ ਸੈੱਸ ਦਾ ਨੁਕਸਾਨ ਹੋਣਾ ਹੈ। ਜੇ ਘਰੇਲੂ ਸਬਸਿਡੀ ਸਾਲਾਨਾ ਛੇ ਹਜ਼ਾਰ ਕਰੋੜ ਵੀ ਮੰਨ ਲਈਏ ਤਾਂ ਉਸ 'ਤੇ ਬਿਜਲੀ ਟੈਕਸ ਤੇ ਸੈੱਸ ਦੀ ਰਾਸ਼ੀ ਸਾਲਾਨਾ 1320 ਕਰੋੜ ਬਣਦੀ ਹੈ ਜੋ ਹੁਣ ਮੁਫ਼ਤ ਯੂਨਿਟ ਮਿਲਣ ਕਰਕੇ ਸਰਕਾਰੀ ਖਜ਼ਾਨੇ ਨੂੰ ਪ੍ਰਾਪਤ ਨਹੀਂ ਹੋਣੀ। ਮਾਹਿਰ ਆਖਦੇ



ਹਨ ਕਿ ਖਜ਼ਾਨੇ ਵਿਚੋਂ ਪੈਸਾ ਨਿਕਲੇਗਾ ਅਤੇ ਟੈਕਸਾਂ ਦਾ ਪੈਸਾ ਵੀ ਨਹੀਂ ਆਵੇਗਾ। ਸ਼ਹਿਰੀ ਖੇਤਰ ਦੇ ਹਰ ਤਰ੍ਹਾਂ ਦੇ ਖਪਤਕਾਰਾਂ ਤੋਂ ਪਹਿਲੀ ਅਪਰੈਲ 2010 ਤੋਂ ਬਿਜਲੀ ਬਿੱਲਾਂ 'ਤੇ 13 ਫ਼ੀਸਦੀ ਬਿਜਲੀ ਕਰ ਵਸੂਲ ਕੀਤਾ ਜਾ ਰਿਹਾ ਹੈ ਅਤੇ ਪੇਂਡੂ ਖੇਤਰ ਦੇ ਸਾਰੇ ਖਪਤਕਾਰਾਂ ਤੋਂ ਪਹਿਲੀ ਅਪਰੈਲ 2018 ਤੋਂ 15 ਫ਼ੀਸਦੀ ਬਿਜਲੀ ਕਰ ਵਸੂਲ ਕੀਤਾ ਜਾ ਰਿਹਾ ਹੈ। ਜੇਕਰ ਸਰਕਾਰ ਮੁਫ਼ਤ ਯੂਨਿਟਾਂ ਦੀ ਥਾਂ ਬਿਜਲੀ ਬਿੱਲ ਭੇਜਦੀ ਤਾਂ ਖਜ਼ਾਨੇ ਨੂੰ 900 ਕਰੋੜ ਰੁਪਏ ਬਿਜਲੀ ਟੈਕਸਾਂ ਦੇ ਰੂਪ ਵਿਚ ਮਿਲਣੇ ਸਨ। ਇਸੇ ਤਰ੍ਹਾਂ ਸਰਕਾਰ ਵੱਲੋਂ 15 ਜੂਨ 2015 ਤੋਂ ਖਪਤਕਾਰਾਂ 'ਤੇ 5 ਫ਼ੀਸਦੀ 'ਬੁਨਿਆਦੀ ਢਾਂਚਾ ਵਿਕਾਸ ਫ਼ੀਸ' ਲਗਾਈ ਗਈ ਸੀ ਅਤੇ 1 ਨਵੰਬਰ 2017 ਤੋਂ ਦੋ ਫ਼ੀਸਦੀ ਮਿਊਂਸਪਲ ਟੈਕਸ ਲਗਾਇਆ ਗਿਆ ਸੀ। ਇਨ੍ਹਾਂ ਸੱਤ ਫ਼ੀਸਦੀ ਟੈਕਸਾਂ ਦੀ ਵੀ ਹੁਣ ਵਸੂਲੀ ਨਹੀਂ ਹੋਵੇਗੀ ਜੋ ਸਾਲਾਨਾ 420 ਕਰੋੜ ਰੁਪਏ ਬਣਦੇ ਹਨ। ਇਸ ਤੋਂ ਬਿਨਾਂ ਗਊ ਸੈੱਸ ਦੀ ਵਸੂਲੀ ਵੀ ਘਟੇਗੀ।

# ਭਗਵੰਤ ਮਾਨ ਨੇ ਮੈਡੀਕਲ ਕਾਲਜਾਂ ਦੇ ਉਸਾਰੀ ਕਾਰਜਾਂ ਦਾ ਜਾਇਜ਼ਾ ਲਿਆ

**ਚੰਡੀਗੜ੍ਹ:** ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਸੰਗਰੂਰ, ਐਸ.ਏ.ਐਸ.ਨਗਰ, ਕਪੂਰਥਲਾ, ਹੁਸ਼ਿਆਰਪੁਰ ਤੇ ਮਾਲੇਰਕੋਟਲਾ ਵਿਚ ਬਣਨ ਵਾਲੇ ਪੰਜ ਨਵੇਂ ਮੈਡੀਕਲ ਕਾਲਜਾਂ ਦੇ ਉਸਾਰੀ ਕਾਰਜਾਂ ਦਾ ਜਾਇਜ਼ਾ ਲੈਣ ਲਈ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰ ਦੇ ਡਾਕਟਰ ਤਿਆਰ ਕਰਨ ਲਈ ਸੂਬੇ ਦੀ ਸ਼ਾਨਦਾਰ ਵਿਰਾਸਤ ਹੈ। ਮੁੱਖ ਮੰਤਰੀ ਨੇ ਅਫਸੋਸ ਜ਼ਾਹਿਰ ਕੀਤਾ ਕਿ ਸੂਬੇ ਵਿਚ ਪਿਛਲੀਆਂ ਸਰਕਾਰਾਂ ਨੇ ਪੰਜਾਬ ਵਿਚ ਉਚ ਦਰਜੇ ਦੇ ਮੈਡੀਕਲ ਕਾਲਜ ਸਥਾਪਤ ਕਰਨ ਵੱਲ ਧਿਆਨ ਨਹੀਂ ਦਿੱਤਾ, ਜਿਸ ਕਰਕੇ ਵੱਡੀ ਗਿਣਤੀ ਵਿਦਿਆਰਥੀਆਂ ਨੂੰ ਵਿਦੇਸ਼ ਜਾਣਾ ਪੈਂਦਾ ਹੈ। ਇਕ ਹੋਰ ਏਜੰਡੇ 'ਤੇ ਗੱਲਬਾਤ ਕਰਦਿਆਂ ਭਗਵੰਤ ਮਾਨ ਨੇ ਆਦੇਸ਼ ਦਿੱਤੇ ਕਿ ਮੈਡੀਕਲ ਕਾਲਜ, ਸੰਗਰੂਰ ਲਈ ਅਸਾਮੀਆਂ ਸਿਰਜਣ ਦੀ ਪ੍ਰਕਿਰਿਆ ਛੇਤੀ ਪੂਰੀ ਕੀਤੀ ਜਾਵੇ।

ਉਨ੍ਹਾਂ ਕਿਹਾ ਕਿ ਅਗਲੇ ਸੈਸ਼ਨ ਤੋਂ ਦਾਖਲੇ ਸਮੇਂ ਸਿਰ ਸ਼ੁਰੂ ਕਰਨ ਨੂੰ ਯਕੀਨੀ ਬਣਾਇਆ ਜਾਵੇ। ਮੁਹਾਲੀ 'ਚ ਬਣਨ ਵਾਲੇ ਮੈਡੀਕਲ ਕਾਲਜ ਲਈ ਮੁੱਖ ਮੰਤਰੀ ਨੇ ਅਗਲੇ ਸਾਲ ਲਈ ਲੋੜ ਮੁਤਾਬਕ ਹੋਰ ਹਸਪਤਾਲ ਤੇ ਹੋਸਟਲਾਂ ਦੀ ਪਹਿਲ ਦੇ ਆਧਾਰ 'ਤੇ ਉਸਾਰੀ ਨੂੰ ਸਮਾਂ ਬੱਧ ਕਰਦੇ ਹੋਏ ਤੇਜ਼ੀ ਲਿਆਉਣ ਦੇ ਹੁਕਮ ਦਿੱਤੇ ਹਨ। ਉਨ੍ਹਾਂ ਲੋਕ ਨਿਰਮਾਣ ਵਿਭਾਗ ਨੂੰ ਕਪੂਰਥਲਾ ਤੇ ਹੁਸ਼ਿਆਰਪੁਰ ਦੇ ਮੈਡੀਕਲ ਕਾਲਜਾਂ ਨੂੰ



ਅਪਗ੍ਰੇਡ ਕਰਨ ਤੇ ਨਿਰਮਾਣ ਕਾਰਜਾਂ ਲਈ ਟੈਂਡਰ ਜਾਰੀ ਦੀ ਪ੍ਰਕਿਰਿਆ ਵਿਚ ਤੇਜ਼ੀ ਲਿਆਉਣ ਲਈ ਕਿਹਾ। ਉਨ੍ਹਾਂ ਵਿਭਾਗ ਨੂੰ ਹਦਾਇਤ ਕੀਤੀ ਕਿ ਮੈਡੀਕਲ ਕਾਲਜ ਮਾਲੇਰਕੋਟਲਾ ਦਾ ਕੰਮ ਤੁਰਤ ਸ਼ੁਰੂ ਕਰਨ ਲਈ ਲੋੜੀਂਦੀ ਪ੍ਰਕਿਰਿਆ ਪੂਰੀ ਕੀਤੀ ਜਾਵੇ।

## ਟੈਕਸ ਡਿਫਾਲਟਰਾਂ ਤੋਂ 39 ਕਰੋੜ ਰੁਪਏ ਦੀ ਵਸੂਲੀ

**ਚੰਡੀਗੜ੍ਹ:** ਪੰਜਾਬ ਦੇ ਟੈਕਸ ਡਿਫਾਲਟਰਾਂ ਤੋਂ ਰਿਕਵਰੀ ਲਈ ਚਲਾਈ ਗਈ 'ਐਮਨੈਸਟੀ' ਸਕੀਮ ਤਹਿਤ ਕਰੀਬ 39 ਕਰੋੜ ਰੁਪਏ ਦੀ ਵਸੂਲੀ ਹੋਈ ਹੈ। ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਦੱਸਿਆ ਕਿ ਸਰਕਾਰ ਨੇ ਤਿੰਨ ਮਹੀਨੇ ਦੀ ਮਿਆਦ ਵਾਲੀ ਇਹ ਸਕੀਮ 6 ਮਈ, 2022 ਨੂੰ ਆਰੰਭੀ ਗਈ ਸੀ, ਜਿਸ ਤਹਿਤ ਹੁਣ ਤੱਕ 38.93 ਕਰੋੜ ਰੁਪਏ ਦੀ ਰਿਕਵਰੀ ਕੀਤੀ ਗਈ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਟੈਕਸ ਡਿਫਾਲਟਰਾਂ ਵੱਲ ਸਰਕਾਰ ਦੇ 64.84 ਕਰੋੜ ਰੁਪਏ ਬਕਾਇਆ ਸਨ, ਜਿਸ ਦੇ ਸਨਮੁਖ ਉਨ੍ਹਾਂ ਨੂੰ ਰਾਹਤ ਦੇਣ ਲਈ ਇਹ ਸਕੀਮ ਚਲਾਈ ਗਈ ਸੀ। ਟਰਾਂਸਪੋਰਟ ਮੰਤਰੀ ਨੇ ਕਿਹਾ ਕਿ ਜਿਹੜੇ ਡਿਫਾਲਟਰਾਂ ਨੇ ਹੁਣ ਤੱਕ ਬਕਾਏ ਦੀ ਅਦਾਇਗੀ ਨਹੀਂ ਕੀਤੀ, ਉਨ੍ਹਾਂ ਵਿਰੁੱਧ ਸਖਤ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ।

# ਪੰਜਾਬ ਵਿਚ ਹੁਣ ਰੇਤ ਮਾਫੀਆ ਨੂੰ ਨੱਥ ਪਾਵੇਗੀ ਭਗਵੰਤ ਮਾਨ ਸਰਕਾਰ

**ਚੰਡੀਗੜ੍ਹ:** ਪੰਜਾਬ ਸਰਕਾਰ ਨੇ ਖਣਨ ਨੀਤੀ-2021 ਵਿਚ ਸੋਧ ਨੂੰ ਪ੍ਰਵਾਨਗੀ ਦਿੰਦਿਆਂ ਸੂਬੇ ਵਿਚ ਰੇਤੇ ਦੀ ਕੀਮਤ 9 ਰੁਪਏ ਪ੍ਰਤੀ ਘਣ ਫੁੱਟ ਅਤੇ ਬਜਰੀ ਦੀ ਕੀਮਤ 20 ਰੁਪਏ ਪ੍ਰਤੀ ਘਣ ਫੁੱਟ ਤੈਅ ਕਰ ਦਿੱਤੀ ਹੈ। ਸਰਕਾਰ ਨੇ ਨਾਲ ਹੀ ਨਵੀਂ ਕਰੱਸ਼ਰ ਨੀਤੀ ਨੂੰ ਪ੍ਰਵਾਨਗੀ ਦੇ ਵੀ ਦਿੱਤੀ ਹੈ।

ਇਹ ਫੈਸਲਾ ਚੰਡੀਗੜ੍ਹ ਸਥਿਤ ਪੰਜਾਬ ਸਿਵਲ ਸਕੱਤਰੇਤ-1 'ਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਿਆ ਗਿਆ। ਪੰਜਾਬ ਦੇ ਖਣਨ, ਸਿੱਖਿਆ ਅਤੇ ਜੇਲ੍ਹ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਪੰਜਾਬ ਸਰਕਾਰ ਨੇ ਸੂਬੇ ਦੇ ਲੋਕਾਂ ਨੂੰ ਸਸਤਾ ਰੇਤਾ, ਬਜਰੀ ਮੁਹੱਈਆ ਕਰਵਾਉਣ ਅਤੇ ਸੂਬੇ ਵਿਚੋਂ ਰੇਤ ਮਾਫੀਆ ਖਤਮ ਕਰਨ ਦਾ ਵਾਅਦਾ ਕੀਤਾ ਸੀ। ਉਸੇ ਵਾਅਦੇ ਨੂੰ ਪੂਰਾ ਕਰਦਿਆਂ ਪੰਜਾਬ ਸਰਕਾਰ ਨੇ ਖਣਨ ਨੀਤੀ-2021 ਵਿਚ ਸੋਧ ਕੀਤੀ ਹੈ। ਇਸ ਦੇ ਨਾਲ ਹੀ ਰੇਤੇ ਦੀ ਕੀਮਤ 5.50 ਰੁਪਏ ਪ੍ਰਤੀ ਘਣ ਫੁੱਟ ਤੋਂ ਵਧਾ ਕੇ 9 ਰੁਪਏ ਪ੍ਰਤੀ ਘਣ ਫੁੱਟ ਤੈਅ ਕੀਤੀ ਹੈ, ਜਦਕਿ ਰੇਤ ਖੱਡ ਤੋਂ ਘਰ ਤੱਕ ਪਹੁੰਚਣ ਵਾਲੀ ਟਰਾਂਸਪੋਰਟੇਸ਼ਨ ਦਾ ਖਰਚਾ ਵੱਖਰਾ ਹੋਵੇਗਾ।

ਉਨ੍ਹਾਂ ਕਿਹਾ ਕਿ ਸਾਬਕਾ ਮੁੱਖ ਮੰਤਰੀ



ਚਰਨਜੀਤ ਸਿੰਘ ਚੰਨੀ ਨੇ ਸਿਰਫ ਰੇਤੇ ਦੀ ਕੀਮਤ 5.50 ਰੁਪਏ ਕਰਨ ਦਾ ਐਲਾਨ ਕੀਤਾ ਸੀ ਪਰ ਹਕੀਕਤ 'ਚ ਰੇਤਾ 40 ਤੋਂ 45 ਰੁਪਏ ਫੁੱਟ ਦੇ ਹਿਸਾਬ ਨਾਲ ਮਿਲ ਰਿਹਾ ਸੀ। ਉਨ੍ਹਾਂ ਕਿਹਾ ਕਿ ਸ੍ਰੀ ਚੰਨੀ ਨੇ ਰੇਤੇ ਤੋਂ ਸਰਕਾਰ ਨੂੰ ਮਿਲਣ ਵਾਲੀ ਰਾਇਲਟੀ ਵੀ 2.40 ਰੁਪਏ ਪ੍ਰਤੀ ਘਣ ਫੁੱਟ ਤੋਂ ਘਟਾ ਕੇ 70 ਪੈਸੇ ਕਰ ਦਿੱਤੀ ਸੀ। ਉਸ ਨੂੰ ਵੀ ਹੁਣ ਵਧਾ ਕੇ 2.40 ਪੈਸੇ ਕੀਤਾ ਗਿਆ ਹੈ। ਵਪਾਰਕ ਢਾਂਚੇ ਦੇ ਪ੍ਰੋਜੈਕਟਾਂ ਦੀ ਉਸਾਰੀ ਲਈ ਵਰਤੀ ਜਾਣ ਵਾਲੀ ਸਾਧਾਰਨ ਮਿੱਟੀ ਦੀ ਰਾਇਲਟੀ ਦਰ 10 ਰੁਪਏ ਪ੍ਰਤੀ ਟਨ ਰੱਖੀ ਗਈ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਬਜਰੀ ਦੀ ਕੀਮਤ ਵੀ 17.50 ਰੁਪਏ ਪ੍ਰਤੀ ਘਣ ਫੁੱਟ ਤੋਂ 20 ਰੁਪਏ ਪ੍ਰਤੀ ਘਣ ਫੁੱਟ ਤੈਅ ਕਰ ਦਿੱਤੀ ਹੈ। ਸ੍ਰੀ ਬੈਂਸ ਨੇ ਕਿਹਾ ਕਿ ਨਵੀਂ ਨੀਤੀ ਮੁਤਾਬਕ ਗੈਰ-ਕਾਨੂੰਨੀ ਮਾਈਨਿੰਗ ਰੋਕਣ ਲਈ ਕਰੱਸ਼ਰਾਂ ਨੂੰ ਪੰਜ ਹੈਕਟੇਅਰ ਜਾਂ ਪੰਜ ਹੈਕਟੇਅਰ ਦੇ ਗੁਣਾਂਕ ਨਾਲ ਮਾਈਨਿੰਗ ਸਾਈਟ ਅਲਾਟ ਕੀਤੀ ਜਾਵੇਗੀ। ਇਹ ਠੇਕਾ ਤਿੰਨ ਸਾਲਾਂ ਲਈ ਹੋਵੇਗਾ, ਜਿਸ ਨੂੰ ਚਾਰ ਸਾਲ ਤੱਕ ਵਧਾਇਆ ਜਾ ਸਕਦਾ ਹੈ, ਬਸ਼ਰਤੇ ਸਾਈਟ ਉਤੇ ਸਮੱਗਰੀ ਮੁਹੱਈਆ ਹੋਵੇ। ਕਰੱਸ਼ਰਾਂ ਵਿਚੋਂ ਨਿਕਲਣ ਵਾਲੀ ਸਮੱਗਰੀ 'ਤੇ ਇਕ ਰੁਪਏ ਘਣ ਫੁੱਟ ਵਾਤਾਵਰਣ ਚਾਰਜ ਵਸੂਲਿਆ ਜਾਵੇਗਾ, ਜਿਸ ਨਾਲ ਸੂਬੇ ਦੇ ਖਜ਼ਾਨੇ 'ਚ 225 ਕਰੋੜ ਰੁਪਏ ਦਾ ਮਾਲੀਆ ਵਧੇਗਾ। ਗੈਰ-ਕਾਨੂੰਨੀ ਖਣਨ ਨੂੰ ਠੱਲ੍ਹ ਪਾਉਣ ਲਈ ਖਣਨ ਵਾਲੀ ਥਾਂ ਦੇ ਨਾਲ-ਨਾਲ ਕਰੱਸ਼ਰਾਂ 'ਤੇ ਸੀ.ਸੀ.ਟੀ.ਵੀ. ਕੈਮਰਿਆਂ ਤੋਂ ਇਲਾਵਾ ਵਜ਼ਨ ਬ੍ਰਿਜ ਲਾਉਣਾ ਲਾਜ਼ਮੀ ਕੀਤਾ ਗਿਆ ਹੈ। ਕਰੱਸ਼ਰ ਤੋਂ ਮਾਲ ਦੀ ਵਿਕਰੀ ਦੀ ਸਮੁੱਚੀ ਪ੍ਰਕਿਰਿਆ ਦੀ ਨਿਗਰਾਨੀ ਆਨਲਾਈਨ ਪੋਰਟਲ ਰਾਹੀਂ ਹੋਵੇਗੀ। ਰਜਿਸਟਰੇਸ਼ਨ ਫੀਸ 10 ਹਜ਼ਾਰ ਤੋਂ ਵਧਾ ਕੇ ਇਕ ਲੱਖ ਰੁਪਏ ਕਰ ਦਿੱਤੀ ਹੈ। ਕਰੱਸ਼ਰ ਯੂਨਿਟਾਂ ਦੀ ਸਕਿਓਰਿਟੀ ਵੀ ਤਿੰਨ ਲੱਖ ਤੋਂ ਵਧਾ ਕੇ ਪੰਜ ਲੱਖ ਰੁਪਏ ਕੀਤੀ ਜਾਵੇਗੀ। ਕਰੱਸ਼ਰ ਮਾਲਕਾਂ ਨੂੰ ਮਾਸਿਕ ਰਿਟਰਨ ਭਰਨੀ ਜ਼ਰੂਰੀ ਹੋਵੇਗੀ।

## ਰੇਟ ਵਧਾ ਕੇ ਲੋਕਾਂ 'ਤੇ ਭਾਰ ਪਾਇਆ ਜਾ ਰਿਹਾ: ਵੜਿੰਗ

**ਰੂਪਨਗਰ:** ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਹੈ ਕਿ ਆਪ ਸਰਕਾਰ ਵੱਲੋਂ ਕਾਂਗਰਸ ਦੁਆਰਾ ਰੇਤੇ ਦਾ ਤੈਅ ਕੀਤਾ ਗਿਆ ਰੇਟ 5 ਰੁਪਏ ਤੋਂ ਵਧਾ ਕੇ 9 ਰੁਪਏ ਕਰ ਦਿੱਤਾ ਗਿਆ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ 20 ਹਜ਼ਾਰ ਕਰੋੜ ਰੁਪਏ ਦੇ ਮਾਲੀਏ ਦਾ ਟੀਚਾ ਪੂਰਾ ਕਰਨ ਲਈ ਪੰਜਾਬ ਦੇ ਗਰੀਬ ਲੋਕਾਂ 'ਤੇ ਭਾਰ ਪਾ ਰਹੀ ਹੈ। 'ਆਪ' ਸਰਕਾਰ 'ਤੇ ਵਰ੍ਹਦਿਆਂ ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਹਰ ਮੋਰਚੇ 'ਤੇ ਬੁਰੀ ਤਰ੍ਹਾਂ ਫੇਲ੍ਹ ਸਾਬਤ ਹੋ ਰਹੀ ਹੈ ਅਤੇ ਉਸ ਵੱਲੋਂ ਦਿੱਤੀਆਂ ਗਾਰੰਟੀਆਂ ਪੂਰੀਆਂ ਨਾ ਹੋਣ ਕਾਰਨ 'ਆਪ' ਆਗੂ ਚੁਫੇਰਿਉਂ ਘਿਰਦੇ ਹੋਏ ਨਜ਼ਰ ਆ ਰਹੇ ਹਨ।

ਪੰਜਾਬ ਟਾਈਮਜ਼

*ਸਨਿਚਰਵਾਰ, 20 ਅਗਸਤ 2022*

## ਚੀਸ ਬਨਾਮ ਹਾਕ

ਸੰਨ ਸੰਤਾਲੀ ਵਿਚ ਹੋਈ ਕਤਲੋ-ਗਾਰਤ ਅਤੇ ਉਜਾੜੇ ਵਾਲੀ ਚੀਸ ਪੌਣੀ ਸਦੀ ਬਾਅਦ ਹੁਣ ਹਾਕ ਬਣ ਗਈ ਹੈ। ਬਿਨਾ ਸ਼ੱਕ ਐਤਕੀਂ ਵੰਡ ਦੀ ਇਹ ਵਰ੍ਹੇਗੰਢ ਜਿਸ ਨੂੰ ਭਾਰਤ ਆਜ਼ਾਦੀ ਦੇ ਜਸ਼ਨਾਂ ਵਜੋਂ ਮਨਾਉਂਦਾ ਹੈ, ਨਿਵੇਕਲੀ ਅਤੇ ਨਿਆਰੀ ਹੋ ਨਿੱਬੜੀ ਹੈ। ਇਤਿਹਾਸਕ ਤੌਰ 'ਤੇ ਇਹ ਵੀ ਸਚਾਈ ਹੈ ਕਿ ਉਸ ਵਕਤ ਭਾਰਤ ਦੀ ਨਹੀਂ, ਸਿਰਫ ਪੰਜਾਬ ਅਤੇ ਬੰਗਾਲ ਦੀ ਵੰਡ ਹੋਈ ਸੀ। ਬੰਗਾਲ ਵਿਚ ਆਬਾਦੀ ਦਾ ਤਬਾਦਲਾ ਖ਼ੂੰਖਾਰ ਨਹੀਂ ਸੀ ਪਰ ਪੰਜਾਬ ਵਿਚ ਉਸ ਵਕਤ ਜੋ ਕਤਲੋ-ਗਾਰਤ ਹੋਈ, ਉਸ ਦੀ ਮਿਸਾਲ ਅੱਜ ਤੱਕ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਇਸ ਕਤਲੋ-ਗਾਰਤ ਵਿਚ ਕੁਝ ਹੀ ਦਿਨਾਂ ਅੰਦਰ 10 ਲੱਖ ਜਾਨਾਂ ਚਲੀਆਂ ਗਈਆਂ ਸਨ ਅਤੇ ਲੱਖਾਂ ਹੋਰ ਉਜੜ ਗਏ ਸਨ। ਇਸ ਕਤਲੋ-ਗਾਰਤ ਦੌਰਾਨ ਔਰਤਾਂ ਅਤੇ ਬੱਚਿਆਂ ਨੂੰ ਜੋ ਮੁਸੀਬਤਾਂ ਝੱਲਣੀਆਂ ਪਈਆਂ, ਉਨ੍ਹਾਂ ਬਾਰੇ ਸੋਚ ਕੇ ਰੂਹ ਤੱਕ ਕੰਬ ਉਠਦੀ ਹੈ। ਉਸ ਵਕਤ ਧਰਮ ਦੇ ਨਾਂ ਉਤੇ ਬੰਦਾ ਇੰਨਾ ਕਰੂਰ ਅਤੇ ਜ਼ਾਲਮ ਹੋ ਨਿੱਬਿੜਿਆ ਸੀ ਕਿ ਮਨੁੱਖਤਾ ਨੂੰ ਵੀ ਭੁੱਲ ਗਿਆ ਸੀ। ਉਦੋਂ ਦੇ ਇਨ੍ਹਾਂ ਹਾਲਾਤ ਬਾਰੇ ਲੱਖਾਂ ਸਫੇ ਲਿਖੇ ਜਾ ਚੁੱਕੇ ਹਨ ਜਿਨ੍ਹਾਂ ਵਿਚ ਉਨ੍ਹਾਂ ਬੁਰੇ ਵਕਤਾਂ ਦੀਆਂ ਚੀਸਾਂ ਪਰੋਈਆਂ ਹੋਈਆਂ ਹਨ ਪਰ ਇਸ ਸਬੰਧੀ ਵੱਡੇ ਪੱਧਰ 'ਤੇ ਹਾਕ ਸਿਰਫ ਐਤਕੀਂ ਹੀ ਸੁਣਾਈ ਦਿੱਤੀ ਹੈ। ਇਸ ਲਈ ਦੋਹਾਂ ਪਾਸਿਆਂ ਦੇ ਪੰਜਾਬਾਂ ਲਈ ਐਤਕੀਂ 14-15 ਅਗਸਤ ਵੱਖਰਾ ਸੁਨੇਹਾ ਲੈ ਕੇ ਆਇਆ ਹੈ। ਦੋਹਾਂ ਪੰਜਾਬਾਂ ਵਿਚਕਾਰ ਸਾਂਝ ਦੀਆਂ ਹੂਕਾਂ ਤਾਂ ਪਹਿਲਾਂ ਵੀ ਉਠਦੀਆਂ ਰਹੀਆਂ ਹਨ ਪਰ ਹੂਕਾਂ ਅਤੇ ਕੂਕਾਂ ਪਹਿਲਾਂ ਆਮ ਕਰਕੇ ਅਣਸੁਣੀਆਂ ਹੀ ਰਹਿ ਜਾਂਦੀਆਂ ਸਨ। ਐਤਕੀਂ ਪੰਜਾਬੀਆਂ ਦੀ ਇਹ ਹੂਕ ਅਤੇ ਹਾਕ ਸਮੁੱਚੇ ਸੰਸਾਰ ਨੇ ਸੁਣੀ ਹੈ ਅਤੇ ਭਰਵਾਂ ਹੁੰਗਾਰਾ ਵੀ ਭਰਿਆ ਹੈ।

ਇਹ ਵੀ ਸਚਾਈ ਹੈ ਕਿ ਪਹਿਲਾਂ ਉਠਦੀ ਹੂਕ ਨੂੰ ਪਹਿਲਾਂ ਵੀ ਹੁੰਗਾਰਾ ਮਿਲਦਾ ਰਿਹਾ ਹੈ, ਭਾਵੇਂ ਇਹ ਸੀਮਤ ਹੀ ਹੁੰਦਾ ਸੀ। ਅਸਲ ਵਿਚ ਇਹ ਹੁੰਗਾਰਾ ਭਰਨ ਵਾਲੇ ਸਿਰਫ ਆਮ ਲੋਕ ਸਨ। ਦੋਹਾਂ ਪਾਸਿਆਂ ਦੀਆਂ ਸਰਕਾਰਾਂ ਨੇ ਇਸ ਹੂਕ ਨੂੰ ਕਦੀ ਹੁੰਗਾਰਾ ਨਹੀਂ ਭਰਿਆ ਸਗੋਂ ਦੋਹਾਂ ਮੁਲਕਾਂ ਦੀਆਂ ਸਰਕਾਰਾਂ ਦੁਸ਼ਮਣੀ ਨੂੰ ਅੱਗੇ ਰੱਖ ਕੇ ਆਪੋ-ਆਪਣੀਆਂ ਸਿਆਸਤ ਚਲਾਉਂਦੀਆਂ ਰਹੀਆਂ ਹਨ। ਜਦੋਂ ਤੋਂ 2014 ਤੋਂ ਕੇਂਦਰ ਵਿਚ ਭਾਰਤੀ ਜਨਤਾ ਪਾਰਟੀ ਸੱਤਾ ਵਿਚ ਆਈ ਹੈ, ਨਫਰਤ ਅਤੇ ਦੁਸ਼ਮਣੀ ਵਾਲਾ ਇਹ ਬਿਰਤਾਂਤ ਦੂਣ ਸਵਾਇਆ ਹੋ ਗਿਆ ਹੈ। ਭਾਰਤੀ ਜਨਤਾ ਪਾਰਟੀ ਅਤੇ ਇਸ ਦੀ ਸਰਪ੍ਰਸਤ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐਸ.ਐਸ.) ਦੀ ਸਮੁੱਚੀ ਸਿਆਸਤ ਦਾ ਧੁਰਾ ਮੁਸਲਮਾਨਾਂ ਖਿਲਾਫ ਨਫਰਤ ਹੈ। ਜਦੋਂ 1990ਵਿਆਂ ਵਿਚ ਭਾਜਪਾ ਆਗੂ ਅਟਲ ਬਿਹਾਰੀ ਵਾਜਪਾਈ ਦੀ ਸਰਕਾਰ ਬਣੀ ਸੀ ਤਾਂ ਪੂਰਨ ਬਹੁਮਤ ਨਾ ਹੋਣ ਕਾਰਨ ਇਸ ਨੇ ਆਪਣਾ ਹਿੰਦੂਤਵੀ ਏਜੰਡਾ ਬਹੁਤਾ ਜ਼ਾਹਿਰ ਨਹੀਂ ਸੀ ਕੀਤਾ ਪਰ ਜਦੋਂ 2014 ਵਿਚ ਭਾਜਪਾ ਨੂੰ ਪੂਰਨ ਬਹੁਮਤ ਮਿਲ ਗਿਆ ਤਾਂ ਇਸ ਨੇ ਸਭ ਤੋਂ ਪਹਿਲਾ ਕੰਮ ਵਿਰੋਧੀ ਧਿਰ ਨੂੰ ਕਮਜ਼ੋਰ ਕਰਨ ਦਾ ਕੀਤਾ। ਇਉਂ ਆਪਣੇ ਪੰਜ ਸਾਲਾਂ ਦੇ ਕਾਰਜਕਾਲ ਦੌਰਾਨ ਵਿਰੋਧੀ ਧਿਰ ਨੂੰ ਇਕ ਤਰ੍ਹਾਂ ਨਾਲ ਧੂੜ ਚਟਾ ਦਿੱਤੀ ਗਈ। ਫਿਰ ਜਦੋਂ 2019 ਵਿਚ ਲੋਕ ਸਭਾ ਚੋਣਾਂ ਹੋਈਆਂ ਤਾਂ ਭਾਰਤੀ ਜਨਤਾ ਪਾਰਟੀ ਨੇ ਪਹਿਲਾਂ ਨਾਲੋਂ ਵੀ ਵੱਧ ਸੀਟਾਂ ਲੈ ਕੇ ਜਿੱਤ ਹਾਸਲ ਕੀਤੀ। ਇਸ ਤੋਂ ਬਾਅਦ ਤਾਂ ਫਿਰ ਹਿੰਦੂਤਵੀ ਅਤੇ ਫਿਰਕੂ ਏਜੰਡੇ ਦੀ ਹਨੇਰੀ ਹੀ ਚਲਾ ਦਿੱਤੀ ਗਈ। ਮੁਸਲਮਾਨਾਂ ਨੂੰ ਗਿਣ-ਮਿਥ ਕੇ ਨਿਸ਼ਾਨਾ ਬਣਾਇਆ ਜਾਣ ਲੱਗਾ।

ਹੁਣ ਹਾਲ ਇਹ ਹੈ ਕਿ ਆਪਣੀਆਂ ਅੰਦਰੂਨੀ ਕਮਜ਼ੋਰੀਆਂ ਅਤੇ ਕਲੇਸ਼ ਕਾਰਨ ਮੁੱਖ ਵਿਰੋਧੀ ਧਿਰ ਕਾਂਗਰਸ ਨਿੱਸਲ ਹੋਈ ਪਈ ਹੈ। ਭਾਰਤੀ ਜਨਤਾ ਪਾਰਟੀ ਨੂੰ ਜੇ ਕਿਤਿਉਂ ਵਿਰੋਧ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤਾਂ ਇਹ ਸਿਰਫ ਖੇਤਰੀ ਪਾਰਟੀਆਂ ਹਨ। ਪੰਜਾਬ ਵਿਚ ਭਾਵੇਂ ਸ਼੍ਰੋਮਣੀ ਅਕਾਲੀ ਦਲ ਤਕੜੀ ਖੇਤਰੀ ਪਾਰਟੀ ਵਜੋਂ ਲਗਾਤਾਰ ਹਾਜ਼ਰੀ ਲੁਆਉਂਦਾ ਰਿਹਾ ਹੈ ਪਰ ਇਸ ਦੀ ਭਾਰਤੀ ਜਨਤਾ ਪਾਰਟੀ ਨਾਲ ਸਿਆਸੀ ਸਾਂਝ ਨੇ ਢਾਈ ਦਹਾਕਿਆਂ ਬਾਅਦ ਪਾਸੇ ਹੀ ਪਲਟ ਦਿੱਤੇ ਹਨ। ਇਨ੍ਹਾਂ ਢਾਈ ਦਹਾਕਿਆਂ ਦੌਰਾਨ ਅਕਾਲੀ ਦਲ ਭਾਰਤੀ ਜਨਤਾ ਪਾਰਟੀ ਨੂੰ ਬਿਨਾ ਸ਼ਰਤ ਹਮਾਇਤ ਦਿੰਦਾ ਰਿਹਾ ਹੈ। ਇਸ ਦੇ ਨਾਲ-ਨਾਲ ਅਕਾਲੀ ਦਲ ਦੀ ਸਿਆਸਤ ਵਿਚ ਹੌਲੀ-ਹੌਲੀ ਪਰਿਵਾਰਵਾਦ ਭਾਰੂ ਹੁੰਦਾ ਗਿਆ ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਸਰਪ੍ਰਸਤੀ ਹੇਠ ਅਕਾਲੀ ਦਲ ਦਾ ਸਮੁੱਚਾ ਸਰੂਪ ਹੀ ਬਦਲ ਗਿਆ। ਜਿਹੜਾ ਅਕਾਲੀ ਦਲ ਸੂਬਿਆਂ ਲਈ ਵੱਧ ਹੱਕਾਂ ਦੀ ਗੱਲ ਕਰਦਾ ਸੀ, ਉਹ ਭਾਰਤੀ ਜਨਤਾ ਪਾਰਟੀ ਨਾਲ ਹੱਥ ਮਿਲਾਉਣ ਤੋਂ ਬਾਅਦ ਅਜਿਹੀਆਂ ਮੰਗਾਂ ਬਾਰੇ ਖਾਮੋਸ਼ ਹੀ ਹੋ ਗਿਆ। ਇਸ ਦਾ ਸਿੱਟਾ ਇਹ ਨਿੱਕਲਿਆ ਕਿ ਹੁਣ ਜਦੋਂ ਭਾਰਤੀ ਜਨਤਾ ਪਾਰਟੀ ਦੀ ਕੇਂਦਰੀਕਰਨ ਦੀ ਹਨੇਰੀ ਝੁੱਲ ਰਹੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਦੀ ਕਿਤੇ ਗਿਣਤੀ ਨਹੀਂ ਹੋ ਰਹੀ।

ਮੁਲਕ ਦੇ ਅਜਿਹੇ ਹਾਲਾਤ ਵੇਲੇ ਜੇ ਆਜ਼ਾਦੀ ਦੇ ਜਸ਼ਨਾਂ ਦੇ ਨਾਲ-ਨਾਲ ਪੰਜਾਬ ਦੀ ਵੰਡ ਮੌਕੇ ਪੰਜਾਬੀਆਂ ਦੇ ਹੰਢਾਏ ਦੁਖੜਿਆਂ ਦੀ ਗੱਲ ਚਲਦੀ ਹੈ ਤਾਂ ਇਸ ਨੂੰ ਸ਼ੁਭ ਸ਼ਗਨ ਸਮਝਣਾ ਚਾਹੀਦਾ ਹੈ। ਪੰਜਾਬ ਨਾਲ ਤਿਹੁ ਰੱਖਣ ਵਾਲੇ ਵਿਦਵਾਨ ਇਹ ਵਿਚਾਰ ਪਹਿਲਾਂ ਹੀ ਪ੍ਰਗਟ ਕਰ ਚੁੱਕੇ ਹਨ ਕਿ ਜੇਕਰ ਦੋਹਾਂ ਪੰਜਾਬਾਂ ਵਿਚਕਾਰ ਸਾਂਝ ਵਧਦੀ ਹੈ ਤਾਂ ਦੋਹਾਂ ਧਿਰਾਂ ਨੂੰ ਵਪਾਰਕ ਤੌਰ 'ਤੇ ਤਾਂ ਫਾਇਦਾ ਹੋਵੇਗਾ ਹੀ, ਮੁਲਕ ਦੇ ਪੱਧਰ 'ਤੇ ਵੀ ਦੋਵੇਂ ਮੁਲਕ ਨੇੜੇ ਆ ਸਕਦੇ ਹਨ। ਅਜਿਹੀ ਸੂਰਤ ਵਿਚ ਭਾਰਤੀ ਜਨਤਾ ਪਾਰਟੀ ਦੀ ਫਿਰਕੂ ਸਿਆਸਤ ਦਾ ਟਾਕਰਾ ਵੀ ਤਕੜੇ ਹੋ ਕੇ ਕੀਤਾ ਜਾ ਸਕਦਾ ਹੈ। ਇਸ ਲਈ ਹੁਣ ਇਹ ਦੋਹਾਂ ਪੰਜਾਬਾਂ ਦੇ ਸਿਆਸਤਦਾਨਾਂ ਉਤੇ ਨਿਰਭਰ ਹੈ ਕਿ ਉਹ ਸਾਂਝ ਲਈ ਕਿੰਨਾ ਹੁੰਗਾਰਾ ਭਰਦੇ ਹਨ। ਦੋਹਾਂ ਪਾਸਿਆਂ ਦੀ ਅਵਾਮ ਸਾਂਝ ਦੀ ਇੱਛਾ ਇਕ ਵਾਰ ਨਹੀਂ, ਅਨੇਕ ਵਾਰ ਪ੍ਰਗਟ ਕਰ ਚੁੱਕੀ ਹੈ। ਇਸ ਸੂਰਤ ਵਿਚ ਬੁੱਧੀਜੀਵੀਆਂ ਨੂੰ ਵਡੇਰਾ ਰੋਲ ਨਿਭਾਉਣ ਲਈ ਹੁਣ ਕਮਰ ਕੱਸਣੀ ਚਾਹੀਦੀ ਹੈ। ਦੋਹਾਂ ਪੰਜਾਬਾਂ ਦੀ ਸਾਂਝ ਮਨੁੱਖਤਾ ਦੇ ਵਿਹੜੇ ਦੀ ਸੱਜਰੀ ਅਤੇ ਸੂਹੀ ਸਵੇਰ ਬਣ ਸਕਦੀ ਹੈ। ਇਸ ਪਾਸੇ ਸੰਜੀਦਗੀ ਨਾਲ ਕਦਮ ਉਠਾਉਣ ਦੀ ਲੋੜ ਹੈ।

### ਠਾਹ-ਸੋਟਾ

-ਚਾਚਾ ਬੇਲਿਹਾਜ਼

#### ਭਰਦਾਨ ਦੇ ਤਰਲੇ !

ਅੱਖੀਂ ਘੱਟਾ ਪਾਉਣ ਵਾਲੀ ਨੀਤੀ ਨਹੀਂ ਚੱਲਣੀ, ਪੰਥ ਦੀ ਸਿਆਸਤ ਇਹ ਖੇਡ ਕੋਈ 'ਤਾਸ਼' ਨੀ।
ਜੀ-ਹਜ਼ੂਰੀਏ ਸੀ ਬਣੇ ਰਹੇ ਜਿਹੜੇ ਮਾਲਕਾਂ ਦੇ, ਲੱਗ ਪਏ ਕਹਿਣ ਕਈ ਅਸੀਂ ਤੇਰੇ ਦਾਸ ਨੀ।
ਚਮਚੇ-ਕੜਛੀਆਂ ਹੀ ਨਾਲ ਰਹਿਣੇ ਜਾਪਦੇ ਐ, ਬਹੁਤਿਆਂ ਨੇ ਚੱਖ ਲਈ ਬਗਾਵਤਾਂ ਦੀ ਚਾਸ਼ਨੀ।
ਦੁਖੀ ਹੋਇਆ ਸਿੱਖ ਦੇਖੋ ਦੇਸ਼ ਤੇ ਵਿਦੇਸ਼ ਵਾਲਾ, 'ਗੱਪੀ' ਖੋਰੇ ਸਮਝੇ ਇਹ ਗੱਲ ਕੋਈ ਖਾਸ ਨੀ।
ਜਾਵੇ ਨਾ ਟੱਬਰ ਵਿਚੋਂ ਅਹੁਦਾ ਪ੍ਰਧਾਨਗੀ ਦਾ, ਕਬਜ਼ਾ ਸਦੀਵੀ ਜਾਪੇ ਆਉਣਾ ਹੁਣ ਰਾਸ ਨੀ।
ਵਿਰਸਾ-ਰਵਾਇਤਾਂ ਸਾਰੇ ਰੋਲ ਦਿੱਤੇ ਜਿਹਨੇ ਯਾਰੋ, ਬਣਾ'ਤੀ 'ਭਰਦਾਨ' ਨੇ ਕਮੇਟੀ ਅਨੁਸ਼ਾਸਨੀ!

# ਮਜੀਠੀਆ ਦੀ ਰਿਹਾਈ ਅਤੇ ਸਿਆਸੀ ਪਾਰਟੀਆਂ

**ਸਬੂਤ ਦਰਖਤਾਂ ਨੂੰ ਨਹੀਂ ਲੱਗਦੇ ਬਲਕਿ ਇਕੱਤਰ ਕੀਤੇ ਜਾਂਦੇ ਹਨ ਪਰ 'ਆਪ' ਸਰਕਾਰ ਸਬੂਤ ਇਕੱਤਰ ਕਰਕੇ ਚਲਾਨ ਪੇਸ਼ ਨਹੀਂ ਕਰ ਸਕੀ ਜਿਸ ਦਾ ਬਿਕਰਮ ਸਿੰਘ ਮਜੀਠੀਆ ਨੂੰ ਫਾਇਦਾ ਹੋਇਆ ਹੈ। 'ਆਪ' ਦੀ ਇਸ ਦਲੀਲ ਕਿ ਪਿਛਲੀ ਕਾਂਗਰਸ ਸਰਕਾਰ ਨੇ ਕਮਜ਼ੋਰ ਐਫ.ਆਈ.ਆਰ. ਦਰਜ ਕੀਤੀ, ਨਾਲ ਸਹਿਮਤ ਹੁੰਦਿਆਂ ਵੀ ਸਵਾਲ 'ਆਪ' ਸਰਕਾਰ 'ਤੇ ਹੀ ਉਠੇਗਾ ਕਿ ਉਹਨਾਂ 'ਕਮਜ਼ੋਰ ਐਫ.ਆਈ.ਆਰ.' ਨੂੰ ਸਬੂਤਾਂ ਨਾਲ ਲੈਸ ਚਲਾਨ ਪੇਸ਼ ਕਰਕੇ ਮਜ਼ਬੂਤ ਕਿਉਂ ਨਹੀਂ ਕੀਤਾ।**

ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਸਾਢੇ ਪੰਜ ਮਹੀਨੇ ਜੇਲ੍ਹ ਵਿਚ ਰਹਿਣ ਉਪਰੰਤ ਪੰਜਾਬ ਅਤੇ ਹਰਿਆਣਾ ਹਾਈਕੋਰਟ ਤੋਂ ਜ਼ਮਾਨਤ ਮਿਲ ਗਈ। ਮਜੀਠੀਆ ਪੰਜਾਬ ਦੀ ਸਿਆਸਤ ਦਾ ਅਜਿਹਾ ਚਰਚਿਤ ਚਿਹਰਾ ਹੈ ਜਿਸ ਉਤੇ ਇਸ ਦੇ ਸਿਆਸੀ ਵਿਰੋਧੀ ਨਸ਼ਾ ਤਸਕਰਾਂ ਨਾਲ ਕਥਿਤ ਸਬੰਧਾਂ ਦੇ ਦੋਸ਼ ਲਗਾਉਂਦੇ ਰਹੇ ਹਨ। ਅੰਤਰਰਾਸ਼ਟਰੀ ਪੱਧਰ ਦੇ ਭੋਲਾ ਡਰੱਗ ਤਸਕਰੀ ਮਾਮਲੇ ਨਾਲ ਜੋੜ ਕੇ ਪਿਛਲੀ ਕਾਂਗਰਸ ਸਰਕਾਰ ਨੇ ਦਸੰਬਰ 2021 ਵਿਚ ਬਿਕਰਮ ਸਿੰਘ ਮਜੀਠੀਆ ਵਿਰੁੱਧ ਐਨ.ਡੀ.ਪੀ.ਐਸ. ਐਕਟ ਦੀਆਂ ਵੱਖ-ਵੱਖ ਧਾਰਾਵਾਂ ਤਹਿਤ ਕੇਸ ਦਰਜ ਕੀਤਾ ਸੀ। ਮਜੀਠੀਆ ਦੀ ਰਿਹਾਈ 'ਤੇ ਜਿੱਥੇ ਵੱਡੀ ਗਿਣਤੀ ਅਕਾਲੀ ਵਰਕਰਾਂ ਨੇ ਉਸ ਦਾ ਸਵਾਗਤ ਕੀਤਾ, ਉੱਥੇ ਕਾਂਗਰਸ ਤੇ ਆਮ ਆਦਮੀ ਪਾਰਟੀ ਇਸ ਜ਼ਮਾਨਤ 'ਤੇ ਮਿਹਣੋ-ਮਿਹਣੀ ਹੁੰਦੇ ਨਜ਼ਰ ਆਏ ਹਨ।



ਨਵਕਿਰਨ ਸਿੰਘ ਪੱਤੀ
ਈਮੇਲ: n4navkiran@gmail.com

ਮਜੀਠੀਆ ਨੇ ਜ਼ਮਾਨਤ ਲਈ ਮੁਹਾਲੀ ਦੀ ਅਦਾਲਤ ਤੋਂ ਲੈ ਕੇ ਦੇਸ਼ ਦੀ ਸਰਬ ਉੱਚ ਅਦਾਲਤ ਤੱਕ ਮਹਿੰਗੇ ਤੋਂ ਮਹਿੰਗੇ ਵਕੀਲਾਂ ਦੀਆਂ ਟੀਮਾਂ ਭੇਜਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਪਰ ਉਸ ਦੀ ਜ਼ਮਾਨਤ ਦਾ ਰਾਹ ਜਿਆਦਾ ਸੁਖਾਲਾ ਵੀ ਨਹੀਂ ਰਿਹਾ। ਕੁਝ ਮਹੀਨੇ ਪਹਿਲਾਂ ਉਹ ਡਰੱਗ ਕੇਸ ਖਾਰਜ ਕਰਵਾਉਣ ਲਈ ਸੁਪਰੀਮ ਕੋਰਟ ਗਏ ਸਨ ਤਾਂ ਸੁਪਰੀਮ ਕੋਰਟ ਨੇ ਉਨ੍ਹਾਂ ਨੂੰ ਹਾਈ ਕੋਰਟ ਜਾਣ ਲਈ ਕਿਹਾ ਸੀ। ਮਜੀਠੀਆ ਕੇਸ ਦੀ ਸੁਣਵਾਈ ਦੌਰਾਨ ਪੰਜਾਬ ਤੇ ਹਰਿਆਣਾ ਹਾਈਕੋਰਟ ਦੇ ਦੋ ਜੱਜਾਂ ਨੇ ਆਪਣੇ ਆਪ ਨੂੰ ਇਸ ਕੇਸ ਦੀ ਸੁਣਵਾਈ ਤੋਂ ਪਾਸੇ ਕਰ ਲਿਆ ਸੀ। ਹਾਈਕੋਰਟ ਦੇ ਚੀਫ ਜਸਟਿਸ ਨੇ ਪਹਿਲਾਂ ਮਜੀਠੀਆ ਕੇਸ ਦੀ ਸੁਣਵਾਈ ਲਈ ਜਸਟਿਸ ਏ.ਜੀ. ਮਸੀਹ ਅਤੇ ਜਸਟਿਸ ਸੰਦੀਪ ਮੌਦਗਿਲ ਦੀ ਬੈਂਚ ਦਾ ਗਠਨ ਕੀਤਾ ਸੀ ਤੇ ਇਨ੍ਹਾਂ ਵਿਚੋਂ ਜਸਟਿਸ ਮਸੀਹ ਨੇ ਸੁਣਵਾਈ ਕਰਨ ਤੋਂ ਇਨਕਾਰ ਕਰਦਿਆਂ ਆਪਣੇ ਆਪ ਨੂੰ ਕੇਸ ਤੋਂ ਪਾਸੇ ਕਰ ਲਿਆ ਸੀ। ਇਸ ਤੋਂ ਬਾਅਦ ਇਹ ਕੇਸ ਜਸਟਿਸ ਰਾਓ ਅਤੇ ਜਸਟਿਸ ਅਨੂਪ ਚਿਤਕਾਰਾ ਦੀ ਬੈਂਚ ਕੋਲ ਭੇਜ ਦਿੱਤਾ ਗਿਆ ਸੀ ਪਰ ਜਸਟਿਸ ਅਨੂਪ ਚਿਤਕਾਰਾ ਨੇ ਵੀ ਆਪਣੇ ਆਪ ਨੂੰ ਕੇਸ ਤੋਂ ਪਾਸੇ ਕਰ ਲਿਆ ਸੀ ਤੇ ਚੀਫ ਜਸਟਿਸ ਵੱਲੋਂ ਨਿਯੁਕਤ ਤੀਸਰੇ ਬੈਂਚ ਨੇ ਸੁਣਵਾਈ ਕਰਦਿਆਂ ਇਸ ਕੇਸ ਵਿਚ ਮਜੀਠੀਆ ਨੂੰ ਜ਼ਮਾਨਤ ਦਿੱਤੀ ਹੈ।

ਕਾਂਗਰਸ ਆਗੂਆਂ ਦਾ ਕਹਿਣਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਅਦਾਲਤ ਵਿਚ ਮਜੀਠੀਆ ਖਿਲਾਫ ਕੇਸ ਦੀ ਸਹੀ ਢੰਗ ਨਾਲ ਪੈਰਵਾਈ ਨਹੀਂ ਕੀਤੀ ਜਿਸ ਕਾਰਨ ਉਸ ਨੂੰ ਜ਼ਮਾਨਤ ਮਿਲੀ ਹੈ; ਦੂਜੇ ਪਾਸੇ 'ਆਪ' ਆਗੂਆਂ ਦਾ ਕਹਿਣਾ ਹੈ ਕਿ ਪਿਛਲੀ ਕਾਂਗਰਸ ਸਰਕਾਰ ਨੇ ਮਜੀਠੀਆ ਖਿਲਾਫ ਕੇਸ ਦਰਜ ਕਰਨ ਸਮੇਂ ਹੀ ਢਿੱਲ ਵਰਤੀ ਹੋਈ ਹੈ ਜਿਸ ਕਾਰਨ ਜ਼ਮਾਨਤ ਮਿਲੀ ਹੈ। ਹਕੀਕਤ ਇਹ ਹੈ ਕਿ ਕਾਂਗਰਸ ਅਤੇ 'ਆਪ', ਦੋਵਾਂ ਨੇ ਇਸ ਗੰਭੀਰ ਮਸਲੇ ਨੂੰ ਚੰਗੀ ਤਰ੍ਹਾਂ ਹੱਥ ਪਾਉਣ ਦੀ ਬਜਾਇ ਸਿਰਫ ਸਿਆਸੀ ਰੋਟੀਆਂ ਹੀ ਸੇਕੀਆਂ ਹਨ।

ਕਾਂਗਰਸ ਨੇ ਮਜੀਠੀਆ ਖਿਲਾਫ ਕੇਸ ਤਾਂ ਦਰਜ ਕੀਤਾ ਪਰ ਉਸ ਦੀ ਗ੍ਰਿਫਤਾਰੀ ਲਈ ਬਹੁਤਾ ਤਰੱਦਦ ਨਹੀਂ ਕੀਤਾ ਜਿਸ ਤੋਂ ਜ਼ਾਹਿਰ ਹੁੰਦਾ ਹੈ ਕਿ ਇਹ ਸਿਰਫ ਸਿਆਸੀ ਸਟੰਟ ਸੀ। ਕੇਸ ਦਰਜ ਕਰਨ ਤੋਂ ਬਾਅਦ ਲੱਗਭਗ ਡੇਢ ਮਹੀਨਾ ਮਜੀਠੀਆ 'ਰੂਪੋਸ਼' ਰਿਹਾ ਅਤੇ ਚੰਨੀ ਸਰਕਾਰ ਨੇ ਉਸ ਨੂੰ ਗ੍ਰਿਫਤਾਰ ਕਰਨ ਲਈ ਕੋਈ ਬਹੁਤਾ ਜ਼ੋਰ ਨਹੀਂ ਲਗਾਇਆ। ਆਮ ਤੌਰ 'ਤੇ ਜੇ ਕਿਸੇ ਗੰਭੀਰ ਕੇਸ ਵਿਚ ਨਾਮਜ਼ਦ ਕੋਈ ਵਿਅਕਤੀ ਪੁਲਿਸ ਅੱਗੇ ਪੇਸ਼ ਨਹੀਂ ਹੁੰਦਾ ਤਾਂ ਪੁਲਿਸ ਉਸ ਦੇ ਪਰਿਵਾਰ/ਨੇੜਲੇ ਮਿੱਤਰਾਂ 'ਤੇ ਦਬਾਅ ਬਣਾਉਂਦੀ ਹੈ ਤੇ ਕਈ ਤਰ੍ਹਾਂ ਦੇ ਹੋਰ ਢੰਗ ਅਪਣਾਉਂਦੀ ਹੈ ਪਰ ਇਸ 'ਖਾਸ' ਮਾਮਲੇ ਵਿਚ ਅਜਿਹਾ ਨਹੀਂ ਹੋਇਆ। ਇਸ ਸਮੇਂ ਦੌਰਾਨ ਮਜੀਠੀਆ ਅਦਾਲਤ ਤੋਂ ਰਾਹਤ ਲੈਣ ਵਿਚ ਕਾਮਯਾਬ ਰਿਹਾ ਸੀ ਤੇ ਸੁਪਰੀਮ ਕੋਰਟ ਨੇ ਮਜੀਠੀਆ ਦੇ ਚੋਣ ਲੜਨ ਤੱਕ ਗ੍ਰਿਫਤਾਰੀ 'ਤੇ ਰੋਕ ਲਗਾ ਦਿੱਤੀ ਸੀ। ਵੋਟਾਂ ਪੈਂਦਿਆਂ ਹੀ ਚੋਣ ਜ਼ਾਬਤੇ ਦੌਰਾਨ ਅਦਾਲਤੀ ਹੁਕਮਾਂ ਤਹਿਤ 24 ਫਰਵਰੀ ਨੂੰ ਮਜੀਠੀਆ ਜੇਲ੍ਹ ਚਲਾ ਗਿਆ ਸੀ ਤੇ ਜੇਲ੍ਹ ਜਾਣ ਦੇ ਕਰੀਬ 20 ਦਿਨ ਬਾਅਦ 16 ਮਾਰਚ ਨੂੰ ਭਗਵੰਤ ਮਾਨ ਨੇ ਮੁੱਖ ਮੰਤਰੀ ਵਜੋਂ ਸਹੁੰ ਚੁੱਕੀ ਤੇ ਬਾਅਦ ਵਿਚ ਮਾਨ ਸਰਕਾਰ ਨੇ ਇਸ ਮਾਮਲੇ ਵਿਚ ਨਵੀਂ ਐਸ.ਆਈ.ਟੀ. ਦਾ ਗਠਨ ਤਾਂ ਕੀਤਾ ਪਰ ਜੇਲ੍ਹ ਵਿਚ ਬੰਦ ਮਜੀਠੀਆ ਦਾ ਪੁਲਿਸ ਰਿਮਾਂਡ ਲੈਣ ਦੀ ਮੰਗ ਨਹੀਂ ਕੀਤੀ। ਮਜੀਠੀਆ ਨੂੰ ਜ਼ਮਾਨਤ ਦੇਣ ਸਮੇਂ ਹਾਈਕੋਰਟ ਦੇ ਬੈਂਚ ਨੇ ਇਸ ਗੱਲ ਦਾ ਪ੍ਰਮੁੱਖਤਾ ਨਾਲ ਜ਼ਿਕਰ ਕੀਤਾ ਹੈ ਕਿ ਮਜੀਠੀਆ ਦਾ ਪੁਲਿਸ ਰਿਮਾਂਡ ਨਹੀਂ ਲਿਆ ਗਿਆ।



ਹਰ ਕੋਈ ਜਾਣਦਾ ਹੈ ਕਿ ਸਬੂਤ ਦਰਖਤਾਂ ਨੂੰ ਨਹੀਂ ਲੱਗਦੇ ਬਲਕਿ ਇਕੱਤਰ ਕੀਤੇ ਜਾਂਦੇ ਹਨ ਪਰ ਨਵੀਂ ਚੁਣੀ ਸਰਕਾਰ ਸਬੂਤ ਇਕੱਤਰ ਕਰਕੇ ਚਲਾਨ ਪੇਸ਼ ਨਹੀਂ ਕਰ ਸਕੀ ਜਿਸ ਦਾ ਮਜੀਠੀਆ ਨੂੰ ਫਾਇਦਾ ਹੋਇਆ ਹੈ। 'ਆਪ' ਦੀ ਇਸ ਦਲੀਲ ਕਿ ਪਿਛਲੀ ਕਾਂਗਰਸ ਸਰਕਾਰ ਨੇ ਕਮਜ਼ੋਰ ਐਫ.ਆਈ.ਆਰ. ਦਰਜ ਕੀਤੀ, ਨਾਲ ਸਹਿਮਤ ਹੁੰਦਿਆਂ ਵੀ ਸਵਾਲ 'ਆਪ' ਸਰਕਾਰ 'ਤੇ ਉਠੇਗਾ ਕਿ ਉਹਨਾਂ 'ਕਮਜ਼ੋਰ ਐਫ.ਆਈ.ਆਰ.' ਨੂੰ ਸਬੂਤਾਂ ਨਾਲ ਲੈਸ ਚਲਾਨ ਪੇਸ਼ ਕਰਕੇ ਮਜ਼ਬੂਤ ਕਿਉਂ ਨਹੀਂ ਕੀਤਾ। ਹਕੀਕਤ ਤਾਂ ਇਹ ਹੈ ਕਿ ਪੰਜਾਬ ਦੀ ਸਿਆਸਤ ਵਿਚ ਹੁਣ ਤੱਕ ਸ਼੍ਰੋਮਣੀ ਅਕਾਲੀ ਦਲ ਅਤੇ ਕਾਂਗਰਸ ਇੱਕ ਦੂਜੇ ਨੂੰ 'ਪਾਸ' ਦੇ ਕੇ 'ਉੱਤਰ ਕਾਟੋ ਮੈਂ ਚੜ੍ਹਾਂ' ਦੀ ਸਿਆਸੀ ਖੇਡ ਖੇਡਦੇ ਰਹੇ ਹਨ ਤੇ ਮਜੀਠੀਆ ਮਾਮਲੇ ਵਿਚ ਢਿੱਲੀ ਪੈਰਵਾਈ ਨਾਲ ਆਮ ਆਦਮੀ ਪਾਰਟੀ ਨੇ ਵੀ ਇਹੋ ਝਲਕਾਰਾ ਪੇਸ਼ ਕੀਤਾ ਹੈ ਕਿ ਉਹ ਵੀ ਇਸੇ ਤਰ੍ਹਾਂ ਦੀ ਖੇਡ ਖੇਡਣ ਦੀ ਇੱਛੁਕ ਹੈ।

ਆਮ ਆਦਮੀ ਪਾਰਟੀ ਨੇ 2017 ਦੀ ਪੰਜਾਬ ਵਿਧਾਨ ਸਭਾ ਚੋਣ ਦੌਰਾਨ ਨਸ਼ਿਆਂ ਦੇ ਮਾਮਲੇ ਵਿਚ ਬਿਕਰਮ ਸਿੰਘ ਮਜੀਠੀਆ ਨੂੰ ਨਿਸ਼ਾਨੇ 'ਤੇ ਲਿਆ ਸੀ ਪਰ ਬਾਅਦ ਵਿਚ ਅਰਵਿੰਦ ਕੇਜਰੀਵਾਲ ਮੁਆਫੀ ਮੰਗ ਗਏ ਸਨ। ਜਦ ਹੁਣ ਪੰਜਾਬ ਦੀ ਵਾਗਡੋਰ ਹੀ ਆਮ ਆਦਮੀ ਪਾਰਟੀ ਕੋਲ ਹੈ ਤਾਂ ਉਹਨਾਂ ਕੋਲ ਆਪਣੀਆਂ 2017 ਵਿਚ ਕਹੀਆਂ ਗੱਲਾਂ ਨੂੰ ਸਾਬਤ ਕਰਨ ਦੀ ਮੌਕਾ ਸੀ ਪਰ ਸ਼ਾਇਦ ਉਨ੍ਹਾਂ ਨੂੰ ਲੱਗਿਆ ਹੋਵੇਗਾ ਕਿ ਇਸ ਤਰ੍ਹਾਂ ਕਰਨ ਨਾਲ 'ਮੁਆਫੀ' 'ਤੇ ਮੁੜ ਸਵਾਲ ਉੱਠ ਸਕਦੇ ਹਨ।

ਮਜੀਠੀਆ ਦੇ ਇਸ ਕੇਸ ਨੇ ਇਸ ਦਲੀਲ ਨੂੰ ਹੋਰ ਪੁਖਤਾ ਕੀਤਾ ਕਿ ਜੇ ਤੁਹਾਡੇ ਕੋਲ ਪੈਸਾ ਹੈ, ਤਾਕਤ ਹੈ ਤਾਂ ਤੁਸੀਂ ਮਹਿੰਗੇ ਵਕੀਲਾਂ ਦੀ ਫੌਜ ਖੜ੍ਹੀ ਕਰਕੇ ਅਦਾਲਤ ਤੋਂ ਰਾਹਤ ਲੈ ਸਕਦੇ ਹੋ, ਨਹੀਂ ਤਾਂ ਐਨ.ਡੀ.ਪੀ.ਐਸ. ਐਕਟ ਦੇ ਅਜਿਹੇ ਕਿੰਨੇ ਮਾਮਲੇ ਹਨ ਜਿਨ੍ਹਾਂ ਵਿਚ ਐਨੀ ਛੇਤੀ ਜ਼ਮਾਨਤ ਮਿਲਦੀ ਹੋਵੇ।

ਬਿਕਰਮ ਸਿੰਘ ਮਜੀਠੀਆ ਦੇ ਜੇਲ੍ਹ 'ਚੋਂ ਬਾਹਰ ਆਉਣ 'ਤੇ ਭਾਵੇਂ ਕਈ ਆਗੂਆਂ ਦੇ ਬਿਆਨ ਸਾਹਮਣੇ ਆਏ ਹਨ ਪਰ ਅਜੇ ਤੱਕ ਸੁਖਬੀਰ ਸਿੰਘ ਬਾਦਲ ਦਾ ਇਸ ਮਸਲੇ 'ਤੇ ਕੋਈ ਪ੍ਰਤੀਕਰਮ ਸਾਹਮਣੇ ਨਹੀਂ ਆਇਆ। ਮਜੀਠੀਆ ਦੇ ਜੇਲ੍ਹ 'ਚੋਂ ਬਾਹਰ ਆਉਣ ਉਪਰੰਤ ਅਕਾਲੀ ਦਲ ਦੀ ਵਰਕਿੰਗ ਕਮੇਟੀ ਵੱਲੋਂ ਦੋ ਰੋਜ਼ਾ ਮੰਥਨ ਵੀ ਕੀਤਾ ਗਿਆ ਪਰ ਉਸ ਵਿਚ ਵੀ ਮਜੀਠੀਆ ਨੂੰ ਸ਼ਾਮਲ ਨਹੀਂ ਕਰਵਾਇਆ ਗਿਆ। ਦਰਅਸਲ, ਅਕਾਲੀ ਦਲ ਖਾਸਕਰ ਬਾਦਲ ਪਰਿਵਾਰ ਇਸ ਸਮੇਂ ਬਹੁਤ ਵੱਡੇ ਸਿਆਸੀ ਸੰਕਟ ਦਾ ਸਾਹਮਣਾ ਕਰ ਰਿਹਾ ਹੈ। ਵਿਧਾਇਕ ਮਨਪ੍ਰੀਤ ਸਿੰਘ ਇਯਾਲੀ, ਜਗਮੀਤ ਬਰਾੜ ਸਮੇਤ ਪਾਰਟੀ ਦਾ ਗਿਣਨਯੋਗ ਹਿੱਸਾ ਸੁਖਬੀਰ ਸਿੰਘ ਬਾਦਲ ਦੀ ਲੀਡਰਸ਼ਿਪ ਨੂੰ ਚੁਣੌਤੀ ਦੇ ਰਿਹਾ ਹੈ।

ਅਕਾਲੀ-ਭਾਜਪਾ ਸਰਕਾਰ ਦੌਰਾਨ ਲਗਾਤਾਰ 10 ਸਾਲ ਸੁਖਬੀਰ ਸਿੰਘ ਬਾਦਲ ਤੇ ਬਿਕਰਮ ਸਿੰਘ ਮਜੀਠੀਆ ਜੋੜੀ ਨੇ ਜਿਸ ਤਰ੍ਹਾਂ ਪੰਜਾਬ ਦੇ ਵੱਖ-ਵੱਖ ਕਾਰੋਬਾਰਾਂ 'ਤੇ ਆਪਣੀ ਇਜਾਰੇਦਾਰੀ ਸਥਾਪਤ ਕੀਤੀ, ਉਸ ਨੇ ਅਕਾਲੀ ਦਲ ਦੇ ਵੱਕਾਰ ਨੂੰ ਵੱਡਾ ਖੋਰਾ ਲਾਇਆ ਤੇ ਲੋਕਾਂ ਵਿਚ ਇਸ ਲੀਡਰਸ਼ਿਪ ਨੇ ਕਾਫੀ ਹੱਦ ਤੱਕ ਆਪਣੀ ਸਾਖ ਗਵਾ ਲਈ ਹੈ। ਇਸ ਸੂਰਤ ਵਿਚ ਹੋ ਸਕਦਾ ਪਾਰਟੀ ਪ੍ਰਧਾਨ ਸਾਖ ਬਹਾਲੀ ਲਈ ਮਜੀਠੀਆ ਨੂੰ ਕੁਝ ਸਮੇਂ ਲਈ ਪਾਰਟੀ ਲੀਡਰਸ਼ਿਪ ਦੇ ਘੇਰੇ ਤੋਂ ਪਾਸੇ ਰੱਖਣ ਪਰ ਇਹ ਵੀ ਪਹਿਲੀ ਵਾਰ ਹੈ ਕਿ ਦੇਸ਼ ਦੀ ਇਸ ਸਭ ਤੋਂ ਪੁਰਾਣੀ ਖੇਤਰੀ ਅਤੇ ਪੰਥਕ ਪਾਰਟੀ ਦੇ ਕਿਸੇ ਸੀਨੀਅਰ ਆਗੂ 'ਤੇ ਅਜਿਹੇ ਦੋਸ਼ ਲੱਗੇ ਹਨ।

ਮਜੀਠੀਆ ਨੂੰ ਜ਼ਮਾਨਤ ਮਿਲਣ 'ਤੇ ਜਿੱਥੇ ਅਕਾਲੀ ਵਰਕਰਾਂ ਨੇ ਖੁਸ਼ੀ ਮਨਾਈ, ਉੱਥੇ ਭਾਜਪਾ ਦੇ ਹਰਜੀਤ ਗਰੇਵਾਲ ਨੇ ਮਜੀਠੀਆ ਦੀ ਤਰੀਫ ਕੀਤੀ ਤੇ ਜ਼ਮਾਨਤ ਮਿਲਣ ਉਤੇ ਵਧਾਈ ਵੀ ਦਿੱਤੀ। ਪੂਰੇ ਭਾਰਤ ਵਿਚ ਭਾਜਪਾ ਹਕੂਮਤ ਦੇ ਇਸ਼ਾਰੇ 'ਤੇ ਈ.ਡੀ., ਸੀ.ਬੀ.ਆਈ. ਵਰਗੀਆਂ ਕੇਂਦਰੀ ਏਜੰਸੀਆਂ ਵਿਰੋਧੀ ਧਿਰ ਕਾਂਗਰਸ ਸਮੇਤ ਖੇਤਰੀ ਪਾਰਟੀਆਂ ਦੇ ਆਗੂਆਂ ਨੂੰ ਵੱਖ-ਵੱਖ ਕੇਸਾਂ ਵਿਚ ਉਲਝਾ ਰਹੀਆਂ ਹਨ ਲੇਕਿਨ ਬਾਦਲ/ਮਜੀਠੀਆ ਪ੍ਰਤੀ ਭਾਜਪਾ ਦੀ ਪਹੁੰਚ ਵੱਖਰੀ ਹੈ। ਪੰਜਾਬ ਨਾਲ ਸਬੰਧਿਤ ਭੋਲਾ ਅੰਤਰਰਾਸ਼ਟਰੀ ਡਰੱਗ ਰੈਕੇਟ ਦੀ ਜਾਂਚ ਈ.ਡੀ. ਵੱਲੋਂ ਕੀਤੀ ਗਈ ਸੀ, ਇਸ ਲਈ ਜੇ ਭਾਜਪਾ ਚਾਹੁੰਦੀ ਤਾਂ ਮਜੀਠੀਆ ਮਾਮਲੇ ਦਾ ਰੁਖ ਬਦਲ ਸਕਦੀ ਸੀ ਪਰ ਭਾਜਪਾ ਆਗੂ ਦਾ ਵਧਾਈ ਦੇਣਾ ਕਾਫੀ ਕੁਝ ਸਪੱਸ਼ਟ ਕਰ ਰਿਹਾ ਹੈ।

ਨਸ਼ਿਆਂ ਦੇ ਇਸੇ ਮਾਮਲੇ ਦੀ ਜਾਂਚ ਦੌਰਾਨ ਬਿਕਰਮ ਸਿੰਘ ਮਜੀਠੀਆ ਨੂੰ ਸੰਮਨ ਭੇਜਣ ਵਾਲੇ ਕੇਂਦਰੀ ਏਜੰਸੀ ਈ.ਡੀ. ਦੇ ਡਿਪਟੀ ਡਾਇਰੈਕਟਰ ਨਿਰੰਜਣ ਸਿੰਘ ਦਾ ਆਪਣੇ ਆਹੁਦੇ ਤੋਂ ਅਸਤੀਫਾ ਦੇਣਾ ਅਤੇ ਬਾਅਦ ਵਿਚ ਅਸਤੀਫਾ ਵਾਪਸ ਲੈਣਾ ਭਾਜਪਾ ਹਕੂਮਤ ਦਾ ਇਸ ਕੇਸ ਪ੍ਰਤੀ ਰੁਖ ਸਪੱਸ਼ਟ ਕਰ ਗਿਆ ਸੀ। ਇਸ ਅਫਸਰ ਦੇ ਵਕੀਲ ਨੇ ਖੁਲਾਸਾ ਕੀਤਾ ਸੀ ਕਿ ਉਨ੍ਹਾਂ ਦੇ ਮੁਵੱਕਲ ਨੂੰ ਸਬੂਤ ਇਕੱਠੇ ਨਹੀਂ ਕਰਨ ਦਿੱਤੇ ਗਏ।

ਸੋ, ਸਥਿਤੀ ਸਾਫ ਹੈ ਕਿ ਬਿਕਰਮ ਸਿੰਘ ਮਜੀਠੀਆ ਦਾ ਮਸਲਾ ਸਿਆਸੀ ਮਸਲਾ ਬਣਾ ਕੇ ਕਾਂਗਰਸ, ਭਾਜਪਾ ਤੇ 'ਆਪ' ਸਿਆਸੀ ਲਾਹਾ ਤਾਂ ਲੈਣਾ ਚਾਹੁੰਦੀਆਂ ਹਨ ਪਰ ਇਸ ਮਸਲੇ ਨੂੰ ਸਹੀ ਢੰਗ ਨਾਲ ਹੱਲ ਨਹੀਂ ਕਰਨਾ ਚਾਹੁੰਦੀਆਂ।

# ਪਾਕਿਸਤਾਨ ਵਿਰੁੱਧ ਮੁਸਲਮਾਨਾਂ ਦੇ ਸੰਘਰਸ਼ ਦੀ ਵਿਰਾਸਤ

ਬੂਟਾ ਸਿੰਘ ਮਹਿਮੂਦਪੁਰ
ਫੋਨ: +91-94634-74342

2014 'ਚ ਆਰ.ਐੱਸ.ਐੱਸ.-ਭਾਜਪਾ ਦੇ ਸੱਤਾ 'ਚ ਆਉਣ ਤੋਂ ਬਾਅਦ ਸਮੁੱਚੇ ਮੁਸਲਮਾਨ ਭਾਈਚਾਰੇ ਨੂੰ ਪਾਕਿਸਤਾਨ ਹਮਾਇਤੀ ਕਰਾਰ ਦੇਣ ਦਾ ਬਿਰਤਾਂਤ ਵਿਆਪਕ ਜ਼ਹਿਰੀਲੀ ਮੁਹਿੰਮ ਦਾ ਰੂਪ ਅਖਤਿਆਰ ਕਰ ਚੁੱਕਾ ਹੈ। ਗੁਜਰਾਤ, ਉੱਤਰ ਪ੍ਰਦੇਸ਼ ਵਰਗੇ ਰਾਜਾਂ 'ਚ ਜਿੱਥੇ ਮੁਸਲਮਾਨ, ਹਿੰਦੂ ਜਨੂਨੀਆਂ ਦੇ ਹਮਲਿਆਂ ਤੇ ਦੰਗਿਆਂ ਕਾਰਨ ਅਸੁਰੱਖਿਆ ਮਹਿਸੂਸ ਕਰਦਿਆਂ ਮਿੱਸੀ ਵਸੋਂ ਵਾਲੇ ਇਲਾਕੇ ਛੱਡ ਕੇ ਮੁਸਲਿਮ ਬਹੁਗਿਣਤੀ ਬਸਤੀਆਂ 'ਚ ਜਾ ਕੇ ਵਸ ਗਏ, ਉਨ੍ਹਾਂ ਨੂੰ ਵਿਅੰਗ ਅਤੇ ਨਫਰਤ ਨਾਲ ਪਾਕਿਸਤਾਨ ਕਿਹਾ ਜਾਂਦਾ ਹੈ। ਜ਼ਹਿਰੀਲੇ ਫਿਰਕੂ ਪ੍ਰਚਾਰ ਕਾਰਨ ਆਟੋ ਜਾਂ ਟੈਕਸੀ ਵਾਲੇ ਵੀ ਉਨ੍ਹਾਂ ਬਸਤੀਆਂ 'ਚ ਸਵਾਰੀਆਂ ਲੈ ਕੇ ਨਹੀਂ ਜਾਂਦੇ। ਇਹ ਆਰ.ਐੱਸ.ਐੱਸ. ਨਾਲ ਸਬੰਧਤ ਜਥੇਬੰਦੀਆਂ ਦੇ ਦਹਾਕਿਆਂ ਤੋਂ ਸਿਰਜੇ ਜਾ ਰਹੇ ਮੁਸਲਿਮ ਵਿਰੋਧੀ ਜ਼ਹਿਰੀਲੇ ਬਿਰਤਾਂਤ ਦਾ ਸਿੱਟਾ ਹੈ। ਹਿੰਦੂਤਵ ਆਗੂ ਅਤੇ ਆਪੇ ਬਣੇ ਹਿੰਦੂ ਸੰਤ-ਮਹੰਤ ਮੁਸਲਮਾਨਾਂ ਨੂੰ ਅਕਸਰ ਦੇਸ਼ਧ੍ਰੋਹੀ ਅਤੇ ਪਾਕਿਸਤਾਨ ਦੇ ਹਮਾਇਤੀ ਦੱਸਦੇ ਹਨ ਕਿਉਂਕਿ ਇਹ ਬਿਰਤਾਂਤ ਉਨ੍ਹਾਂ ਦੇ ਹਿੰਦੂ ਰਾਸ਼ਟਰ ਦਾ ਏਜੰਡਾ ਅੱਗੇ ਵਧਾਉਣ ਦਾ ਕਾਰਗਰ ਸੰਦ ਹੈ। ਝੂਠਾ ਬਿਰਤਾਂਤ ਲੋਕ ਮਨਾਂ 'ਚ ਕੁੱਟ-ਕੁੱਟ ਕੇ ਭਰਨ ਦੀ ਕੋਸ਼ਿਸ਼ ਕਰਦਾ ਹੈ ਕਿ ਭਾਰਤ 'ਚ ਰਹਿ ਰਹੇ ਮੁਸਲਮਾਨ ਮੁਲਕ ਪ੍ਰਤੀ ਵਫਾਦਾਰ ਨਹੀਂ, ਇਸ ਕਰਕੇ ਉਨ੍ਹਾਂ ਉੱਪਰ ਯਕੀਨ ਨਹੀਂ ਕੀਤਾ ਜਾ ਸਕਦਾ।

ਇਸ ਬਿਰਤਾਂਤ ਦੀ ਬੁਨਿਆਦ ਸਾਵਰਕਰ, ਗੋਲਵਲਕਰ ਵਰਗੇ ਹਿੰਦੂਤਵੀ ਸਿਧਾਂਤਕਾਰਾਂ ਨੇ 20ਵੀਂ ਸਦੀ ਦੇ ਸ਼ੁਰੂ 'ਚ ਹੀ ਰੱਖ ਦਿੱਤੀ ਸੀ। ਸਾਵਰਕਰ ਨੇ ਸਾਰੇ ਧਾਰਮਿਕ ਫਿਰਕਿਆਂ ਨੂੰ ਸਮੋਣ ਵਾਲੇ ਸਾਂਝੇ ਭਾਰਤ ਦੀ ਧਾਰਨਾ ਨੂੰ ਰੱਦ ਕੀਤਾ। ਬਾਲ ਗੰਗਾਧਰ ਤਿਲਕ ਵਰਗੇ ਆਗੂ ਪਹਿਲਾਂ ਹੀ ਹਿੰਦੂ ਰਾਸ਼ਟਰ ਦੀ ਵਕਾਲਤ ਕਰਦੇ ਸਨ। ਪ੍ਰਤੀਕਰਮ ਵਜੋਂ ਜਿਨਾਹ ਨੇ ਵੀ ਧਰਮ ਦੇ ਆਧਾਰ 'ਤੇ ਵੱਖਰਾ ਮੁਲਕ ਬਣਾਉਣ ਦੀ ਮੰਗ ਕਰਨੀ ਸ਼ੁਰੂ ਕਰ ਦਿੱਤੀ। ਇਸ ਫਿਰਕੂ ਸਿਆਸਤ ਕਾਰਨ 1947 'ਚ ਪਾਕਿਸਤਾਨ ਅਤੇ ਭਾਰਤ ਦੋ ਮੁਲਕ ਬਣ ਗਏ। ਇਸ ਤੋਂ ਬਾਅਦ ਹਿੰਦੂਤਵ ਬ੍ਰਿਗੇਡ ਨੇ ਮੁਸਲਮਾਨ ਭਾਈਚਾਰੇ ਵਿਰੁੱਧ ਹਮਲਾ ਹੋਰ ਤਿੱਖਾ ਕਰ ਦਿੱਤਾ। ਗੋਲਵਲਕਰ ਨੇ ਆਪਣੀ ਮਸ਼ਹੂਰ ਕਿਤਾਬ 'ਬੰਚ ਆਫ ਥਾਟਸ' ਜਿਸ ਨੂੰ ਆਰ.ਐੱਸ.ਐੱਸ. ਦਾ ਪਵਿੱਤਰ ਗ੍ਰੰਥ ਮੰਨਿਆ ਜਾਂਦਾ ਹੈ, ਦੇ ਅਧਿਆਏ 'ਅੰਦਰੂਨੀ ਖਤਰੇ' ਵਿਚ ਭਾਰਤੀ ਮੁਸਲਮਾਨਾਂ ਨੂੰ ਪਹਿਲੇ ਨੰਬਰ ਦਾ ਖਤਰਾ ਕਰਾਰ ਦਿੰਦਿਆਂ ਲਿਖਿਆ ਹੈ- 'ਅੱਜ ਵੀ ਕਈ ਲੋਕ ਇਹ ਕਹਿੰਦੇ ਦੇਖੇ ਜਾਂਦੇ ਹਨ ਕਿ 'ਹੁਣ ਕੋਈ ਮੁਸਲਿਮ ਮਸਲਾ ਨਹੀਂ ਹੈ। ਉਹ ਦੰਗਈ ਅਨਸਰ ਜਿਨ੍ਹਾਂ ਨੇ ਪਾਕਿਸਤਾਨ ਦੀ ਹਮਾਇਤ ਕੀਤੀ ਸੀ, ਉਹ ਸਾਰੇ ਜਾ ਚੁੱਕੇ ਹਨ। ਇੱਥੇ ਬਚੇ ਮੁਸਲਮਾਨ ਮੁਲਕ ਪ੍ਰਤੀ ਵਫਾਦਾਰ ਹਨ। ਹੁਣ ਉਹਨਾਂ ਕੋਲ ਕਿਤੇ ਜਾਣ ਦੀ ਕੋਈ ਜਗ੍ਹਾ ਨਹੀਂ। ... ਜੇ ਅਸੀਂ ਇਹ ਵਿਸ਼ਵਾਸ ਕਰ ਲਈਏ ਕਿ ਪਾਕਿਸਤਾਨ ਬਣਨ ਤੋਂ ਬਾਅਦ ਉਹ ਰਾਤੋ-ਰਾਤ ਦੇਸ਼ਭਗਤ ਹੋ ਜਾਣਗੇ ਤਾਂ ਇਹ ਆਤਮਘਾਤੀ ਭਰਮ ਹੈ। ਇਸ ਦੇ ਉਲਟ ਪਾਕਿਸਤਾਨ ਬਣਨ ਨਾਲ ਮੁਸਲਿਮ ਖਤਰਾ ਸੈਂਕੜੇ ਗੁਣਾ ਵਧ ਗਿਆ ਹੈ। ਉਹ ਭਵਿੱਖ ਵਿਚ ਸਾਡੇ ਖਿਲਾਫ ਹਮਲਾਵਰ ਯੋਜਨਾਵਾਂ ਲਈ ਪਲੇਟਫਾਰਮ ਸਿੱਧ ਹੋ ਸਕਦੇ ਹਨ।' ਗੋਲਵਲਕਰ ਅੱਗੇ ਕਹਿੰਦਾ ਹੈ- 'ਮੁਲਕ ਵਿਚ ਬਹੁਤ ਥਾਵਾਂ ਮੁਸਲਮਾਨ ਬਹੁਗਿਣਤੀ ਵਾਲੀਆਂ ਹਨ ਜੋ ਮਿੰਨੀ (ਛੋਟੇ) ਪਾਕਿਸਤਾਨ ਵਾਂਗ ਹਨ।... ਸਾਡੀ ਧਰਤੀ ਉੱਪਰ ਇਹ ਮੁਸਲਿਮ ਬਹੁਗਿਣਤੀ ਵਾਲੇ ਖੇਤਰ ਸਦਾ ਪਾਕਿਸਤਾਨ ਹਮਾਇਤੀ ਤੱਤ ਦੇ ਰੂਪ ਵਿਚ ਮੌਜੂਦ ਹਨ।... ਕੁਲ ਮਿਲਾ ਕੇ, ਹਰ ਥਾਂ ਤੋਂ ਮੁਸਲਮਾਨ ਟਰਾਂਸਮੀਟਰ ਦੇ ਜ਼ਰੀਏ ਪਾਕਿਸਤਾਨ ਦੇ ਸੰਪਰਕ ਬਣੇ ਹੋਏ ਹਨ..।' ਇਹ ਵਿਚਾਰ ਹਿੰਦੂਤਵ ਬ੍ਰਿਗੇਡ ਦੀ ਸਮੁੱਚੇ ਮੁਸਲਮਾਨ ਭਾਈਚਾਰੇ ਪ੍ਰਤੀ ਦੁਸ਼ਮਣੀ ਦਾ ਆਧਾਰ ਹਨ। 2018 'ਚ ਸੰਘ ਦੇ ਸੁਪਰੀਮੋ ਮੋਹਨ ਭਾਗਵਤ ਨੇ ਭਾਵੇਂ ਸਪਸ਼ਟੀਕਰਨ ਦਿੰਦਿਆਂ 'ਬੰਚ ਆਫ ਥਾਟ' ਦੇ ਵਿਵਾਦਪੂਰਨ ਹਿੱਸਿਆਂ ਨਾਲੋਂ ਵਿੱਥ ਦਿਖਾਉਣ ਦੀ ਕੋਸ਼ਿਸ਼ ਕੀਤੀ ਕਿ 'ਉਹ ਖਾਸ ਹਾਲਤ 'ਚ ਬੋਲਿਆ ਗਿਆ ਸੀ, ਸੰਘ ਬੰਦ ਸੰਗਠਨ ਨਹੀਂ ਹੈ, ਸਮਾਂ ਬਦਲਦਾ ਹੈ, ਸਾਡੀ ਸੋਚ ਬਦਲਦੀ ਹੈ' ਪਰ ਵਿਹਾਰ 'ਚ ਮੁਸਲਿਮ ਵਿਰੋਧੀ ਨਫਰਤ ਸਗੋਂ ਹੋਰ ਤਿੱਖੀ ਹੋਈ ਹੈ। ਇਸ ਨੂੰ ਹੁਣ ਰਾਜਸੀ ਅਤੇ ਰਾਜਕੀ ਸਰਪ੍ਰਸਤੀ ਹਾਸਲ ਹੈ।

ਸਮੁੱਚੇ ਭਾਈਚਾਰੇ ਨੂੰ ਜਿਸ ਦੀ ਜੰਗੇ-ਆਜ਼ਾਦੀ ਵਿਚ ਹਿੱਸਾ ਲੈਣ ਅਤੇ ਪਾਕਿਸਤਾਨ ਬਣਾਉਣ ਦਾ ਵਿਰੋਧ ਕਰਨ ਦੀ ਸ਼ਾਨਾਮੱਤੀ ਵਿਰਾਸਤ ਹੈ, ਹਿੰਦੂਤਵ ਬ੍ਰਿਗੇਡ ਦੇਸ਼ਧ੍ਰੋਹੀ ਬਣਾ ਕੇ ਪੇਸ਼ ਕਰ ਰਿਹਾ ਹੈ ਜਿਸ ਦੀ ਮੁਲਕ ਨੂੰ ਆਜ਼ਾਦ ਕਰਾਉਣ 'ਚ ਆਪਣੀ ਕੋਈ ਦੇਸ਼ਪ੍ਰੇਮੀ ਭੂਮਿਕਾ ਨਹੀਂ ਹੈ। ਦਰਅਸਲ ਸੰਘ ਪਰਿਵਾਰ ਤਾਂ ਖੁਦ ਐਸਾ ਸਮੂਹ ਹੈ ਜਿਸ ਦੇ ਸਾਵਰਕਰ ਵਰਗੇ ਆਗੂਆਂ/ਸਿਧਾਂਤਕਾਰਾਂ ਨੇ ਜੇਲ੍ਹਾਂ ਦੀਆਂ ਸਖਤੀਆਂ ਤੇ ਸਜ਼ਾਵਾਂ ਤੋਂ ਬਚਣ ਲਈ ਅੰਗਰੇਜ਼ ਹਕੂਮਤ ਨੂੰ ਮੁਆਫੀਨਾਮੇ ਲਿਖਣ ਨੂੰ ਤਰਜੀਹ ਦਿੱਤੀ। ਹਿੰਦੂਤਵ ਆਗੂ ਤਾਂ ਹਿੰਦੂਆਂ ਨੂੰ ਇਹ ਸਿੱਖਿਆ ਦਿੰਦੇ ਸਨ ਕਿ ਸਾਨੂੰ ਆਪਣੀ ਤਾਕਤ ਜੰਗੇ-ਆਜ਼ਾਦੀ ਦੀ ਲੜਾਈ ਵਿਚ ਜ਼ਾਇਆ ਨਹੀਂ ਕਰਨੀ ਚਾਹੀਦੀ ਸਗੋਂ ਅੰਗਰੇਜ਼ਾਂ ਦੇ ਭਾਰਤ ਛੱਡਣ ਸਮੇਂ ਮੁਸਲਮਾਨਾਂ ਤੋਂ ਸਦੀਵੀ ਅਪਮਾਨ ਦਾ ਬਦਲਾ ਲੈਣ ਲਈ ਢੁਕਵੇਂ ਸਮੇਂ ਲਈ ਬਚਾ ਕੇ ਰੱਖਣੀ ਚਾਹੀਦੀ ਹੈ। ਇਸ ਤੋਂ ਵਧੇਰੇ ਸਿਤਮਜ਼ਰੀਫੀ ਕੀ ਹੋ ਸਕਦੀ ਹੈ ਕਿ ਐਸੇ ਘਿਨਾਉਣੇ ਦੇਸ਼ਧ੍ਰੋਹੀ ਕਿਰਦਾਰ ਵਾਲੀ ਤਾਕਤ ਇਹ ਫਤਵੇ ਦੇ ਰਹੀ ਹੈ ਕਿ ਮੁਲਕ ਦੀ ਵੰਡ ਸਮੇਂ ਜਿਨ੍ਹਾਂ ਮੁਸਲਮਾਨਾਂ ਨੇ ਪਾਕਿਸਤਾਨ ਚਲੇ ਜਾਣ ਦੀ ਬਜਾਇ ਭਾਰਤ ਵਿਚ ਰਹਿਣ ਨੂੰ ਤਰਜੀਹ ਦਿੱਤੀ, ਉਨ੍ਹਾਂ ਦੀ ਮੁਲਕ ਪ੍ਰਤੀ ਵਫਾਦਾਰੀ ਸ਼ੱਕੀ ਹੈ।

ਇਸ ਕੂੜ ਨੂੰ ਆਧਾਰ ਮੁਹੱਈਆ ਕਰਨ 'ਚ ਵੱਡੀ ਭੂਮਿਕਾ ਪੱਖਪਾਤੀ ਇਤਿਹਾਸਕਾਰੀ ਦੀ ਵੀ ਹੈ ਜਿਸ ਨੇ ਮਜ਼੍ਹਬ ਦੇ ਆਧਾਰ 'ਤੇ ਵੱਖਰਾ ਮੁਲਕ ਪਾਕਿਸਤਾਨ ਬਜਾਇ ਜਾਣ ਦਾ ਡੱਟ ਕੇ ਵਿਰੋਧ ਕਰਨ ਵਾਲੇ ਮੁਸਲਮਾਨਾਂ ਦੀ ਭੂਮਿਕਾ ਨੂੰ ਇਤਿਹਾਸ 'ਚੋਂ ਮਨਫੀ ਕੀਤਾ। ਇਹ ਅੱਧਾ ਸੱਚ ਸਥਾਪਿਤ ਕਰ ਦਿੱਤਾ ਗਿਆ ਕਿ ਕਾਂਗਰਸੀ ਆਗੂ ਮੌਲਾਨਾ ਅਬੁਲ ਕਲਾਮ ਆਜ਼ਾਦ ਵਰਗੇ ਥੋੜ੍ਹੇ ਜਿਹੇ ਮੁਸਲਮਾਨ ਹੀ ਵੰਡ ਦੇ ਖਿਲਾਫ ਸਨ। ਬਾਕੀ ਮੁਸਲਮਾਨ ਤਾਂ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੰਗ ਦੇ ਹਮਾਇਤੀ ਸਨ। ਦੂਜੇ ਪਾਸੇ, ਇਤਿਹਾਸਕਾਰਾਂ ਨੇ ਆਪਣੇ ਦੋਹਰੇ ਪੈਮਾਨੇ ਅਨੁਸਾਰ ਇਕ ਹੋਰ ਤੱਥ ਨੂੰ ਵੀ ਚਲਾਕੀ ਨਾਲ ਨਜ਼ਰਅੰਦਾਜ਼ ਕੀਤਾ ਹੈ। ਉਹ ਇਹ ਕਿ ਬਹੁਤ ਸਾਰੇ ਹਿੰਦੂ ਰਾਸ਼ਟਰਵਾਦੀ ਆਗੂ ਸਨ, ਜਿਵੇਂ ਲਾਲਾ ਲਾਜਪਤ ਰਾਏ, ਬਾਲ ਗੰਗਾਧਰ ਤਿਲਕ, ਲਾਲਾ ਹਰਦਿਆਲ, ਮਦਨ ਮੋਹਨ ਮਾਲਵੀਆ, ਐੱਮ.ਆਰ. ਜੈਅਕਰ, ਐੱਨ.ਸੀ. ਕੇਲਕਰ, ਸਵਾਮੀ ਸ਼ਰਧਾਨੰਦ ਵਗੈਰਾ ਜੋ ਸਾਂਝੇ ਭਾਰਤ ਨੂੰ ਸਵੀਕਾਰ ਨਹੀਂ ਕਰਦੇ ਸਨ ਸਗੋਂ ਉਹ ਭਾਰਤ ਨੂੰ ਆਪਣੇ ਇਸ ਵਿਸ਼ਵਾਸ ਅਨੁਸਾਰ ਹਿੰਦੂ ਰਾਸ਼ਟਰ ਬਣਾਉਣ ਲਈ ਵਚਨਬੱਧ ਸਨ ਕਿ ਭਾਰਤ ਤਾਂ ਆਦਿ-ਕਾਲ ਤੋਂ ਹੀ ਹਿੰਦੂ ਰਾਸ਼ਟਰ ਹੈ। ਜਿਨਾਹ ਉੱਪਰ ਤਾਂ 'ਦੋ ਕੌਮ-ਸਿਧਾਂਤ' ਦੇ ਆਧਾਰ 'ਤੇ ਵੱਖਰਾ ਪਾਕਿਸਤਾਨ ਬਣਾਉਣ ਲਈ ਫਿਰਕਾਪ੍ਰਸਤ ਹੋਣ ਦਾ ਠੱਪਾ ਲਗਾਇਆ ਜਾਂਦਾ ਹੈ ਜੋ ਸਹੀ ਵੀ ਹੈ ਪਰ ਸਾਂਝੇ ਭਾਰਤ ਦਾ ਵਿਰੋਧ ਕਰਨ ਵਾਲੇ ਹਿੰਦੂ ਫਿਰਕਾਪ੍ਰਸਤ ਆਗੂਆਂ ਦੀ ਬਹੁਗਿਣਤੀ ਫਿਰਕਾਪ੍ਰਸਤੀ ਨੂੰ ਰਾਸ਼ਟਰਵਾਦ ਹੇਠ ਲੁਕੋ ਲਿਆ ਜਾਂਦਾ ਹੈ। ਮੁਸਲਮਾਨਾਂ ਅਤੇ ਹਿੰਦੂ ਆਗੂਆਂ ਲਈ ਇਤਿਹਾਸਕਾਰਾਂ ਦੇ ਪੈਮਾਨੇ ਵੱਖੋ-ਵੱਖਰੇ ਹਨ।

ਅਹਿਮ ਗੱਲ ਇਹ ਹੈ ਕਿ ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੁਹਿੰਮ ਦਾ ਵਿਰੋਧ ਕਰਨ ਵਾਲੇ ਮੁਸਲਮਾਨਾਂ ਦਾ ਕਦੇ ਜ਼ਿਕਰ ਹੀ ਨਹੀਂ ਕੀਤਾ ਜਾਂਦਾ। ਇਤਿਹਾਸ ਦੇ ਅਣਗੌਲੇ ਪੰਨੇ ਦੱਸਦੇ ਹਨ ਕਿ ਉਦੋਂ ਬਹੁਤ ਵੱਡੀ ਤਾਦਾਦ 'ਚ ਐਸੇ ਮੁਸਲਮਾਨ ਸਨ ਜਿਨ੍ਹਾਂ ਨੇ ਪਾਕਿਸਤਾਨ ਬਣਾਉਣ ਦੇ ਮੁਸਲਿਮ ਲੀਗੀ ਏਜੰਡੇ ਦਾ ਪੁਰਜ਼ੋਰ ਵਿਰੋਧ ਕੀਤਾ। ਜੋ ਮੁਸਲਮਾਨ ਪਾਕਿਸਤਾਨ ਜਾਣ ਲਈ ਮਜਬੂਰ ਹੋ ਗਏ, ਉਨ੍ਹਾਂ 'ਚੋਂ ਵੀ ਜ਼ਿਆਦਾਤਰ ਨੂੰ ਮੁੱਖ ਤੌਰ 'ਤੇ ਮਜ਼੍ਹਬੀ ਜਨੂਨੀਆਂ ਵੱਲੋਂ ਕੀਤੇ ਜਾ ਰਹੇ ਕਤਲੇਆਮ, ਮਾਰਧਾੜ ਅਤੇ ਮੁਸਲਮਾਨ ਔਰਤਾਂ ਦੇ ਬਲਾਤਕਾਰਾਂ ਨਾਲ ਪੈਦਾ ਕੀਤੀ ਅਸੁਰੱਖਿਆ ਕਾਰਨ ਘਰ-ਬਾਰ ਛੱਡ ਕੇ ਜਾਣਾ ਪਿਆ। ਜੋ ਮੁਸਲਮਾਨ ਭਾਰਤ ਵਿਚ ਹੀ ਰਹੇ ਉਹ ਵੀ ਪਾਕਿਸਤਾਨ ਜਾ ਸਕਦੇ ਸਨ। ਜੇ ਉਹ ਨਹੀਂ ਗਏ ਤਾਂ ਉਨ੍ਹਾਂ ਵੱਲੋਂ ਅਜਿਹਾ ਆਪਣੇ ਵਤਨ ਨਾਲ ਪ੍ਰੇਮ ਕਾਰਨ ਕੀਤਾ ਗਿਆ। ਉਨ੍ਹਾਂ ਸਾਹਮਣੇ ਵੀ ਪਾਕਿਸਤਾਨ ਜਾਣ ਜਾਂ ਭਾਰਤ ਵਿਚ ਰਹਿਣ ਦੇ ਦੋਨੋਂ ਰਸਤੇ ਖੁੱਲ੍ਹੇ ਸਨ। ਜਿਨ੍ਹਾਂ ਨੇ ਧਰਮਤੰਤਰੀ ਰਾਜ ਪਾਕਿਸਤਾਨ 'ਚ ਜਾਣ ਦੀ ਬਜਾਇ ਭਾਰਤ ਵਿਚ ਰਹਿਣ ਨੂੰ ਤਰਜੀਹ ਦਿੱਤੀ, ਉਨ੍ਹਾਂ ਨੂੰ ਦੇਸ਼ਧ੍ਰੋਹੀ ਕਹਿਣਾ ਦੁਸ਼ਟ ਏਜੰਡੇ ਤੋਂ ਵੱਧ ਕੁਝ ਨਹੀਂ।

ਜੰਗੇ-ਆਜ਼ਾਦੀ ਵਿਚ ਮੁਸਲਮਾਨ ਭਾਈਚਾਰੇ ਦੀ ਅਹਿਮ ਭੂਮਿਕਾ ਰਹੀ ਹੈ। ਈਸਟ ਇੰਡੀਆ ਕੰਪਨੀ ਦੇ ਬਸਤੀਵਾਦੀ ਕਬਜ਼ੇ ਵਿਰੁੱਧ 1857 ਦੇ ਜਿਸ ਗਦਰ ਨੂੰ ਪਹਿਲੀ ਜੰਗੇ-ਆਜ਼ਾਦੀ ਕਿਹਾ ਜਾਂਦਾ ਹੈ, ਉਸ ਵਿਚ ਬਹੁਤ ਸਾਰੀਆਂ ਉੱਘੀਆਂ ਮੁਸਲਮਾਨ ਸ਼ਖਸੀਅਤਾਂ ਨੇ ਨਾ ਸਿਰਫ ਅਗਵਾਈ ਕੀਤੀ ਸਗੋਂ ਜਾਨਾਂ ਵੀ ਕੁਰਬਾਨ ਕੀਤੀਆਂ। ਉਨ੍ਹਾਂ ਦੀ ਵਤਨਪ੍ਰੇਮੀ ਭੂਮਿਕਾ ਐਨੀ ਪ੍ਰਭਾਵਸ਼ਾਲੀ ਸੀ ਕਿ ਹਿੰਦੂਤਵ ਦੇ ਬਾਨੀ ਵੀ.ਡੀ. ਸਾਵਰਕਰ ਨੇ ਵੀ 1907 'ਚ ਲਿਖੀ ਕਿਤਾਬ 'ਭਾਰਤ ਦੀ ਪਹਿਲੀ ਜੰਗੇ-ਆਜ਼ਾਦੀ' ਵਿਚ ਵਤਨਪ੍ਰੇਮੀ ਮੁਸਲਮਾਨਾਂ ਦੀ ਆਗੂ ਭੂਮਿਕਾ ਨੂੰ ਸਲਾਹਿਆ ਸੀ। ਉਸ ਨੇ ਲਿਖਿਆ- 'ਹਿੰਦੂ-ਮੁਸਲਮਾਨ ਦੋਨੋਂ ਆਪਣੇ ਮੁਲਕ ਦੀ ਸੁਤੰਤਰਤਾ ਦੇ ਲਈ ਮੋਢੇ ਨਾਲ ਮੋਢਾ ਜੋੜ ਕੇ ਲੜੇ ਤਾਂ ਜੋ ਮੁਲਕ ਦੇ ਆਜ਼ਾਦ ਹੋਣ ਤੋਂ ਬਾਦ ਸਾਂਝੇ ਭਾਰਤ ਵਿਚ ਭਾਰਤੀ ਹਾਕਮਾਂ ਅਤੇ ਰਾਜਕੁਮਾਰਾਂ ਦੀ ਸਰਕਾਰ ਬਣਾਈ ਜਾ ਸਕੇ।' ਨਾਨਾ ਸਾਹਿਬ (ਜੋ ਗ਼ਦਰ ਦੀ ਯੋਜਨਾ ਬਣਾਉਣ ਵਾਲਿਆਂ 'ਚ ਨਹੀਂ ਸੀ ਪਰ ਜੋ ਸਿਪਾਹੀਆਂ ਦੀ ਬਗ਼ਾਵਤ ਦਾ ਆਗੂ ਬਣ ਗਿਆ) ਦੇ ਵਿਸ਼ਵਾਸਪਾਤਰ ਅਤੇ ਯੁੱਧਨੀਤੀ ਦੇ ਮਾਹਰ ਅਜ਼ੀਮਉੱਲ੍ਹਾ ਖਾਨ ਸਨ। ਈਸਟ ਇੰਡੀਆ ਕੰਪਨੀ ਦੇ ਰਾਜ ਵਿਰੁੱਧ ਗ਼ਦਰ ਦੀ ਯੋਜਨਾ ਬਣਾਉਣ 'ਚ ਉਸ ਦੀ ਭੂਮਿਕਾ ਬਾਰੇ ਸਾਵਰਕਰ ਨੇ ਲਿਖਿਆ, '1857 ਦੇ ਇਨਕਲਾਬੀ ਯੁੱਧ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਣ ਵਾਲਿਆਂ 'ਚ ਅਜ਼ੀਮਉੱਲ੍ਹਾ ਖਾਨ ਦਾ ਨਾਮ ਯਾਦ ਰੱਖਣ ਲਾਇਕ ਹੈ। ਸੁਤੰਤਰਤਾ ਦਾ ਵਿਚਾਰ ਸਭ ਤੋਂ ਪਹਿਲਾਂ ਦੇਣ ਵਾਲੇ ਬੁੱਧੀਮਾਨ ਲੋਕਾਂ ਵਿਚ ਅਜ਼ੀਮਉੱਲ੍ਹਾ ਨੂੰ ਮਹੱਤਵਪੂਰਨ ਸਥਾਨ ਦੇਣਾ ਜ਼ਰੂਰੀ ਹੈ ਅਤੇ ਉਨ੍ਹਾਂ ਵੱਖਰੀਆਂ-ਵੱਖਰੀਆਂ ਯੋਜਨਾਵਾਂ ਦਰਮਿਆਨ, ਜਿਨ੍ਹਾਂ ਦੇ ਸਹਾਰੇ ਗ਼ਦਰ ਵੱਖ-ਵੱਖ ਪੜਾਵਾਂ 'ਚ ਅੱਗੇ ਵਧਿਆ, ਅਜ਼ੀਮਉੱਲ੍ਹਾ ਖਾਨ ਦੀ ਰਣਨੀਤੀ ਉੱਪਰ ਖਾਸ ਧਿਆਨ ਦਿੱਤਾ ਜਾਣਾ ਚਾਹੀਦਾ ਹੈ।' ਇਕ ਹੋਰ ਉੱਘੀ ਸ਼ਖਸੀਅਤ ਅਹਿਮਦ ਸ਼ਾਹ ਬਾਰੇ ਸਾਵਰਕਰ ਨੇ ਲਿਖਿਆ, 'ਮਹਾਨ ਅਤੇ ਸੰਤ ਸੁਭਾਅ ਦੇ ਅਹਿਮਦ ਸ਼ਾਹ ਨੇ ਬਹੁਤ ਹੁਸ਼ਿਆਰੀ ਨਾਲ ਲਖਨਊ ਅਤੇ ਆਗਰਾ ਦੇ ਹਰ ਹਿੱਸੇ ਵਿਚ ਜਹਾਦ ਦਾ ਸੰਦੇਸ਼ ਫੈਲਾ ਦਿੱਤਾ। ਜਗਦੀਸ਼ਪੁਰ ਦੇ ਨਾਇਕ ਕੁੰਵਰ ਸਿੰਘ ਸੂਬੇ ਦੀ ਕਮਾਨ ਸਾਂਭ ਚੁੱਕੇ ਸਨ ਅਤੇ ਨਾਨਾ ਦੀ ਸਲਾਹ ਨਾਲ ਯੁੱਧ ਦਾ ਸਮਾਨ ਜਮ੍ਹਾ ਕਰਨ ਵਿਚ ਮਸਰੂਫ ਸਨ। ਜਹਾਦ ਦੇ ਇਹੀ ਬੀਜ ਪਟਨਾ ਵਿਚ ਵੀ ਪੁੰਗਰ ਚੁੱਕੇ ਸਨ, ਜਿੱਥੇ ਪੂਰੇ ਸ਼ਹਿਰ ਵਿਚ ਇਨਕਲਾਬੀ ਦਲ ਦਾ ਬਸੇਰਾ ਸੀ। ਮੌਲਵੀ, ਪੰਡਿਤ, ਜਗੀਰਦਾਰ, ਕਿਸਾਨ, ਵਪਾਰੀ, ਵਕੀਲ, ਵਿਦਿਆਰਥੀ ਅਤੇ ਤਮਾਮ ਜਾਤੀਆਂ ਅਤੇ ਸਮਾਜ ਸਵਦੇਸ਼ ਅਤੇ ਧਰਮ ਦੇ ਲਈ ਆਪਣੀਆਂ ਜਾਨਾਂ ਵਾਰਨ ਲਈ ਤੱਤਪਰ ਸਨ।'

ਮੁਸਲਿਮ ਲੀਗ ਦੀ ਪਾਕਿਸਤਾਨ ਦੀ ਮੁਹਿੰਮ ਦਾ ਵਿਰੋਧ ਕਰਨ ਵਾਲੇ ਮੁਸਲਮਾਨਾਂ ਦਾ ਕਦੇ ਜ਼ਿਕਰ ਹੀ ਨਹੀਂ ਕੀਤਾ ਜਾਂਦਾ। ਇਤਿਹਾਸ ਦੇ ਅਣਗੌਲੇ ਪੰਨੇ ਦੱਸਦੇ ਹਨ ਕਿ ਉਦੋਂ ਬਹੁਤ ਵੱਡੀ ਤਾਦਾਦ 'ਚ ਐਸੇ ਮੁਸਲਮਾਨ ਸਨ ਜਿਨ੍ਹਾਂ ਨੇ ਪਾਕਿਸਤਾਨ ਬਣਾਉਣ ਦੇ ਮੁਸਲਿਮ ਲੀਗੀ ਏਜੰਡੇ ਦਾ ਪੁਰਜ਼ੋਰ ਵਿਰੋਧ ਕੀਤਾ।

ਬਾਅਦ ਵਿਚ ਕਾਲੇ ਪਾਣੀ ਜੇਲ੍ਹ ਦੀ ਕੈਦ ਨੇ ਸਾਵਰਕਰ ਦੀ ਸੋਚ ਬਦਲ ਦਿੱਤੀ। ਸਾਵਰਕਰ ਅੰਗਰੇਜ਼ ਰਾਜ ਦਾ ਵਫਾਦਾਰ ਬਣ ਗਿਆ। ਮੁਲਕ ਦੀ ਆਜ਼ਾਦੀ ਦਾ ਮਿਸ਼ਨ ਤਿਆਗ ਕੇ ਉਸ ਨੇ ਹਿੰਦੂ ਰਾਸ਼ਟਰ ਬਣਾਉਣ ਲਈ ਹਿੰਦੂਤਵ ਦੀ ਨੀਂਹ ਰੱਖੀ। ਹਿੰਦੂਤਵ ਦੇ ਬਾਨੀ ਆਗੂਆਂ ਨੇ ਮੁਸਲਮਾਨਾਂ ਦੀ ਵਤਨ ਪ੍ਰਤੀ ਵਫਾਦਾਰੀ ਨੂੰ ਸ਼ੱਕੀ ਕਹਿਣਾ ਸ਼ੁਰੂ ਕਰ ਦਿੱਤਾ। ਦਰਅਸਲ, 'ਦੋ ਕੌਮਾਂ' ਦਾ ਸਿਧਾਂਤ ਸਭ ਤੋਂ ਪਹਿਲਾਂ ਜਿਨਾਹ ਨੇ ਨਹੀਂ ਸਗੋਂ ਸਾਵਰਕਰ ਨੇ ਪੇਸ਼ ਕੀਤਾ। ਉਸ ਨੇ ਕਿਹਾ, 'ਅੱਜ ਇਹ ਬਿਲਕੁਲ ਨਹੀਂ ਮੰਨਿਆ ਜਾ ਸਕਦਾ ਕਿ ਹਿੰਦੁਸਤਾਨ ਏਕਤਾ ਵਿਚ ਪਰੋਇਆ ਹੋਇਆ ਰਾਸ਼ਟਰ ਹੈ, ਇਸ ਦੇ ਉਲਟ ਹਿੰਦੁਸਤਾਨ ਵਿਚ ਮੁੱਖ ਤੌਰ 'ਤੇ ਦੋ ਰਾਸ਼ਟਰ ਹਨ, ਹਿੰਦੂ ਅਤੇ ਮੁਸਲਮਾਨ।'

ਇਕ ਪਾਸੇ ਹਿੰਦੂ ਫਿਰਕਾਪ੍ਰਸਤ ਅਤੇ ਮੁਸਲਿਮ ਲੀਗ 'ਦੋ-ਕੌਮ ਸਿਧਾਂਤ' ਰਾਹੀਂ ਆਜ਼ਾਦੀ ਦੇ ਅੰਦੋਲਨ ਨੂੰ ਸੱਟ ਮਾਰ ਰਹੇ ਹਨ, ਦੂਜੇ ਪਾਸੇ ਸੱਚੀਆਂ ਵਤਨਪ੍ਰੇਮੀ ਤਾਕਤਾਂ ਇਕਜੁੱਟ ਭਾਰਤ ਲਈ ਲੜ ਰਹੀਆਂ ਸਨ। ਗ਼ਦਰੀ ਆਗੂ ਰਹਿਮਤ ਅਲੀ, ਪ੍ਰੋਫੈਸਰ ਬਰਕਤਉੱਲਾ, ਖਿਲਾਫਤ ਲਹਿਰ ਤੋਂ ਕਮਿਊਨਿਸਟ ਬਣੇ ਇਨਕਲਾਬੀਆਂ ਅਤੇ ਕਾਕੋਰੀ ਕਾਂਡ ਦੇ ਸ਼ਹੀਦ ਅਸ਼ਫਾਕਉੱਲ੍ਹਾ ਖਾਨ ਵਰਗਿਆਂ ਦੀ ਸ਼ਾਨਦਾਰ ਵਿਰਾਸਤ ਸੀ। ਆਜ਼ਾਦ ਮੁਸਲਿਮ ਕਾਨਫਰੰਸ ਮੁਸਲਿਮ ਲੀਗ ਦੀ ਪਾਟਕਪਾਊ ਸਿਆਸਤ ਵਿਰੁੱਧ ਵਿਸ਼ਾਲ ਆਧਾਰ ਵਾਲਾ ਅੰਦੋਲਨ ਸੀ। ਇਸ ਨੂੰ ਆਲ ਪਾਰਟੀਜ਼ ਸ਼ੀਆ ਕਾਨਫਰੰਸ ਅਤੇ ਹੋਰ ਇਸਲਾਮਿਕ ਸੰਸਥਾਵਾਂ ਅੱਲਾ ਬਖਸ਼ ਅਤੇ ਅਨੇਕਾਂ ਹੋਰ ਉੱਘੇ ਇਸਲਾਮਿਕ ਵਿਦਵਾਨਾਂ ਨੇ ਮਿਲ ਕੇ ਜਥੇਬੰਦ ਕੀਤਾ ਸੀ। ਮਸ਼ਹੂਰ ਵਿਦਵਾਨ, ਸਾਹਿਤਕਾਰ ਅਤੇ ਸ਼ਾਇਰ ਮੌਲਾਨਾ ਹਸਰਤ ਮੋਹਾਨੀ, ਪ੍ਰਮੁੱਖ ਕਾਂਗਰਸੀ ਆਗੂ ਡਾ. ਮੁਖਤਾਰ ਅਹਿਮਦ ਅੰਸਾਰੀ ਜਿਸ ਨੇ ਮੌਲਾਨਾ ਮਹਮੂਦੁਲ ਹਸਨ, ਹਕੀਮ ਅਜਮਲ ਖਾਨ, ਅਬਦੁੱਲ ਮਜੀਦ ਖਵਾਜਾ ਅਤੇ ਮੌਲਾਨਾ ਮੁਹੰਮਦ ਅਲੀ ਦੇ ਨਾਲ ਮਿਲ ਕੇ ਧਰਮ ਨਿਰਪੇਖ ਅਤੇ ਮਿਲੀਜੁਲੀ ਵਿਚਾਰਧਾਰਾ ਉੱਪਰ ਆਧਾਰਤ ਮੁਸਲਿਮ ਤਾਲੀਮੀ ਸੰਸਥਾ ਜਾਮੀਆ ਮਿਲੀਆ ਇਸਲਾਮੀਆ ਦੀ ਸਥਾਪਨਾ ਕੀਤੀ ਜੋ 'ਦੋ-ਕੌਮ ਨਜ਼ਰੀਏ' ਨੂੰ ਨਾਮਨਜ਼ੂਰ ਕਰਨ ਦੀ ਭਾਰਤੀ ਮੁਸਲਮਾਨਾਂ ਦੀ ਦ੍ਰਿੜ ਇੱਛਾ ਦੀ ਪ੍ਰਤੀਕ ਸੀ, 'ਪਾਕਿਸਤਾਨ: ਦਿ ਪ੍ਰਾਬਲਮਜ਼ ਆਫ ਇੰਡੀਆ' ਦੇ ਲੇਖਕ ਸ਼ੌਕਤਉੱਲ੍ਹਾ ਅੰਸਾਰੀ, ਖਾਨ ਅਬਦੁੱਲ ਗੱਫਾਰ ਖਾਨ ਉਰਫ ਸਰਹੱਦੀ ਗਾਂਧੀ, ਉੱਘੇ ਪੱਤਰਕਾਰ ਸਈਦ ਅਬਦੁੱਲ੍ਹਾ ਬਰੇਲਵੀ, ਸਿੱਖਿਆ ਦੇ ਖੇਤਰ 'ਚ ਚੋਖਾ ਯੋਗਦਾਨ ਪਾਉਣ ਵਾਲੇ ਐਡਵੋਕੇਟ ਅਬਦੁੱਲ ਮਜੀਦ ਖਵਾਜਾ, ਜੰਮੂ ਕਸ਼ਮੀਰ ਮੁਸਲਿਮ ਕਾਨਫਰੰਸ ਦੇ ਸੰਸਥਾਪਕ ਸ਼ੇਖ ਮੁਹੰਮਦ ਅਬਦੁੱਲਾ, ਜਮੀਅਤ ਉਲਮਾ-ਏ-ਹਿੰਦ (ਆਰਗੇਨਾਈਜੇਸ਼ਨ ਆਫ ਇੰਡੀਅਨ ਇਸਲਾਮਿਕ ਸਕਾਲਰਜ਼) ਦੀ ਸਥਾਪਨਾ ਕਰਨ ਵਾਲੇ ਪ੍ਰਮੁੱਖ ਮੁਸਲਿਮ ਵਿਦਵਾਨ ਮੌਲਾਨਾ ਮਹਿਮੂਦ ਹਸਨ ਦੇਬਬੰਦੀ, ਮੌਲਾਨਾ ਸਈਦ ਹੁਸੈਨ ਅਹਿਮਦ ਮਦਨੀ, ਮੌਲਾਨਾ ਅਹਿਮਦ ਸਈਦ ਦੇਹਲਵੀ, ਮੁਫਤੀ ਕਿਫਾਇਤਉੱਲ੍ਹਾ ਦੇਹਲਵੀ, ਮੁਫਤੀ ਮੁਹੰਮਦ ਨਈਮ ਲੁਧਿਆਣਵੀ, ਮੌਲਾਨਾ ਅਹਿਮਦ ਅਲੀ ਲਾਹੌਰੀ, ਮੌਲਾਨਾ ਬਸੀਰ ਅਹਿਮਦ ਭੱਟ, ਮੌਲਾਨਾ ਸਈਦ ਗੁਲ ਬਾਦਸ਼ਾਹ, ਮੌਲਾਨਾ ਹਿਫਜ਼ੁਰਰਹਿਮਾਨ ਸਿਓਹਾਰਵੀ, ਮੌਲਾਨਾ ਅਬਦੁੱਲ ਬਾਰੀ ਫਿਰੰਗੀ ਮਹਲੀ ਅਤੇ ਹੋਰ ਬਹੁਤ ਸਾਰੇ, ਮੁੱਖ ਤੌਰ 'ਤੇ ਅਸ਼ਰਫ ਵਰਗ (ਉੱਚ ਜਾਤੀ ਮੁਸਲਮਾਨਾਂ) ਦੇ ਜਾਤਪਾਤੀ ਦਾਬੇ ਦਾ ਸ਼ਿਕਾਰ ਦਸਤਕਾਰਾਂ, ਕਾਰੀਗਰਾਂ, ਬੁਣਕਰਾਂ ਅਤੇ ਹੋਰ ਕਿਰਤੀਆਂ ਦੀ ਜਥੇਬੰਦੀ ਆਲ ਇੰਡੀਆ ਮੋਮਿਨ ਕਾਨਫਰੰਸ ਜਿਸ ਦੇ ਪ੍ਰਧਾਨ ਜ਼ਹੀਰੂਦੀਨ ਸਨ, ਲੋਕ ਆਧਾਰ ਵਾਲੀ ਜਥੇਬੰਦੀ ਮਜਲਿਸੇ-ਅਹਰਾਰੇ-ਇਸਲਾਮ, ਮੌਲਾਨਾ ਹਬੀਬ-ਉਰ-ਰਹਿਮਾਨ ਲੁਧਿਆਣਵੀ ਦੀ ਅਗਵਾਈ ਹੇਠਲਾ 'ਲੁਧਿਆਣਵੀ ਉਲਮਾ' ਨਾਂ ਦਾ ਮੁਸਲਮਾਨ ਵਿਦਵਾਨਾਂ ਦਾ ਗਰੁੱਪ, ਪਾਕਿਸਤਾਨ ਵਿਰੋਧੀ ਮਕਬੂਲ ਬੁਲਾਰੇ ਅਤਾਉੱਲ੍ਹਾ ਬੁਖਾਰੀ, ਕ੍ਰਿਸ਼ਕ ਪਰਜਾ ਪਾਰਟੀ ਬੰਗਾਲ, ਸੁੰਨੀ ਮੁਸਲਮਾਨਾਂ ਦੀ ਸੁਧਾਰਵਾਦੀ-ਰੂੜ੍ਹੀਵਾਦੀ ਸੰਪਰਦਾਇ ਅਹਲੇ-ਹਦੀਸ, ਅੰਜੁਮਨੇ-ਵਤਨ (ਬਲੂਚਿਸਤਾਨ) ਜਿਸ ਦੇ ਆਗੂ ਖਾਨ ਅਬਦੁੱਸਮਦ ਖਾਨ ਉਰਫ ਬਲੂਚੀ ਗਾਂਧੀ ਸਨ, ਦੱਖਣੀ ਭਾਰਤ 'ਚ ਸਾਊਥ ਇੰਡੀਅਨ ਐਂਟੀ-ਸੈਪਰੇਸ਼ਨ ਕਾਨਫਰੰਸ, ਮਾਲਾਬਾਰ ਦੇ ਮੁਸਲਿਮ ਆਗੂ ਮੁਹੰਮਦ ਅਬਦੁਰ-ਰਹਿਮਾਨ ਅਤੇ ਉਸ ਦੇ ਸਾਥੀ ਈ. ਮੁਈਦੂ ਮੌਲਵੀ। ਇਹ ਉਹ ਉੱਘੀਆਂ ਸ਼ਖਸੀਅਤਾਂ ਅਤੇ ਸੰਸਥਾਵਾਂ ਸਨ ਜੋ ਸਾਂਝੀ ਸੰਸਕ੍ਰਿਤੀ ਵਾਲੇ ਭਾਰਤ ਦਾ ਝੰਡਾ ਬੁਲੰਦ ਕਰਦੇ ਸਨ ਅਤੇ ਮਜ਼੍ਹਬੀ ਆਧਾਰ 'ਤੇ ਭਾਰਤੀ ਲੋਕਾਂ ਨੂੰ ਆਪਸ ਵਿਚ ਵੰਡਣ ਦੇ ਸਖਤ ਖਿਲਾਫ ਸਨ। ਇਨ੍ਹਾਂ ਸਾਰਿਆਂ ਨੇ ਆਪਣੀਆਂ ਸੰਵਾਦ ਰਚਾਊ ਲਿਖਤਾਂ, ਭਾਸ਼ਣਾਂ, ਸ਼ਾਇਰੀ ਅਤੇ ਹੋਰ ਸਾਹਿਤਕ ਮਾਧਿਅਮਾਂ, ਕਾਨਫਰੰਸਾਂ ਅਤੇ ਪ੍ਰਚਾਰ ਮੁਹਿੰਮਾਂ ਰਾਹੀਂ ਮੁਸਲਿਮ ਲੀਗ ਦੇ 'ਦੋ-ਕੌਮ ਨਜ਼ਰੀਏ' ਦਾ ਡੱਟ ਕੇ ਵਿਰੋਧ ਕੀਤਾ।

ਭਾਰਤ ਦੀ ਵੰਡ ਦਾ ਵਿਰੋਧ ਕਰਨ ਵਾਲੇ ਆਗੂਆਂ 'ਚ ਸਿਰਕੱਢ ਸ਼ਖਸੀਅਤ ਅੱਲ੍ਹਾ ਬਖਸ਼ ਸੁਮਰੋ ਸੀ ਜਿਸ ਦਾ ਕਦੇ ਜ਼ਿਕਰ ਨਹੀਂ ਕੀਤਾ ਜਾਂਦਾ। ਉਹ ਵੱਡੇ ਜਗੀਰਦਾਰ-ਠੇਕੇਦਾਰ ਸਿੰਧੀ ਪਰਿਵਾਰ 'ਚੋਂ ਸੀ। ਉਹ 1926 'ਚ ਬੰਬਈ ਵਿਧਾਨ ਪ੍ਰੀਸ਼ਦ ਦੇ ਮੈਂਬਰ ਚੁਣਿਆ ਗਿਆ। ਉਸ ਨੇ 1934 ਵਿਚ ਸਿੰਧ ਪੀਪਲਜ਼ ਪਾਰਟੀ ਬਣਾਈ ਜੋ ਬਾਅਦ ਵਿਚ 'ਇਤਿਹਾਦ' (ਯਾਨੀ ਏਕਤਾ) ਪਾਰਟੀ ਦੇ ਨਾਂ ਨਾਲ ਜਾਣੀ ਗਈ। ਉਹ ਦੋ ਵਾਰ ਸਿੰਧ ਦੇ ਪ੍ਰਧਾਨ ਮੰਤਰੀ (ਉਸ ਵਕਤ ਮੁੱਖ ਮੰਤਰੀ ਨੂੰ ਪ੍ਰਧਾਨ ਮੰਤਰੀ ਕਿਹਾ ਜਾਂਦਾ ਸੀ) ਬਣੇ। ਪਹਿਲੀ ਵਾਰ 23 ਮਾਰਚ 1938 ਤੋਂ 18 ਅਪਰੈਲ 1940 ਤੱਕ ਅਤੇ ਦੂਜੀ ਵਾਰ 7 ਮਾਰਚ 1941 ਤੋਂ 14 ਅਕਤੂਬਰ 1942 ਤੱਕ। ਅੰਗਰੇਜ਼ ਹਕੂਮਤ ਦੀਆਂ ਜਾਬਰ ਨੀਤੀਆਂ ਦੇ ਵਿਰੋਧ 'ਚ ਅਕਤੂਬਰ 1942 'ਚ ਅੱਲ੍ਹਾ ਬਖਸ਼ ਵੱਲੋਂ ਖਾਨ ਬਹਾਦਰ ਅਤੇ ਆਰਡਰ ਆਫ ਦ ਬ੍ਰਿਟਿਸ਼ ਐਂਪਾਇਰ (ਓ.ਬੀ.ਈ.) ਦੇ ਖਿਤਾਬ ਮੋੜਨ ਤੋਂ ਬਾਅਦ ਅੰਗਰੇਜ਼ ਹਕੂਮਤ ਨੇ ਉਸ ਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਤੋਂ ਬਰਖਾਸਤ ਕਰ ਦਿੱਤਾ। 14 ਮਈ 1943 ਨੂੰ ਪੇਸ਼ੇਵਰ ਕਾਤਲਾਂ ਕੋਲੋਂ ਉਸ ਦਾ ਕਤਲ ਕਰਵਾ ਦਿੱਤਾ ਗਿਆ। ਇਹ ਮੁਸਲਿਮ ਲੀਗ ਦੀ ਸਾਜ਼ਿਸ਼ ਸੀ ਅਤੇ ਕਾਤਿਲਾਂ ਦਾ ਮੁਸਲਿਮ ਲੀਗ ਨਾਲ ਸੰਬੰਧ ਜੱਗ ਜ਼ਾਹਿਰ ਸੀ ਪਰ ਅੰਗਰੇਜ਼ ਹਕੂਮਤ ਦੀ ਮਿਲੀਭੁਗਤ ਕਾਰਨ ਅਦਾਲਤ ਵਿਚ ਇਹ ਸਾਬਤ ਨਹੀਂ ਕੀਤਾ ਜਾ ਸਕਿਆ ਅਤੇ ਸਾਜ਼ਿਸ਼ਘਾੜੇ ਬਰੀ ਹੋ ਗਏ।

ਅੱਲ੍ਹਾ ਬਖਸ਼ ਨੇ ਜਿਨਾਹ ਦੇ 'ਦੋ-ਕੌਮ ਨਜ਼ਰੀਏ' ਦਾ ਵਿਚਾਰਧਾਰਕ ਅਤੇ ਜ਼ਮੀਨੀ ਪੱਧਰ 'ਤੇ ਡੱਟ ਕੇ ਵਿਰੋਧ ਕਰਦਿਆਂ ਮੁਸਲਿਮ ਲੀਗ ਦੀ ਪਾਕਿਸਤਾਨ ਬਣਾਉਣ ਦੀ ਮੁਹਿੰਮ ਵਿਰੁੱਧ ਪੂਰੇ ਮੁਲਕ 'ਚ ਦੇਸ਼ਪ੍ਰੇਮੀ ਮੁਸਲਮਾਨਾਂ, ਖਾਸ ਕਰਕੇ ਪਿਛੜੇ ਮੁਸਲਮਾਨਾਂ ਨੂੰ 'ਆਜ਼ਾਦ ਮੁਸਲਿਮ ਕਾਨਫਰੰਸ' ਦੇ ਝੰਡੇ ਹੇਠ ਜਥੇਬੰਦ ਕੀਤਾ। ਇਹ ਜਥੇਬੰਦੀ ਮੁਸਲਿਮ ਲੀਗ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਤੋਂ ਆਜ਼ਾਦ ਪਛਾਣ ਰੱਖਦੀ ਸੀ। ਮੁਸਲਿਮ ਲੀਗ ਵੱਲੋਂ 23 ਮਾਰਚ 1940 ਨੂੰ 'ਪਾਕਿਸਤਾਨ ਦਾ ਮਤਾ' ਪਾਸ ਕੀਤੇ ਜਾਣ 'ਤੇ ਅੱਲ੍ਹਾ ਬਖਸ਼ ਵੱਲੋਂ 27 ਤੋਂ 30 ਅਪਰੈਲ ਤੱਕ ਦਿੱਲੀ ਵਿਚ ਪਾਕਿਸਤਾਨ ਵਿਰੋਧੀ ਕਾਨਫਰੰਸ ਜਥੇਬੰਦ ਕੀਤੀ ਗਈ ਜਿਸ ਵਿਚ ਮੁਲਕ ਦੇ ਹਰ ਹਿੱਸੇ ਤੋਂ ਲੱਗਭੱਗ 1400 ਨੁਮਾਇੰਦੇ ਸ਼ਾਮਲ ਹੋਏ। ਕੰਮਾਂ ਦੀ ਭਰਮਾਰ, ਲੋਕਾਂ ਦੀ ਹਿੱਸੇਦਾਰੀ ਅਤੇ ਅਪਾਰ ਉਤਸ਼ਾਹ ਦੇ ਮੱਦੇਨਜ਼ਰ ਕਾਨਫਰੰਸ ਦਾ ਸਮਾਂ ਇਕ ਦਿਨ ਹੋਰ ਵਧਾਉਣਾ ਪਿਆ ਸੀ। ਇਹ ਮੁੱਖ ਤੌਰ 'ਤੇ ਮੁਸਲਮਾਨਾਂ ਦੀਆਂ ਪਿਛੜੀ ਜਾਤੀਆਂ ਅਤੇ ਕੰਮਕਾਜੀ ਵਰਗ ਦੀਆਂ ਜਥੇਬੰਦੀਆਂ ਦੀ ਕਾਨਫਰੰਸ ਸੀ। ਕਾਨਫਰੰਸ ਵਿਚ ਲੋਕਾਂ ਦੀ ਸ਼ਮੂਲੀਅਤ ਨੂੰ ਦੇਖ ਕੇ ਮੁਸਲਿਮ ਲੀਗ ਪੱਖੀ ਬਰਤਾਨਵੀ ਪ੍ਰੈੱਸ ਨੂੰ ਵੀ ਮੰਨਣਾ ਪਿਆ ਕਿ 'ਆਜ਼ਾਦ ਮੁਸਲਿਮ ਕਾਨਫਰੰਸ' ਭਾਰਤੀ ਮੁਸਲਮਾਨਾਂ ਦੀ ਸਭ ਤੋਂ ਭਰੋਸੇਯੋਗ ਨੁਮਾਇੰਦਾ ਹੈ। 5 ਹਜ਼ਾਰ ਔਰਤਾਂ ਸਮੇਤ 50 ਹਜ਼ਾਰ ਦੀ ਸਮਰੱਥਾ ਵਾਲਾ ਪੰਡਾਲ ਵਿਸ਼ਾਲ ਇਕੱਠ ਅੱਗੇ ਛੋਟਾ ਰਹਿ ਗਿਆ ਅਤੇ ਪੰਡਾਲ ਹੋਰ ਵਧਾਉਣਾ ਪਿਆ। ਪ੍ਰੈੱਸ ਦੇ ਦਰਮਿਆਨੇ ਅੰਦਾਜ਼ੇ ਅਨੁਸਾਰ ਵੀ 26 ਅਪਰੈਲ ਨੂੰ ਕੱਢੇ ਗਏ ਵਿਸ਼ਾਲ ਜਲੂਸ ਵਿਚ 50 ਹਜ਼ਾਰ ਮੁਸਲਮਾਨ ਸ਼ਾਮਿਲ ਸਨ। ਮੁਸਲਿਮ ਲੀਗ ਨੇ ਅੱਲ੍ਹਾ ਬਖਸ਼ ਨੂੰ ਕਾਲੇ ਝੰਡੇ ਦਿਖਾਉਣ ਦੀ ਯੋਜਨਾ ਬਣਾਈ ਸੀ ਲੇਕਿਨ ਉਸ ਦੇ ਹੱਕ ਵਿਚ ਅਵਾਮ ਦਾ ਉਤਸ਼ਾਹ ਦੇਖ ਕੇ ਲੀਗੀਆਂ ਨੂੰ ਆਪਣਾ ਇਰਾਦਾ ਤਿਆਗਣਾ ਪਿਆ। ਇਸ ਮੌਕੇ ਅੱਲਾ ਬਖਸ਼ ਨੇ ਐਲਾਨ ਕੀਤਾ- 'ਕੋਈ ਵੱਖਰਾ ਜਾਂ ਵਿਸ਼ੇਸ਼ ਇਲਾਕਾ ਨਹੀਂ ਸਗੋਂ ਪੂਰਾ ਭਾਰਤ ਦੇਸ਼ ਭਾਰਤੀ ਮੁਸਲਮਾਨਾਂ ਦੀ ਮਾਂ-ਭੂਮੀ ਹੈ। ਕਿਸੇ ਵੀ ਹਿੰਦੂ ਜਾਂ ਮੁਸਲਮਾਨ ਨੂੰ ਇਸ ਦਾ ਹੱਕ ਨਹੀਂ ਹੈ ਕਿ ਉਹ ਉਨ੍ਹਾਂ ਨੂੰ ਇਸ ਮਾਦਰੇ-ਵਤਨ ਦੇ ਇਕ ਇੰਚ ਹਿੱਸੇ ਤੋਂ ਵੀ ਜੁਦਾ ਕਰ ਸਕੇ। ਪੂਰਾ ਭਾਰਤ ਸਾਡੀ ਮਾਂ-ਭੂਮੀ ਹੈ ਅਤੇ ਜ਼ਿੰਦਗੀ ਦੇ ਹਰ ਖੇਤਰ ਵਿਚ ਅਸੀਂ ਹੋਰ ਭਾਰਤੀਆਂ ਦੀ ਤਰ੍ਹਾਂ ਹੀ ਹਮਸਫਰ ਰਹੇ ਹਾਂ।'

ਇਤਿਹਾਸਕ ਤੱਥ ਦਰਸਾਉਂਦੇ ਹਨ ਕਿ ਹਿੰਦੂਤਵ ਬ੍ਰਿਗੇਡ ਦਾ ਦੇਸ਼ਭਗਤੀ ਦਾ ਦਾਅਵਾ ਕਿੰਨਾ ਝੂਠਾ ਹੈ ਅਤੇ ਜਿਸ ਮੁਸਲਮਾਨ ਭਾਈਚਾਰੇ ਦੀ ਵਫਾਦਾਰੀ ਨੂੰ ਉਹ ਸ਼ੱਕੀ ਕਰਾਰ ਦੇ ਕੇ ਭੰਡਦੇ ਹਨ, ਉਨ੍ਹਾਂ ਦੀ ਵਤਨਪ੍ਰੇਮ ਦੀ ਬੁਨਿਆਦ ਕਿੰਨੀ ਪੱਕੀ ਹੈ ਅਤੇ ਵਤਨਪ੍ਰੇਮ ਦੀ ਵਿਰਾਸਤ ਕਿੰਨੀ ਸ਼ਾਨਾਮੱਤੀ ਹੈ।

# ਦੋਹਾਂ ਪੰਜਾਬਾਂ ਦੇ ਮਿਲਾਪ ਦੇ ਤਾਂਘੀ ਪ੍ਰੋ. ਅਮਾਨਤ ਅਲੀ ਮੁਸਾਫਿਰ

***ਸੰਤਾਲੀ ਵਾਲੀ ਵੰਡ ਨੇ ਪੰਜਾਬ ਨੂੰ ਅੱਧ ਵਿਚਕਾਰੋਂ ਵੱਢ ਸੁੱਟਿਆ ਸੀ। ਉਸ ਵਕਤ ਝੁੱਲੀ ਫਿਰਕੂ ਹਨੇਰੀ ਵਿਚ ਲਹੂ-ਲੁਹਾਣ ਹੋਏ ਪੰਜਾਬ ਦੇ ਜ਼ਖਮ ਸਾਢੇ ਸੱਤ ਦਹਾਕਿਆਂ ਬਾਅਦ ਵੀ ਅੱਲੇ ਹਨ। ਦੋਹੀਂ ਪਾਸੀਂ ਬੈਠੇ ਪੰਜਾਬੀ ਨਿੱਘੀਆਂ ਗਲਵੱਕੜੀਆਂ ਦੀ ਤਾਂਘ ਕਰ ਰਹੇ ਹਨ। ਪਿਛਲੇ ਕੁਝ ਸਮੇਂ ਦੌਰਾਨ ਸੋਸ਼ਲ ਮੀਡੀਆ ਰਾਹੀਂ ਇਸ ਤਾਂਘ ਦੇ ਦੀਦਾਰ ਅਕਸਰ ਹੁੰਦੇ ਰਹਿੰਦੇ ਹਨ। ਜਸਵੰਤ ਸਿੰਘ ਸੰਧੂ ਨੇ ਆਪਣੇ ਇਸ ਲੇਖ ਵਿਚ ਸਾਂਝੀ ਪੰਜਾਬੀਅਤ ਨੂੰ ਪ੍ਰਣਾਏ ਲਹਿੰਦੇ ਪੰਜਾਬ ਦੇ ਸ਼ਾਇਰ ਪ੍ਰੋ. ਅਮਾਨਤ ਅਲੀ ਮੁਸਾਫਿਰ ਦੇ ਜੀਵਨ ਅਤੇ ਕਵਿਤਾਵਾਂ ਬਾਰੇ ਕੁਝ ਗੱਲਾਂ-ਬਾਤਾਂ ਕੀਤੀਆਂ ਹਨ ਜੋ ਅਸੀਂ ਆਪਣੇ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।***

ਅਣਵੰਡੇ ਪੰਜਾਬ ਦੇ ਅਜ਼ੀਮ ਸ਼ਾਇਰ ਫੀਰੋਜ਼ਦੀਨ ਸ਼ਰਫ ਨੇ ਆਪਣੇ ਪਿਆਰੇ ਪੰਜਾਬ ਬਾਰੇ ਲਿਖਿਆ ਸੀ:

ਸੋਹਣੇ ਦੇਸਾਂ ਵਿਚੋਂ ਦੇਸ ਪੰਜਾਬ ਨੀ ਸਈਓ।
ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓ।

ਮੁਗਲ ਸਲਤਨਤ ਕਮਜ਼ੋਰ ਪੈਣ ਕਾਰਨ ਪੰਜਾਬ 'ਤੇ ਕਬਜ਼ਾ ਕਰਕੇ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬੀਆਂ (ਸਿੱਖ, ਮੁਸਲਮਾਨ, ਹਿੰਦੂ ਆਦਿ) ਨੂੰ ਇਸ ਰਾਜ ਦਾ ਹਿੱਸੇਦਾਰ ਬਣਾਇਆ। ਉਨ੍ਹਾਂ ਦਾ ਚਾਲੀ ਸਾਲਾ ਰਾਜ ਅਸਲ ਵਿਚ ਸਾਰੇ ਪੰਜਾਬੀਆਂ ਦਾ ਰਾਜ ਸੀ ਜਿਸ ਵਿਚ ਨਾ ਕਿਸੇ ਨੂੰ ਫਾਂਸੀ ਦੀ ਸਜ਼ਾ ਮਿਲੀ ਤੇ ਨਾ ਹੀ ਕੋਈ ਫਿਰਕੂ ਦੰਗਾ-ਫਸਾਦ ਹੋਇਆ। 27 ਜੂਨ, 1839 ਨੂੰ ਮਹਾਰਾਜੇ ਦੀ ਮੌਤ ਤੋਂ ਬਾਅਦ ਡੋਗਰਿਆਂ ਦੀ ਗਦਾਰੀ, ਸਿੱਖ ਸਰਦਾਰਾਂ ਦੀ ਨਾ-ਇਤਫਾਕੀ ਅਤੇ ਗੱਦੀ ਦੀ ਭੁੱਖ ਨੇ ਪੰਜਾਬੀਆਂ ਦਾ ਰਾਜ ਖਤਮ ਕਰਕੇ 29 ਮਾਰਚ, 1849 ਨੂੰ ਪੰਜਾਬ ਨੂੰ ਅੰਗਰੇਜ਼ਾਂ ਦਾ ਗੁਲਾਮ ਬਣਾ ਦਿੱਤਾ। ਕਾਸ਼! ਪੰਜਾਬ ਉਸ ਵਕਤ ਆਜ਼ਾਦ ਰਹਿੰਦਾ ਤਾਂ ਪੰਜਾਬੀ 47 ਦੇ ਭਿਆਨਕ ਦੁਖਾਂਤ ਤੋਂ ਬਚ ਜਾਂਦੇ।



**ਜਸਵੰਤ ਸਿੰਘ ਸੰਧੂ (ਘਰਿੰਡਾ)**
**ਯੂਨੀਅਨ ਸਿਟੀ, ਕੈਲੀਫੋਰਨੀਆ**
**ਫੋਨ: 510-909-8204**

1849 ਤੋਂ ਪਹਿਲਾਂ ਭਾਰਤ ਇਕ ਦੇਸ ਨਹੀਂ ਸੀ। 29 ਮਾਰਚ, 1849 ਵਿਚ ਅੰਗਰੇਜ਼ਾਂ ਨੇ ਪੰਜਾਬ ਫਤਿਹ ਕਰਕੇ ਸਾਰੇ ਭਾਰਤ ਉਤੇ ਕਬਜ਼ਾ ਕਰ ਲਿਆ। ਉਸ ਤੋਂ ਬਾਅਦ ਅੰਗਰੇਜ਼ਾਂ ਨੇ ਭਾਰਤੀਆਂ ਨੂੰ ਲੁੱਟਿਆ ਵੀ, ਕੁੱਟਿਆ ਵੀ ਪਰ ਉਨ੍ਹਾਂ ਇਸ ਮੁਲਕ ਨੂੰ ਇਕ ਝੰਡੇ (ਯੂਨੀਅਨ ਜੈਕ) ਥੱਲੇ ਇਕੱਠਾ ਕਰ ਦਿੱਤਾ। ਜਿਹੜੇ ਲੀਡਰ ਕਹਿੰਦੇ ਸੀ ਕਿ ਪਾਕਿਸਤਾਨ ਸਾਡੀ ਲਾਸ਼ 'ਤੇ ਬਣੇਗਾ, ਉਹ ਮੁਲਕ ਨੂੰ ਇਕੱਠਾ ਨਾ ਰੱਖ ਸਕੇ। ਆਖਰਕਾਰ ਇਸ ਮੁਲਕ ਦੇ ਤਿੰਨ ਟੁਕੜੇ ਹੋ ਗਏ। ਕੀ ਕੋਈ ਲੀਡਰ ਇਸ ਗਲਤੀ ਨੂੰ ਪ੍ਰਵਾਨ ਕਰੇਗਾ? ਨਹੀਂ, ਸਾਡੇ ਕਿਸੇ ਵੱਡੇ ਤੋਂ ਵੱਡੇ ਲੀਡਰ ਵਿਚ ਵੀ ਇਹ ਇਖਲਾਕੀ ਦਲੇਰੀ ਨਹੀਂ। ਭਾਰਤ ਦੀ ਆਜ਼ਾਦੀ ਤੇ ਪਾਕਿਸਤਾਨ ਦੇ ਜਨਮ ਵਿਚ ਪੰਜਾਬੀਆਂ ਨੂੰ ਕੁਰਬਾਨੀ ਦਾ ਬੱਕਰਾ ਬਣਨਾ ਪਿਆ।

ਲਹੂ ਨਾਲ ਸਿੰਜੀ ਗਈ ਪੰਜਾਬ ਦੀ ਇਸ ਧਰਤੀ ਨੂੰ ਦੇਖ ਕੇ ਸ਼ਾਇਰ ਫੈਜ਼ ਅਹਿਮਦ ਫੈਜ਼ ਨੇ ਲਿਖਿਆ ਸੀ:

ਯੇਹ ਦਾਗ ਦਾਗ ਉਜਾਲਾ, ਯੇਹ ਸ਼ਬ ਗਜ਼ੀਦਾ ਸ਼ਹਰ
ਵੋਹ ਇੰਤਜ਼ਾਰ ਥਾ ਜਿਸ ਕਾ, ਯੇਹ ਵੋਹ ਸਹਰ ਤੋ ਨਹੀਂ।

ਚੜ੍ਹਦੇ ਪੰਜਾਬ ਦੀ ਸ਼ਾਇਰਾ ਅੰਮ੍ਰਿਤਾ ਪ੍ਰੀਤਮ ਕਬਰ ਵਿਚ ਸਦਾ ਦੀ ਨੀਂਦ ਸੁੱਤੇ ਪੰਜਾਬ ਦੇ ਮਹਾਨ ਕਿੱਸਾਕਾਰ ਵਾਰਿਸ ਸ਼ਾਹ ਨੂੰ ਕੂਕ-ਕੂਕ ਕੇ ਕਹਿ ਰਹੀ ਸੀ:

ਅੱਜ ਆਖਾਂ ਵਾਰਿਸ ਸ਼ਾਹ ਨੂੰ ਕਿਤੇ ਕਬਰਾਂ ਵਿਚੋਂ ਬੋਲ।
ਅੱਜ ਕਿਤਾਬੇ ਇਸ਼ਕ ਦਾ ਕੋਈ ਅਗਲਾ ਵਰਕਾ ਫੋਲ।
ਇਕ ਰੋਈ ਸੀ ਧੀ ਪੰਜਾਬ ਦੀ ਤੂੰ ਲਿਖ-ਲਿਖ ਮਾਰੇ ਵੈਣ।
ਅੱਜ ਲੱਖਾਂ ਧੀਆਂ ਰੋਂਦੀਆਂ ਤੈਨੂੰ ਵਾਰਿਸ ਸ਼ਾਹ ਨੂੰ ਕਹਿਣ।
ਵੇ ਉਠ ਦਰਦ ਮੰਦਾਂ ਦਿਆਂ ਦਰਦੀਆ ਤੱਕ ਆਪਣਾ ਪੰਜਾਬ।
ਅੱਜ ਬੇਲੇ ਲਾਸ਼ ਵਿਛੀਆਂ ਤੇ ਲਹੂ ਦੀ ਭਰੀ ਝਨਾਬ।

ਇਨ੍ਹਾਂ ਸ਼ਾਇਰਾਂ ਤੋਂ ਇਲਾਵਾ ਦੂਜੇ ਲੇਖਕਾਂ ਨੇ ਪੰਜਾਬ ਦੀ ਵੰਡ ਬਾਰੇ ਬੜੀਆਂ ਕਹਾਣੀਆਂ ਤੇ ਨਾਵਲ ਲਿਖੇ ਹਨ ਜਿਸ ਵਿਚ ਸਾਂਝੇ ਪੰਜਾਬ ਦੇ ਪੰਜਾਬੀਆਂ ਦਾ ਸਦੀਆਂ ਤੋਂ ਮਿਲ ਕੇ ਪਿਆਰ ਮੁਹੱਬਤ ਨਾਲ ਰਹਿਣਾ, ਦੁੱਖਾਂ-ਸੁੱਖਾਂ ਦੇ ਭਾਈਵਾਲ ਹੋਣ ਦਾ ਜ਼ਿਕਰ ਹੈ। ਨਾਨਕ ਸਿੰਘ ਨਾਵਲਿਸਟ ਦੇ ਵੰਡ 'ਤੇ ਲਿਖੇ ਦੋ ਨਾਵਲ 'ਅੱਗ ਦੀ ਖੇਡ' ਤੇ 'ਖੂਨ ਦੇ ਸੋਹਿਲੇ' ਦੀ ਭੂਮਿਕਾ ਵਿਚ ਉਹ ਲਿਖਦੇ ਹਨ, "ਮੈਨੂੰ ਕੋਈ ਦਸ ਦੇਵੋ ਕਿ ਪੁੱਤ ਮਰੇ 'ਤੇ ਰੋਣ ਵੇਲੇ ਸਿੱਖ ਮਾਂ, ਮੁਸਲਮਾਨ ਮਾਂ ਅਤੇ ਹਿੰਦੂ ਮਾਂ ਦੇ ਅਥਰੂਆਂ ਵਿਚ ਕੀ ਫਰਕ ਹੈ? ਸਆਦਤ ਹਸਨ ਮੰਟੋ ਨੇ 'ਟੋਬਾ ਟੇਕ ਸਿੰਘ' ਵਰਗੀ ਸ਼ਾਹਕਾਰ ਕਹਾਣੀ ਲਿਖੀ। ਵੰਡ ਕਾਰਨ ਉਸ ਦੀ ਰੂਹ ਕੁਰਲਾ ਉਠੀ ਸੀ। ਰੂਹ ਦੇ ਧੁਰ ਅੰਦਰੋਂ ਉਠ ਰਹੀਆਂ ਚੀਸਾਂ ਨੂੰ ਸ਼ਾਂਤ ਕਰਨ ਲਈ ਉਸ ਨੇ ਸ਼ਰਾਬ ਦਾ ਸਹਾਰਾ ਲਿਆ। ਸ਼ਰਾਬ ਵਿਚ ਡੁੱਬ ਕੇ ਉਹ ਡੁੱਬ ਚੁੱਕੀ ਇਨਸਾਨੀਅਤ ਨੂੰ ਲੱਭਦਾ ਰਿਹਾ। ਉਸ ਨੇ ਮੁਲਕ ਦੀ ਵੰਡ ਬਾਰੇ ਬੇ-ਸ਼ੁਮਾਰ ਅਫਸਾਨੇ ਲਿਖੇ। ਮੁਸਲਮਾਨ, ਹਿੰਦੂ ਤੇ ਸਿੱਖ ਕੱਟੜਪੰਥੀਆਂ ਨੂੰ ਉਸ ਨੇ ਕਰੜੇ ਹੱਥੀਂ ਲਿਆ। ਕਹਾਣੀ ਟੋਬਾ ਟੇਕ ਸਿੰਘ ਦੇ ਆਧਾਰ 'ਤੇ ਲਿਖਿਆ ਨਾਟਕ ਥਾਂ-ਥਾਂ ਖੇਡਿਆ ਗਿਆ ਜਿਸ ਨੂੰ ਦੇਖਣ ਲਈ ਲੋਕ ਹੁਮ-ਹੁਮਾ ਕੇ ਪੁੱਜਦੇ ਨੇ। ਇਸ ਨਾਟਕ ਨੇ ਪੰਜਾਬੀ ਸ਼ਾਇਰ ਗੁਰਭਜਨ ਸਿੰਘ ਗਿੱਲ ਨੂੰ ਇੰਨਾ ਸਤਾਇਆ ਕਿ ਉਸ ਨੇ ਮੰਟੋ ਨੂੰ ਸ਼ਰਧਾਜਲੀ ਵਜੋਂ ਗਜ਼ਲ ਲਿਖੀ ਜਿਸ ਦੇ ਬੋਲ ਭੰਜੋਤਨ ਵਾਲੇ ਨੇ:

ਬਿਸ਼ਨ ਸਿੰਘ ਹਾਲੇ ਵੀ ਫਿਰਦਾ ਟੋਬਾ ਭਾਲਦਾ।
ਟੇਕ ਸਿੰਘ ਨੂੰ ਟੇਕ ਨਹੀਓਂ ਗੁੰਮਿਆ ਜਿਸ ਨਾਲ ਦਾ।
ਪਾਗਲਾਂ ਦੇ ਘਰ ਵਿਚ ਵੀ ਸਹਿਮਤ ਨਹੀਂ ਇਕ ਵੀ,
ਇਹ ਆਜ਼ਾਦੀ ਤੋੜ ਦੇਵੇ ਮਾਸ ਨਹੁੰ ਨਾਲ ਦਾ।
ਅੱਜ ਵੀ ਸਰਹੱਦ ਉਤੇ ਫਿਰ ਰਿਹਾ ਡਾਢਾ ਉਦਾਸ,
ਬੇਘਰਾ ਮੰਟੋ ਅਜੇ ਵੀ ਨੀਂਦ ਫਿਰਦਾ ਟਾਲਦਾ।

ਇਨ੍ਹਾਂ ਲੇਖਕਾਂ ਦੇ ਹਵਾਲੇ ਦੇਣ ਤੋਂ ਮੇਰਾ ਮਤਲਬ ਮਗਰਬ (ਪੱਛਮ) ਅਤੇ ਮਸ਼ਰਕ (ਪੂਰਬ) ਵਿਚ ਅਚਾਨਕ ਵੰਡੇ ਗਏ ਪੰਜਾਬ ਤੋਂ ਬਾਅਦ ਵਾਰਿਸ ਸ਼ਾਹ ਪੁਰਾਣੇ ਪੰਜਾਬ ਦਾ ਸਾਂਝਾ ਵਾਰਿਸ ਬਣ ਕੇ ਉਭਰਿਆ ਸੀ। ਉਦੋਂ ਵੀ ਸਮਕਾਲੀ ਲੇਖਕ, ਉਸ ਵਕਤ ਦੇ ਸਿਆਸਤਦਾਨ ਅਤੇ ਚੋਰ-ਲੁਟੇਰੇ ਜੋ ਇਨਸਾਨੀਅਤ ਦਾ ਜਨਾਜ਼ਾ ਕੱਢ ਰਹੇ ਸਨ, ਫਿਰਕਾਪ੍ਰਸਤੀ ਦੀ ਚੱਲ ਰਹੀ ਹਨੇਰੀ ਵਿਚ ਚਮੁਖੀਏ ਦੀਵਿਆਂ ਵਾਂਗ ਲਟ-ਲਟ ਬਲ ਰਹੇ ਸਨ।

ਅਜੋਕੇ ਕਈ ਨੌਜਵਾਨ ਲੇਖਕ ਵੀ ਆਪਣੇ ਬਜ਼ੁਰਗਾਂ ਤੋਂ ਪੁਰਾਣੇ ਵਕਤ ਦੇ ਸਾਂਝੇ ਭਾਈਚਾਰਿਆਂ ਵਿਚ ਪਿਆਰ ਮੁਹੱਬਤ ਦੀਆਂ ਗੱਲਾਂ ਸੁਣ ਕੇ ਅਗਾਂਹ ਦੋਹਾਂ ਪੰਜਾਬਾਂ ਦੇ ਲੋਕਾਂ ਨੂੰ ਇਕ ਦੂਜੇ ਦੇ ਨੇੜੇ ਲਿਆਉਣ ਲਈ ਸਾਰਥਕ ਕੋਸ਼ਿਸ਼ਾਂ ਕਰ ਰਹੇ ਹਨ ਜਿਨ੍ਹਾਂ ਵਿਚ ਇਕ ਪ੍ਰੋਫੈਸਰ ਅਮਾਨਤ ਅਲੀ ਮੁਸਾਫਿਰ ਪਿੰਡ ਘਣੀਏ ਕੇ (ਲਾਹੌਰ) ਹੈ। ਅਮਾਨਤ ਅਲੀ ਮੁਸਾਫਿਰ ਦੇ ਵਡੇਰੇ ਚੜ੍ਹਦੇ ਪੰਜਾਬ ਦੇ ਪਿੰਡ ਨੌਸ਼ਹਿਰਾ ਢਾਲਾ (ਅੰਮ੍ਰਿਤਸਰ) ਤੋਂ ਹਿਜਰਤ ਕਰਕੇ ਪਹਿਲਵਾਨ ਕਿੱਕਰ ਸਿੰਘ ਦੇ ਪਿੰਡ ਘਣੀਏ ਕੇ (ਲਾਹੌਰ) ਜਾ ਵਸੇ ਸਨ। ਉਨ੍ਹਾਂ ਦੇ ਵਾਲਦ (ਪਿਤਾ) ਮੁਹੰਮਦ ਹੁਸੈਨ ਦਾ ਜਨਮ 1929 ਵਿਚ ਪਿੰਡ ਨੌਸ਼ਹਿਰਾ ਢਾਲਾ ਵਿਚ ਮੀਆਂ ਅੱਲ੍ਹਾ ਬਖਸ਼ ਵਲਦ ਰੂੜਾ ਦੇ ਘਰ ਹੋਇਆ। ਉਨ੍ਹਾਂ ਦੇ ਬਜ਼ੁਰਗਾਂ ਵਿਚ ਪ੍ਰਚਲਿਤ ਜਾਣਕਾਰੀ ਅਨੁਸਾਰ ਭਾਈ ਰੂੜਾ ਦੇ ਵਾਲਦ ਨਿਹਾਲ ਸਿੰਘ ਸਿੱਖ ਧਰਮ ਨਾਲ ਸਬੰਧਿਤ ਸਨ। ਭਾਈ ਰੂੜਾ ਵਲੋਂ ਇਸਲਾਮ ਕਬੂਲ ਕਰਨ ਨਾਲ ਉਨ੍ਹਾਂ ਦੀਆਂ ਅਗਲੀਆਂ ਪੀੜ੍ਹੀਆਂ ਮੁਸਲਿਮ ਧਰਮ ਵਿਚ ਹੀ ਪ੍ਰਵਾਨ ਚੜ੍ਹੀਆਂ। ਉਨ੍ਹਾਂ ਦੀ ਮਾਤਾ ਅਜ਼ੀਜ਼ਾਂ ਬੀਬੀ ਦਾ ਜਨਮ 1945 ਵਿਚ ਪਿੰਡ ਚੀਮਾ ਖੁਰਦ (ਛੋਟੇ) ਵਿਚ ਜਮਾਲਦੀਨ ਵਲਦ ਮੁਹੰਮਦ ਬੂਟਾ ਦੇ ਘਰ ਹੋਇਆ। ਅਮਾਨਤ ਅਲੀ ਮੁਸਾਫਿਰ ਦਾ ਜਨਮ ਇਕ ਜੂਨ 1967 ਨੂੰ ਘਣੀਏ ਕੇ ਵਿਚ ਹੋਇਆ। ਉੱਚੀ ਵਿਦਿਆ ਹਾਸਲ ਕਰਨ ਤੋਂ ਬਾਅਦ ਅੱਜ ਕੱਲ੍ਹ ਲਾਹੌਰ ਦੇ ਇਕ ਕਾਲਜ ਵਿਚ ਪ੍ਰੋਫੈਸਰ ਹੈ ਅਤੇ ਪੰਜਾਬੀ ਜ਼ਬਾਨ ਵਿਚ ਦੋਹਾਂ ਪੰਜਾਬਾਂ ਦੇ ਮਿਲਾਪ ਦੇ ਹੱਕ ਵਿਚ ਬੜੀਆਂ ਵਧੀਆ ਨਜ਼ਮਾਂ ਲਿਖ ਰਿਹਾ ਹੈ: ਉਹ ਆਪਣੇ ਬਜ਼ੁਰਗਾਂ ਦੇ ਪਿੰਡ ਨੌਸ਼ਹਿਰੇ ਵਾਲੇ ਬਾਰੇ ਲਿਖਦਾ ਹੈ:

ਪਿੰਡ ਨੌਸ਼ਹਿਰੇ ਵਾਲੇ ਕੱਚੇ ਰਾਹ ਭੁਲਾਏ ਜਾਂਦੇ ਨਹੀਂ,
ਈਦ ਵਿਸਾਖੀ ਦੇ ਚੜ੍ਹਦੇ ਚਾਅ ਭੁਲਾਏ ਜਾਂਦੇ ਨਹੀਂ।
ਨਰੈਣ, ਸਰੈਣ ਤੇ ਬੰਤਾ ਰਿਖੀ ਰੌਣਕ ਲਾਈ ਰੱਖਦੇ ਸੀ,
ਆਧੀਆਂ ਵਾਲੇ ਖੂਹ 'ਤੇ ਲੱਗੇ ਰੁੱਖ ਭੁਲਾਏ ਜਾਂਦੇ ਨਹੀਂ।
ਮਰਿਆਂ ਨਾਲੋਂ ਭੈੜੇ ਹੋ ਕੇ ਪਿੰਡ ਤਰਕਾਲੀ ਛੱਡਿਆ ਸੀ,
ਗੋਰਿਆਂ ਜਿਹੜੇ ਮਾਰੇ ਮੁਸਾਫਿਰ ਦਾਅ ਭੁਲਾਏ ਜਾਂਦੇ ਨਹੀਂ।

ਅੰਗਰੇਜ਼ਾਂ ਦੀ 'ਪਾੜੋ ਤੇ ਰਾਜ ਕਰੋ' ਨੀਤੀ ਅਤੇ ਫਿਰਕਾਪ੍ਰਸਤ ਤਾਕਤਾਂ (ਹਿੰਦੂ ਮਹਾਂ ਸਭਾ ਤੇ ਮੁਸਲਿਮ ਲੀਗ) ਨੇ ਬੰਗਾਲ ਤੇ ਪੰਜਾਬ ਦੀ ਵੰਡ ਕਰਾਈ। ਅਮਾਨਤ ਅਲੀ ਮੁਸਾਫਿਰ ਚਾਹੁੰਦਾ ਹੈ ਕਿ ਹੁਣ ਦੋਹਾਂ ਪੰਜਾਬਾਂ ਵਿਚਕਾਰ ਲੜਾਈ ਨਹੀਂ ਹੋਣੀ ਚਾਹੀਦੀ। ਜੇ ਲੜਾਈ ਹੋਈ ਤਾਂ ਦੋਹਾਂ ਪਾਸੀਂ ਪੰਜਾਬੀਆਂ ਨੇ ਹੀ ਨੁਕਸਾਨ ਉਠਾਉਣਾ ਹੈ। ਸਾਨੂੰ ਪਿਆਰ ਨਾਲ ਮਸਲੇ ਹੱਲ ਕਰਕੇ ਚੰਗੇ ਗੁਆਂਢੀ ਬਣ ਕੇ ਰਹਿਣਾ ਚਾਹੀਦਾ ਹੈ। ਉਹ ਲਿਖਦਾ ਹੈ:

ਆ ਆਪਾਂ ਕੁਝ ਕਰ ਕੁਰ ਲਈਏ।
ਇਕ ਦੂਜੇ ਲਈ ਮਰ ਮੁਰ ਲਈਏ।
ਖਾਲੀ ਭਾਂਡਾ ਖੜਕਦਾ ਰਹਿੰਦਾ।
ਨਾਲ ਪਿਆਰ ਦੇ ਭਰ ਭੁਰ ਲਈਏ।
ਗੁੱਸਾ ਕੀਤਿਆਂ ਗੱਲ ਨਹੀਂ ਬਣਦੀ,
ਨਿੱਕੀ ਮੋਟੀ ਜਰ ਜੁਰ ਲਈਏ।
ਜਿੱਤਣ ਦਾ ਮੁਲ ਕੱਖ ਨਹੀਂ ਏਥੇ,
ਕਦੇ ਤਾਂ ਆਪਾਂ ਹਰ ਹੁਰ ਲਈਏ।
ਯਾਰ ਮੁਸਾਫਰ ਇਹ ਜੀਵਨ ਜੰਗਲ,
ਜੋ ਲੱਭਦਾ ਏ ਚਰ ਚੁਰ ਲਈਏ।

ਵੰਡ ਤੋਂ ਬਾਅਦ ਜੋ ਮਾਨਸਿਕ ਅਤੇ ਸਰੀਰਕ ਕਸ਼ਟ ਪੰਜਾਬ ਦੇ ਲੋਕਾਂ ਨੇ ਝੱਲੇ, ਉਨ੍ਹਾਂ ਦਾ ਬਿਆਨ ਆਪਣੀ ਨਜ਼ਮ ਵਿਚ ਕਰਦਾ ਹੈ:

ਲੱਗੀ ਨਜ਼ਰ ਪੰਜਾਬ ਨੂੰ ਵੰਡ ਹੋ ਗਈ,
ਕਈ ਅੱਖੀਓਂ ਪਰੇ ਪਰਿਵਾਰ ਹੋ ਗਏ।
ਹੋਇਆ ਜ਼ੁਲਮ ਮਹਾਜਰਾਂ ਨਾਲ ਵੱਡਾ,
ਇਕ ਦੂਜੇ ਤੋਂ ਵੱਖਰੇ ਯਾਰ ਹੋ ਗਏ।
ਹੱਥਾਂ ਨਾਲ ਬਣਾਏ ਘਰ ਛੱਡੇ,
ਜਿਹੜੇ ਵੇਖਣ ਤੋਂ ਅਵਾਜ਼ਾਰ ਹੋ ਗਏ।



ਕਈ ਮੌਤ ਨੇ ਮੂੰਹ ਦੇ ਵਿਚ ਪਾ ਲਏ,
ਕਈ ਨਾਲ ਵਿਛੋੜੇ ਬੀਮਾਰ ਹੋ ਗਏ।
ਇਕੱਠੇ ਰਹੇ ਮਨਾਂਵਦੇ ਈਦ ਲੋਹੜੀ,
ਅੱਜ ਵੱਖਰੇ ਸਭ ਤਿਉਹਾਰ ਹੋ ਗਏ।
ਅੰਬਰਸਰ ਨਾਨਕਾਣਾ ਤੇ ਲਾਹੌਰ ਦਿੱਲੀ,
ਸਾਡੇ ਜਿਉਂਦਿਆਂ ਵੱਖ ਸੰਸਾਰ ਹੋ ਗਏ।
ਕਿਉਂ ਕਿਸੇ ਉਤੇ ਗਿਲਾ ਕਰੀਏ,
ਸਾਡੇ ਲੇਖਾਂ ਤੇ ਸਮੇਂ ਸਵਾਰ ਹੋ ਗਏ।

ਆਪਣੇ ਬਜ਼ੁਰਗਾਂ ਦੇ ਪਿੰਡ ਦੀਆਂ ਗਲੀਆਂ, ਧਰਤੀ, ਘਰ, ਵਿਹੜਾ ਤੇ ਹਾਣੀ ਉਸ ਨੂੰ ਨਹੀਂ ਭੁੱਲਦੇ ਜਿਨ੍ਹਾਂ ਬਾਰੇ ਉਸ ਨੇ ਆਪਣੇ ਬਜ਼ੁਰਗਾਂ ਤੋਂ ਗੱਲਾਂ ਸੁਣੀਆਂ ਨੇ। ਉਹ ਪਿੰਡ ਦੀ ਧਰਤੀ ਜਿਸ 'ਤੇ ਉਸ ਦੇ ਬਜ਼ੁਰਗਾਂ ਨੇ ਘਰ ਦੇ ਵਿਹੜਿਆਂ ਵਿਚ ਰਿੜ੍ਹਨਾ ਸਿੱਖਿਆ ਸੀ; ਜਿਸ ਦੇ ਜ਼ੱਰਰਿਆਂ ਦੀ ਇਕੱਤਰਤਾ ਨਾਲ ਉਨ੍ਹਾਂ ਦਾ ਸਰੀਰ ਵਜੂਦ ਵਿਚ ਆਇਆ ਸੀ; ਉਹ ਕੰਧਾਂ ਉਸ ਦੀਆਂ ਅੱਖਾਂ ਅੱਗੇ ਫਿਰਦੀਆਂ ਨੇ ਜਿਨ੍ਹਾਂ ਨੇ ਜੀਵਨ ਨੂੰ ਪਹਿਲੇ ਕਦਮ ਤੁਰਨ ਲਈ ਸਹਾਰਾ ਦਿੱਤਾ ਸੀ। ਉਹ ਗਲੀਆਂ ਨਹੀਂ ਭੁੱਲਦੀਆਂ ਜਿਨ੍ਹਾਂ ਵਿਚ ਉਸ ਦੇ ਬਜ਼ੁਰਗ ਨੇ ਹਾਣੀਆਂ ਨਾਲ ਲੁਕਣ ਮੀਟੀਆਂ ਖੇਡੀਆਂ ਸਨ। ਉਸ ਥਾਂ ਦੀਆਂ ਯਾਦਾਂ ਉਸ ਲਈ ਤਿੱਖੀਆਂ ਤਰਾਟਾਂ ਬਣ ਜਾਂਦੀਆਂ ਨੇ ਅਤੇ ਉਹ ਇਹ ਲਿਖਣ ਲਈ ਮਜਬੂਰ ਹੋ ਜਾਂਦਾ ਹੈ:

ਸਾਡਾ ਦੇਸ ਪੰਜਾਬ ਜੋ ਮਾਣ ਸਾਡਾ,
ਸਾਨੂੰ ਪੁਰਖਿਆਂ ਨਾਲ ਮਿਲਾਈ ਰੱਖਦਾ।
ਜਿਥੇ ਜਨਮ ਹੋਇਆ ਸਾਡੇ ਵੱਡਿਆਂ ਦਾ,
ਉਹ ਧਰਤੀ ਪਾਕਿ ਵਿਖਾਈ ਰੱਖਦਾ।
ਜਿਨ੍ਹਾਂ ਰਾਹਾਂ 'ਤੇ ਬਾਬੂ ਜੀ ਰਹੇ ਫਿਰਦੇ,
ਉਨ੍ਹਾਂ ਗਲੀਆਂ ਦੀ ਸੈਰ ਕਰਾਈ ਰੱਖਦਾ।
ਸਾਡਾ ਦੇਸ ਪੰਜਾਬ ਮੁਸਾਫਿਰਾ ਉਇ,
ਪਈਆਂ ਦੂਰੀਆਂ ਸਦਾ ਮੁਕਾਈ ਰੱਖਦਾ।

ਉਨ੍ਹਾਂ ਦੀ ਸੋਚ, ਮਜ਼ਹਬਾਂ ਤੋਂ ਉਪਰ, ਇਨਸਾਨੀਅਤ ਦੀ ਹੈ। ਉਹਦੇ ਵਾਸਤੇ ਮੱਕਾ ਵੀ ਪਾਕਿ ਹੈ ਤੇ ਹਰਿਮੰਦਰ ਸਾਹਿਬ ਵੀ ਪਵਿੱਤਰ ਹੈ। ਉਹਨੇ ਮੈਨੂੰ ਟੈਲੀਫੋਨ 'ਤੇ ਦੱਸਿਆ ਕਿ ਘਰ ਵਿਚ ਸਾਡੇ ਦੋਹਾਂ ਜੀਆਂ ਦੀ ਹੱਜ 'ਤੇ ਜਾਣ ਦੀ ਗੱਲ ਚੱਲੀ ਤਾਂ ਛੋਟੇ ਪੁੱਤਰ ਜਾਵੇਦ ਨੇ ਕਿਹਾ, "ਬਾਬਾ ਜੀ, ਮੱਕਾ ਜਾਣ ਤੋਂ ਪਹਿਲਾਂ ਚੜ੍ਹਦੇ ਪੰਜਾਬ ਦੇ ਹਰਿਮੰਦਰ ਸਾਹਿਬ ਨੂੰ ਪਹਿਲ ਦੇਣਗੇ।" 'ਅਰਦਾਸ' ਨਜ਼ਮ ਵਿਚ ਲਿਖਿਆ ਹੈ:

ਮਾਪਿਆਂ ਨੇ ਜੋ ਛੱਡਿਆ ਆਪਣਾ ਇਲਾਕਾ ਵੇਖ ਲਈਏ,
ਜਿਊਂਦੇ ਜੀ ਉਸ ਧਰਤੀ ਉਤੇ ਮੱਥਾ ਟੇਕ ਲਈਏ।
ਗੁਰਦਾਸਪੁਰ, ਜਲੰਧਰ ਵੇਖੀਏ ਜਾਂ ਪਟਿਆਲੇ ਨੂੰ,
ਮੋਗਾ ਤੋਂ ਲੁਧਿਆਣੇ ਮੁੜ ਕੇ ਸ਼ਹਿਰ ਅੰਬਾਲੇ ਨੂੰ।
ਖੂਬ ਦਰਸ਼ਨ ਕਰੀਏ ਜੱਲ੍ਹਿਆਂਵਾਲੇ ਬਾਗ ਦਾ।
ਅਸੀਂ ਵੀ ਦਰਸ਼ਨ ਕਰੀਏ ਜਾ ਹਰਮੰਦਰ ਸਾਹਿਬ ਦਾ।
ਪਾਕਿ ਪਵਿੱਤਰ ਤੀਰਥਾਂ 'ਤੇ ਇਕ ਝਾਤੀ ਪੈ ਜਾਵੇ,
ਤਖਤ ਵੇਖਣ ਦੀ ਇੱਛਾ ਮਨ ਵਿਚ ਨਾ ਰਹਿ ਜਾਵੇ।
ਹੋ ਜਾਵੇ ਫਿਰ ਸੰਗਮ ਸਤਲੁਜ ਤੇ ਝਨਾਬ ਦਾ,
ਅਸੀਂ ਵੀ ਦਰਸ਼ਨ ਕਰੀਏ ਜਾ ਹਰਿਮੰਦਰ ਸਹਿਬ ਦਾ।
ਸਤਿਗੁਰ ਸੱਚੇ ਪਾਤਸ਼ਾਹ ਪੂਰਾ ਕਰ ਅਰਦਾਸਾਂ ਨੂੰ,
ਯਾਰ ਮੁਸਾਫਰ ਦਿਲ ਰੱਖਿਆ ਕਰ ਆਸਾਂ ਨੂੰ।
ਹਰ ਥਾਂ ਕਰਦੇ ਕਰਮ ਦਾਤਿਆ ਬੇਹਿਸਾਬ ਦਾ,
ਅਸੀਂ ਵੀ ਦਰਸ਼ਨ ਕਰੀਏ ਜਾ ਹਰਿਮੰਦਰ ਸਾਹਿਬ ਦਾ।

ਵੰਡੇ ਤੋਂ ਪਹਿਲਾਂ ਪੰਜਾਬ ਦੇ ਦੋ ਮੁੱਖ ਭਾਈਚਾਰੇ ਸਿੱਖ ਤੇ ਮੁਸਲਮਾਨ ਸਦੀਆਂ ਤੋਂ ਇਕੱਠੇ ਰਹਿੰਦੇ ਸਨ। ਦੋਹਾਂ ਭਾਈਚਾਰਿਆਂ ਦੀ ਸੁੱਖ ਮੰਗਦਾ ਹੋਇਆ ਤੇ ਪੰਜਾਬੀ ਬੋਲੀ ਦੀ ਤਰੱਕੀ ਦੀ ਕਾਮਨਾ ਕਰਦਾ ਹੋਇਆ ਉਹ ਲਿਖਦਾ ਹੈ:

ਮੁਸਲਿਮ ਸਿੱਖ ਦਾ ਪਿਆਰ ਦਾਤਿਆ ਮੁੱਕੇ ਨਾ,
ਇਹ ਮਾਂ ਬੋਲੀ ਦਾ ਰੁੱਖ ਦਾਤਿਆ ਸੁੱਕੇ ਨਾ।
ਚੱਲਣ ਭਾਵੇਂ ਲੱਖ ਤੂਫਾਨ ਜ਼ਮਾਨੇ 'ਤੇ,
ਇਹਦਾ ਇਕ ਵੀ ਫੁੱਲ ਦਾਤਿਆ ਟੁੱਟੇ ਨਾ।
ਚੰਨ ਪੰਜਾਬੀ ਭਾਸ਼ਾ ਦਾ ਗ੍ਰਹਿਣਾਵੇ ਨਾ,
ਇਹ ਸ਼ਬਦਾਂ ਦਾ ਸਫਰ ਦਾਤਿਆ ਮੁੱਕੇ ਨਾ।
ਰਲ-ਮਿਲ ਅਸੀਂ ਮਨਾਈਏ ਈਦ ਵਿਸਾਖੀ ਨੂੰ,
ਸਾਡੇ ਦਿਲ ਨੂੰ ਕੋਈ ਦਾਤਿਆ ਚੁੱਕੇ ਨਾ।
ਅਜੇ ਤੱਕ ਨਹੀਂ ਭੁੱਲੇ ਸੰਨ ਸੰਤਾਲੀ ਨੂੰ,
ਹੁਣ ਕੋਈ ਸਾਡਾ ਸਾਨੂੰ ਦਾਤਿਆ ਲੁੱਟੇ ਨਾ।
ਚਰਨਾਂ ਵਿਚ ਬਿਠਾ ਲਏ ਯਾਰ ਮੁਸਾਫਿਰ ਨੂੰ,
ਪੱਲਾ ਫੜੀਏ ਇੰਜ ਦਾਤਿਆ ਛੁੱਟੇ ਨਾ।

ਉਸ ਦਾ ਮੰਨਣਾ ਹੈ ਕਿ 1947 ਦੀ ਵੰਡ ਤੋਂ ਸਾਨੂੰ ਸਬਕ ਸਿੱਖ ਕੇ ਦੋਹੀਂ ਪਾਸੀਂ ਨਫਰਤ ਦੀ ਥਾਂ ਮੀਡੀਆ ਰਾਹੀਂ ਪਿਆਰ ਦਾ ਸੰਦੇਸ਼ ਦੇਣਾ ਚਾਹੀਦਾ ਹੈ। ਜਿਵੇਂ ਬਾਬਾ ਨਜਮੀ ਨੇ ਆਪਣੀ ਨਜ਼ਮ ਵਿਚ ਲਿਖਿਆ ਹੈ:


ਸਾਡੇ ਸਿੰਗਾਂ ਫਸਦੇ ਰਹਿਣਾ
ਇਹ ਖੁਰਲੀ ਢਹਿੰਦੀ ਰਹਿਣੀ,
ਜਿੰਨਾ ਚਿਰ ਨੱਥ ਨਾ ਪਾਈ
ਏਸ ਨਫਰਤ ਦੇ ਡੰਗਰ ਨੂੰ।

ਹੁਣ ਸਾਡੀ ਨਵੀਂ ਪੀੜ੍ਹੀ ਸੋਸ਼ਲ ਮੀਡੀਆ ਰਾਹੀਂ ਅਣਵੰਡੇ ਪੰਜਾਬ ਦੇ ਬਜ਼ੁਰਗਾਂ ਦੀਆਂ ਵੀਡੀਓਜ਼ ਰਾਹੀਂ ਦੱਸ ਰਹੀ ਹੈ ਕਿ ਬਜ਼ੁਰਗ ਵੰਡ ਤੋਂ ਪਹਿਲਾਂ ਦੇ ਵਸੇਬ ਨੂੰ ਚੰਗਾ ਸਮਝਦੇ ਨੇ ਅਤੇ ਆਪਣੇ ਘਰ ਤੇ ਪਿੰਡ ਦੇਖਣ ਦੀ ਤੀਬਰ ਤਾਂਘ ਰੱਖਦੇ ਨੇ। ਮੁਸਾਫਿਰ ਮੁਤਾਬਕ ਵਾਹਗਾ/ਅਟਾਰੀ ਬਾਰਡਰ 'ਤੇ ਬਜ਼ੁਰਗਾਂ ਵਾਸਤੇ ਆਸਾਨ ਵੀਜ਼ਾ ਸੈਂਟਰ ਖੁੱਲ੍ਹਣੇ ਚਾਹੀਦੇ ਨੇ। ਇਸ ਤਰ੍ਹਾਂ ਲੋਕਾਂ ਵਿਚ ਫਿਰ ਮੇਲ-ਮਿਲਾਪ ਵਧੇਗਾ, ਵਪਾਰ ਵਧੇਗਾ ਜਿਸ ਨਾਲ ਲੋਕਾਂ ਦੀ ਆਰਥਿਕ ਦਸ਼ਾ ਠੀਕ ਹੋਵੇਗੀ ਤੇ ਲੋਕਾਂ ਨੂੰ ਸਸਤੀਆਂ ਚੀਜ਼ਾਂ ਮਿਲ ਸਕਣਗੀਆਂ। ਵਾਹਿਗੁਰੂ, ਅੱਲ੍ਹਾ ਤਾਆਲਾ ਉਸ ਦੀ ਲੰਮੀ ਉਮਰ ਕਰੇ ਤੇ ਸਿਹਤਯਾਬ ਰੱਖੇ ਤਾਂ ਕਿ ਉਹ ਇਹ ਨੇਕ ਕੰਮ ਜਾਰੀ ਰੱਖ ਸਕੇ।

## ਕਵਿਤਾ

ਸਾਡੇ ਅਹਿਸਾਸਾਂ ਦੀ ਫਿਜ਼ਾ ਰਹੀ
ਫਿੱਕੀ ਤਿਰਹਾਈ
ਜਿਵੇਂ ਅੱਧ ਕੱਚੇ ਨਾਰੀਅਲਾਂ ਦਾ
ਨੰਦੀ ਕੋਈ ਗਲ ਵਿਚ ਹਾਰ ਪਾਈ

ਜਾਂ ਜਿਵੇਂ
ਸ਼ਿਵਜੀ ਫਿਰੇ ਗਲ ਵਿਚ
ਚਮਕਦਾ ਜਿਹਾ ਸੱਪ ਪਾਈ
ਸਾਡੀ ਚੁੱਪ ਬਣ ਗਈ ਹੈ
ਕਿਸੇ ਬਰਮੀ ਦੀ ਢੇਰੀ



ਜੋ ਆਪਣੇ ਮੂੰਹ ਦੇ
ਨਕਸ਼ਾਂ ਦੇ ਕੰਢਿਆਂ 'ਤੇ
ਭੱਜੀ ਫਿਰੇ ਕੋਈ ਲੈ ਬੇੜੀ

ਜਾਂ
ਜਿਵੇਂ ਕੋਈ ਕਾਂ ਦੇ ਪੈਰਾਂ ਜਿਹੇ
ਮੂੰਹ ਵਿਚ ਕਰ ਲਵੇ ਦੰਦ ਢੇਰੀ
ਸਾਡੇ ਦਰਦ ਦੀ ਚਾਲ
ਲੋੜ ਤੋਂ ਵੱਧ ਮੱਠੀ ਹੈ।

ਜਿਵੇਂ ਚਿੱਟੀ ਗਊ ਚਰੇ
ਪਿੰਡੇ 'ਤੇ ਕਾਲੀ ਲੂਕ ਲਾਈ
ਜਾਂ ਜਿਵੇਂ
ਮੇਰੀ ਸੋਚ ਦੇ ਥਾਨਾਂ ਤੋਂ
ਜਾਵੇ ਕੋਈ ਗਜ਼ਾਂ ਦੇ ਗਜ਼ ਲਾਹੀ।

**ਦਵਿੰਦਰ ਕੌਰ ਧਾਲੀਵਾਲ**
**ਕੈਲੀਫੋਰਨੀਆ**

# ਤੇ ਅੱਜ ਸਾਡਾ ਉਹ ਨਾਨਾ ਵੀ ਮਰ ਗਿਆ...

ਅਸ਼ੋਕ ਸੋਨੀ
ਫੋਨ: 98727-05078

ਅਸੀਂ ਦੋਵੇਂ ਭਰਾ ਪਿਛਲੇ ਕੁਝ ਸਾਲਾਂ ਤੋਂ ਇਕੱਠੇ ਕਾਰ 'ਤੇ ਕਈ ਪਿੰਡਾਂ ਵਿਚੋਂ ਲੰਘ ਕੇ ਆਪਣੇ ਸਕੂਲ ਜਾਈਦਾ ਏ, ਜਦੋਂ ਤੁਸੀਂ ਰੋਜ਼ ਇਕੋ ਰਸਤੇ ਜਾਂਦੇ ਓ ਤਾਂ ਰੋਜ਼ ਮਿਲਣ ਵਾਲੇ ਅਣਜਾਣ ਲੋਕਾਂ ਨਾਲ ਵੀ ਗੂੜ੍ਹੀ ਸਾਂਝ ਪੈ ਜਾਂਦੀ ਏ। ਫਾਜ਼ਿਲਕਾ ਦੇ ਲਾਗੇ ਪਿੰਡ ਚੁਆੜਿਆਂ ਵਾਲੀ ਦੇ ਬਿਲਕੁਲ ਵਿਚਕਾਰ ਸਰਦਾਰਾਂ ਦੇ ਕਈ ਬਜ਼ੁਰਗਾਂ ਨਾਲ ਸਾਡੀ ਰੋਜ਼ ਸਤਿ ਸ੍ਰੀ ਅਕਾਲ ਹੁੰਦੀ। ਉਨ੍ਹਾਂ ਦੇ ਪੱਕੇ ਰੰਗ ਦੇ ਇਕ ਮਰੀਅਲ ਜਿਹੇ ਬਜ਼ੁਰਗ ਜੋ ਰੋਜ਼ ਆਪਣੇ ਘਰ ਦੇ ਬਾਹਰ ਕੁਰਸੀ 'ਤੇ ਬੈਠੇ ਹੁੰਦੇ ਸਾਨੂੰ ਬਿਲਕੁਲ ਆਪਣੇ ਦਾਦੇ ਵਰਗੇ ਜਾਪਦੇ। ਦਰਅਸਲ ਬਜ਼ੁਰਗਾਂ ਦੇ ਝੁਰੜੀਆਂ ਤੇ ਦੰਦ ਨਾ ਹੋਣ ਕਾਰਨ ਵੀ ਤਕਰੀਬਨ ਅਜਿਹਾ ਹੁੰਦਾ ਏ, ਦੂਜਾ ਬਜ਼ੁਰਗ ਦੀ ਢਿੱਲੀ ਜਿਹੀ ਪੱਗ ਵੀ ਸਾਡੇ ਬਾਗੜੀ ਦਾਦੇ ਦੀ ਸਿਰ ਦੀ ਪਗੜੀ (ਜਿਸ ਨੂੰ ਬਾਗੜੀ 'ਚ ਪੋਤੀਆ ਕਹਿੰਦੇ ਨੇ) ਨਾਲ ਪੂਰਾ ਮੇਚ ਕਰਦੀ। ਉਨ੍ਹਾਂ ਬਜ਼ੁਰਗਾਂ ਦੇ ਘਰਾਂ ਵਿਚੋਂ ਈ ਸਿਰੋਂ ਮੋਨੇ, ਛੋਟੇ ਕੱਦ ਦੇ, ਸਾਫ ਰੰਗ ਦੇ ਮਜ਼ਾਕੀਆ ਜਿਹੇ ਇਕ ਹੋਰ ਬਜ਼ੁਰਗ, ਜੋ ਉਨ੍ਹਾਂ ਤੋਂ ਉਮਰ 'ਚ ਛੋਟੇ ਜਾਪਦੇ ਸਨ, ਪਰ ਸਾਨੂੰ ਦੋਵੇਂ ਭਰਾਵਾਂ ਨੂੰ ਬਿਲਕੁਲ ਸਾਡੇ ਨਾਨੇ ਵਰਗੇ ਲੱਗਦੇ, ਸਾਹਮਣੇ ਸੜਕ ਦੇ ਪਰਲੇ ਪਾਸੇ ਆਪਣੇ ਘਰ ਸਾਹਮਣੇ ਕੁਰਸੀ 'ਤੇ ਬੈਠੇ ਮਿਲਦੇ। ਹੁਣ ਅਸੀਂ ਦੋਵੇਂ ਭਰਾ ਰੋਜ਼ ਇਨ੍ਹਾਂ ਬਜ਼ੁਰਗਾਂ ਨੂੰ ਕਾਰ ਦਾ ਹਾਰਨ ਮਾਰ ਸਤਿ ਸ਼੍ਰੀ ਅਕਾਲ ਬੁਲਾਉਂਦੇ ਤੇ ਜਵਾਬ 'ਚ ਇਹ ਦੋਵੇਂ ਬਜ਼ੁਰਗ ਵੀ ਸਾਨੂੰ ਗੱਜ ਕੇ ਸਤਿ ਸ਼੍ਰੀ ਅਕਾਲ ਬੁਲਾਉਂਦੇ ਜਾਂ ਕਈ ਵਾਰ ਹੱਥ ਈ ਹਿਲਾ ਦਿੰਦੇ, ਅਸੀਂ ਦੋਵੇਂ ਭਰਾ ਆਪਸ 'ਚ ਮਜ਼ਾਕੀਆ ਲਹਿਜ਼ੇ 'ਚ ਇਨ੍ਹਾਂ ਬਜ਼ੁਰਗਾਂ ਨੂੰ ਆਪਣੇ ਦਾਦੇ-ਨਾਨੇ ਆਖ ਆਪਸ 'ਚ ਰੋਜ਼ ਇਨ੍ਹਾਂ ਦੀ ਗੱਲ ਜ਼ਰੂਰ ਕਰਦੇ, ਲਗਾਤਾਰ ਤਿੰਨ ਸਾਲਾਂ 'ਚ ਸਾਡੀ ਵੱਖ ਈ ਸਾਂਝ ਪੈ ਗਈ।

ਪਿਛਲੇ ਸਾਲ ਇਕਦਮ ਹੀ ਦਾਦੇ ਨੇ ਉੱਥੇ ਦਿਸਣਾ ਬੰਦ ਕਰ ਦਿੱਤਾ, ਚਾਰ-ਪੰਜ ਦਿਨ ਬਾਅਦ ਅਸੀਂ ਰੋਕ ਕੇ ਗੱਡੀ ਨਾਨੇ ਨੂੰ ਪੁੱਛਿਆ ਤਾਂ ਉਹਨੇ ਦੱਸਿਆ ਕਿ ਦਾਦਾ ਡਿੱਗ ਪਿਆ ਏ ਤੇ ਉਹਦਾ ਚੂਲ਼ਾ ਟੁੱਟ ਗਿਆ ਏ। ਮਹੀਨੇ ਕੁ ਬਾਅਦ ਅਸੀਂ ਸਕੂਲੋਂ ਮੁੜ ਰਹੇ ਸੀ ਤਾਂ ਸਰਦਾਰਾਂ ਦੇ ਘਰੋਂ ਲੈ ਕੇ ਗੁਰਦੁਆਰੇ ਤੀਕ ਗੱਡੀਆਂ ਦੀ ਭੀੜ ਸੀ, ਦਾਦਾ ਚਲਾ ਗਿਆ ਸੀ, ਪਤਾ ਨਹੀਂ ਕਿਉਂ ਅਸੀਂ ਦੋਵੇਂ ਭਰਾਵਾਂ ਨੇ ਅੰਦਰ ਤੀਕ ਉਸ ਬਜ਼ੁਰਗ, ਜਿਸ ਦਾ ਨਾਂ ਤਕ ਵੀ ਨਹੀਂ ਸੀ ਪਤਾ, ਉਸਦੇ ਜਾਣ ਦਾ ਪੂਰਾ ਦੁਖ ਮਨਾਇਆ।

ਹੁਣ ਸਾਨੂੰ ਇਕੱਲਾ ਨਾਨਾ ਈ ਮਿਲਦਾ, ਦਰਅਸਲ ਸਾਡਾ ਨਾਨਾ ਛੋਟੇ ਕੱਦ ਦਾ ਪੱਕਾ ਅਮਲੀ, ਜਾਸੂਸੀ ਨਾਵਲਾਂ ਦਾ ਸ਼ੁਕੀਨ, ਰੋਹਬਦਾਰ ਬਾਗੜੀ ਬਜ਼ੁਰਗ ਸੀ, ਇਸ ਸਰਦਾਰਾਂ ਦੇ ਮੋਨੇ ਬਜ਼ੁਰਗ ਦਾ ਰੰਗ ਵੀ ਸਾਨੂੰ ਆਪਣੇ ਨਾਨੇ ਵਾਂਗ ਲਾਲ ਸਰੂਰੀ ਜਿਹਾ ਜਾਪਦਾ ਪਰ ਇਹ ਨਹੀਂ ਪਤਾ ਕਿ ਉਹ ਵੀ ਨਸ਼ਾ-ਪੱਤਾ ਕਰਦਾ ਜਾਂ ਨਾ। ਪਿਛਲੇ ਸ਼ੁਕਰਵਾਰ ਨੂੰ ਨਾਨੇ ਨੇ ਢਿੱਲੀ ਜਿਹੀ ਸਤਿ ਸ੍ਰੀ ਅਕਾਲ ਬੁਲਾਈ ਤੇ ਸ਼ਨੀਵਾਰ ਨੂੰ ਤਾਂ ਉਸ ਦਾ ਚਿਹਰਾ ਵੇਖ ਮੈਂ ਵੱਡੇ ਭਰਾ ਸ਼੍ਰੀਕਾਂਤ ਨੂੰ ਕਿਹਾ,"ਮੈਨੂੰ ਲੱਗਦੈ ਹੁਣ ਨਾਨੇ ਦੀ ਵੀ ਤਿਆਰੀ ਏ"। ਸ਼੍ਰੀਕਾਂਤ ਨੇ ਮਜ਼ਾਕ 'ਚ ਜਵਾਬ ਦਿੱਤਾ," ਅੱਜ ਨਾਨੇ ਨੇ ਮਾਲ-ਮੂਲ ਨੀ ਛਕਿਆ ਲੱਗਦਾ ਇਹ ਬਹੁਤ ਤਕੜਾ ਏ ਕਿਤੇ ਨ੍ਹੀਂ ਜਾਂਦਾ"।

ਨਾਨਾ ਸਾਨੂੰ ਅਗਲੇ ਦੋ-ਤਿੰਨ ਦਿਨ ਨਾ ਦਿਸਿਆ। ਅੱਜ ਸਵੇਰੇ ਅਸੀਂ ਦੋਵੇਂ ਭਰਾ ਨਾਨੇ ਦੇ ਘਰ ਅੱਗੋਂ ਲੰਘ ਰਹੇ ਸੀ ਤਾਂ ਮੇਰੀ ਮਾਂ ਜਿਡੀ ਉਮਰ ਦੀ ਇਕ ਮਾਤਾ, ਖਾਲੀ ਬੱਠਲ ਲੈ ਕੇ ਲੰਘ ਰਹੀ ਸੀ, ਮੈਂ ਕਾਰ ਰੋਕੀ ਤੇ ਬੀਬੀ ਨੂੰ ਪੁੱਛਿਆ,"ਉਹ ਬਜ਼ੁਰਗ ਕਿੱਥੇ ਨੇ ਜੋ ਇੱਥੇ ਬੈਠੇ ਰਹਿੰਦੇ ਨੇ"। "ਵੇ ਭਾਈ ਮੇਰਾ ਚਾਚਾ ਸਹੁਰਾ ਸੀ, ਚੰਗਾ-ਭਲਾ ਸੀ ਇਕਦਮ ਈ ਪੂਰਾ ਹੋ ਗਿਆ"। ਮੈਂ ਮਾਤਾ ਵੱਲ ਹੱਥ ਜੋੜ ਕੇ ਕਾਰ ਤੋਰ ਲਈ, ਦੋਵੇਂ ਭਰਾ ਸਕੂਲ ਤਕ ਆਪਸ 'ਚ ਪਤਾ ਨਹੀਂ ਕਿਉਂ ਨਾ ਕੋਈ ਗੱਲ ਤੋਰੀ ਸ਼ਾਇਦ ਸਾਨੂੰ ਦੋਵਾਂ ਨੂੰ ਅੱਜ ਸਾਡੇ ਇਸ ਨਾਨੇ ਮਰੇ ਦਾ ਸੋਗ ਸੀ।






Personal Injury and Wrongful Death Attorneys

Case Results*

$10 MILLION Motorcycle vs. Truck Collision
$8 MILLION Wrongful Death
$5.25 MILLION Traumatic Brain Injury
$1.1 MILLION Burn Injury
$1.1 MILLION Pedestrian vs. Motor Vehicle Collision
*Past Performance Not a Guarantee of Future Results




WILLIAM E. WEISS
Of Counsel

Offices in San Francisco and Union City

No Fees Unless Recovery for Your Injuries is Made
CONTACT US AT:
Phone: (510) 474-0028 • E-mail: info@thebainsfirm.com
www.thebainsfirm.com

*To Advertise with Punjab Times Call: 847-359-0746*
*ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਕਾਲ ਕਰੋ: 847-359-0746*

Homeopathicvibes
Harminder Singh Gill
Homeopathic Consultant and Practitioner



D.H.M.S; B.C.I.H
(Ex Homeopathic Medical officer Punjab Govt.)
Now we have two locations:
940 E. El Camino Real, Sunnyvale, CA 94087
39039 Paseo Padre Pkwy, Suite# 209 (upstairs), Fremont, CA 94538
We also do Virtual appointments for long distance patients.
Ph: (408) 737-7100
www.homeopathicvibes.com
*We sell and ship homeopathic remedies through out North America.*

ਗਲੋਬਲ ਮਲਟੀ ਸਰਵਿਸਿਜ਼, ਲੈਥਰੋਪ
ਪਿਛਲੇ 15 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਟਰੱਕਾਂ ਵਾਲੇ ਵੀਰਾਂ ਦੀਆਂ ਮੁਸ਼ਕਿਲਾਂ ਦਾ ਹੱਲ ਇੱਕੋ ਛੱਤ ਥੱਲੇ

SAME DAY ਲਾਇਸੰਸ ਪਲੇਟ ਲੈਣ ਵਾਸਤੇ ਸਾਨੂੰ ਸੰਪਰਕ ਕਰੋ ।
ਹੁਣ ਅਸੀਂ DPF Cleaning ਅਤੇ Baking ਵੀ ਕਰਦੇ ਹਾਂ।
STOCKTON ਵਿਚ ਪੰਜਾਬੀ ਭਰਾਂਵਾਂ ਦੀ ਇੱਕੋ ਇੱਕ ALIGNMENT SHOP
• 3 Axle Alignment $199
• Trailer Alignment $150

Grand Opening
Special Price for Truck Wash

ਗਲੋਬਲ ਮਲਟੀ ਸਰਵਿਸਿਜ਼ ਦੀ ਨਵੀਂ ਲੋਕੇਸ਼ਨ STOCKTON ਵਿਚ HIGHWAY 4 ਦੇ ਬਿਲਕੁਲ ਨਜ਼ਦੀਕ
1950 E Miner Ave.
Stockton, CA 95205

Ph: 209.982.9996
FAX: 209.982.9997
www.globalmultiservices.com info@globalmultiservices.com

REPAIR SHOP
ਟਰੱਕ ਤੇ ਟਰੇਲਰ ਦੇ ਹਰ ਤਰ੍ਹਾਂ ਦੇ ਟਾਇਰਾਂ ਤੋਂ ਇਲਾਵਾ Oil Change, Brakes, Engine Work, Tune Up, Transmission & Clutch ਆਦਿ ਦੀ ਮੁਰੰਮਤ ਅਤੇ Truck Alignment ਦਾ ਕੰਮ ਤਸੱਲੀਬਖਸ਼ ਢੰਗ ਨਾਲ ਕੀਤਾ ਜਾਂਦਾ ਹੈ। 500+ ਟਰੱਕਾਂ ਦੀ ਖੁੱਲ੍ਹੀ-ਡੁੱਲ੍ਹੀ ਪਾਰਕਿੰਗ ਦੇ ਨਾਲ, ਟਰੱਕ-ਟਰੇਲਰ Wash ਕਰਨ ਦਾ ਵੀ ਵਧੀਆ ਪ੍ਰਬੰਧ ਹੈ।
TEL: 209.547.9210
FAX: 209.547.9211

REGISTRATION SERVICES
ਟਰੱਕਿੰਗ ਨਾਲ ਸਬੰਧਤ ਹਰ ਤਰ੍ਹਾਂ ਦੇ ਪਰਮਿਟ ਜਿਵੇਂ IFTA, CA#, MCP, 2290, ICC, BOC III, NM & Kentucky Permit, DOT Fuel Tax, Corporation Filling ਅਤੇ ਟਰੱਕਾਂ ਦੀਆਂ ਲਾਇਸੈਂਸ ਪਲੇਟਾਂ Same Day Service ਵੀ ਦਿੰਦੇ ਹਾਂ। ਤੁਸੀਂ ਸਾਡੇ ਕੋਲੋਂ ਪਲੇਟਾਂ ਲੈ ਕੇ ਆਪਣਾ ਕੰਮ ਤੁਰੰਤ ਸ਼ੁਰੂ ਕਰ ਸਕਦੇ ਹੋ। ਅਸੀਂ DOT Compliance, DOT Audit ਵਿਚ ਵੀ ਟਰੱਕਿੰਗ ਕੰਪਨੀਆਂ ਦੀ ਮਦਦ ਕਰਦੇ ਹਾਂ।
TEL: 209.982.9996
FAX: 209.982.9997

# ਅਮਿੱਟ ਪੈੜਾਂ ਛੱਡ ਗਿਆ ਜੀ.ਐਚ.ਜੀ. ਅਕੈਡਮੀ ਦੇ ਸਾਲਾਨਾ ਅੰਤਰ-ਰਾਸ਼ਟਰੀ ਯੁਵਕ ਮੇਲਾ

**ਫਰਿਜ਼ਨੋ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ):** ਜੀ.ਐਚ.ਜੀ. ਡਾਂਸ ਅਤੇ ਸੰਗੀਤ ਅਕੈਡਮੀ ਫਰਿਜ਼ਨੋ ਵਲੋਂ ਬਾਰ੍ਹਵਾਂ ਸਾਲਾਨਾ





ਅੰਤਰ-ਰਾਸ਼ਟਰੀ ਯੁਵਕ ਮੇਲਾ ਫਰਿਜ਼ਨੋ ਦੇ "ਵਿਲੀਅਮ ਸਰੋਏਨ ਥੀਏਟਰ" (ਿਲਿਅਿਮ ੇਅਰੋਅਨ ਠਹੲਅਟੲਰ) ਵਿਚ ਕਰਵਾਇਆ ਗਿਆ। ਕੋਵਿਡ-19 ਮਹਾਮਾਰੀ ਤੋਂ ਬਾਅਦ ਸੰਸਥਾ ਵਲੋਂ ਕਰਵਾਇਆ ਜਾਣ ਵਾਲਾ ਇਹ ਸਭ ਤੋਂ ਵੱਡਾ ਪ੍ਰੋਗਰਾਮ ਸੀ। ਜੀ.ਐਚ.ਜੀ. ਖਾਲਸਾ ਦੀ ਚਲੀ ਆ ਰਹੀ ਮਰਿਯਾਦਾ ਅਨੁਸਾਰ ਸਭ ਨੇ ਰਲ ਕੇ ਪ੍ਰੋਗਰਾਮ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਉਪਰੰਤ ਸ਼ਹੀਦ ਬਾਬਾ ਦੀਪ ਸਿੰਘ ਜੀ ਦੀ ਤਸਵੀਰ ਨੂੰ ਨਤਮਸਤਕ ਹੋਏ।

ਇਸ ਬਾਅਦ ਸਥਾਨਕ ਗਾਇਕ ਪੱਪੀ ਭਦੌੜ ਨੇ ਆਪਣੇ ਗੀਤਾਂ ਰਾਹੀ ਹਾਜ਼ਰੀ ਭਰੀ। ਸਟੇਜ ਸੰਚਾਲਨ ਦੀ ਕਮਾਂਡ ਸੰਭਾਲਦੇ ਹੋਏ ਸਟੇਜਾਂ ਦੀ ਮਲਿਕਾ ਬੀਬੀ ਆਸ਼ਾ ਸ਼ਰਮਾ ਨੇ ਸਭ ਨੂੰ 'ਜੀ ਆਇਆਂ' ਕਿਹਾ। ਇਸ ਮਗਰੋਂ ਗਿੱਧੇ ਅਤੇ ਭੰਗੜੇ ਦਾ ਦੌਰ ਚੱਲਿਆ, ਜਿਸ ਵਿਚ ਜੀ. ਐੱਚ. ਜੀ. ਅਕੈਡਮੀ ਵਲੋਂ ਤਿਆਰ ਬੱਚਿਆਂ ਦੀਆਂ ਟੀਮਾਂ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਇਸ ਉਪਰੰਤ ਚੱਲੇ ਭੰਗੜਾ ਮੁਕਾਬਲੇ ਦੇ ਮਹਾਂ ਯੁੱਧ ਵਿਚ ਕੈਲੀਫੋਰਨੀਆ ਤੋਂ ਮਨਟੀਕਾ ਸ਼ਹਿਰ ਦੀਆਂ ਦੋ ਟੀਮਾਂ ਨੇ ਪਹਿਲਾ ਅਤੇ ਤੀਸਰਾ ਸਥਾਨ ਹਾਸਲ ਕੀਤਾ। ਦੂਸਰੇ ਸਥਾਨ 'ਤੇ ਸਰੀ, ਕੈਨੇਡਾ ਦੀ ਟੀਮ ਰਹੀ। ਜੇਤੂ ਟੀਮਾਂ ਨੂੰ ਨਕਦ ਇਨਾਮ ਅਤੇ ਟਰਾਫੀਆਂ ਦੇ ਕੇ ਸਨਮਾਨਿਤ ਕੀਤਾ ਗਿਆ।

ਭੰਗੜੇ ਦਾ ਪਹਿਲਾ ਇਨਾਮ ਹਮੇਸ਼ਾ ਵਾਂਗ 'ਸ਼ਾਨ-ਏ-ਪੰਜਾਬ' ਇੰਡੀਅਨ ਗਰੋਸਰੀ ਸਟੋਰ ਦੇ ਮਾਲਕ ਸ. ਸੁਖਦੇਵ ਸਿੰਘ ਵੱਲੋਂ ਦਿੱਤਾ ਗਿਆ। ਬਾਕੀ ਇਨਾਮ ਹੋਰਨਾਂ ਵੱਲੋਂ ਸਪਾਂਸਰ ਸਨ। ਜੀ.ਐਚ.ਜੀ. ਅਕੈਡਮੀ ਵਲੋਂ ਕੁੜੀਆਂ ਦੇ ਭੰਗੜੇ ਦੀ ਟੀਮ ਨੇ ਵੀ ਬਾ-ਕਮਾਲ ਪੇਸ਼ਕਾਰੀ ਕੀਤੀ। ਇਸੇ ਤਰ੍ਹਾਂ ਕਈ ਟੀਮਾਂ ਵਲੋਂ ਲਾਈਵ ਬੋਲੀਆਂ ਨਾਲ ਭੰਗੜੇ ਦੀ ਪੇਸ਼ਕਾਰੀ ਵੀ ਦਰਸ਼ਕਾਂ ਦੇ ਮਨ ਨੂੰ ਭਾਅ ਗਈ। ਸਮੁੱਚੇ ਪ੍ਰੋਗਰਾਮ ਦੌਰਾਨ ਬਾਬਿਆਂ ਦੇ ਮਲਵਈ ਗਿੱਧੇ ਅਤੇ ਮਾਵਾਂ ਦੇ ਗਿੱਧੇ ਦੀ ਪੇਸ਼ਕਾਰੀ ਨੇ ਪੰਜਾਬੀ ਸੱਭਿਆਚਾਰ ਦੀ ਅਸਲ ਤਸਵੀਰ ਪੇਸ਼ ਕਰਦੇ ਹੋਏ ਰੂਬ ਰੰਗ ਬੰਨ੍ਹੇ।

ਫਰਿਜ਼ਨੋ ਸਿਟੀ ਕੌਂਸਲ ਮੈਂਬਰ ਸੋਰੀਆ ਇਸਮਲਾਡਾ ਨੇ ਪ੍ਰੋਗਰਾਮ ਦੀ ਸਫਲਤਾ ਲਈ ਵਧਾਈ ਦਿੱਤੀ। ਪੰਜਾਬੀ ਗੀਤਕਾਰੀ ਵਿਚ ਆਪਣਾ ਨਾਂ ਬਣਾ ਚੁੱਕੇ ਗੀਤਕਾਰ ਗਿੱਲ ਰੌਂਤਾ ਨੂੰ ਵੀ



ਸਨਮਾਨਿਤ ਕੀਤਾ ਗਿਆ। ਇਸ ਸਮੇਂ ਸੰਸਥਾ ਦੇ ਮੈਂਬਰ ਸ. ਕੁਲਵੰਤ ਸਿੰਘ ਖਹਿਰਾ ਨੇ ਹਾਜ਼ਰੀਨ ਨੂੰ ਸੰਬੋਧਨ ਕਰਦੇ ਹੋਏ ਅਜਿਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਹਿੱਸਾ ਲੈਣ ਵਾਲੇ ਸਾਰੇ ਬੱਚਿਆਂ ਨੂੰ ਸਨਮਾਨ ਚਿੰਨ੍ਹ ਦਿੱਤੇ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਮੁੱਖ ਭੂਮਿਕਾ ਬੀਬੀ ਆਸ਼ਾ ਸ਼ਰਮਾ ਅਤੇ ਗੁਰਦੀਪ ਸ਼ੇਰਗਿੱਲ ਨੇ ਬਾ-ਖੂਬੀ ਨਿਭਾਈ। ਇਸ ਸਮੁੱਚੇ ਕਾਰਜ ਨੂੰ ਨੇਪਰੇ ਚਾੜ੍ਹਨ ਲਈ ਪ੍ਰਬੰਧਕ ਵਧਾਈ ਦੇ ਪਾਤਰ ਹਨ। ਅੱਜ ਦੇ ਸਮੇਂ ਦੌਰਾਨ ਬੱਚਿਆਂ ਨੂੰ ਘਰ ਦੀ ਚਾਰ ਦੀਵਾਰੀ ਤੋਂ ਬਾਹਰ ਕੱਢ ਕੇ ਵੀਡੀਓ ਗੇਮ ਵਰਗੀ ਆਦਤ ਤੋਂ ਦੂਰ ਕਰਨਾ ਅਤੇ ਆਪਣੇ ਵਿਰਸੇ ਨਾਲ ਜੋੜਨ ਦਾ ਇਹ ਪ੍ਰਬੰਧਕਾਂ ਦਾ ਵੱਡਾ ਉਪਰਾਲਾ ਹੈ, ਜਿਸ ਦੀ ਹਾਜ਼ਰੀਨ ਨੇ ਰੱਜ ਕੇ ਤਾਰੀਫ਼ ਕੀਤੀ। ਸਮੁੱਚੇ ਪ੍ਰੋਗਰਾਮ ਦੀ ਸਫਲਤਾ ਲਈ "ਧਾਲੀਆਂ ਅਤੇ ਮਾਛੀਕੇ ਮੀਡੀਆ ਅਮਰੀਕਾ" ਵਲੋਂ ਪਰਮਜੀਤ ਸਿੰਘ ਧਾਲੀਵਾਲ, ਉਦੈਦੀਪ ਸਿੰਘ ਸਿੱਧੂ, ਗੁਰਦੀਪ ਸਿੰਘ ਸ਼ੇਰਗਿੱਲ ਅਤੇ ਸਮੂਹ ਪ੍ਰਬੰਧਕਾਂ ਨੂੰ ਵਧਾਈ ਦਿੱਤੀ ਗਈ। ਅੰਤ ਆਪਣੀਆਂ ਅਮਿੱਟ ਪੈੜਾਂ ਛੱਡਦਾ ਹੋਇਆ ਇਹ ਅੰਤਰ-ਰਾਸ਼ਟਰੀ ਯੁਵਕ ਮੇਲਾ ਯਾਦਗਾਰੀ ਹੋ ਨਿੱਬੜਿਆ।



# ਤੀਆਂ ਦੇ ਮੇਲੇ 'ਚ ਸਭਿਆਚਾਰ ਨਾਲ ਸਬੰਧਤ ਚੀਜ਼ਾਂ ਨੇ ਖਿੱਚਿਆ ਧਿਆਨ




**ਸੈਕਰਾਮੈਂਟੋ:** ਇੰਟਰਨੈਸ਼ਨਲ ਪੰਜਾਬੀ ਕਲਚਰ ਅਕੈਡਮੀ ਵਲੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ 15ਵਾਂ ਸਾਲਾਨਾ ਤੀਆਂ ਦਾ ਮੇਲਾ 'ਤੀਆਂ ਤੀਜ ਦੀਆਂ' ਐਲਕ ਗਰੋਵ ਰਿਜਨਲ ਪਾਰਕ ਵਿਖੇ ਬੜੀ ਧੂਮਧਾਮ ਨਾਲ ਕਰਵਾਇਆ ਗਿਆ। ਹਜ਼ਾਰਾਂ ਦੀ ਗਿਣਤੀ ਵਿਚ ਔਰਤਾਂ ਨੇ ਤੀਆਂ ਵਿਚ ਪਹੁੰਚ ਕੇ ਆਪਣੀ ਹਾਜ਼ਰੀ ਲਵਾਈ। ਪ੍ਰਬੰਧਕਾਂ ਵਲੋਂ ਸਟੇਜ ਨੂੰ ਚਰਖੇ, ਪੱਖੀਆਂ, ਛੱਜ, ਢੋਲ, ਫੁਲਕਾਰੀਆਂ, ਬਾਜ, ਮੰਜੇ, ਦਰੀਆਂ, ਗਾਗਰਾਂ ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਸੱਭਿਆਚਾਰਕ ਵਸਤੂਆਂ ਨਾਲ ਸਜਾਇਆ ਗਿਆ ਸੀ।

ਐਲਕ ਗਰੋਵ ਪਾਰਕ ਦੇ ਖੁੱਲ੍ਹੇ ਮੈਦਾਨ ਵਿਚ ਦਰੱਖਤਾਂ ਦੀ ਛਾਂ ਹੇਠ ਲੱਗੀਆਂ ਇਨ੍ਹਾਂ ਤੀਆਂ ਵਿਚ ਬੀਬੀਆਂ ਰੰਗ-ਬਿਰੰਗੀਆਂ ਪੌਸ਼ਾਕਾਂ ਪਾ ਕੇ ਪਹੁੰਚੀਆਂ। ਇਨ੍ਹਾਂ ਤੀਆਂ ਦੇ ਮੇਲੇ ਵਿਚ 52 ਬੂਥ ਲੱਗੇ ਹੋਏ ਸਨ, ਜਿੱਥੋਂ ਬੀਬੀਆਂ ਨੇ ਕੱਪੜੇ, ਪੰਜਾਬੀ ਜੁੱਤੀਆਂ, ਗਹਿਣੇ, ਪਰਾਂਦੇ, ਫੁਲਕਾਰੀਆਂ ਆਦਿ ਦੀ ਖਰੀਦੋ-ਫਰੋਖਤ ਕੀਤੀ। ਖਰੀਦੋ-ਫਰੋਖਤ ਕਰਨ ਮਗਰੋਂ ਬੀਬੀਆਂ ਖੁਸ਼ ਨਜ਼ਰ ਆ ਰਹੀਆਂ ਸਨ। ਖਾਣ-ਪੀਣ ਦੇ ਸਟਾਲਾਂ 'ਤੇ ਵੀ ਬੀਬੀਆਂ ਦੀਆਂ ਲੰਮੀਆਂ ਲਾਈਨਾਂ ਦੇਖਣ ਨੂੰ ਮਿਲੀਆਂ। ਪੰਜਾਬ ਵਾਂਗ ਇੱਥੇ ਦਰੱਖਤਾਂ 'ਤੇ ਪੀਂਘਾਂ ਝੂਟਦੀਆਂ ਮੁਟਿਆਰਾਂ ਵੱਖਰਾ ਨਜ਼ਾਰਾ ਪੇਸ਼ ਕਰ ਰਹੀਆਂ ਸਨ।

ਸਮਾਗਮ ਦੀ ਸ਼ੁਰੂਆਤ ਵਿਚ ਤੀਆਂ ਦੀ ਆਰਗੇਨਾਈਜ਼ਰ ਪਿੰਕੀ ਰੰਧਾਵਾ ਨੇ ਸਮੂਹ ਆਏ ਹੋਏ ਦਰਸ਼ਕਾਂ ਨੂੰ ਜੀ ਆਇਆਂ ਕਿਹਾ ਅਤੇ ਇਸ ਤੋਂ ਬਾਅਦ ਬੀਬੀਆਂ ਨੇ ਸਟੇਜ ਤੋਂ ਸੁਹਾਗ, ਘੋੜੀਆਂ, ਟੱਪੇ ਆਦਿ ਗਾ ਕੇ ਤੀਆਂ ਦੀ ਸ਼ੁਰੂਆਤ ਕੀਤੀ। ਇਸ ਉਪਰੰਤ ਗਿੱਧਾ, ਬੋਲੀਆਂ, ਗੀਤ-ਸੰਗੀਤ, ਸਕਿੱਟਾਂ, ਡੀ.ਜੇ. ਤੋਂ ਇਲਾਵਾ ਹੋਰ ਵੀ ਬਹੁਤ ਸਾਰੀਆਂ ਮਨੋਰੰਜਕ ਆਈਟਮਾਂ ਪੇਸ਼ ਕੀਤੀਆਂ ਗਈਆਂ। ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਸਤਬੀਰ ਸਿੰਘ ਬਾਜਵਾ ਅਤੇ ਪਰਮਜੀਤ ਕੌਰ ਬਾਜਵਾ ਵਲੋਂ ਛਬੀਲ ਦੀ ਸੇਵਾ ਕੀਤੀ ਗਈ।

ਐਲਕ ਗਰੋਵ ਸਿਟੀ ਦੀ ਮੇਅਰ ਬੌਬੀ ਸਿੰਘ ਐਲਨ ਨੇ ਸਿਟੀ ਵਲੋਂ ਇੰਟਰਨੈਸ਼ਨਲ ਪੰਜਾਬੀ ਕਲਚਰਲ ਅਕੈਡਮੀ ਨੂੰ ਰੈਕੋਗਨੀਸ਼ਨ ਸਰਟੀਫਿਕੇਟ ਭੇਟ ਕੀਤਾ। ਹੋਰਨਾਂ ਅਮਰੀਕੀ ਆਗੂਆਂ ਵਿਚ ਡਿਸਟ੍ਰਿਕ ਅਟਾਰਨੀ ਥੀਨ ਹੋ, ਸੈਕਰਾਮੈਂਟੋ ਦੀ ਵਾਈਸ ਮੇਅਰ ਐਂਜਲੀਕ ਐਸ਼ਬੀ, ਕੌਂਸਲ ਮੈਂਬਰ ਕੈਵਿਨ ਸਪੀਸ, ਕੌਂਸਲ ਮੈਂਬਰ ਪੈਟ ਹਿਊਮ, ਸੀ.ਐੱਸ.ਡੀ. ਡਾਇਰੈਕਟਰ ਰਾਡ ਬਰਿਊਅਰ, ਐਂਜਿਲਾ ਸਪੀਸ, ਲੀਸਾ ਕੈਪਲੀਨ ਅਤੇ ਕਮਿਸ਼ਨਰ ਗੁਰਜਤਿੰਦਰ ਸਿੰਘ ਰੰਧਾਵਾ ਵਿਸ਼ੇਸ਼ ਤੌਰ 'ਤੇ ਹਾਜ਼ਰੀ ਲਵਾਉਣ ਲਈ ਪਹੁੰਚੇ।

ਇਸ ਵਾਰ ਤੀਆਂ ਦੇ ਮੇਲੇ ਵਿਚ 150 ਤੋਂ ਵੱਧ ਕਲਾਕਾਰਾਂ ਨੇ ਸਟੇਜ ਤੋਂ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ। ਸੰਸਥਾ ਵਲੋਂ ਇਨ੍ਹਾਂ ਕਲਾਕਾਰਾਂ ਨੂੰ ਸੱਭਿਆਚਾਰਕ ਵਸਤੂਆਂ ਫੁਲਕਾਰੀਆਂ, ਗਹਿਣੇ ਅਤੇ ਪਰਾਂਦੀਆਂ ਆਦਿ ਨਾਲ ਸਨਮਾਨਿਤ ਕੀਤਾ ਗਿਆ। ਸਟੇਜ ਦੀ ਸੇਵਾ ਉੱਘੇ ਲੋਕ ਗਾਇਕ ਮਰਹੂਮ ਕੁਲਦੀਪ ਮਾਣਕ ਦੀ ਬੇਟੀ ਸ਼ਕਤੀ ਮਾਣਕ ਵਲੋਂ ਕੀਤੀ ਗਈ ਅਤੇ ਸੈਟੀ ਰਾਏ ਨੇ ਉਸ ਦਾ ਬਾਖੂਬੀ ਸਾਥ ਦਿੱਤਾ।

ਇਸ ਮੌਕੇ ਰੈਫਰਲ ਇਨਾਮ ਕੱਢੇ ਗਏ। ਖਾਦਮ ਜਿਊਲਰਜ਼ ਸੈਕਰਾਮੈਂਟੋ ਵਲੋਂ 7 ਸੋਨੇ ਦੇ ਇਨਾਮ, ਬੱਗਾ ਜਿਊਲਰਜ਼, ਸ਼ਰੀਫ ਜਿਊਲਰਜ਼ ਅਤੇ ਪਰਮ ਤੱਖਰ ਵਲੋਂ 1-1 ਸੋਨੇ ਦੇ ਇਨਾਮ ਰੈਫਰਲ ਵਜੋਂ ਦਿੱਤੇ ਗਏ। ਇਸ ਤੋਂ ਇਲਾਵਾ ਪੰਜਾਬ ਮੇਲ ਯੂ.ਐੱਸ.ਏ. ਟੀ.ਵੀ., ਗੁਰਜਤਿੰਦਰ ਸਿੰਘ ਰੰਧਾਵਾ ਅਤੇ ਇੰਡੀਆ ਸਪਾਇਸ ਐਂਡ ਮਿਊਜ਼ਿਕ ਐਲਕ ਗਰੋਵ ਵਲੋਂ ਵੀ ਦਿਲ ਖਿੱਚਵੇਂ ਰੈਫਰਲ ਇਨਾਮ ਸਪਾਂਸਰ ਕੀਤੇ ਗਏ।ਪ੍ਰਬੰਧਕਾਂ ਵਲੋਂ ਕੀਤੇ ਵਧੀਆ ਪ੍ਰਬੰਧਾਂ ਕਾਰਨ ਇਹ ਮੇਕਾ ਸਫਲਤਾਪੂਰਵਕ ਨੇਪਰੇ ਚੜ੍ਹਿਆ।



## ਕਸ਼ਮੀਰ ਵਿਚ ਪੱਤਰਕਾਰੀ 'ਤੇ ਸ਼ਿਕੰਜਾ-4

# ਆਲਮੀ ਦਿਲਚਸਪੀ ਅਤੇ ਸਰਕਾਰ ਦੀ ਪਹੁੰਚ

***ਜੰਮੂ ਕਸ਼ਮੀਰ ਪ੍ਰਸ਼ਾਸਨ ਨੇ ਕਸ਼ਮੀਰੀ ਪੱਤਰਕਾਰ ਸ਼ਾਹਿਦ ਤਾਂਤਰੇ ਨੂੰ ਡਰਾਉਣ ਧਮਕਾਉਣ ਦਾ ਸਿਲਸਿਲਾ ਤੇਜ਼ ਕਰ ਦਿੱਤਾ ਹੈ। ਇਸ ਦਾ ਕਾਰਨ ਉਸ ਵੱਲੋਂ 'ਕਾਰਵਾਂ' ਮੈਗਜ਼ੀਨ ਲਈ ਤਿਆਰ ਕੀਤੀਆਂ ਰਿਪੋਰਟਾਂ ਹਨ। ਉਸ ਦੀ ਇਕ ਵਿਸਤਾਰਤ ਰਿਪੋਰਟ ਦਾ ਪੰਜਾਬੀ ਰੂਪ ਸਾਂਝਾ ਕੀਤਾ ਜਾ ਰਿਹਾ ਹੈ ਜਿਸ ਵਿਚ ਉਸ ਨੇ ਕਸ਼ਮੀਰ ਵਿਚ ਪੱਤਰਕਾਰੀ ਦੀ ਸਟੇਟ ਵੱਲੋਂ ਕੀਤੀ ਜਾ ਰਹੀ ਜ਼ਬਾਨਬੰਦੀ ਬਾਰੇ ਰੌਂਗਟੇ ਖੜ੍ਹੇ ਕਰਨ ਵਾਲੀ ਤਸਵੀਰ ਪੇਸ਼ ਕੀਤੀ ਸੀ। ਇਸ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ। ਪੇਸ਼ ਹੈ ਇਸ ਰਿਪੋਰਟ ਦੀ ਚੌਥੀ ਕਿਸ਼ਤ।***

ਸ੍ਰੀਨਗਰ 'ਚ ਵੜਦੇ ਹੀ ਸ਼ਹਿਰ ਦੇ ਲਾਲ ਚੌਕ 'ਚ ਬਣੇ ਪ੍ਰੈੱਸ ਐਨਕਲੇਵ ਦੇ ਗੇਟ ਉੱਪਰ ਨਵਾਂ ਬਣਿਆ ਪੁਲਿਸ ਬੰਕਰ ਮਹਿਮਾਨਾਂ ਦਾ ਸਵਾਗਤ ਕਰਦਾ ਹੈ। ਫੋਟੋ ਪੱਤਰਕਾਰ ਮੁਸ਼ਤਾਕ ਅਹਿਮਦ ਦੀ ਯਾਦ 'ਚ ਪੱਤਰਕਾਰ ਇਸ ਨੂੰ ਮੁਸ਼ਤਾਕ ਐਨਕਲੇਵ ਕਹਿਣਾ ਪਸੰਦ ਕਰਦੇ ਹਨ ਜੋ ਸਤੰਬਰ 1995 ਵਿਚ ਪਾਰਸਲ ਬੰਬ ਹਮਲੇ ਵਿਚ ਮਾਰਿਆ ਗਿਆ ਸੀ। ਇਸ ਵਿਚ ਇਕ ਦਰਜਨ ਤੋਂ ਵਧੇਰੇ ਅਖਬਾਰਾਂ ਦੇ ਦਫਤਰ ਅਤੇ ਕਈ ਪੱਤਰਕਾਰਾਂ ਦੇ ਰਿਹਾਇਸ਼ੀ ਕੁਆਰਟਰ ਹਨ। ਕੁਝ ਸਾਲ ਪਹਿਲਾਂ ਤੱਕ ਇਹ ਚਾਹ ਪੀਂਦਿਆਂ ਸਟੋਰੀਆਂ ਸਾਂਝੀਆਂ ਕਰਦੇ ਪੱਤਰਕਾਰਾਂ



**ਸ਼ਾਹਿਦ ਤਾਂਤਰੇ**

**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਨਾਲ ਗੁਲਜ਼ਾਰ ਹੁੰਦਾ ਸੀ ਪਰ ਹੁਣ ਜਦੋਂ ਮੈਂ ਇਸ ਕੋਲੋਂ ਲੰਘਿਆ ਤਾਂ ਉੱਥੇ ਸਿਰਫ ਪੁਲਿਸ ਅਤੇ ਨੀਮ-ਫੌਜੀ ਦਸਤੇ ਹੀ ਨਜ਼ਰ ਆਏ। ਜੰਮੂ ਕਸ਼ਮੀਰ ਪੁਲਿਸ ਦੀ ਕਾਊਂਟਰ-ਇੰਟੈਲੀਜੈਂਸ ਯੂਨਿਟ ਨੇ ਉਸ ਇਮਾਰਤ ਨੂੰ ਕਬਜ਼ੇ ਵਿਚ ਲੈ ਲਿਆ ਹੈ ਜੋ ਕਰੀਬ ਤਿੰਨ ਦਹਾਕਿਆਂ ਤੱਕ ਅਨੁਭਵੀ ਕਸ਼ਮੀਰੀ ਪੱਤਰਕਾਰ ਯੂਸਫ ਜਮੀਲ ਦਾ ਦਫਤਰ ਹੋਇਆ ਕਰਦਾ ਸੀ।

ਮੁਹੰਮਦ ਸਈਦ ਮਲਿਕ ਸ਼ਾਇਦ ਅੱਜ ਕਸ਼ਮੀਰ ਦੇ ਅੰਗਰੇਜ਼ੀ 'ਚ ਲਿਖਣ ਵਾਲੇ ਸਭ ਤੋਂ ਬਜ਼ੁਰਗ ਪੱਤਰਕਾਰ ਹਨ। 1960 ਦੇ ਦਹਾਕੇ 'ਚ ਉਹ ਕਸ਼ਮੀਰ ਵਿਚ ਪ੍ਰੈੱਸ ਵਿਚ ਛਪਣ ਵਾਲੇ ਪਹਿਲੇ ਮੁਸਲਮਾਨਾਂ ਵਿਚੋਂ ਇਕ ਸਨ। ਇਸ ਪੇਸ਼ੇ ਉੱਪਰ ਉਦੋਂ ਤੱਕ ਕਸ਼ਮੀਰੀ ਪੰਡਤਾਂ ਦਾ ਦਬਦਬਾ ਸੀ। ਉਨ੍ਹਾਂ ਕਿਹਾ, "ਕਸ਼ਮੀਰ ਵਿਚ ਨਾ ਤਾਂ ਸਿਆਸਤ ਅਤੇ ਨਾ ਹੀ ਪੱਤਰਕਾਰੀ ਕਦੇ ਵੀ ਮੁਲਕ ਦੇ ਬਾਕੀ ਹਿੱਸਿਆਂ ਵਾਂਗ ਆਜ਼ਾਦ ਰਹੀ ਹੈ। ਪੜਾਅ-ਦਰ-ਪੜਾਅ, ਯੁਗ-ਦਰ-ਯੁਗ, ਰਾਜ-ਦਰ-ਰਾਜ ਅਤੇ ਹਾਲਾਤ-ਦਰ-ਹਾਲਾਤ, ਅਸੀਂ ਵੱਖ-ਵੱਖ ਪਾਬੰਦੀਆਂ ਦਾ ਸਾਹਮਣਾ ਕੀਤਾ ਹੈ।" ਉਸ ਨੇ ਮੈਨੂੰ ਦੱਸਿਆ ਕਿ 1948 'ਚ ਸ਼ੇਖ ਅਬਦੁੱਲਾ ਜੰਮੂ ਕਸ਼ਮੀਰ ਦੇ ਪਹਿਲੇ ਪ੍ਰਧਾਨ ਮੰਤਰੀ ਬਣੇ ਅਤੇ ਕਸ਼ਮੀਰ ਤਾਨਾਸ਼ਾਹੀ ਤੋਂ ਲੋਕਤੰਤਰ ਵੱਲ ਵਧਿਆ ਲੇਕਿਨ ਪ੍ਰੈੱਸ ਨੇ ਕੋਈ ਵੱਡਾ ਬਦਲਾਓ ਨਹੀਂ ਦੇਖਿਆ। ਮਲਿਕ ਨੇ ਕਿਹਾ, "ਤੁਸੀਂ ਸਿਰਫ ਹੁਕਮਰਾਨ ਪਾਰਟੀ ਲਈ ਲਿਖਣਾ ਹੁੰਦਾ ਸੀ ਜਾਂ ਫਿਰ ਤੁਹਾਨੂੰ ਭਜਾ ਦਿੱਤਾ ਜਾਂਦਾ ਸੀ। ਇਹੀ ਨਿਯਮ ਸੀ।"

ਉਨ੍ਹਾਂ ਮੁਤਾਬਿਕ ਕਸ਼ਮੀਰ ਵਿਚ ਪ੍ਰੈੱਸ ਦੀ ਮੌਜੂਦਾ ਜ਼ੁਬਾਨ ਬਖਸ਼ੀ ਗੁਲਾਮ ਮੁਹੰਮਦ ਦੇ ਕਾਰਜਕਾਲ ਦੌਰਾਨ ਤੈਅ ਕੀਤੀ ਗਈ ਸੀ। 1953 'ਚ ਸ਼ੇਖ ਅਬਦੁੱਲਾ ਵਿਰੁੱਧ ਭਾਰਤ ਦੀ ਹਮਾਇਤ ਨਾਲ ਤਖਤਾ ਪਲਟ ਕਰਨ ਤੋਂ ਬਾਅਦ ਗੁਲਾਮ ਮੁਹੰਮਦ ਜੰਮੂ ਕਸ਼ਮੀਰ ਦਾ ਪ੍ਰਧਾਨ ਮੰਤਰੀ ਬਣਿਆ। ਮਲਿਕ ਨੇ ਕਿਹਾ, "ਇਕ ਵਰਤਾਰਾ ਸਾਹਮਣੇ ਆਇਆ ਜਿਸ ਵਿਚ ਕੁਝ ਸਥਾਨਕ ਪੱਤਰਕਾਰਾਂ ਤੋਂ ਇਲਾਵਾ, ਜਿਨ੍ਹਾਂ ਨੇ ਹੁਕਮਾਂ ਅਤੇ ਧਮਕੀਆਂ ਤੋਂ ਨਾਬਰ ਹੋ ਕੇ ਬਹਾਦਰੀ ਨਾਲ ਰਿਪੋਰਟਿੰਗ ਕਰਨੀ ਜਾਰੀ ਰੱਖੀ, ਪ੍ਰੈੱਸ ਦੇ ਜ਼ਿਆਦਾਤਰ ਲੋਕਾਂ ਨੂੰ ਉਹੀ ਦਿਖਾਉਣ ਲਈ ਮਜਬੂਰ ਕੀਤਾ ਜਾਣ ਲੱਗਿਆ ਜੋ ਦਿੱਲੀ ਦੇਖਣਾ ਚਾਹੁੰਦੀ ਸੀ।... ਸਰਕਾਰ ਬਾਹਰੋਂ ਪੱਤਰਕਾਰਾਂ ਨੂੰ ਲਿਆਉਂਦੀ ਅਤੇ ਉਨ੍ਹਾਂ ਨੂੰ ਦੱਸਦੀ ਕਿ ਕਸ਼ਮੀਰ ਜੰਨਤ ਹੈ ਅਤੇ ਇਹ ਚੱਲ ਰਹੀ ਅਸ਼ਾਂਤੀ ਦੀ ਸੱਚਾਈ ਨੂੰ ਲੁਕੋ ਲੈਂਦੀ।" ਇਹ ਉਹ ਪਲ ਸਨ ਜਦੋਂ ਮੁੱਖ ਜ਼ਮੀਨ ਭਾਰਤ ਅਤੇ ਕਸ਼ਮੀਰ ਦਰਮਿਆਨ ਲੋਹ ਪਰਦਾ ਲਗਾ ਦਿੱਤਾ ਗਿਆ। ਇਸ ਵੰਡ ਦੇ ਆਰ-ਪਾਰ ਹਾਲਾਤ ਦੀਆਂ ਤਸਵੀਰਾਂ ਵੱਖੋ-ਵੱਖਰੀਆਂ ਸਨ।

1980 ਦੇ ਦਹਾਕੇ ਦੇ ਅਖੀਰ 'ਚ, ਭਾਰਤੀ ਸਟੇਟ ਵਿਰੁੱਧ ਪ੍ਰਚੰਡ ਬਗਾਵਤ ਫੁੱਟ ਪਈ। ਮਲਿਕ ਨੇ ਦੱਸਿਆ ਕਿ ਸ਼ੁਰੂ 'ਚ, ਭਾਰਤੀ ਸਟੇਟ ਤੋਂ ਕਸ਼ਮੀਰ ਦੀ ਆਜ਼ਾਦੀ ਲਈ ਲੜ ਰਹੇ ਇੰਤਹਾਪਸੰਦ ਸਮੂਹਾਂ ਨੇ ਸਥਾਨਕ ਮੀਡੀਆ ਉੱਪਰ ਦਬਾਓ ਪਾਉਣਾ ਸ਼ੁਰੂ ਕਰ ਦਿੱਤਾ। ਖਾੜਕੂਆਂ ਨੇ ਅਖਬਾਰਾਂ ਦੇ ਦਫਤਰਾਂ ਦਾ ਦੌਰਾ ਕੀਤਾ ਅਤੇ ਉਨ੍ਹਾਂ ਨੂੰ ਦੱਸਿਆ ਕਿ ਕੀ ਲਿਖਣਾ ਹੈ। ਸਰਕਾਰ ਵੀ ਪਿੱਛੇ ਨਹੀਂ ਰਹੀ। ਉਦੋਂ ਤੋਂ ਲੈ ਕੇ ਹਮੇਸ਼ਾ ਹੀ ਕਸ਼ਮੀਰ ਤੋਂ ਖਬਰਾਂ ਨੂੰ ਬਲੈਕ ਆਊਟ ਕਰਨ ਦੀ ਕੋਸ਼ਿਸ਼ ਕੀਤੀ ਜਾਂਦੀ ਰਹੀ ਹੈ; ਹਾਲਾਂਕਿ, ਦੋਵਾਂ ਪਾਸਿਆਂ ਤੋਂ ਆ ਰਹੀਆਂ ਧਮਕੀਆਂ ਨਾਲ ਦੋਹਰੇ ਦਬਾਓ ਨੇ ਮੀਡੀਆ ਨੂੰ ਪੇਸ਼ੇਵਰ ਬਣਾਉਣ 'ਚ ਵੀ ਮਦਦ ਕੀਤੀ। ਪੱਤਰਕਾਰਾਂ ਨੂੰ ਸਿਰਫ ਨਿਰਪੱਖ ਭਾਸ਼ਾ 'ਚ ਸਾਵਧਾਨੀ ਵਾਲੀ ਅਤੇ ਤਿੱਖੀ ਰਿਪੋਰਟਿੰਗ ਦੇ ਸਖਤ ਰਾਹ 'ਤੇ ਚੱਲਣਾ ਪਿਆ। ਮਲਿਕ ਨੇ ਇਹ ਵੀ ਕਿਹਾ ਕਿ 11 ਸਤੰਬਰ 2001 ਨੂੰ ਅਮਰੀਕਾ ਵਿਚ ਹੋਏ ਦਹਿਸ਼ਤਵਾਦੀ ਹਮਲਿਆਂ ਤੋਂ ਬਾਅਦ ਦੁਨੀਆ ਭਰ ਦੀਆਂ ਸਰਕਾਰਾਂ ਦਹਿਸ਼ਤਵਾਦ ਵਿਰੋਧੀ ਕਾਨੂੰਨਾਂ ਦੀ ਖੁੱਲ੍ਹ ਕੇ ਵਰਤੋਂ ਕਰਨ ਲੱਗੀਆਂ। ਇਸ ਦੇ ਪਹਿਲੇ ਸ਼ਿਕਾਰ ਕਸ਼ਮੀਰੀ ਪੱਤਰਕਾਰ ਹੋਏ।

ਮੀਡੀਆ ਖੋਜਕਾਰ ਰਾਸ਼ਿਦ ਮਕਬੂਲ ਭੱਟ ਨੇ ਦੱਸਿਆ ਕਿ ਜਿੱਥੇ ਪੱਤਰਕਾਰਾਂ ਵਿਰੁੱਧ ਗ੍ਰਿਫਤਾਰੀਆਂ ਅਤੇ ਕੇਸ ਸਭ ਤੋਂ ਵੱਧ ਧਿਆਨ ਖਿੱਚਦੇ ਹਨ, ਉੱਥੇ ਕਸ਼ਮੀਰ ਵਿਚ ਮੀਡੀਆ ਸੈਂਸਰਸ਼ਿਪ ਅਕਸਰ ਪੈਸੇ ਦੀ ਭੁੱਖ ਕਾਰਨ ਪ੍ਰੈੱਸ ਸੰਸਥਾਵਾਂ ਵੱਲੋਂ ਚੁੱਪ-ਚਾਪ ਚਲਾਈ ਜਾਂਦੀ ਹੈ। ਉਨ੍ਹਾਂ ਕਿਹਾ, "ਕਸ਼ਮੀਰ ਛੋਟੀ ਜਿਹੀ ਜਗ੍ਹਾ ਹੈ ਅਤੇ ਇੱਥੋਂ ਦਾ ਮੀਡੀਆ ਉਦਯੋਗ ਆਲਮੀ ਦਿਲਚਸਪੀ ਦਾ ਖੇਤਰ ਹੋਣ ਦੇ ਬਾਵਜੂਦ ਬਹੁਤ ਛੋਟਾ ਉਦਯੋਗ ਰਿਹਾ ਹੈ। ਸਾਡੇ ਕੋਲ ਕੋਈ ਵਧੀਆ ਵਿਕਸਿਤ ਟੈਲੀਵਿਜ਼ਨ ਜਾਂ ਆਨਲਾਈਨ ਮੀਡੀਆ ਹਾਊਸ ਨਹੀਂ ਹੈ। ਖਬਰਾਂ ਮੁੱਖ ਤੌਰ 'ਤੇ ਇਕੱਲੇ ਪ੍ਰਿੰਟ ਵਿਚ ਹੁੰਦੀਆਂ ਹਨ ਅਤੇ ਅਖਬਾਰ ਆਮਦਨ ਦੇ ਮੁੱਖ ਸਰੋਤ ਵਜੋਂ ਇਸ਼ਤਿਹਾਰਾਂ 'ਤੇ ਨਿਰਭਰ ਹਨ। ਇਸ਼ਤਿਹਾਰਾਂ ਦਾ ਸਭ ਤੋਂ ਵੱਡਾ ਸਰੋਤ ਸਰਕਾਰ ਹੈ। 1990 ਦੇ ਦਹਾਕੇ ਤੋਂ ਇਸ ਨੂੰ ਕੰਟਰੋਲ ਕਰਨ ਦੇ ਸਾਧਨ ਵਜੋਂ ਵਰਤਿਆ ਜਾ ਰਿਹਾ ਹੈ। ਇਸ਼ਤਿਹਾਰ ਸਰਕਾਰ ਦੇ ਸੂਚਨਾ ਵਿਭਾਗ ਤੋਂ ਆਉਂਦੇ ਹਨ ਪਰ ਕੁਝ ਸ਼ਰਤਾਂ 'ਤੇ। ਜੇ ਤੁਸੀਂ ਖਾਸ ਕਿਸਮ ਦੀ ਪੱਤਰਕਾਰੀ ਨਹੀਂ ਕਰਦੇ, ਜਾਂ ਜੇ ਤੁਸੀਂ ਖਾਸ ਕਿਸਮ ਦੀ ਭਾਸ਼ਾ ਦੀ ਵਰਤੋਂ ਨਹੀਂ ਕਰਦੇ ਤਾਂ ਹੀ ਤੁਹਾਡੇ 'ਤੇ ਕਿਰਪਾ ਕੀਤੀ ਜਾਵੇਗੀ।"

ਧਮਕੀਆਂ ਅਤੇ ਸਰਕਾਰੀ ਸਹਾਇਤਾ ਨੇ ਸਥਾਨਕ ਪ੍ਰੈੱਸ ਉੱਪਰ ਕਿਵੇਂ ਅਸਰ ਪਾਇਆ ਹੈ, ਇਸ ਦੀ ਇਕ ਮਿਸਾਲ 'ਗ੍ਰੇਟਰ ਕਸ਼ਮੀਰ' ਹੈ। 1987 'ਚ ਖਾੜਕੂਵਾਦ ਦੀ ਚੜ੍ਹਤ ਦੇ ਦਿਨਾਂ 'ਚ ਸਥਾਪਿਤ ਇਹ ਅਖਬਾਰ ਕਸ਼ਮੀਰੀ ਪ੍ਰੈੱਸ ਦੀਆਂ ਕੁਝ ਸੁਤੰਤਰ ਸੰਸਥਾਵਾਂ ਵਿਚੋਂ ਇਕ ਬਣ ਗਿਆ। ਇਹ ਕਸ਼ਮੀਰੀ ਮੁਸਲਮਾਨ ਦੀ ਮਾਲਕੀਅਤ ਵਾਲਾ ਪਹਿਲਾ ਅੰਗਰੇਜ਼ੀ ਅਖਬਾਰ ਸੀ ਜਿਸ ਵਿਚ ਸਥਾਨਕ ਕਸ਼ਮੀਰੀ ਹੀ ਰਿਪੋਰਟ ਕਰ ਰਹੇ ਸਨ। ਪਿਛਲੇ ਸਾਲਾਂ 'ਚ ਜੰਮੂ ਖੇਤਰ ਤੋਂ ਵੀ ਪ੍ਰਕਾਸ਼ਤ ਹੋਣ ਵਾਲਾ ਇਹ ਅਖਬਾਰ ਘਰ ਘਰ ਜਾਣਿਆ ਜਾਣ ਲੱਗਿਆ ਜਿਸ ਨੇ ਫੇਸਬੁੱਕ ਉੱਪਰ 20 ਲੱਖ ਤੋਂ ਵੱਧ ਲਾਈਕ ਹਾਸਲ ਕਰ ਲਏ ਅਤੇ ਇਹ ਆਲਮੀ ਦਾਇਰੇ 'ਚ ਫੈਲ ਰਿਹਾ ਸੀ।

ਸਿਖਰ 'ਤੇ ਹੋਣ ਸਮੇਂ 'ਗ੍ਰੇਟਰ ਕਸ਼ਮੀਰ' ਵਿਚ ਤਿੰਨ ਸੌ ਤੋਂ ਵੱਧ ਮੁਲਾਜ਼ਮ ਸਨ ਪਰ ਸਰਕਾਰੀ ਦਬਾਓ (ਇਸ਼ਤਿਹਾਰ ਬੰਦ ਕਰ ਦੇਣ ਅਤੇ 2019 ਵਿਚ ਐਨ.ਆਈ.ਏ. ਵੱਲੋਂ ਇਸ ਦੇ ਮੁੱਖ ਸੰਪਾਦਕ ਫਯਾਜ਼ ਕੱਲੂ ਅਤੇ ਪ੍ਰਕਾਸ਼ਕ ਰਸੀਦ ਮਖਦੂਮੀ ਨੂੰ ਸੰਮਨ ਭੇਜਣ) ਨੇ ਇਸ ਨੂੰ ਗੰਭੀਰ ਸੱਟ ਮਾਰੀ। ਇਸ ਵੇਲੇ ਇਸ ਕੋਲ ਸੌ ਤੋਂ ਵੀ ਘੱਟ ਮੁਲਾਜ਼ਮ ਹਨ, ਕਈ ਪਹਿਲਾਂ ਨਾਲੋਂ ਵੀ ਘੱਟ ਤਨਖਾਹਾਂ 'ਤੇ ਕੰਮ ਕਰਦੇ ਹਨ। ਮਖਦੂਮੀ ਅਤੇ ਕੱਲੂ ਨੂੰ ਭੇਜੇ ਸੰਮਨਾਂ ਅਤੇ ਛੇ ਦਿਨਾਂ ਦੀ ਪੁੱਛਗਿੱਛ ਦੀ ਖਬਰ 'ਗ੍ਰੇਟਰ ਕਸ਼ਮੀਰ' ਨੇ ਵੀ ਨਹੀਂ ਛਾਪੀ ਸੀ। ਛੇਤੀ ਹੀ ਕੱਲੂ ਨੇ ਐਡੀਟਰਜ਼ ਗਿਲਡ ਆਫ ਕਸ਼ਮੀਰ ਵਿਚ ਆਪਣੇ ਸੰਪਾਦਕ ਦੇ ਅਹੁਦੇ ਤੋਂ ਅਸਤੀਫਾ ਦੇ ਦਿੱਤਾ ਅਤੇ ਉਸ ਦੇ ਅਖਬਾਰ ਨੇ ਆਪਣੀ ਖਬਰਾਂ ਦੀ ਸੁਰ ਬਦਲ ਲਈ। ਸ਼ਾਹ ਅੱਬਾਸ ਅਤੇ ਤਿੰਨ ਹੋਰਾਂ ਵਿਰੁੱਧ ਛਾਪੇਮਾਰੀ ਤੋਂ ਬਾਅਦ, ਇਹ ਕਿਸੇ ਲਈ ਵੀ ਹੈਰਾਨੀ ਦੀ ਗੱਲ ਨਹੀਂ ਸੀ ਕਿ 'ਗ੍ਰੇਟਰ ਕਸ਼ਮੀਰ' ਦਾ ਉਰਦੂ ਵਿਚ ਪ੍ਰਕਾਸ਼ਨ 'ਕਸ਼ਮੀਰ ਉਜ਼ਮਾ' ਉਸ ਦੇ ਖਿਲਾਫ ਜਾਂਚ ਪੂਰੀ ਹੋਣ ਤੋਂ ਪਹਿਲਾਂ ਹੀ ਉਸ ਨੂੰ ਟਰਮੀਨੇਟ ਕਰਨ ਲਈ ਕਾਹਲਾ ਸੀ। 'ਗ੍ਰੇਟਰ ਕਸ਼ਮੀਰ' ਨੇ ਵੀ ਯੂਸਫ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਦਾ ਸਾਰਾ ਕੰਮ ਆਪਣੀ ਵੈੱਬਸਾਈਟ ਤੋਂ ਮਿਟਾ ਦਿੱਤਾ।

ਇਨ੍ਹਾਂ ਹਾਲਾਤ ਨੇ ਕਸ਼ਮੀਰ 'ਚ ਚੰਗੇ ਪੱਤਰਕਾਰਾਂ ਦੀ ਘਾਟ ਪੈਦਾ ਕਰ ਦਿੱਤੀ ਹੈ। ਭੱਟ ਨੇ ਕਿਹਾ, "ਸਥਾਨਕ ਮੀਡੀਆ ਇਸ ਕਾਰਨ ਛੋਟਾ ਹੈ ਅਤੇ ਉਹ ਚੰਗੀ ਤਨਖਾਹ ਵੀ ਨਹੀਂ ਦੇ ਸਕਦਾ। ਸਥਾਨਕ ਪੱਤਰਕਾਰਾਂ ਅਤੇ ਸੰਪਾਦਕਾਂ ਨੂੰ ਗੁਜ਼ਾਰੇ ਜੋਗੀ ਤਨਖਾਹ ਵੀ ਨਹੀਂ ਮਿਲਦੀ। ਇਹ ਵਿਹਾਰਕ ਕਿੱਤਾ ਨਹੀਂ ਹੈ।" ਉਸ ਨੇ ਕਿਹਾ ਕਿ ਘਾਟੀ ਵਿਚ ਪੱਤਰਕਾਰਾਂ ਲਈ ਗਰੀਬੀ 'ਚੋਂ ਨਿਕਲਣ ਦਾ ਇੱਕੋ-ਇਕ ਤਰੀਕਾ ਕੌਮਾਂਤਰੀ ਮੀਡੀਆ ਸੰਸਥਾਵਾਂ ਦੇ ਨਾਲ-ਨਾਲ ਭਾਰਤ ਦੇ ਕੁਝ ਸੁਤੰਤਰ ਪੋਰਟਲਾਂ ਲਈ ਕੰਮ ਕਰਨਾ ਰਹਿ ਗਿਆ ਹੈ ਜੋ ਚੰਗੀ ਤਨਖਾਹ ਦਿੰਦੇ ਹਨ ਅਤੇ ਜਿਨ੍ਹਾਂ ਨੂੰ ਸੈਂਸਰ ਕਰਨਾ ਸਰਕਾਰ ਲਈ ਇੰਨਾ ਸੌਖਾ ਨਹੀਂ। ਉਸ ਨੇ ਕਿਹਾ ਕਿ ਇਸ ਨਾਲ ਉਤਸ਼ਾਹੀ ਪੱਤਰਕਾਰਾਂ ਦੀ ਨਵੀਂ ਪੀੜ੍ਹੀ ਪੈਦਾ ਹੋਈ ਹੈ ਜਿਸ ਦਾ ਤੇਵਰ ਸਟੇਟ ਪ੍ਰਤੀ ਆਲੋਚਨਾਤਮਕ ਹੈ। ਇਹ ਉਹੀ ਪੱਤਰਕਾਰ ਹਨ ਜਿਨ੍ਹਾਂ ਨੂੰ ਸਰਕਾਰ ਇਸ ਵਕਤ ਕੇਸਾਂ, ਛਾਪਿਆਂ ਅਤੇ ਗ੍ਰਿਫਤਾਰੀਆਂ ਨਾਲ ਨਿਸ਼ਾਨਾ ਬਣਾ ਰਹੀ ਹੈ।... ਹੁਣ ਰਗਾਂ ਅੰਦਰ ਖੌਫ ਬਿਠਾਇਆ ਜਾ ਰਿਹਾ ਹੈ। ਭਿਆਨਕ ਨਿਗਰਾਨੀ ਹੋ ਰਹੀ ਹੈ ਅਤੇ ਖੌਫ ਮਨਾਂ 'ਚ ਘਰ ਕਰ ਰਿਹਾ ਹੈ।... ਕਸ਼ਮੀਰੀ ਮੀਡੀਆ ਸਦਮੇ ਦੀ ਹਾਲਤ 'ਚ ਹੈ। ਕਈ ਰਿਪੋਰਟਾਂ ਮਰ ਰਹੀਆਂ ਹਨ। ਮੈਨੂੰ ਨਹੀਂ ਲੱਗਦਾ ਕਿ ਪਿਛਲੇ 30 ਸਾਲਾਂ ਵਿਚ ਮੈਂ ਮੀਡੀਆ ਲਈ ਇਸ ਤੋਂ ਵਧੇਰੇ ਗੰਭੀਰ ਦੌਰ ਦੇਖਿਆ ਹੈ।"

ਜਿਹਲਮ ਕੰਢੇ ਸਥਿਤ ਸਰਕਾਰੀ ਧੂਤੂ ਦੂਰਦਰਸ਼ਨ ਦੇ ਦਫਤਰ ਦੇ ਸਾਹਮਣੇ ਜੰਮੂ ਕਸ਼ਮੀਰ ਦੀ ਸੀ.ਆਈ.ਡੀ. ਦਾ ਸਦਰ ਮੁਕਾਮ ਹੈ। ਇਸ ਨੂੰ ਚਿੱਟਾ ਰੰਗ ਕੀਤਾ ਗਿਆ ਹੈ। ਸ਼ਾਇਦ ਇਹ ਸੀ.ਆਈ.ਡੀ. ਦੇ ਘਾਟੀ ਵਿਚ ਅਮਨ-ਚੈਨ ਲਿਆਉਣ ਦੇ ਅਧਿਕਾਰਕ ਤੌਰ 'ਤੇ ਐਲਾਨੇ ਉਦੇਸ਼ ਦਾ ਪ੍ਰਤੀਕ ਹੈ, ਤੇ ਇਸ ਨੂੰ ਅਕਸਰ ਵ੍ਹਾਈਟ ਹਾਊਸ ਕਿਹਾ ਜਾਂਦਾ ਹੈ। ਜਦੋਂ ਤੋਂ ਧਾਰਾ 370 ਖਤਮ ਕੀਤੀ ਗਈ ਹੈ, ਪੁਲਿਸ ਨੂੰ ਪੱਤਰਕਾਰਾਂ ਤੋਂ ਪੁੱਛ-ਗਿੱਛ ਕਰਨ ਦੇ ਆਦੇਸ਼ ਦੇਣ ਵਾਲੇ ਫੋਨ ਇੱਥੋਂ ਆ ਰਹੇ ਹਨ। ਇਕ ਪੱਤਰਕਾਰ ਨੇ ਇਕ ਵਾਰ ਮੈਨੂੰ ਮਜ਼ਾਕ 'ਚ ਦੱਸਿਆ ਸੀ ਕਿ ਜਦੋਂ ਤੋਂ ਸੀ.ਆਈ.ਡੀ. ਸਦਰ ਮੁਕਾਮ ਬਣਿਆ ਹੈ, ਉਦੋਂ ਤੋਂ ਕਸ਼ਮੀਰ ਵਿਚ ਚਿੱਟਾ ਰੰਗ ਸ਼ਾਂਤੀ ਦਾ ਪ੍ਰਤੀਕ ਨਾ ਹੋ ਕੇ ਨਿਗਰਾਨੀ ਦਾ ਪ੍ਰਤੀਕ ਬਣ ਗਿਆ ਹੈ।

ਸੀ.ਆਈ.ਡੀ. ਦਫਤਰ ਦੇ ਨਾਲ ਲੱਗਦੀ ਵਿਰਾਸਤ ਭਵਨ ਦੀ ਚਾਰਦੀਵਾਰੀ ਹੁਣ ਦਸਤਕਾਰੀ ਵਿਭਾਗ ਦਾ ਇੰਮਪੋਰੀਅਮ ਹੈ। ਧਾਰਾ 370 ਖਤਮ ਕਰਨ ਤੋਂ ਪਹਿਲਾਂ ਇਹ ਦੀਵਾਰ ਰੰਗ-ਬਰੰਗੀ ਚਿੱਤਰਕਾਰੀ ਨਾਲ ਢੱਕੀ ਹੋਈ ਸੀ ਜੋ ਘਾਟੀ ਦੀਆਂ ਕਈ ਰੋਜ਼ਮੱਰਾ ਦੁੱਖ-ਤਕਲੀਫ ਬਿਆਨ ਕਰਦੀ ਸੀ। ਇਸ ਵਿਚ ਕੁਨਨ-ਪੌਸ਼ਪੋਰਾ ਬਾਰੇ ਨਾਅਰੇ ਲਿਖੇ ਹੁੰਦੇ। ਉੱਤਰ-ਪੱਛਮੀ ਕਸ਼ਮੀਰ ਦੇ ਇਨ੍ਹਾਂ ਜੁੜਵੇਂ ਪਿੰਡਾਂ ਵਿਚ 1991 'ਚ ਭਾਰਤੀ ਫੌਜ ਦੇ ਜਵਾਨਾਂ ਨੇ 23 ਔਰਤਾਂ ਨਾਲ ਕਥਿਤ ਤੌਰ 'ਤੇ ਸਮੂਹਿਕ ਬਲਾਤਕਾਰ ਕੀਤਾ ਸੀ, ਆਰਮਡ ਫੋਰਸਿਜ਼ (ਸਪੈਸ਼ਲ ਪਾਵਰਜ਼) ਐਕਟ (ਅਫਸਪਾ)ਤਹਿਤ ਲੱਗਭੱਗ ਮੁਕੰਮਲ ਕਾਨੂੰਨੀ ਛੋਟ ਦਾ ਫਾਇਦਾ ਉਠਾਉਂਦੇ ਹੋਏ। ਇਸ ਤੋਂ ਇਲਾਵਾ, ਇੱਥੇ 'ਲਹੂ-ਲੁਹਾਣ ਕਸ਼ਮੀਰ' ਜਾਂ 'ਆਜ਼ਾਦੀ' ਨਾਅਰੇ ਵੀ ਪੜ੍ਹੇ ਜਾ ਸਕਦੇ ਸਨ। ਨਾਲ ਹੀ ਇੱਥੇ ਆਜ਼ਾਦੀ ਪੱਖੀ ਇੰਤਹਾਪਸੰਦ ਜਥੇਬੰਦੀ ਜੰਮੂ ਕਸ਼ਮੀਰ ਲਿਬਰੇਸ਼ਨ ਫਰੰਟ ਦੇ ਸਹਿ-ਬਾਨੀ ਮਕਬੂਲ ਭੱਟ ਦੀ ਰੰਗੀਨ ਤਸਵੀਰ ਵੀ ਬਣਾਈ ਹੋਈ ਸੀ।

ਜਦੋਂ ਮੈਂ ਸੀ.ਆਈ.ਡੀ. ਦਫਤਰ ਦਾ ਦੌਰਾ ਕੀਤਾ ਤਾਂ ਦੀਵਾਰਾਂ ਤੋਂ ਸਭ ਕੁਝ ਮਿਟਾ ਦਿੱਤਾ ਗਿਆ ਸੀ। ਇਹ ਇਕ ਤਰ੍ਹਾਂ ਨਾਲ ਸਹੀ ਵੀ ਜਾਪਦਾ ਸੀ। ਸੀ.ਆਈ.ਡੀ. ਦਫਤਰ ਤੋਂ ਨਿਕਲਦੇ ਵਕਤ ਇਕ ਦਰਜਨ ਤੋਂ ਵੱਧ ਸੀ.ਸੀ.ਟੀ.ਵੀ. ਕੈਮਰਿਆਂ ਦੀਆਂ ਨਜ਼ਰਾਂ ਹੇਠ ਮੈਂ ਕਸ਼ਮੀਰ ਦੇ ਇਤਿਹਾਸ ਨੂੰ ਮਿਟਾਏ ਜਾਣ ਦੇ ਸਬੂਤਾਂ ਨੂੰ ਦੇਖਿਆ ਜੋ ਕਸ਼ਮੀਰ ਦੀ ਆਵਾਜ਼ ਨੂੰ ਫੌਜੀਕਰਨ ਨਾਲ ਖਾਮੋਸ਼ ਕਰ ਰਹੇ ਸਨ ਪਰ ਇਕ ਖੂੰਜੇ 'ਚ ਕੁਝ ਰਹਿ ਗਿਆ ਸੀ ਜਿਸ ਨੂੰ ਅਜੇ ਵੀ ਪੜ੍ਹਿਆ ਸਕਦਾ ਸੀ: "ਤੁਸੀਂ ਸਾਨੂੰ ਤਾਂ ਮਾਰ ਸਕਦੇ ਹੋ ਪਰ ਤੁਸੀਂ ਸਾਨੂੰ ਹੌਸਲੇ ਨਹੀਂ ਤੋੜ ਸਕਦੇ।"

ਮੈਂ ਸੀ.ਆਈ.ਡੀ. ਅਧਿਕਾਰੀਆਂ ਨਾਲ ਗੱਲ ਕਰਨ ਆਇਆ ਸੀ ਕਿ ਉਹ ਪੱਤਰਕਾਰਾਂ ਵਿਰੁੱਧ ਚੱਲ ਰਹੀ ਕਾਰਵਾਈ ਬਾਰੇ ਕੀ ਸੋਚਦੇ ਹਨ। ਰਿਪੋਰਟਿੰਗ ਦੌਰਾਨ ਇਕ ਦਰਜਨ ਅਧਿਕਾਰੀ ਮੇਰੇ ਨਾਲ ਗੱਲ ਕਰਨ ਲਈ ਰਾਜ਼ੀ ਤਾਂ ਹੋ ਗਏ ਪਰ ਆਫ-ਦਿ-ਰਿਕਾਰਡ। ਉਨ੍ਹਾਂ ਨੇ ਕਸ਼ਮੀਰੀ ਪੱਤਰਕਾਰਾਂ ਦੇ ਸਿਰਾਂ ਉੱਪਰ ਲਟਕਦੇ ਨਿਗਰਾਨੀ ਜਾਲ ਦੇ ਵਿਰਾਟ ਆਕਾਰ ਨੂੰ ਸਮਝਣ ਵਿਚ ਮੇਰੀ ਮਦਦ ਕੀਤੀ।

30 ਕੁ ਸਾਲ ਦੇ ਇਕ ਸੀਨੀਅਰ ਕਸ਼ਮੀਰੀ ਪੁਲਿਸ ਅਧਿਕਾਰੀ ਨੇ ਦੱਸਿਆ, "ਉਨ੍ਹਾਂ ਦੇ ਫੋਨਾਂ ਉੱਪਰ ਨਜ਼ਰ ਰੱਖੀ ਜਾ ਰਹੀ ਹੈ। ਫੋਨ ਟੈਪ ਕਰਨ ਵਾਲੇ ਸਾਰੇ ਲੋਕ ਬਾਹਰਲੇ ਹਨ। ਸਥਾਨਕ ਪੱਤਰਕਾਰਾਂ ਦੀਆਂ ਸਰਗਰਮੀਆਂ ਅਤੇ ਸਟੋਰੀਜ਼ ਦੀ ਨਿਗਰਾਨੀ ਕਰਨ ਲਈ ਵੱਖਰਾ ਮੀਡੀਆ ਨਿਗਰਾਨੀ ਸੈੱਲ ਬਣਾਇਆ ਗਿਆ ਹੈ। ਦਰਅਸਲ, ਸੁਤੰਤਰ ਅਤੇ ਕੌਮਾਂਤਰੀ ਪ੍ਰਕਾਸ਼ਨਾਵਾਂ ਲਈ ਰਿਪੋਰਟਾਂ ਕਰਦੇ ਪੱਤਰਕਾਰ ਸਾਡੇ ਲਈ ਸਮੱਸਿਆ ਹਨ।"

ਅਧਿਕਾਰੀ ਨੇ ਕਿਹਾ ਕਿ ਜੋ ਪੱਤਰਕਾਰ ਵਿਦੇਸ਼ੀ ਪੋਰਟਲਾਂ ਲਈ ਲਿਖਦੇ ਹਨ, ਖਾਸ ਤੌਰ 'ਤੇ ਤੁਰਕੀ, ਪਾਕਿਸਤਾਨ, ਮਲੇਸ਼ੀਆ ਤੇ ਅਮਰੀਕਾ ਵਿਚ ਸਥਿਤ ਸਮਾਚਾਰ ਸੰਸਥਾਵਾਂ ਲਈ, ਸੀ.ਆਈ.ਡੀ. ਉਨ੍ਹਾਂ 'ਚ ਖਾਸ ਦਿਲਚਸਪੀ ਲੈਂਦੀ ਹੈ ਅਤੇ ਉਨ੍ਹਾਂ ਉੱਪਰ ਕਰੜੀ ਨਜ਼ਰ ਰੱਖੀ ਜਾਂਦੀ ਹੈ। ਉਸ ਨੇ ਕਿਹਾ ਕਿ ਉਹ ਮੁਲਕ ਦਾ ਅਕਸ ਖਰਾਬ ਕਰ ਰਹੇ ਹਨ। ਅਲ ਜਜ਼ੀਰਾ, ਟੀ.ਆਰ.ਟੀ. ਵਰਲਡ, ਦਿ ਗਾਰਡੀਅਨ ਅਤੇ ਇਸ ਤਰ੍ਹਾਂ ਦੇ ਹੋਰ ਕੌਮਾਂਤਰੀ ਪ੍ਰਕਾਸ਼ਨ ਜਿਨ੍ਹਾਂ ਲਈ ਕਸ਼ਮੀਰੀ ਪੱਤਰਕਾਰ ਲਿਖਦੇ ਹਨ, ਉਨ੍ਹਾਂ ਦੇ ਦਰਸ਼ਕ/ਪਾਠਕ ਵਿਸ਼ਵਵਿਆਪੀ ਹਨ। ਸੀ.ਆਈ.ਡੀ. ਵਿਭਾਗ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਕਸ਼ਮੀਰੀ ਪੱਤਰਕਾਰ ਵੱਖਵਾਦ, ਅਤਿਵਾਦ, ਮਨੁੱਖੀ ਅਧਿਕਾਰਾਂ, ਕਸ਼ਮੀਰ ਦੀ ਹਮਾਇਤ, ਧਾਰਾ 370 ਅਤੇ ਰੱਖਿਆ ਦੇ ਮੁੱਦਿਆਂ ਉੱਪਰ ਕੋਈ ਰਿਪੋਰਟਿੰਗ ਨਾ ਕਰਨ।

ਚਾਲੀ ਕੁ ਸਾਲ ਦੇ ਇਕ ਹੋਰ ਸੀਨੀਅਰ ਅਧਿਕਾਰੀ ਨੇ ਇਹ ਵੀ ਕਿਹਾ ਕਿ ਘਾਟੀ ਤੋਂ ਬਾਹਰ ਦੇ ਅਖਬਾਰਾਂ/ਮੀਡੀਆ ਲਈ ਲਿਖਣ ਵਾਲੇ ਪਹਿਲੇ ਨਿਸ਼ਾਨੇ 'ਤੇ ਹਨ। ਉਸ ਨੇ ਕਿਹਾ, "ਜਿਹੜੇ ਲੋਕ ਉਨ੍ਹਾਂ ਲਈ ਅਤੇ ਭਾਰਤ ਦੇ ਕੁਝ ਹੋਰ ਮੀਡੀਆ ਹਾਊਸਾਂ ਲਈ ਕਸ਼ਮੀਰ ਬਾਰੇ ਰਿਪੋਰਟਿੰਗ ਕਰਦੇ ਹਨ, ਉਹ ਸਾਡੀ ਰਾਡਾਰ 'ਤੇ ਹਨ। ਇਹ ਜਾਂਚ ਦਾ ਅਮਲ ਹੈ ਅਤੇ ਅਸੀਂ ਹਰ ਪੱਤਰਕਾਰ ਉੱਪਰ ਨਜ਼ਰ ਰੱਖਾਂਗੇ ਜੋ ਸਾਡੀ ਰਾਡਾਰ 'ਤੇ ਹੈ। ਪੱਤਰਕਾਰ

**(ਬਾਕੀ ਸਫਾ 19 'ਤੇ)**



*2021 ਦੀਆਂ ਗਰਮੀਆਂ 'ਚ ਸ੍ਰੀਨਗਰ ਦੇ ਬਾਹਰ ਸਰਕਾਰੀ ਸੁਰੱਖਿਆ ਬਲਾਂ ਅਤੇ ਵੱਖਵਾਦੀ ਖਾੜਕੂਆਂ ਦਰਮਿਆਨ ਹਥਿਆਰਬੰਦ ਟੱਕਰ ਕਵਰ ਕਰ ਰਹੇ ਪੱਤਰਕਾਰ।*

***ਜੋ ਪੱਤਰਕਾਰ ਵਿਦੇਸ਼ੀ ਪੋਰਟਲਾਂ ਲਈ ਲਿਖਦੇ ਹਨ, ਖਾਸ ਤੌਰ 'ਤੇ ਤੁਰਕੀ, ਪਾਕਿਸਤਾਨ, ਮਲੇਸ਼ੀਆ ਤੇ ਅਮਰੀਕਾ ਵਿਚ ਸਥਿਤ ਸਮਾਚਾਰ ਸੰਸਥਾਵਾਂ ਲਈ, ਸੀ.ਆਈ.ਡੀ. ਉਨ੍ਹਾਂ 'ਚ ਖਾਸ ਦਿਲਚਸਪੀ ਲੈਂਦੀ ਹੈ। ਅਲ ਜ਼ਜੀਰਾ, ਟੀ.ਆਰ.ਟੀ. ਵਰਲਡ, ਦਿ ਗਾਰਡੀਅਨ ਅਤੇ ਇਸ ਤਰ੍ਹਾਂ ਦੇ ਹੋਰ ਕੌਮਾਂਤਰੀ ਪ੍ਰਕਾਸ਼ਨ ਜਿਨ੍ਹਾਂ ਲਈ ਕਸ਼ਮੀਰੀ ਪੱਤਰਕਾਰ ਲਿਖਦੇ ਹਨ, ਉਨ੍ਹਾਂ ਦੇ ਦਰਸ਼ਕ/ਪਾਠਕ ਵਿਸ਼ਵਵਿਆਪੀ ਹਨ। ਸੀ.ਆਈ.ਡੀ. ਵਿਭਾਗ ਦਾ ਕੰਮ ਇਹ ਯਕੀਨੀ ਬਣਾਉਣਾ ਹੈ ਕਿ ਕਸ਼ਮੀਰੀ ਪੱਤਰਕਾਰ ਵੱਖਵਾਦ, ਅਤਿਵਾਦ, ਮਨੁੱਖੀ ਅਧਿਕਾਰਾਂ, ਕਸ਼ਮੀਰ ਦੀ ਹਮਾਇਤ, ਧਾਰਾ 370 ਅਤੇ ਰੱਖਿਆ ਦੇ ਮੁੱਦਿਆਂ ਉੱਪਰ ਕੋਈ ਰਿਪੋਰਟਿੰਗ ਨਾ ਕਰਨ।***

# ਅਨੇਕਾਂ ਪੱਗਾਂ ਵਾਲਾ ਵਿਦਵਾਨ

ਕਲਾ ਪਰਿਕਰਮਾ


ਜਿਸ ਕੋਲ ਬਹੁਤੀਆਂ ਮੁਹਾਰਤਾਂ ਹੋਣ, ਉਸ ਨੂੰ ਅੰਗਰੇਜ਼ੀ ਵਿਚ ਬਹੁਤੇ ਟੋਪਾਂ ਵਾਲਾ ਬੰਦਾ ਕਹਿੰਦੇ ਹਨ। ਇਸੇ ਤਰਜ਼ 'ਤੇ ਇਕ ਅੰਗਰੇਜ਼ੀ ਵਿਦਵਾਨ ਨੇ ਪਗੜੀਧਾਰੀ ਪ੍ਰੋਫੈਸਰ ਅਮ੍ਰਿਤਜੀਤ ਸਿੰਘ ਨੂੰ ਬਹੁਤੀਆਂ ਪੱਗਾਂ ਵਾਲਾ ਵਿਦਵਾਨ ਕਿਹਾ ਹੈ। ਉਹ 1945 ਵਿਚ ਰਾਵਲਪਿੰਡੀ ਵਿਚ ਜੰਮਿਆ, ਅੰਬਾਲਾ ਤੇ ਕੁਰੂਕਸ਼ੇਤਰ ਵਿਚ ਪੜ੍ਹਿਆ ਅਤੇ ਨਿਊਯਾਰਕ ਤੋਂ ਪੀਐੱਚ.ਡੀ. ਕੀਤੀ। ਉਸ ਨੇ ਪਹਿਲਾਂ ਦਿੱਲੀ, ਹੈਦਰਾਬਾਦ, ਜੈਪੁਰ ਅਤੇ ਰੋਡ ਆਈਲੈਂਡ ਵਿਚ ਅਧਿਆਪਨ ਕੀਤਾ, ਅੰਤ ਓਹਾਇਓ ਯੂਨੀਵਰਸਿਟੀ ਤੋਂ ਅੰਗਰੇਜ਼ੀ ਦਾ ਪ੍ਰੋਫੈਸਰ ਰਿਟਾਇਰ ਹੋਇਆ। ਅੱਜਕਲ੍ਹ ਉਹ ਆਸਟਨ (ਟੈਕਸਸ) ਵਿਚ ਰਹਿੰਦਾ ਹੈ। ਅਮ੍ਰਿਤਜੀਤ ਦੀ ਵਿਲੱਖਣਤਾ ਇਹ ਹੈ ਕਿ ਉਸ ਨੇ ਬਲੈਕ ਅਮਰੀਕਨ ਸਾਹਿਤ ਵਿਚ ਉਦੋਂ ਪੀਐੱਚ.ਡੀ. ਕੀਤੀ ਜਦੋਂ ਇਸ ਪਾਸੇ ਕਿਸੇ ਦੀ ਕੋਈ ਰੁਚੀ ਨਹੀਂ ਸੀ।

1965 ਵਿਚ ਦਿੱਲੀ ਯੂਨੀਵਰਸਿਟੀ ਵਿਚ ਅਧਿਆਪਨ ਤੋਂ ਸ਼ੁਰੂ ਹੋ ਕੇ ਅਮ੍ਰਿਤਜੀਤ ਸਿੰਘ ਨੇ ਜਿਨ੍ਹਾਂ ਮੁਲਕਾਂ ਦੀਆਂ ਯੂਨੀਵਰਸਿਟੀਆਂ ਵਿਚ ਪੜ੍ਹਾਇਆ ਅਤੇ ਲੈਕਚਰ ਦਿੱਤੇ, ਉਨ੍ਹਾਂ ਦੀ ਲੰਮੀ-ਚੌੜੀ ਸੂਚੀ ਵਿਚ ਅਮਰੀਕਾ, ਕੈਨੇਡਾ, ਸ੍ਰੀਲੰਕਾ, ਜਪਾਨ, ਦੱਖਣੀ ਕੋਰੀਆ, ਸਿੰਗਾਪੁਰ, ਨੇਪਾਲ, ਪਾਕਿਸਤਾਨ, ਜਰਮਨੀ, ਫਿਨਲੈਂਡ, ਫਰਾਂਸ, ਸਵਿਟਜ਼ਰਲੈਂਡ, ਆਸਟਰੀਆ, ਘਾਨਾ, ਦੱਖਣੀ ਅਫਰੀਕਾ, ਮਿਸਰ, ਨੀਦਰਲੈਂਡ ਆਦਿ ਸ਼ਾਮਿਲ ਹਨ। ਉਹ ਪੰਜ ਵਾਰ ਫੁੱਲਬਰਾਈਟ ਸਕਾਲਰਸ਼ਿਪ ਸਮੇਤ ਕਈ ਹੋਰ ਸਕਾਲਰਸ਼ਿਪਾਂ ਨਾਲ ਦੁਨੀਆਂ ਦੇ ਵੱਖ-ਵੱਖ ਥਾਈਂ ਅਧਿਐਨ ਕਰ ਚੁੱਕਾ ਹੈ।

**ਆਤਮਜੀਤ ਸਿੰਘ**
**ਫੋਨ: +91-98760-18501**

ਉਹ ਜਿੱਥੇ ਵੀ ਜਾਂਦਾ ਹੈ, ਪੂਰੀ ਗਰਮਜੋਸ਼ੀ ਨਾਲ ਅਧਿਐਨ-ਅਧਿਆਪਨ ਕਰਦਾ ਹੈ। ਚਾਰਲਸ ਜਾਨਸਨ ਵਰਗਾ ਕੌਮੀ ਐਵਾਰਡ ਜੇਤੂ ਕਹਾਣੀ-ਨਾਵਲ ਲੇਖਕ ਉਸ ਨੂੰ ਕੌਮਾਂਤਰੀ ਸਿੱਖ ਸਕਾਲਰ ਕਹਿੰਦਾ ਹੈ। ਕੀ ਅਮਰੀਕਾ ਵੱਸਦੇ ਕਿਸੇ ਵੀ ਹੋਰ ਪੰਜਾਬੀ ਸ਼ਬਦ-ਸਾਧਕ ਨੂੰ ਇਹ ਮਾਣ ਪ੍ਰਾਪਤ ਹੈ? ਸ਼ਾਇਦ ਨਹੀਂ।

ਉਹ ਹੈਮਿੰਗਵੇ ਉੱਤੇ ਖੋਜ ਕਰਨੀ ਚਾਹੁੰਦਾ ਸੀ ਪਰ 1969 ਵਿਚ ਉਸ ਨੇ ਸਿਆਹਫਾਮ ਲੇਖਕ ਰਿਚਰਡ ਰਾਈਟ ਦਾ ਨਾਵਲ 'ਨੇਟਿਵ ਸਨ' ਪੜ੍ਹਿਆ। ਇਹ ਨਾਵਲ ਵੀਹ ਸਾਲਾਂ ਦੇ ਉਸ ਗਰੀਬ ਸਿਆਹਫਾਮ ਸ਼ਖਸ ਦੀ ਕਹਾਣੀ ਹੈ ਜੋ ਸਮਾਜ ਤੋਂ ਟੁੱਟ ਗਿਆ ਸੀ। ਉਸ ਉੱਤੇ ਫੌਜਦਾਰੀ ਦੇ ਕੇਸ ਹਨ ਪਰ ਉਸ ਦਾ ਵਕੀਲ ਸਾਬਤ ਕਰਦਾ ਹੈ ਕਿ ਨਸਲਵਾਦੀ ਸਮਾਜ ਉਸ ਵਰਗੇ ਨੌਜਵਾਨ ਹੀ ਪੈਦਾ ਕਰ ਸਕਦਾ ਹੈ। ਸ਼ਖਸੀ ਬਰਾਬਰੀ, ਆਜ਼ਾਦੀ ਅਤੇ ਸਵੈਮਾਣ ਦੇ ਪਹਿਰੇਦਾਰ ਅਮ੍ਰਿਤਜੀਤ ਤੋਂ ਸਿਆਹਫਾਮ ਲੋਕਾਂ ਦੀ ਇਹ ਹਾਲਤ ਨਾ ਦੇਖੀ ਗਈ। 1940 ਵਿਚ ਪ੍ਰਕਾਸ਼ਿਤ 'ਨੇਟਿਵ ਸਨ' ਦੀਆਂ ਤਿੰਨ ਹਫਤਿਆਂ ਵਿਚ ਕਰੀਬ ਦੋ ਲੱਖ ਕਾਪੀਆਂ ਵਿਕੀਆਂ ਸਨ। ਅਮ੍ਰਿਤਜੀਤ ਦੀ ਚੇਤਨਾ ਵੀ ਅਜਿਹੀ ਵਿਕੀ ਕਿ ਉਸ ਨੇ ਸਿਆਹਫਾਮ ਲੇਖਕਾਂ ਦੀਆਂ ਰਚਨਾਵਾਂ ਨੂੰ ਹੀ ਆਪਣੇ ਅਧਿਐਨ ਦਾ ਮਰਕਜ਼ ਬਣਾ ਲਿਆ। ਨਾਵਲਕਾਰ ਰਾਈਟ ਬਾਰੇ ਬਹੁਤ ਸਾਰੀਆਂ ਕਿਤਾਬਾਂ ਛਪੀਆਂ ਹੋਣ ਕਾਰਨ ਉਸ ਨੇ 'ਹਾਰਲੇਮ ਰੈਨੇਸਾਂ' ਦੇ ਨਾਵਲਕਾਰਾਂ ਉੱਤੇ ਖੋਜ ਕਰਨੀ ਸ਼ੁਰੂ ਕੀਤੀ। ਜਦੋਂ ਵੀਹਵੀਂ ਸਦੀ ਦੇ ਸ਼ੁਰੂ ਵਿਚ ਅਤਿਵਾਦ ਉਭਾਰ ਉੱਤੇ ਸੀ, ਉਦੋਂ ਸਿਆਹਫਾਮ ਲੋਕਾਂ ਨੂੰ ਗਲੀਆਂ ਵਿਚ ਕੋਹਿਆ ਜਾ ਰਿਹਾ ਸੀ। ਉਸ ਸਮੇਂ 'ਜਿੰਮ ਕਰੋ' ਦੇ ਨਸਲੀ ਪੱਖਪਾਤ ਵਾਲੇ ਕਾਨੂੰਨਾਂ ਨੇ ਉਨ੍ਹਾਂ ਨੂੰ ਅਲੱਗ-ਥਲੱਗ ਕਰ ਦਿੱਤਾ ਅਤੇ ਉਹ ਦੱਖਣ ਤੋਂ ਪਰਵਾਸ ਕਰਕੇ ਉੱਤਰ ਵਿਚ ਆਉਣ ਲੱਗ ਪਏ। ਕਈ ਹੋਰ ਸ਼ਹਿਰਾਂ ਵਾਂਗ ਟੁਲਸਾ ਨਾਂ ਦੇ ਸ਼ਹਿਰ ਵਿਚ 1200 ਸਿਆਹਫਾਮ ਲੋਕ ਮਾਰ ਦਿੱਤੇ ਗਏ ਸਨ। ਪਰਵਾਸੀਆਂ ਦਾ ਮੁੱਢਲਾ ਟਿਕਾਣਾ ਨਿਊਯਾਰਕ ਵਿਚਲਾ ਇਲਾਕਾ ਹਾਰਲੇਮ ਸੀ। ਇਸ ਸਾਰੀ ਉੱਥਲ-ਪੁੱਥਲ ਅਤੇ ਨਤੀਜੇ ਵਜੋਂ ਉੱਭਰੀ ਜਾਗ੍ਰਤੀ ਨੂੰ ਜਿਸ ਤਰ੍ਹਾਂ ਸਾਹਿਤ ਅਤੇ ਦੂਜੀਆਂ ਕਲਾਵਾਂ ਵਿਚ ਪੇਸ਼ ਕੀਤਾ ਗਿਆ, ਉਸ ਨੂੰ 'ਹਾਰਲੇਮ ਰੈਨੇਸਾਂ' (1914-1937) ਕਿਹਾ ਜਾਂਦਾ ਹੈ। ਡਾਕਟਰ ਅਮ੍ਰਿਤਜੀਤ ਨੇ 1976 ਵਿਚ ਇਸੇ ਖੋਜ ਨੂੰ ਪੁਸਤਕ 'ਦਿ ਨੌਵਲਜ਼ ਆਫ ਦਿ ਹਾਰਲੇਮ ਰੈਨੇਸਾਂ' ਦੇ ਨਾਂ ਹੇਠ ਪ੍ਰਕਾਸ਼ਿਤ ਕੀਤਾ ਜਿਸ ਵਿਚ ਇਸ ਲਹਿਰ ਨਾਲ ਜੁੜੇ 12 ਲੇਖਕਾਂ ਦੇ 21 ਨਾਵਲਾਂ ਦੀ ਚਰਚਾ ਹੈ। ਉਸ ਦਾ ਮਤ ਹੈ ਕਿ ਸੱਠਵਿਆਂ ਵਿਚ ਅਰੂਜ਼ 'ਤੇ ਆਈ 'ਬਲੈਕ ਆਰਟਸ ਮੂਵਮੈਂਟ' 'ਹਾਰਲੇਮ ਰੈਨੇਸਾਂ' ਦੀਆਂ ਲਿਖਤਾਂ ਨਾਲੋਂ ਕਿਤੇ ਜ਼ਿਆਦਾ ਤਿੱਖੀ ਅਤੇ ਸਭਿਆਚਾਰਕ ਤੌਰ 'ਤੇ ਵੱਖਵਾਦੀ ਅਤੇ ਅਤਿਵਾਦੀ ਸੀ। ਲੈਰੀ ਨੀਲ ਦਾ ਮਤ ਹੈ ਕਿ 'ਬਲੈਕ ਆਰਟਸ ਮੂਵਮੈਂਟ' ਦਾ ਲੁਕਿਆ ਉਦੇਸ਼ ਗੋਰਿਆਂ ਦੇ ਵਿਚਾਰਾਂ ਅਤੇ ਜੀਵਨ ਦੇ ਵਿਹਾਰਾਂ ਨੂੰ ਪੂਰੀ ਤਰ੍ਹਾਂ ਭੰਨਣਾ ਅਤੇ ਆਪਣੇ ਆਪ ਨੂੰ ਤੀਸਰੇ ਸੰਸਾਰ ਦੇ ਲੋਕਾਂ ਨਾਲ ਜੋੜਨਾ ਸੀ। ਇਸੇ ਲਈ ਸਿਆਹਫਾਮ ਲੇਖਕਾਂ ਨੇ ਲੋਕ-ਸਾਹਿਤ ਦੇ ਸ੍ਰੋਤਾਂ ਨੂੰ ਅਪਨਾਉਣਾ ਸ਼ੁਰੂ ਕੀਤਾ ਪਰ ਅਮ੍ਰਿਤਜੀਤ ਅਨੁਸਾਰ, 'ਹਾਰਲੇਮ ਰੈਨੇਸਾਂ' ਦੇ ਲੇਖਕ ਭਾਵੇਂ ਆਪਣੀ ਗੱਲ ਨੂੰ ਯੂਰਪੀ ਲਹਿਜੇ ਵਿਚ ਹੀ ਕਰ ਰਹੇ ਸਨ ਪਰ ਉਨ੍ਹਾਂ ਦੀ ਵੀ ਮਹੱਤਵਪੂਰਨ ਦੇਣ ਹੈ। ਉਸ ਨੇ ਇਸ ਲਹਿਰ ਦੇ ਲੇਖਕਾਂ ਬਾਰੇ ਫੈਲੀਆਂ ਕੁਝ ਭ੍ਰਾਂਤੀਆਂ ਖਤਮ ਕੀਤੀਆਂ ਅਤੇ ਉਨ੍ਹਾਂ ਦੀ ਸਹੀ ਭੂਮਿਕਾ ਨੂੰ ਅੱਗੇ ਲਿਆਂਦਾ। ਇਨ੍ਹਾਂ ਵਿਚ ਲੈਂਗਸਟਨ ਹਿਊਜ਼, ਰੁਡੌਲਫ ਫਿਸ਼ਰ, ਵੈਲੇਸ ਥਰਮੈਨ, ਜ਼ੋਰਾ ਨੀਲ ਹਰਸਟਨ ਆਦਿ ਸ਼ਾਮਿਲ ਹਨ। ਥਰਮੈਨ ਦੇ ਕੰਮ ਨੂੰ ਤਾਂ ਚੱਜ ਨਾਲ ਸਾਹਮਣੇ ਲਿਆਉਣ ਦਾ ਸਿਹਰਾ ਵੀ ਪ੍ਰੋਫੈਸਰ ਡੇਨੀਅਲ ਸਕਾਟ ਅਤੇ ਅਮ੍ਰਿਤਜੀਤ ਦੇ ਸਿਰ ਬੱਝਦਾ ਹੈ ਜਿਨ੍ਹਾਂ ਨੇ 2003 ਵਿਚ 'ਕੁਲੈਕਟਡ ਰਾਈਟਿੰਗਜ਼ ਆਫ ਵੈਲੇਸ ਥਰਮੈਨ' ਨਾਂ ਦੀ ਪੁਸਤਕ ਪ੍ਰਕਾਸ਼ਿਤ ਕੀਤੀ। ਉਸ ਨੂੰ ਖੁਸ਼ੀ ਹੈ ਕਿ ਇਸ ਕਿਤਾਬ ਨੇ ਥਰਮੈਨ ਨੂੰ ਸਾਹਿਤ ਸੰਸਾਰ ਵਿਚ ਦੁਬਾਰਾ ਖੜ੍ਹਾ ਕਰ ਦਿੱਤਾ।



ਪ੍ਰਸਿੱਧ ਲੇਖਕ ਚਾਰਲਸ ਜਾਹਨਸਨ ਨਾਲ ਅਮ੍ਰਿਤਜੀਤ ਸਿੰਘ।

ਕੀ ਲੰਮੇ ਸੰਘਰਸ਼ ਅਤੇ ਬਹੁਤ ਸਾਰੇ ਕਾਨੂੰਨਾਂ ਦੇ ਪਾਸ ਹੋ ਜਾਣ ਪਿੱਛੋਂ ਸਿਆਹਫਾਮ ਲੋਕਾਂ ਦੀ ਸਥਿਤੀ ਵਿਚ ਬਹੁਤ ਜ਼ਿਆਦਾ ਸਿਫਤੀ ਤਬਦੀਲੀ ਆਈ? ਇਸ ਸਵਾਲ ਦਾ ਹਰ ਵਿਦਵਾਨ ਪਾਸ ਵੱਖਰੇ ਸੁਰ ਵਾਲਾ ਜਵਾਬ ਹੈ ਪਰ ਅਮ੍ਰਿਤਜੀਤ ਅਨੁਸਾਰ ਭਾਵੇਂ ਬਰਾਕ ਓਬਾਮਾ ਦਾ ਦੋ ਵਾਰ ਰਾਸ਼ਟਰਪਤੀ ਬਣਨਾ ਸ਼ੁਭ ਸ਼ਗਨ ਸੀ ਪਰ ਇਹ ਸੋਚਣਾ ਗਲਤ ਹੋਵੇਗਾ ਕਿ ਹੁਣ ਅਮਰੀਕਾ ਦਾ ਨਸਲਵਾਦ ਖਤਮ ਹੋ ਚੁੱਕਾ ਹੈ। ਅਮ੍ਰਿਤਜੀਤ ਆਪਣੀਆਂ ਲਿਖਤਾਂ ਅਤੇ ਗੱਲਬਾਤ ਵਿਚ ਹਿੰਦੁਸਤਾਨ ਨੂੰ ਹਮੇਸ਼ਾ ਯਾਦ ਰੱਖਦਾ ਹੈ। ਉਹ ਹੱਸ ਕੇ ਦੱਸਦਾ ਹੈ- "ਕੁਝ ਲੋਕ ਵਡੇਰੀ ਉਮਰ ਵਿਚ ਰੱਬ ਨੂੰ ਯਾਦ ਕਰਨ ਲੱਗਦੇ ਹਨ, ਮੈਂ ਇੰਡੀਆ ਨੂੰ ਯਾਦ ਕਰ ਰਿਹਾ ਹਾਂ।" ਇਸੇ ਲਈ ਉਹ ਇਹ ਵੀ ਆਖਦਾ ਹੈ- "ਸਿਆਹਫਾਮ ਲੋਕਾਂ ਦੇ ਸਬੰਧ ਵਿਚ ਭਾਵੇਂ ਕਈ ਮੁਹਾਜ਼ਾਂ 'ਤੇ ਬਹੁਤ ਤਰੱਕੀ ਹੋਈ ਹੈ ਪਰ ਹੋਰ ਅੱਗੇ ਵਧਣਾ ਮੁਸ਼ਕਿਲ ਹੈ ਕਿਉਂਕਿ ਕਈ ਲੋਕਾਂ ਨੂੰ ਗੋਰਿਆਂ ਦੇ ਹੱਕਾਂ ਦੀ ਵੱਧ ਚਿੰਤਾ ਹੈ। ਕੁਝ ਗੋਰਿਆਂ ਦਾ ਵਿਸ਼ਵਾਸ ਹੈ ਕਿ ਸਿਆਹਫਾਮ ਲੋਕਾਂ ਨੂੰ ਪਹਿਲਾਂ ਹੀ ਬਹੁਤ ਜ਼ਿਆਦਾ ਮਿਲ ਚੁੱਕਾ ਹੈ। ਕੀ ਇਹ ਹਾਲਤ ਭਾਰਤ ਦੇ ਬਹੁ-ਗਿਣਤੀ ਹਿੰਦੂ ਰਾਸ਼ਟਰਵਾਦੀਆਂ ਵਾਲੀ ਨਹੀਂ ਜਿਨ੍ਹਾਂ ਅਨੁਸਾਰ ਮੁਸਲਮਾਨਾਂ (ਤੇ ਸ਼ਾਇਦ ਦਲਿਤਾਂ) ਨੂੰ ਵੀ ਪਹਿਲਾਂ ਹੀ ਬਹੁਤ ਰਿਆਇਤਾਂ ਪ੍ਰਾਪਤ ਹਨ?" ਭਾਰਤ ਦੀ ਮਜ਼ਹਬੀ ਅਤੇ ਜਾਤੀਗਤ ਨਫਰਤ ਨੂੰ ਉਹ ਅਮਰੀਕੀ ਨਸਲੀ ਨਫਰਤ ਵਾਂਗ ਹੀ ਦੇਖਦਾ ਹੈ। ਪੀਟਰ ਸ਼ਮਿਟ ਨਾਲ ਮਿਲ ਕੇ ਉਸ ਦੀ ਸੰਪਾਦਿਤ ਕਿਤਾਬ 'ਪੋਸਟ ਕੋਲੋਨੀਅਲ ਥਿਊਰੀ ਐਂਡ ਯੂਨਾਈਟਡ ਸਟੇਟਸ: ਰੇਸ, ਐਥਨੀਸਿਟੀ ਐਂਡ ਲਿਟਰੇਚਰ' (2000) ਬਾਰੇ ਪ੍ਰੋਫੈਸਰ ਮਾਲਾ ਸ੍ਰੀ ਲਾਲ ਨੇ ਲਿਖਿਆ ਹੈ ਕਿ ਇਨਸਾਨੀ ਪਛਾਣ ਦੀ ਸਿਰਜਣਾ ਦੇ ਮਸਲੇ 'ਤੇ ਹੁੰਦੀ ਬਹਿਸ ਵਿਚ ਇਹ ਪੁਸਤਕ ਨਵਾਂ ਰਾਹ ਦਿਖਾਉਂਦੀ ਹੈ। ਭਾਰਤ ਦੀ ਵੰਡ ਦੀਆਂ ਕਹਾਣੀਆਂ ਸਬੰਧੀ ਉਸ ਦੁਆਰਾ ਸਹਿ-ਸੰਪਾਦਿਤ ਕਿਤਾਬ 'ਰੀਵਿਜ਼ਿਟਿੰਗ ਇੰਡੀਆਜ਼ ਪਾਰਟੀਸ਼ਨ' ਨੂੰ ਵੀ ਇਸੇ ਲੜੀ ਵਿਚ ਦੇਖਿਆ ਜਾ ਸਕਦਾ ਹੈ।

ਪੰਜਾਬ ਦੇ ਜਾਏ ਕਿਸੇ ਅਧਿਆਪਕ ਵਾਸਤੇ ਇਸ ਤੋਂ ਵੱਡੀ ਪ੍ਰਾਪਤੀ ਕੀ ਹੋ ਸਕਦੀ ਹੈ ਕਿ ਉਸ ਦੇ ਸਨਮਾਨ ਵਿਚ ਅਮਰੀਕਾ ਵਿਚ ਕਿਸੇ ਵਕਾਰੀ ਪੁਸਤਕ ਦਾ ਪ੍ਰਕਾਸ਼ਨ ਕੀਤਾ ਜਾਵੇ। 'ਕਰਾਸਿੰਗ ਬਾਰਡਰਜ਼: ਐਸੇਜ਼ ਆਨ ਲਿਟਰੇਚਰ, ਕਲਚਰ ਐਂਡ ਸੁਸਾਇਟੀ ਇਨ ਆਨਰ ਆਫ ਅਮ੍ਰਿਤਜੀਤ ਸਿੰਘ' ਨਾਂ ਦੀ ਵੱਡ-ਅਕਾਰੀ ਰਚਨਾ ਦਾ ਸੰਪਾਦਨ ਤਪਨ ਬਾਸੂ ਅਤੇ ਤਸਨੀਮ ਸ਼ਾਹਨਾਜ਼ ਨੇ ਕੀਤਾ ਜਿਸ ਦਾ ਪ੍ਰਕਾਸ਼ਨ ਫੇਅਰਲੇ ਡਿਕਨਸਨ ਯੂਨੀਵਰਸਟੀ ਪ੍ਰੈੱਸ ਵੱਲੋਂ 2017 ਵਿਚ ਹੋਇਆ। ਵੱਖ ਵੱਖ ਪਿਛੋਕੜਾਂ ਨਾਲ ਜੁੜੇ ਅਨੇਕਾਂ ਵਿਦਵਾਨਾਂ ਦੇ ਲੇਖਾਂ ਤੋਂ ਇਲਾਵਾ ਇਸ ਵਿਚ ਲਗਭਗ ਤਿੰਨ ਦਰਜਨ ਵਿਦਵਾਨਾਂ ਦੀਆਂ ਅਮ੍ਰਿਤਜੀਤ ਦੇ ਕੰਮ ਅਤੇ ਸ਼ਖਸੀਅਤ ਬਾਰੇ ਬੜੀਆਂ ਬੇਬਾਕ ਰਾਵਾਂ ਹਨ। ਇਨ੍ਹਾਂ ਰਾਵਾਂ ਦੇ ਆਧਾਰ 'ਤੇ ਆਸਾਨੀ ਨਾਲ ਕਿਹਾ ਜਾ ਸਕਦਾ ਹੈ ਕਿ ਉਹ ਬਹੁਤ ਦਲੇਰ ਇਨਸਾਨ ਹੈ ਅਤੇ ਸੱਚ ਬੋਲਣ ਤੋਂ ਕਦੇ ਉੱਕਦਾ ਨਹੀਂ। ਉਹ ਗੁਰੂ ਨਾਨਕ ਦਾ ਸੱਚਾ ਸਿੱਖ ਹੈ ਅਤੇ ਕਬੀਰ, ਬੁੱਧ, ਗਾਂਧੀ, ਨਹਿਰੂ, ਅੰਬੇਦਕਰ ਤੇ ਟੈਗੋਰ ਤੋਂ ਪ੍ਰੇਰਨਾ ਲੈਂਦਾ ਹੈ। ਵ੍ਹਾਈਟ ਹਾਊਸ ਵਿਚ ਬਾਬਾ ਨਾਨਕ ਉੱਤੇ ਬੋਲਣ ਲਈ ਉਸ ਨੂੰ ਦਸੰਬਰ 2015 ਵਿਚ ਸੱਦਿਆ ਗਿਆ ਸੀ। ਲਿੰਕਨ, ਲਿੰਡਨ ਜਾਨਸਨ, ਡੂਬੋਇਸ, ਰੋਜ਼ਾ ਪਾਰਕਸ ਅਤੇ ਮਾਰਟਿਨ ਲੂਥਰ ਕਿੰਗ ਵਰਗੇ ਸੱਚੇ ਅਤੇ ਕਦਰਾਂ-ਕੀਮਤਾਂ ਵਾਲੇ ਲੋਕ ਉਸ ਦੇ ਅਮਰੀਕੀ ਹੀਰੋ ਹਨ। ਉਹ ਕਿਸੇ ਦੀ ਗਲਤ ਗੱਲ ਨੂੰ ਹਰਗਿਜ਼ ਬਰਦਾਸ਼ਤ ਨਹੀਂ ਕਰਦਾ। ਇਸੇ ਲਈ ਲੋਕ ਨਾ ਸਿਰਫ ਉਸ ਨੂੰ ਰੱਜ ਕੇ ਪਿਆਰ ਕਰਦੇ ਹਨ। ਉਸ ਨੇ ਆਪਣੇ ਅਕਾਦਮਿਕ ਜੀਵਨ ਵਿਚ ਕਈ ਵਿਚਾਰ-ਮੰਡਲੀਆਂ ਪੈਦਾ ਕੀਤੀਆਂ ਹਨ। ਇਸੇ ਲਈ ਉਸ ਦੇ ਦੋਸਤਾਂ, ਸਹਿਕਰਮੀਆਂ ਅਤੇ ਵਿਦਿਆਰਥੀਆਂ ਦਾ ਬਹੁਤ ਵਿਸ਼ਾਲ ਘੇਰਾ ਹੈ। ਉਹ ਸ਼ੌਨਾ ਸਿੰਘ ਬਾਲਡਵਿਨ ਵਰਗੀ ਕੈਨੇਡੀਅਨ ਪੰਜਾਬੀ ਲੇਖਕ ਦਾ ਪ੍ਰੇਰਨਾ ਸ੍ਰੋਤ ਬਣਿਆ। ਅਨੇਕਾਂ ਵਿਦਵਾਨਾਂ ਨੇ ਉਸਦੀ ਪੈੜ ਨੱਪ ਕੇ ਅਮਰੀਕੀ-ਅਫਰੀਕੀ ਸਾਹਿਤ ਨੂੰ ਆਪਣੀ ਖੋਜ ਦਾ ਕੇਂਦਰ ਬਣਾਇਆ।

ਅਮ੍ਰਿਤਜੀਤ ਨੇ ਪੁਰਾਣੀ ਤੋਂ ਪੁਰਾਣੀ ਦੋਸਤੀ ਨੂੰ ਸੰਭਾਲਿਆ ਹੈ ਅਤੇ ਨਵੀਆਂ ਵਾਸਤੇ ਬਾਹਾਂ ਨੂੰ ਹਮੇਸ਼ਾ ਖੁੱਲ੍ਹਾ ਰੱਖਿਆ ਹੈ। ਇਸੇ ਲਈ ਅਕਾਦਮਿਕ ਖੇਤਰ ਵਿਚ ਮੈਂ ਉਸ ਤੋਂ ਵੱਡੇ ਘੇਰੇ ਵਾਲੇ ਕਿਸੇ ਵੀ ਹੋਰ ਬੰਦੇ ਨੂੰ ਨਹੀਂ ਜਾਣਦਾ। ਉਹ ਅੰਗਰੇਜ਼ੀ ਦਾ ਵਿਦਵਾਨ ਹੈ ਪਰ ਪੰਜਾਬੀ ਨੂੰ ਉਸ ਨੇ ਭੁਲਾਇਆ ਨਹੀਂ। ਸ਼ਾਇਦ ਇਸ ਲਈ ਕਿ ਉਹ 'ਕੇਸਰੀ ਪੰਜਾਬੀ ਗਰਾਮਰ' ਲਿਖਣ ਵਾਲੇ ਪ੍ਰੋਫੈਸਰ ਕੇਸਰ ਸਿੰਘ ਉਬਰਾਇ ਦਾ ਸਪੂਤ ਹੈ। ਉਸ ਦੀ ਇਨਸਾਨੀਅਤ ਅਤੇ ਧਰਮ ਤੋਂ ਉਤਾਂਹ ਉਠ ਕੇ ਸੋਚਣ ਦੀ ਤਾਕਤ ਪਿੱਛੇ ਵੀ ਸ਼ਾਇਦ ਉਸ ਦਾ ਪਿਤਾ ਹੈ ਜਿਸ ਨੇ ਵਿਨੋਭਾ ਭਾਵੇ ਦੀ ਰਚਨਾ 'ਗੀਤਾ ਪ੍ਰਵਚਨ' ਦਾ ਬਹੁਤ ਉਮਾਹ ਨਾਲ ਪੰਜਾਬੀ ਅਨੁਵਾਦ ਕੀਤਾ ਸੀ। ਬਹੁਤ ਖੂਬਸੂਰਤ ਪੰਜਾਬੀ ਬੋਲਣ ਤੋਂ ਇਲਾਵਾ ਅਮ੍ਰਿਤਜੀਤ ਨੇ ਗੁਰਚਰਨ ਰਾਮਪੁਰੀ ਦੀਆਂ ਕਵਿਤਾਵਾਂ ਦਾ ਅੰਗਰੇਜ਼ੀ ਵਿਚ ਤਰਜਮਾ ਵੀ ਛਪਵਾਇਆ ਹੈ। ਉਸ ਦੀਆਂ ਆਪਣੀਆਂ ਲਿਖੀਆਂ ਅਤੇ ਅਨੁਵਾਦੀਆਂ ਨਜ਼ਮਾਂ ਵੱਡੇ ਅਮਰੀਕਨ ਅਤੇ ਭਾਰਤੀ ਰਸਾਲਿਆਂ ਵਿਚ ਛਪੀਆਂ ਹਨ। ਪੰਜਾਬੀ ਸੁਭਾਅ ਵਾਂਗ ਉਹ ਕਿਸੇ ਦੀ ਮਦਦ ਕਰਨ ਤੋਂ ਵੀ ਗੁਰੇਜ਼ ਨਹੀਂ ਕਰਦਾ। ਸਾਡਾ ਇਹ ਲੋਕਲ ਬੰਦਾ ਸਹੀ ਅਤੇ ਸਾਰਥਕ ਰੂਪ ਵਿਚ ਗਲੋਬਲ ਬਣਿਆ ਹੈ ਜਿਸ ਉੱਤੇ ਪੰਜਾਬ ਦੀ ਮਿੱਟੀ ਨੂੰ ਮਾਣ ਹੈ।

## ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਦੋ ਤੋਂ ਚਾਰ ਸਤਰਾਂ 'ਚ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 27 ਅਗਸਤ 2022 ਹੈ। -ਸੰਪਾਦਕ*

### ਕੈਪਸ਼ਨ ਮੁਕਾਬਲਾ-548



**ਨੰਗ ਧੜੰਗਾ ਬਚਪਨ ਖੇਡੇ, ਚਾਹੇ ਹਾੜ੍ਹ ਹੋਵੇ ਜਾਂ ਸਾਉਣ,**
**ਲੇਖਾਂ ਵਿਚ ਲਿਖੀ ਗਰੀਬੀ, ਵਗੇ ਲੂਅ ਚਾਹੇ ਠੰਢੀ ਪੌਣ**
**ਮੁੱਦਤਾਂ ਤੋਂ ਚੱਲਦਾ ਆਉਂਦਾ, ਅਮੀਰ ਰੱਖਦਾ ਗੋਡਾ ਧੌਣ,**
**ਅਸੀਂ ਹਾਂ ਮਹਿਲ ਉਸਾਰਦੇ, ਆਖਰ ਮੌਜਾਂ ਲੁੱਟਦਾ ਕੌਣ ?**

### ਕੈਪਸ਼ਨ ਮੁਕਾਬਲਾ-546



ਸੌਣ ਮਹੀਨਾ, ਦਿਨ ਤੀਆਂ ਦੇ,
ਵੀਰ ਸੰਧਾਰੇ ਲੈ ਕੇ ਜਾਂਦੇ।
ਮਾਵਾਂ ਪੀਪੇ ਭਰ ਭਰ ਭੇਜਣ,
ਗੱਠੜੀਆਂ ਬੰਨ੍ਹ ਕੇ ਗਿਫਟ ਲਿਜਾਂਦੇ।
ਭੈਣਾਂ ਦੀ ਨਿਗਾਹ ਬੂਹੇ 'ਤੇ ਰਹਿੰਦੀ,
ਮਾਂ-ਜਾਏ ਕਦ ਮਿਲਣੇ ਆਉਂਦੇ।
***-ਗੁਰਦੇਵ ਸਿੰਘ ਢਪਾਲੀ***
***ਗੁਰੂ ਤੇਗ ਬਹਾਦਰ ਨਗਰ, ਬਠਿੰਡਾ।***
***ਫੋਨ: 94176-49275***

---

ਪੂਰੀ ਤਿਆਰੀ ਕਰਦੀ ਬੇਬੇ
ਸੰਧਾਰੇ ਦੀ ਰੁੱਤ ਜਦੋਂ ਵੀ ਆਵੇ।
ਦੁੱਧ, ਖੰਡ, ਘਿਓ ਪਾ ਝੋਲ਼ੇ ਵਿਚ
ਛਾਣ ਕੇ ਆਟਾ ਪੀਪੇ ਪਾਵੇ।
ਚਾਵਾਂ ਦੇ ਨਾਲ ਸਿਰ 'ਤੇ ਚੁੱਕ ਕੇ
ਘਰ ਦੇ ਬਿਸਕੁਟ ਕਢਾ ਲਿਆਵੇ।
ਓਧਰ ਭੈਣਾਂ ਕਰਨ ਉਡੀਕਾਂ
ਕਦ ਵੀਰੇ ਦਾ ਸਾਈਕਲ ਆਵੇ।
***-ਜਗਮੀਤ ਸਿੰਘ ਪੰਧੇਰ***
***ਫੋਨ: 204 296 3177***

---

ਦਿਨ ਤਿਓਹਾਰ 'ਤੇ ਦੇਣਾ ਸੰਧਾਰਾ,
ਹੈ ਵਿਰਸੇ ਦੀ ਰੀਤ ਪੁਰਾਣੀ,
ਧੀ ਨੂੰ ਸੂਟ ਜਵਾਈ ਲਈ ਪਗੜੀ,
ਬਿਸਕੁਟ ਤੇ ਨਿਕ-ਸੁਕ ਜਾਣੀ
ਬਹਾਨੇ ਨਾਲ਼ ਸੁੱਖ-ਸਾਂਦ ਜਾ ਲੈਣੀ,
ਵੀਰਾਂ ਜਾ ਫਰਜ਼ ਨਿਭਾਉਣਾ,
ਚਾਰ ਦਿਨ 'ਕੱਠੇ ਨਣਦ ਭਰਜਾਈ,
ਤੀਆਂ ਦੇ ਦਿਨ ਬਿਤਾਉਣਾ।
***-ਸੇਵਾ ਸਿੰਘ ਨੂਰਪੁਰੀ***

---

ਤੀਆਂ ਤੀਜ ਦੀਆਂ ਸ਼ੁਰੂਆਤ ਹੁੰਦੀ
ਬੇਬੇ ਪੈਦਲ ਚੱਲੀ
ਬਿਸਕੁਟ ਬਣਵਾ ਕੇ ਲੈ ਆਈ।
ਚੀਨੀ ਆਟਾ ਘਿਓ ਦੇ ਪੈਕੇਟ ਝੋਲੇ ਪਾ
ਪਿੰਡ ਵਿਚੋਂ ਹੀ ਆਵੇ ਤੋਂ
ਤਿਆਰ ਕਰਵਾ ਲੈ ਆਈ।
ਕੁੜੀ ਕੋਲ ਤਾਂ ਸੰਧਾਰਾ ਲੈ ਕੇ
ਆਪੇ ਭਰਾ ਪਹੁੰਚ
ਫੋਨ 'ਤੇ ਫੋਨ ਖੜਕਾਏ ਕੁੜੀ
ਕਾਹਲੀ ਪੇਕੇ ਆਉਣ ਦੀ
ਸਹੇਲੀਆਂ ਨੂੰ ਮਿਲਣ ਦੀ ਤਾਂਘ
ਨਾਲੇ ਗਿੱਧੇ ਵਿਚ ਪਾਉਣਾ ਭੜਥੂ
ਤੇ ਪੀਂਘ ਚੜ੍ਹਾਉਣ ਦੀ।
***-ਅਮਰਜੀਤ ਸਿੰਘ ਤੂਰ***
***ਕੁਲਬੁਰਛਾਂ (ਪਟਿਆਲਾ)***
***ਫੋਨ: 98784-69639***

---

ਸੌਣ ਮਹੀਨਾ ਤਿਉਹਾਰ ਤੀਆਂ ਦਾ
ਧੀ ਆ ਨਾ ਸਕੇ ਜੇ
ਵੀਰ ਨੇ ਜਾਣਾ ਜ਼ਰੂਰ
ਚਾਵਾਂ ਸਧਰਾਂ ਨਾਲ ਭਰਿਆ
ਵੀਰ ਜਾਂਦਾ ਲੈ ਸੰਧਾਰਾ।
ਫਰ ਬੇਬੇ ਕਾਹਲੀ ਜ਼ਿਆਦਾ
ਲੈ ਸੁੱਕਾ ਸੌਦਾ ਭਰ ਪੀਪਾ
ਚੱਲ ਪਈ ਧੀ ਨੂੰ ਦੇਣ
ਧੀ ਫੁੱਲੀ ਨਾ ਸਮਾਵੇ
ਨੱਕ ਨਹੀਂ ਰਹਿੰਦਾ ਨਹੀਂ ਤਾਂ
ਗੁਆਂਢੀ ਤਾਅਨੇ ਮਾਰਦੇ
ਰਸਮਾਂ ਗਰੀਬ ਲਈ ਭਾਰ ਹੁੰਦੀਆਂ
ਕੁੜੇ ਬੰਤੋ
ਤੇਰਾ ਭਰਾ ਕੀ ਲਿਆਇਆ ਤੀਆਂ ਦਾ
ਆ ਗਿਆ ਜੋ ਆਉਣਾ ਸੀ ਚਾਚੀ
ਮਾਯੂਸੀ ਨਜ਼ਰ ਆਉਂਦੀ।
***-ਦਰਸ਼ਨ ਪਾਲ ਦੋਸਾਂਝ।***

# ਭਾਰਤ ਦਾ ਆਰਥਿਕ ਵਿਕਾਸ ਅਤੇ ਅੜਿੱਕੇ

ਭਾਰਤ ਅੱਜ ਤੋਂ 75 ਸਾਲ ਪਹਿਲਾਂ ਜਦੋਂ 1947 ਵਿਚ ਆਜ਼ਾਦ ਹੋਇਆ ਤਾਂ ਇਸ ਦੀ ਕੁੱਲ ਘਰੇਲੂ ਪੈਦਾਵਾਰ (ਜੀ.ਡੀ.ਪੀ.) 2.70 ਲੱਖ ਕਰੋੜ ਰੁਪਏ ਸੀ ਅਤੇ ਆਬਾਦੀ 34 ਕਰੋੜ ਸੀ। ਹੁਣ 2022 ਵਿਚ ਇਸ ਦੀ ਜੀ.ਡੀ.ਪੀ. 236.65 ਲੱਖ ਕਰੋੜ ਰੁਪਏ ਅਤੇ ਆਬਾਦੀ 1.30 ਅਰਬ ਤੋਂ ਟੱਪ ਚੁੱਕੀ ਹੈ। ਇੱਕ ਪਾਸੇ ਜਿੱਥੇ ਭਾਰਤ ਦੀ ਜੀ.ਡੀ.ਪੀ. 88 ਗੁਣਾ ਵਧ ਚੁੱਕੀ ਹੈ, ਉੱਥੇ ਆਬਾਦੀ ਮਹਿਜ਼ ਚੌਗੁਣੀ ਹੀ ਵਧੀ ਹੈ। ਇਸ ਲਈ ਜ਼ਾਹਿਰਾ ਤੌਰ 'ਤੇ ਭਾਰਤੀ ਕੁੱਲ ਮਿਲਾ ਕੇ ਬਿਹਤਰ ਹਾਲਤ ਵਿਚ ਹਨ, ਭਾਵੇਂ ਮਹਿੰਗਾਈ ਦਰ ਕਾਫੀ ਵਧੀ ਹੈ। ਉਂਝ, ਮੁੱਦਾ ਤਾਂ ਇਹ ਹੈ ਕਿ ਇਸ ਆਮਦਨ ਦੀ ਵੰਡ ਕਿਵੇਂ ਹੋ ਰਹੀ ਹੈ? ਜੇ ਇਹ ਵੰਡ ਕਾਣੀ ਹੈ ਤਾਂ ਇਹ ਮਾਮਲਾ

**ਸੁਬੀਰ ਰਾਏ**

ਵੱਡੀ ਗਿਣਤੀ ਭਾਰਤੀਆਂ ਦੀ ਭਲਾਈ ਪੱਖੋਂ ਹਾਂ-ਪੱਖੀ ਸੁਨੇਹਾ ਨਹੀਂ ਦਿੰਦਾ।

ਸਾਲ 2021 ਦੇ ਅੰਕੜੇ ਦਰਸਾਉਂਦੇ ਹਨ ਕਿ ਭਾਰਤ ਦੇ ਚੋਟੀ ਦੇ ਮਹਿਜ਼ 10 ਫੀਸਦੀ ਲੋਕਾਂ ਨੂੰ ਕੌਮੀ ਆਮਦਨ ਦਾ 57 ਫੀਸਦੀ ਹਿੱਸਾ ਮਿਲਦਾ ਹੈ, ਜਦੋਂਕਿ ਕੁੱਲ ਭਾਰਤੀਆਂ ਵਿਚੋਂ ਅੱਧਿਆਂ, ਭਾਵ ਦੇਸ਼ ਦੀ ਹੇਠਲੀ 50 ਫੀਸਦੀ ਆਬਾਦੀ ਦੇ ਪੱਲੇ ਕੌਮੀ ਆਮਦਨ ਦਾ ਮਹਿਜ਼ 13 ਫੀਸਦੀ ਹਿੱਸਾ ਹੀ ਮਿਲਦਾ ਹੈ। ਇਸ ਲਈ ਜੇ 75 ਸਾਲ ਪਿਛਾਂਹ ਝਾਤ ਮਾਰੀਏ ਤਾਂ ਭਾਰਤ ਨੇ ਕਾਫੀ ਲੰਮਾ ਪੈਂਡਾ ਤੈਅ ਕਰ ਲਿਆ ਹੈ, ਆਰਥਿਕ ਵਿਕਾਸ ਚੋਖਾ ਹੋਇਆ ਹੈ ਪਰ ਇਸ ਮਾਮਲੇ ਵਿਚ ਅਜੇ ਵੀ ਬਹੁਤ ਲੰਮਾ ਪੈਂਡਾ ਤੈਅ ਕਰਨਾ ਪਵੇਗਾ, ਜਦੋਂ ਅਸੀਂ ਕਹਿ ਸਕਾਂਗੇ ਕਿ ਸਾਰੇ ਭਾਰਤੀ ਇੰਨੇ ਕੁ ਪੱਧਰ ਤੱਕ ਕਮਾਈ ਕਰ ਲੈਂਦੇ ਹਨ ਕਿ ਉਹ ਆਪਣੀ ਜ਼ਿੰਦਗੀ ਮਾਣ-ਸਨਮਾਨ ਨਾਲ ਜੀਅ ਸਕਣ।

ਆਰਥਿਕ ਨੀਤੀ ਦੇ ਮਾਮਲੇ ਵਿਚ 1947 ਤੋਂ ਦੋ ਪ੍ਰਮੁੱਖ ਰੁਕਾਵਟਾਂ ਸਾਹਮਣੇ ਆਉਂਦੀਆਂ ਹਨ। ਪਹਿਲੀ 1960ਵਿਆਂ ਤੱਕ ਸੀ ਜਦੋਂ ਭਾਰਤ ਨੂੰ ਅੰਨ ਦੀ ਕਮੀ ਦਾ ਸਾਹਮਣਾ ਕਰਨਾ ਪੈ ਰਿਹਾ ਸੀ; ਜਦੋਂ ਖਰਾਬ ਮੌਨਸੂਨ ਕਾਰਨ ਸੋਕੇ ਜਾਂ ਭਾਰੀ ਮੀਹਾਂ ਕਾਰਨ ਆਉਣ ਕਾਰਨ ਅਨਾਜ ਦੀ ਪੈਦਾਵਾਰ 'ਤੇ ਮਾੜਾ ਅਸਰ ਪੈਂਦਾ ਸੀ। ਭਾਰਤ ਵਿਚ ਸਾਰਿਆਂ ਲਈ ਲੋੜੀਂਦੇ ਅਨਾਜ ਦੀ ਉਪਲੱਬਧਤਾ 1970ਵਿਆਂ ਤੋਂ ਹੀ ਸੰਭਵ ਹੋ ਸਕੀ ਜਦੋਂ ਦੇਸ਼ ਨੂੰ ਹਰੇ ਇਨਕਲਾਬ ਦੇ ਫਾਇਦੇ ਮਿਲਣੇ ਸ਼ੁਰੂ ਹੋਏ। ਹਰਾ ਇਨਕਲਾਬ ਬਾਹਰੋਂ ਲਿਆਂਦੇ ਚਮਤਕਾਰੀ ਬੀਜਾਂ ਨੇ ਸੰਭਵ ਬਣਾਇਆ ਜਿਨ੍ਹਾਂ ਨੂੰ ਭਾਰਤੀ ਸਾਇੰਸਦਾਨਾਂ ਨੇ ਸਥਾਨਕ ਹਾਲਤਾਂ ਮੁਤਾਬਕ ਢਾਲ ਲਿਆ ਸੀ। ਸਿੱਟੇ ਵਜੋਂ ਮੁਲਕ ਵਿਚ ਅਨਾਜ ਦੀ ਸੰਕਟ ਵਾਲੀ ਹਾਲਤ ਦਾ ਅੰਤ ਹੋ ਗਿਆ। ਉਦੋਂ ਤੱਕ ਪਬਲਿਕ ਲਾਅ-480 ਪ੍ਰੋਗਰਾਮ ਤਹਿਤ ਅਮਰੀਕਾ ਤੋਂ ਸਮੁੰਦਰੀ ਜਹਾਜ਼ਾਂ ਵਿਚ ਆਉਣ ਵਾਲੇ ਅਨਾਜ ਨਾਲ ਭਾਰਤੀਆਂ ਦਾ ਢਿੱਡ ਭਰਿਆ ਜਾਂਦਾ ਸੀ। ਅੱਜ ਹਾਲਤ ਇਹ ਹੈ ਕਿ ਭਾਰਤ ਖੁਦ ਅਨਾਜ ਦਾ ਵੱਡਾ ਬਰਾਮਦਕਾਰ ਹੈ ਅਤੇ ਖਰਾਬ ਮੌਸਮ (ਗਰਮੀ ਦੀ ਲਹਿਰ) ਵਰਗੇ ਹਾਲਾਤ ਨਾਲ ਨਜਿੱਠਣ ਲਈ ਮੁਲਕ ਕੋਲ ਅਨਾਜ ਦੇ ਭੰਡਾਰ ਭਰੇ ਹੋਏ ਹਨ, ਜਿਵੇਂ ਇਸ ਸਾਲ ਹੋਇਆ ਹੈ।



ਦੂਜੀ ਵੱਡੀ ਰੁਕਾਵਟ 1990ਵਿਆਂ ਦੇ ਸ਼ੁਰੂ ਵਿਚ ਮੁਲਕ ਵਿਚ ਵਿਦੇਸ਼ੀ ਮੁਦਰਾ ਦੇ ਭਾਰੀ ਸੰਕਟ ਕਾਰਨ ਆਈ। ਇਹ ਆਜ਼ਾਦੀ ਤੋਂ ਬਾਅਦ ਭਾਰਤ ਵਿਚ ਲਾਗੂ ਕੀਤੀਆਂ ਖਾਸ ਤਰ੍ਹਾਂ ਦੀਆਂ ਆਰਥਿਕ ਨੀਤੀਆਂ ਦਾ ਸਿੱਟਾ ਸੀ। ਇਹ ਨੀਤੀਆਂ ਇਕ ਪਾਸੇ ਮਹਾਤਮਾ ਗਾਂਧੀ ਦੇ ਗ੍ਰਾਮ ਸਵਰਾਜ, ਕੁਟੀਰ ਤੇ ਲਘੂ ਉਦਯੋਗਾਂ ਦੇ ਵਿਚਾਰਾਂ ਨੂੰ ਹੁਲਾਰਾ ਦੇਣ ਅਤੇ ਨਾਲ ਦੀ ਨਾਲ ਸੋਵੀਅਤ ਸੰਘ ਦੀ ਪੈਰੋਕਾਰੀ ਕਰਦਿਆਂ ਜਨਤਕ ਖੇਤਰ ਦੀ ਅਗਵਾਈ ਹੇਠ ਵੱਡੇ ਪੈਮਾਨੇ ਦਾ ਉਦਯੋਗੀਕਰਨ ਕਰਨ ਦੀ ਯੋਜਨਾਬੰਦੀ 'ਤੇ ਆਧਾਰਿਤ ਸਨ ਜਿਸ ਦਾ ਜਵਾਹਰ ਲਾਲ ਨਹਿਰੂ ਸਮਰਥਨ ਕਰਦੇ ਸਨ। ਵਿਦੇਸ਼ੀ ਮੁਦਰਾ ਕਾਰਨ ਅਦਾਇਗੀਆਂ ਦੇ ਖੜ੍ਹੇ ਹੋਏ ਸੰਕਟ ਦਾ ਸਿੱਟਾ ਮੁਲਕ ਵਿਚ ਨਵੀਆਂ ਆਰਥਿਕ ਨੀਤੀਆਂ ਲਾਗੂ ਕੀਤੇ ਜਾਣ ਦੇ ਰੂਪ ਵਿਚ ਨਿਕਲਿਆ ਜਿਨ੍ਹਾਂ ਤਹਿਤ ਸਨਅਤੀ ਲਾਇਸੈਂਸਿੰਗ ਅਤੇ ਵਿਦੇਸ਼ੀ ਵਪਾਰ ਕੰਟਰੋਲ ਵਾਲਾ ਢਾਂਚਾ ਖਤਮ ਕਰ ਦਿੱਤਾ ਗਿਆ ਅਤੇ ਇਸ ਦੇ ਨਤੀਜੇ ਵਜੋਂ ਮਾਲ ਦੀ ਪੈਦਾਵਾਰ ਤੇ ਬਰਾਮਦ ਵਿਚ ਭਾਰੀ ਇਜ਼ਾਫਾ ਹੋਇਆ।

ਅੱਜ ਜੇ ਖਰੀਦ ਸ਼ਕਤੀ ਸਮਰੱਥਾ ਦੇ ਪੱਖ ਤੋਂ ਦੇਖਿਆ ਜਾਵੇ ਤਾਂ ਭਾਰਤੀ ਅਰਥਚਾਰਾ ਦੁਨੀਆ ਦਾ ਤੀਜਾ ਵੱਡਾ ਅਰਥਚਾਰਾ ਹੈ। ਅਮਰੀਕੀ ਡਾਲਰ ਦੇ ਪੱਖ ਤੋਂ ਭਾਰਤੀ ਅਰਥਚਾਰਾ ਅਮਰੀਕਾ, ਚੀਨ, ਜਪਾਨ, ਜਰਮਨੀ ਅਤੇ ਬਰਤਾਨੀਆ ਤੋਂ ਬਾਅਦ ਦੁਨੀਆ ਦਾ ਛੇਵਾਂ ਵੱਡਾ ਅਰਥਚਾਰਾ ਹੈ।

ਇਹ ਅੰਦਾਜ਼ਾ ਲਾਉਣ ਲਈ ਕਿ ਭਾਰਤੀ ਅਰਥਚਾਰੇ ਨੇ ਕਿੰਨੀ ਕੁ ਤਰੱਕੀ ਕੀਤੀ ਹੈ, ਇਸ ਦੀ ਚੀਨ ਨਾਲ ਤੁਲਨਾ ਕਰਨੀ ਠੀਕ ਰਹੇਗੀ। ਭਾਰਤ ਅਤੇ ਚੀਨ ਹੁਣ ਰਣਨੀਤਕ ਵਿਰੋਧੀ ਹਨ। ਦੋਵਾਂ ਮੁਲਕਾਂ ਦੀ ਆਬਾਦੀ ਕਰੀਬ ਇੱਕੋ ਜਿੰਨੀ ਹੈ ਅਤੇ ਦੋਵਾਂ ਨੇ ਆਜ਼ਾਦੀ ਵੀ 1940ਵਿਆਂ ਦੇ ਅਖੀਰ ਵਿਚ ਕਰੀਬ ਇੱਕੋ ਸਮੇਂ ਹਾਸਲ ਕੀਤੀ। ਭਾਰਤ ਜਿੱਥੇ ਅਮਰੀਕੀ ਕਣਕ ਦੀ ਮਦਦ ਨਾਲ ਭੁੱਖ ਤੋਂ ਨਿਜਾਤ ਪਾਉਣ ਵਿਚ ਕਾਮਯਾਬ ਰਿਹਾ, ਉੱਥੇ ਚੀਨ ਨੂੰ 'ਗ੍ਰੇਟ ਲੀਪ ਫਾਰਵਰਡ' (ਚੀਨੀ ਕਮਿਊਨਿਸਟ ਪਾਰਟੀ ਵੱਲੋਂ 1958 ਤੋਂ 62 ਤੱਕ ਚਲਾਈ ਖਾਸ ਆਰਥਿਕ ਤੇ ਸਮਾਜਿਕ ਮੁਹਿੰਮ) ਕਾਰਨ ਭਾਰੀ ਝਟਕਾ ਲੱਗਾ ਅਤੇ ਇਸ ਦੀ ਖੇਤੀਬਾੜੀ ਦੀ ਹਾਲਤ ਵਿਗੜ ਗਈ। ਸਿੱਟੇ ਵਜੋਂ ਮੁਲਕ ਵਿਚ ਕਾਲ ਪੈਣ ਕਾਰਨ ਕਰੀਬ 3 ਕਰੋੜ ਲੋਕਾਂ ਦੀ ਜਾਨ ਗਈ। ਚੀਨ ਦੇ ਆਰਥਿਕ ਸੁਧਾਰ 1970ਵਿਆਂ ਦੇ ਪਿਛਲੇ ਸਾਲਾਂ ਦੌਰਾਨ ਮਾਓ ਜ਼ੇ-ਤੁੰਗ ਦੀ ਮੌਤ ਤੋਂ ਬਾਅਦ 'ਚਾਰ ਆਧੁਨਿਕੀਕਰਨਾਂ' (ਖੇਤੀਬਾੜੀ, ਸਨਅਤ, ਰੱਖਿਆ ਤੇ ਵਿਗਿਆਨਕ ਤਕਨਾਲੋਜੀ) ਨਾਲ ਸ਼ੁਰੂ ਹੋਏ ਜਿਨ੍ਹਾਂ ਨਾਲ ਖੇਤੀ ਪੈਦਾਵਾਰ ਤੇ ਆਮਦਨ ਵਿਚ ਭਾਰੀ ਵਾਧਾ ਹੋਇਆ ਅਤੇ ਇਸ ਨਾਲ ਤਿਆਰ ਵਸਤਾਂ/ਉਤਪਾਦਾਂ ਦੀ ਮੰਗ ਵਿਚ ਵੀ ਜ਼ੋਰਦਾਰ ਇਜ਼ਾਫਾ ਹੋਇਆ।

ਹੁਣ ਜਦੋਂ ਭਾਰਤ ਆਪਣੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਮਨਾ ਰਿਹਾ ਹੈ ਤਾਂ ਆਰਥਿਕ ਦ੍ਰਿਸ਼ਾਵਲੀ ਕੀ ਹੈ ਤੇ ਇਸ ਨੂੰ ਕੀ-ਕੀ ਚੁਣੌਤੀਆਂ ਦਰਪੇਸ਼ ਹਨ? ਹੁਣ ਜੇ ਅਸੀਂ ਇਹ ਵੀ ਮੰਨ ਲਈਏ ਕਿ ਭਾਰਤ ਕੋਵਿਡ-19 ਮਹਾਮਾਰੀ ਅਤੇ ਯੂਕਰੇਨ ਜੰਗ ਕਾਰਨ ਲੱਗਿਆ ਵੱਡਾ ਆਰਥਿਕ ਨੁਕਸਾਨ ਝੱਲ ਲਵੇਗਾ ਤਾਂ ਵੀ ਵੱਡੀ ਵੰਗਾਰ ਇਹੀ ਬਣੀ ਰਹੇਗੀ ਕਿ ਚੀਨ ਤੋਂ ਬਿਹਤਰ ਪ੍ਰਾਪਤੀਆਂ ਕਿਵੇਂ ਕੀਤੀਆਂ ਜਾ ਸਕਦੀਆਂ ਹਨ!

ਚੀਨ ਦੇ ਸਨਅਤੀ ਢਾਂਚੇ ਦੀ ਡੂੰਘਾਈ ਤੇ ਗੁੰਝਲਦਾਰੀ ਦਾ ਕੋਈ ਸਾਨੀ ਨਹੀਂ ਹੈ ਅਤੇ ਅਮਰੀਕਾ ਤੱਕ ਨੂੰ ਵੀ ਚੀਨ ਵਿਚ ਤਿਆਰ ਪੁਰਜ਼ਿਆਂ 'ਤੇ ਨਿਰਭਰਤਾ ਘਟਾਉਣ ਲਈ ਵੱਡੇ ਪੱਧਰ 'ਤੇ ਫੰਡਿੰਗ ਦੀ ਮਨਜ਼ੂਰੀ ਦੇਣੀ ਪਈ ਹੈ। ਚੀਨ ਤੋਂ ਸੈਮੀ-ਕੰਡਕਟਰ ਚਿਪਸ ਦੀ ਲੋੜੀਂਦੀ ਸਪਲਾਈ ਨਾ ਮਿਲਣ ਕਾਰਨ ਭਾਰਤ ਸਮੇਤ ਬਹੁਤ ਸਾਰੇ ਮੁਲਕਾਂ ਵਿਚ ਕਾਰਾਂ ਦੀ ਪੈਦਾਵਾਰ ਘਟੀ ਹੈ।

ਇਸ ਸਮੱਸਿਆ ਤੋਂ ਪਾਰ ਪਾਉਣ ਲਈ ਭਾਰਤ ਨੇ 'ਪੈਦਾਵਾਰ ਨਾਲ ਜੁੜੇ ਪ੍ਰੋਤਸਾਹਨ' (ਪੀ.ਐੱਲ.ਆਈ.) ਨਾਮੀ ਵੱਡੀ ਪਹਿਲਕਦਮੀ ਦੀ ਸ਼ੁਰੂਆਤ ਕੀਤੀ ਹੈ ਜਿਸ ਤਹਿਤ ਆਲਮੀ ਅਤੇ ਭਾਰਤੀ ਕੰਪਨੀਆਂ ਨੂੰ ਵੱਡੇ ਪੱਧਰ 'ਤੇ ਆਰਥਿਕ ਸਹਾਇਤਾ ਦਿੱਤੀ ਗਈ ਹੈ ਤਾਂ ਕਿ ਉਹ ਕੁਝ ਸਾਲਾਂ ਦੌਰਾਨ ਪੈਦਾਵਾਰ ਸ਼ੁਰੂ ਕਰ ਸਕਣ ਪਰ ਇਸ ਨੀਤੀ ਨੂੰ ਸੁਚਾਰੂ ਅਤੇ ਸੈਮੀ-ਕੰਡਕਟਰ ਚਿਪਸ ਵਰਗੇ ਨਵੇਂ ਉਤਪਾਦਾਂ ਨੂੰ ਘਰੇਲੂ ਬਾਜ਼ਾਰ ਮਿਲਣਾ ਯਕੀਨੀ ਬਣਾਉਣ ਲਈ ਵਿਦੇਸ਼ੀ ਵਪਾਰ ਅੜਿੱਕੇ ਲਾਗੂ ਕੀਤੇ ਗਏ ਹਨ। ਵਿਦੇਸ਼ੀ ਵਪਾਰ ਵਿਚ ਰੁਕਾਵਟਾਂ ਵਾਲੀਆਂ ਇਹ ਕਾਰਵਾਈਆਂ 1990ਵਿਆਂ ਵਿਚ ਲਿਆਂਦੀਆਂ ਨਵੀਆਂ ਮਾਲੀ ਨੀਤੀਆਂ (ਜਿਨ੍ਹਾਂ ਨੇ ਭਾਰਤ ਨੂੰ ਚੰਗੇ ਮੁਕਾਮ ਉਤੇ ਪਹੁੰਚਾਇਆ) ਤੋਂ ਪੈਰ ਪਿਛਾਂਹ ਖਿੱਚਣ ਵਾਲੀ ਗੱਲ ਜਾਪਦੀ ਹੈ। ਇਸ ਤਰ੍ਹਾਂ 'ਭਾਰਤ 75ਵੇਂ ਸਾਲ ਮੌਕੇ' ਚੀਨ ਨਾਲ ਅਣਐਲਾਨੀ ਜੰਗ ਵਾਲੀ ਸਥਿਤੀ ਮੁਲਕ ਲਈ ਵਧੀਆ ਨਹੀਂ ਹੈ, ਬਿਲਕੁਲ 1962 ਦੀ ਭਾਰਤ-ਚੀਨ ਜੰਗ ਵਾਂਗ ਜਦੋਂ ਮੁਲਕ ਦੇ ਇਸ ਉੱਤਰੀ ਗੁਆਂਢੀ ਨਾਲ ਹੋਈ ਜੰਗ ਨੇ ਭਾਰਤੀ ਅਰਥਚਾਰੇ ਨੂੰ ਭਾਰੀ ਨੁਕਸਾਨ ਪਹੁੰਚਾਇਆ ਸੀ।

ਖੇਤੀ ਮੋਰਚੇ 'ਤੇ ਵੀ ਭਾਰਤ ਨੂੰ ਵੱਡੀਆਂ ਚੁਣੌਤੀਆਂ ਦਰਪੇਸ਼ ਹਨ। ਭਾਰਤੀ ਖੇਤੀ ਕਾਮਿਆਂ ਦੀ ਉਤਪਾਦਕਤਾ ਘੱਟ ਹੈ ਅਤੇ ਇਸ ਕਾਰਨ ਪਿੰਡਾਂ ਤੋਂ ਸ਼ਹਿਰਾਂ ਵਿਚ ਰੁਜ਼ਗਾਰ ਤਲਾਸ਼ਣ ਵਾਲਿਆਂ ਦਾ ਵਹਾਅ ਲਗਾਤਾਰ ਬਣਿਆ ਰਹਿੰਦਾ ਹੈ ਪਰ ਉਥੇ ਇਨ੍ਹਾਂ ਲਈ ਅਜਿਹੀਆਂ ਵਧੀਆ ਨਾਗਰਿਕ ਸਹੂਲਤਾਂ ਉਪਲਬਧ ਨਹੀਂ ਹਨ ਕਿ ਉਹ ਸਿਹਤਮੰਦ ਜ਼ਿੰਦਗੀ ਗੁਜ਼ਾਰ ਸਕਣ।

ਇਸ ਦੇ ਨਾਲ ਹੀ ਨੌਕਰੀਆਂ ਵਿਚ ਔਰਤਾਂ ਦੀ ਸ਼ਮੂਲੀਅਤ ਦੀ ਦਰ ਵੀ ਬਹੁਤ ਨੀਵੀਂ ਹੈ। ਭਾਰਤ ਸੰਸਾਰ ਦੇ ਅਜਿਹੇ ਮੁਲਕਾਂ ਵਿਚ ਸ਼ੁਮਾਰ ਹੈ ਜਿੱਥੇ ਔਰਤ ਕਿਰਤ ਸ਼ਕਤੀ ਭਾਗੀਦਾਰੀ ਦਰ ਸਭ ਤੋਂ ਘੱਟ ਹੈ। ਇਸ ਮਾਮਲੇ ਵਿਚ ਇਹ ਬੰਗਲਾਦੇਸ਼ ਅਤੇ ਸ੍ਰੀਲੰਕਾ ਵਰਗੇ ਮੁਲਕਾਂ ਤੋਂ ਵੀ ਪੱਛੜਿਆ ਹੋਇਆ ਹੈ। ਉਜਰਤ ਕਮਾਉਣ ਦੇ ਰੂਪ ਵਿਚ ਲਾਹੇਵੰਦ ਰੁਜ਼ਗਾਰ ਪ੍ਰਾਪਤ ਨਾ ਹੋਣਾ ਔਰਤਾਂ ਦੀ ਸਮਾਜਿਕ ਸਥਿਤੀ 'ਤੇ ਮਾੜਾ ਅਸਰ ਪਾ ਸਕਦਾ ਹੈ।

ਭਾਰਤ ਲਈ ਸਮਾਜਿਕ ਖੇਤਰ ਵਿਚ ਅਗਾਂਹ ਕਰਨ ਵਾਲਾ ਕੰਮ ਬਹੁ-ਪਸਾਰੀ ਹੈ। ਭਾਰਤ ਨੂੰ ਵਧੇਰੇ ਤੰਦਰੁਸਤ ਅਤੇ ਵਧੇਰੇ ਸਿੱਖਿਅਤ ਕਿਰਤ ਸ਼ਕਤੀ ਦੀ ਲੋੜ ਹੈ ਤਾਂ ਕਿ ਅਜਿਹੇ ਕਿਰਤੀ ਆਧੁਨਿਕ ਤਕਨਾਲੋਜੀ ਨਾਲ ਕੰਮ ਕਰ ਸਕਣ ਤੇ ਇਸ ਨੂੰ ਚਲਾ ਸਕਣ, ਕਿਉਂਕਿ ਇਸ ਤੋਂ ਬਿਨਾਂ ਅਰਥਚਾਰਾ ਹੋਰ ਜ਼ਿਆਦਾ ਉਤਪਾਦਕ ਨਹੀਂ ਬਣ ਸਕਦਾ। ਜੋ ਚੀਜ਼ ਅਸੀਂ ਦੇਖ ਰਹੇ ਹਾਂ, ਉਹ ਹੈ ਸਮਾਜਿਕ ਖੇਤਰ ਵਿਚ ਖਰਚਿਆਂ ਨੂੰ ਤੇਜ਼ੀ ਨਾਲ ਵਧਾਉਣ ਦੀ ਜ਼ਰੂਰਤ ਪਰ ਇਸ ਲਈ ਮੌਜੂਦਾ ਦੌਰ ਵਿਚ ਮਾਲੀ ਵਸੀਲੇ ਮੌਜੂਦ ਨਹੀਂ ਹਨ।

ਇਸ ਹਾਲਾਤ ਨੂੰ ਵਿਚਾਰਦਿਆਂ ਅਸੀਂ ਇਹ ਧਾਰਨਾ ਬਣਾਈ ਹੈ ਕਿ ਕੋਵਿਡ-19 ਮਹਾਮਾਰੀ ਅਤੇ ਯੂਕਰੇਨ ਜੰਗ ਸਾਡੇ ਤੋਂ ਪਿੱਛੇ ਹਨ, ਭਾਵ ਅਸੀਂ ਉਨ੍ਹਾਂ ਦੇ ਪ੍ਰਭਾਵਾਂ ਨੂੰ ਪਛਾੜ ਚੁੱਕੇ ਹਾਂ ਪਰ ਅਜਿਹਾ ਨਹੀਂ ਹੈ। ਵਾਇਰਸ ਦੇ ਨਵੇਂ ਰੂਪ ਲਗਾਤਾਰ ਫੈਲ ਰਹੇ ਹਨ ਜਿਹੜੇ ਮਨੁੱਖੀ ਕਿਰਤ ਦਿਹਾੜੀਆਂ ਦੇ ਨੁਕਸਾਨ ਅਤੇ ਸਿਹਤ 'ਤੇ ਖਰਚਿਆਂ ਦੇ ਰੂਪ ਵਿਚ ਅਰਥਚਾਰੇ 'ਤੇ ਲਾਗਤਾਂ ਦਾ ਬੋਝ ਪਾ ਰਹੇ ਹਨ।

ਜਿੱਥੋਂ ਤੱਕ ਜੰਗ ਦਾ ਸਵਾਲ ਹੈ, ਇਸ ਨੇ ਆਲਮੀ ਪੱਧਰ 'ਤੇ ਮਾਲ/ਵਸਤਾਂ ਦੀ ਕਮੀ ਤੇ ਇਸ ਦੇ ਸਿੱਟੇ ਵਜੋਂ ਮਹਿੰਗਾਈ ਪੈਦਾ ਕਰ ਦਿੱਤੀ ਹੈ ਜਿਸ ਕਾਰਨ ਭਾਰਤ ਵਿਚ ਵੀ ਮਹਿੰਗਾਈ ਦਰ ਵਧ ਰਹੀ ਹੈ ਤੇ ਇਸ ਕਾਰਨ ਪਾਬੰਦੀਮੁਖੀ ਮੁਦਰਾ ਨੀਤੀਆਂ ਲਾਗੂ ਕਰਨੀਆਂ ਪੈ ਰਹੀਆਂ ਹਨ। ਇਸ ਲਈ ਇਨ੍ਹਾਂ ਚੁਣੌਤੀਆਂ ਤੋਂ ਪਾਰ ਪਾਉਣਾ ਜ਼ਰੂਰੀ ਹੈ ਤਾਂ ਕਿ ਭਾਰਤ ਦੋ ਵੱਡੀਆਂ ਚੁਣੌਤੀਆਂ ਨਾਲ ਮੱਥਾ ਲਾ ਸਕੇ।

# ਆਲਮੀ ਦਿਲਚਸਪੀ ਅਤੇ ਸਰਕਾਰ ਦੀ ਪਹੁੰਚ

*(ਸਫਾ 17 ਦਾ ਬਾਕੀ)*

ਦੀ ਆਲੋਚਨਾਤਮਕ ਰਿਪੋਰਟਿੰਗ ਸਾਡੇ ਕੰਮ ਲਈ ਸਵੈ-ਸਿਰਜਤ ਡੋਜ਼ੀਅਰ ਹੈ। ਸੀ.ਆਈ.ਡੀ. ਵਿਭਾਗ 'ਚ ਹਰ ਪੱਤਰਕਾਰ ਦੀ ਫਾਈਲ ਹੁੰਦੀ ਹੈ ਅਤੇ ਕਿਸੇ ਨੂੰ ਵੀ ਲੁੱਕ ਆਊਟ ਸਰਕੂਲਰ ਸੂਚੀ 'ਚ ਪਾਇਆ ਜਾ ਸਕਦਾ ਹੈ। ਜਿਸ ਪੱਤਰਕਾਰ ਦਾ ਨਾਂ ਲੁੱਕ ਆਊਟ ਸਰਕੂਲਰ ਸੂਚੀ 'ਚ ਪੈ ਗਿਆ, ਉਸ ਨੂੰ ਇਹ ਮੁਲਕ ਤੋਂ ਬਾਹਰ ਸਫਰ ਕਰਨ ਤੋਂ ਰੋਕਣ ਦੇ ਯੋਗ ਹੋ ਜਾਂਦਾ ਹੈ। ਅਧਿਕਾਰੀ ਨੇ ਮੈਨੂੰ ਦੱਸਿਆ ਕਿ ਕਸ਼ਮੀਰ ਵਿਚ ਘੱਟੋ-ਘੱਟ ਦੋ ਸੌ ਲੋਕ ਇਸ ਸੂਚੀ 'ਚ ਹਨ ਜਿਨ੍ਹਾਂ 'ਚ ਸਥਾਨਕ ਪੱਤਰਕਾਰ, ਵਕੀਲ, ਅਕਾਦਮਿਕ, ਕਾਰੋਬਾਰੀ ਅਤੇ ਵਿਰੋਧ ਕਰਨ ਵਾਲੇ ਆਗੂਆਂ ਦੇ ਪਰਿਵਾਰ ਸ਼ਾਮਿਲ ਹਨ।

ਉਸ ਅਧਿਕਾਰੀ ਨੇ ਮੈਨੂੰ ਵਾਰ-ਵਾਰ ਇਹ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਰਾਸ਼ਟਰੀ ਹਿਤਾਂ ਦੀ ਰਾਖੀ ਲਈ ਇਹ ਕਾਰਵਾਈ ਜ਼ਰੂਰੀ ਹੈ। ਉਸ ਨੇ ਕਿਹਾ, "ਕਸ਼ਮੀਰ 'ਚ ਦਹਿਸ਼ਤਵਾਦ ਮੁਲਕ ਦਾ ਮੁੱਖ ਮੁੱਦਾ ਹੈ ਅਤੇ ਇਸ ਦੇ ਬਾਹਰੀ ਪਾਸਾਰ ਵੀ ਹਨ। ਮੁਲਕ ਨੂੰ ਜਿਨ੍ਹਾਂ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ, ਉਨ੍ਹਾਂ 'ਚ ਕਸ਼ਮੀਰ ਮੁੱਦੇ ਦਾ ਆਲਮੀ ਪ੍ਰਭਾਵ ਵੀ ਹੈ।" ਜਦੋਂ ਮੈਂ ਕਿਹਾ ਕਿ ਸੀ.ਆਈ.ਡੀ. ਦੀਆਂ ਐਸੀਆਂ ਕਾਰਵਾਈਆਂ ਅਧਿਕਾਰਾਂ ਦੀ ਉਲੰਘਣਾ ਕਰਦੀਆਂ ਹਨ ਤਾਂ ਉਸ ਨੇ ਮੈਨੂੰ ਕਿਹਾ, "ਆਜ਼ਾਦੀ ਤੇ ਮੁਕਤੀ ਵਰਗੀਆਂ ਗੱਲਾਂ ਪੱਛਮੀ ਵਿਚਾਰ ਹਨ ਅਤੇ ਉੱਥੇ ਉਨ੍ਹਾਂ ਦੀ ਪਾਲਣਾ ਵੀ ਹੁੰਦੀ ਹੈ। ਜੇ ਅਸੀਂ ਉਨ੍ਹਾਂ ਵਿਚਾਰਾਂ 'ਤੇ ਚੱਲਦੇ ਹਾਂ ਤਾਂ ਤੀਜੇ ਦਰਜੇ ਦੇ ਤਸੀਹਿਆਂ ਦੀ ਵਰਤੋਂ ਨਹੀਂ ਕਰ ਸਕਾਂਗੇ ਜੋ ਤਫਤੀਸ਼ ਦੌਰਾਨ ਜ਼ਿਆਦਾਤਰ ਕਥਿਤ ਅਪਰਾਧੀਆਂ ਉੱਪਰ ਕਸ਼ਮੀਰ ਵਿਚ ਵਰਤੇ ਜਾਂਦੇ ਹਨ।" ਆਪਣੀਆਂ ਉਂਗਲਾਂ 'ਤੇ ਗਿਣਦੇ ਹੋਏ ਅਫਸਰ ਨੇ ਦੱਸਿਆ, "ਤਿੰਨ ਤਰ੍ਹਾਂ ਦੇ ਦਹਿਸ਼ਤਗਰਦ ਹਨ- ਹਥਿਆਰ ਰੱਖਣ ਵਾਲੇ ਦਹਿਸ਼ਤਗਰਦ, ਚਿੱਟ-ਕਾਲਰੀਏ ਦਹਿਸ਼ਤਗਰਦ ਜੋ ਕਾਰੋਬਾਰੀ ਭਾਈਚਾਰੇ 'ਚੋਂ ਹਨ ਅਤੇ ਪੱਤਰਕਾਰ ਤੇ ਅਕਾਦਮਿਕ ਦਹਿਸ਼ਤਗਰਦ ਜੋ ਇਨ੍ਹਾਂ ਲਈ ਦਲੀਲਾਂ ਘੜਦੇ ਹਨ।" ਉਸ ਨੇ ਇਹ ਕਹਿ ਕੇ ਆਪਣੀ ਗੱਲ ਮੁਕਾਈ, "ਦੇਸ਼ ਦਲੀਲ ਸੁਨਨੇ ਕੇ ਲੀਏ ਤੈਯਾਰ ਨਹੀਂ ਹੈ।"

ਇਸ ਅਫਸਰ ਵਾਂਗ ਮੈਂ ਕਈ ਹੋਰ ਕਸ਼ਮੀਰੀ ਅਧਿਕਾਰੀਆਂ ਨਾਲ ਵੀ ਗੱਲ ਕੀਤੀ, ਧਾਰਾ 370 ਨੂੰ ਖਤਮ ਕੀਤੇ ਜਾਣ ਤੋਂ ਬਾਅਦ ਉਨ੍ਹਾਂ ਅੰਦਰ ਤਲਖੀ ਸੀ। ਹਾਲਾਂਕਿ ਨਵੀਂ ਵਿਵਸਥਾ ਨੇ ਉਨ੍ਹਾਂ ਨੂੰ ਆਪਣੇ ਸਾਥੀ ਨਾਗਰਿਕਾਂ ਨਾਲ ਮਨਮਰਜ਼ੀ ਨਾਲ ਪੇਸ਼ ਆਉਣ ਦੀ ਖੁੱਲ੍ਹੀ ਛੁੱਟੀ ਦੇ ਦਿੱਤੀ ਹੈ, ਉਹ ਇਸ ਗੱਲੋਂ ਚਿੰਤਤ ਹਨ ਕਿ ਇਹ ਕਿਵੇਂ ਹੋ ਗਿਆ ਕਿ ਘਾਟੀ ਦੇ ਬਾਹਰੋਂ ਸੀਨੀਅਰ ਅਧਿਕਾਰੀ ਅਚਾਨਕ ਲਿਆ ਕੇ ਪੁਲਿਸ ਵਿਚ ਵਾੜ ਦਿੱਤੇ। ਇਹੀ ਸੀ.ਆਈ.ਡੀ. ਲਈ ਵੀ ਸੱਚ ਸੀ ਜਿੱਥੇ ਦਸ ਸਭ ਤੋਂ ਸੀਨੀਅਰ ਅਫਸਰਾਂ ਵਿਚੋਂ ਸੱਤ ਬਾਹਰਲੇ ਸਨ। ਜਾਪਦਾ ਸੀ, ਕਸ਼ਮੀਰੀ ਅਫਸਰਾਂ ਨੇ ਦਹਿਸ਼ਤਵਾਦ ਵਿਰੋਧੀ ਕਾਰਵਾਈਆਂ ਸਮੇਤ ਜਿੰਨੇ ਸਾਲ ਸੇਵਾ ਕੀਤੀ ਸੀ, ਉਸ ਦਾ ਕੋਈ ਖਾਸ ਮਹੱਤਵ ਨਹੀਂ ਸੀ। ਦਿੱਲੀ ਅਤੇ ਸ੍ਰੀਨਗਰ ਦੇ ਹੁਕਮਰਾਨਾਂ ਲਈ ਵੀ ਇਉਂ ਲੱਗਦਾ ਹੈ ਕਿ ਤੁਹਾਡੀ ਪੈਦਾਇਸ਼ ਮਾਇਨੇ ਰੱਖਦੀ ਹੈ, ਭਾਵੇਂ ਤੁਸੀਂ ਕਿੰਨੀ ਵੀ ਸੇਵਾ ਕੀਤੀ ਹੋਵੇ।

ਮੁਸੀਬਤਾਂ 'ਚ ਵੀ ਕਸ਼ਮੀਰੀਆਂ ਦੇ ਲਚਕੀਲੇਪਣ ਦੇ ਪ੍ਰਤੀਕ ਚਿਨਾਰ ਦੇ ਰੁੱਖ ਹੇਠਾਂ ਬੈਠੇ ਤੀਹ ਕੁ ਸਾਲ ਦੇ ਅਧਿਕਾਰੀ ਨੇ ਸ੍ਰੀਨਗਰ 'ਚ ਮੈਨੂੰ ਕਸ਼ਮੀਰ ਵਿਚ ਪੱਤਰਕਾਰਾਂ ਦੇ ਅੰਕੜਿਆਂ ਬਾਰੇ ਦੱਸਿਆ ਕਿ ਉਨ੍ਹਾਂ ਨੇ ਪਹਿਲਾਂ ਹੀ 180 ਤੋਂ ਵੱਧ ਪੱਤਰਕਾਰਾਂ ਦੇ ਵੇਰਵੇ ਦਰਜ ਕਰ ਲਏ ਹਨ ਅਤੇ ਇਸੇ ਕਰਕੇ ਹੁਣ ਪੱਤਰਕਾਰਾਂ ਨੂੰ ਪੁੱਛਗਿੱਛ ਲਈ ਬੁਲਾਇਆ ਸੀ। ਉਸ ਨੇ ਕਿਹਾ, "ਪੱਤਰਕਾਰਾਂ ਤੋਂ ਜੋ ਸਵਾਲ ਪੁੱਛੇ ਜਾ ਰਹੇ ਹਨ, ਉਨ੍ਹਾਂ ਵਿਚ ਪਰਿਵਾਰ ਦੇ ਰਿਹਾਇਸ਼ੀ ਮਕਾਨਾਂ, ਵਾਹਨਾਂ ਅਤੇ ਹੋਰ ਜਾਇਦਾਦਾਂ ਦੇ ਵੇਰਵੇ ਸ਼ਾਮਿਲ ਹਨ। ਇਨ੍ਹਾਂ ਸਵਾਲਾਂ ਤੋਂ ਇਲਾਵਾ ਅਸੀਂ ਉਨ੍ਹਾਂ ਦੀ ਸਿਆਸੀ ਨਿਹਚਾ, ਪਾਕਿਸਤਾਨ ਵਿਚ ਰਹਿੰਦੇ ਦੋਸਤਾਂ ਅਤੇ ਰਿਸ਼ਤੇਦਾਰਾਂ ਦੇ ਬਾਰੇ ਪੁੱਛਦੇ ਹਾਂ। ਪੱਤਰਕਾਰਾਂ ਨੂੰ ਆਪਣੇ ਆਪਣੇ ਸੋਸ਼ਲ ਮੀਡੀਆ ਖਾਤਿਆਂ, ਆਮਦਨੀ ਦੇ ਸਰੋਤਾਂ ਅਤੇ ਬੈਂਕ ਖਾਤਿਆਂ ਦੇ ਪ੍ਰਮਾਣ ਪੱਤਰਾਂ ਦੀ ਜਾਣਕਾਰੀ ਦੇਣ ਲਈ ਵੀ ਕਿਹਾ ਗਿਆ ਹੈ।" ਇਕ ਤੀਜੇ ਪੁਲਿਸ ਅਧਿਕਾਰੀ ਨੇ ਦੱਸਿਆ ਕਿ ਧਾਰਾ 370 ਖਤਮ ਕਰਨ ਤੋਂ ਬਾਅਦ ਲੱਗਭੱਗ 180 ਪੱਤਰਕਾਰਾਂ ਨੂੰ ਇਸੇ ਤਰ੍ਹਾਂ ਦੀ ਪੁੱਛਗਿੱਛ ਲਈ ਬੁਲਾਇਆ ਗਿਆ ਹੈ।

ਚੌਥੇ ਅਧਿਕਾਰੀ ਨੇ ਮੈਨੂੰ ਇਕ ਪੱਤਰਕਾਰ ਤੋਂ ਪੁੱਛਗਿੱਛ ਕਰਨ ਤੋਂ ਬਾਅਦ ਸੀ.ਆਈ.ਡੀ. ਦੁਆਰਾ ਭਰੇ ਜਾਣ ਵਾਲੇ ਸਵਾਲਨਾਮੇ ਦੀ ਕਾਪੀ ਦਿਖਾਈ। ਇਹ ਨਾ ਸਿਰਫ ਪੱਤਰਕਾਰ ਬਾਰੇ, ਸਗੋਂ ਉਸ ਦੇ ਮਾਤਾ-ਪਿਤਾ, ਭੈਣ-ਭਰਾ, ਬੱਚਿਆਂ ਅਤੇ ਜੀਵਨ ਸਾਥੀ ਬਾਰੇ ਵੀ ਸਵਾਲ ਕਰਦੀ ਹੈ। ਸਭ ਤੋਂ ਹੇਠਾਂ ਵਿਸ਼ੇਸ਼ ਭਾਗ ਹੈ ਜਿਸ ਵਿਚ ਉਸ ਦੇ ਨਜ਼ਦੀਕੀ ਦੋਸਤਾਂ, ਤੇ ਜੇਕਰ ਉਸ ਦੇ ਪਰਿਵਾਰ 'ਚੋਂ ਕੋਈ ਫੌਜ ਜਾਂ ਪੁਲਿਸ ਵਿਚ ਰਿਹਾ ਹੋਵੇ ਤਾਂ ਉਸ ਦਾ ਵੇਰਵਾ ਮੰਗਿਆ ਜਾਂਦਾ ਹੈ ਅਤੇ 'ਆਪਣਾ ਸੰਖੇਪ ਇਤਿਹਾਸ' ਲਿਖ ਕੇ ਦੇਣ ਲਈ ਕਿਹਾ ਜਾਂਦਾ ਹੈ। ਤੀਹ ਕੁ ਸਾਲ ਦੇ ਅਧਿਕਾਰੀ ਨੇ ਕਿਹਾ ਕਿ ਮੀਡੀਆ ਨਿਗਰਾਨ ਸੈੱਲ "ਕਸ਼ਮੀਰੀ ਖਬਰਾਂ ਵਿਚ ਬਿਰਤਾਂਤ ਦੀ ਸੁਰ ਤੈਅ ਕਰਨ ਦੇ ਸਮਰੱਥ ਹੈ।"

ਅਧਿਕਾਰੀ ਨੇ ਕਿਹਾ ਕਿ ਸਵਾਲਨਾਮੇ ਦੇ ਨਾਲ ਹੀ ਉਸ ਦੇ ਕੰਮ ਵਿਚ ਕਸ਼ਮੀਰ ਦੇ ਸਾਰੇ ਜ਼ਿਲ੍ਹਿਆਂ ਤੋਂ ਦਰਜ ਕੀਤੀਆਂ ਰਿਪੋਰਟਾਂ ਦਾ ਵਿਸ਼ਲੇਸ਼ਣ ਕਰਨਾ ਵੀ ਸ਼ਾਮਿਲ ਹੈ। ਉਸ ਨੇ ਇਹ ਦਾਅਵਾ ਵੀ ਕੀਤਾ ਕਿ ਜੇ ਉਨ੍ਹਾਂ ਨੂੰ ਲੱਗਦਾ ਹੈ ਕਿ ਕੋਈ ਮੀਡੀਆ ਰਿਪੋਰਟ ਉਨ੍ਹਾਂ ਦੇ ਹਿਤਾਂ ਵਿਰੁੱਧ ਜਾ ਰਹੀ ਹੈ, ਭਾਵੇਂ ਇਹ ਸਥਾਨਕ ਹੋਵੇ ਜਾਂ ਰਾਸ਼ਟਰੀ ਮੀਡੀਆ 'ਚ ਹੋਵੇ, ਉਸ ਰਿਪੋਰਟ ਨੂੰ ਹਟਾਉਣ ਲਈ ਸਿਰਫ ਇਕ ਫੋਨ ਕਾਲ ਹੀ ਕਾਫੀ ਹੈ। ਉਸ ਨੇ ਕਿਹਾ, "ਜੇ ਸਾਨੂੰ ਲੱਗਦਾ ਹੈ ਕਿ ਕੋਈ ਵੀ ਖਬਰ ਸਟੇਟ ਦੇ ਵਿਰੁੱਧ ਹੈ ਤਾਂ ਅਸੀਂ ਉੱਚ ਅਧਿਕਾਰੀਆਂ ਨੂੰ ਅਜਿਹੇ ਪੱਤਰਕਾਰਾਂ ਨੂੰ ਫੋਨ ਕਰਨ ਦੀ ਸਿਫਾਰਸ਼ ਕਰਦੇ ਹਾਂ ਤਾਂ ਜੋ ਅਸੀਂ ਉਸ ਨੂੰ ਆਪਣਾ ਸੰਦੇਸ਼ ਪੁੱਜਦਾ ਕਰ ਸਕੀਏ ਕਿ ਇਸ ਦੇ ਕੀ ਨਤੀਜੇ ਹੋ ਸਕਦੇ ਹਨ।"

ਜਦੋਂ ਮੈਂ ਉਸ ਨੂੰ ਪੁੱਛਿਆ ਕਿ ਉਨ੍ਹਾਂ ਨੂੰ ਪੱਤਰਕਾਰਾਂ ਉੱਪਰ ਨਜ਼ਰ ਰੱਖਣ ਲਈ ਕਿਸ ਗੱਲ ਨੇ ਪ੍ਰੇਰਿਆ ਤਾਂ ਉਸ ਨੇ ਕਿਹਾ, "ਅਸੀਂ ਉਨ੍ਹਾਂ ਦੀ ਨਿਗਰਾਨੀ ਕਰ ਰਹੇ ਹਾਂ ਕਿਉਂਕਿ ਸਾਡਾ ਮੰਨਣਾ ਹੈ ਕਿ ਉਨ੍ਹਾਂ ਦਾ ਖਾਸ ਵਿਚਾਰਧਾਰਕ ਝੁਕਾਅ ਹੈ। ਉਹ ਪੱਤਰਕਾਰੀ ਦੀ ਆੜ ਵਿਚ ਆਪਣੀ ਸਿਆਸਤ ਦਾ ਪ੍ਰਚਾਰ ਕਰਦੇ ਹਨ। ਬਿਰਤਾਂਤ ਦੀ ਇਸ ਜੰਗ ਵਿਚ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੀ ਔਕਾਤ ਦਿਖਾ ਰਹੇ ਹਾਂ।" ਉਸ ਨੇ ਦੱਸਿਆ ਕਿ ਪ੍ਰਸ਼ਾਸਨ ਸਥਾਨਕ ਮੀਡੀਆ ਦੀ ਸਟਾਈਲ ਸ਼ੀਟ ਉੱਪਰ ਵੀ ਨਜ਼ਰ ਰੱਖਦਾ ਹੈ, ਉਨ੍ਹਾਂ ਵੱਲੋਂ ਵਰਤੇ ਜਾਂਦੇ ਸ਼ਬਦਾਂ ਦੀ ਬਾਰੀਕੀ 'ਚ ਜਾਂਚ ਕਰਦਾ ਹੈ। ਮਿਸਾਲ ਲਈ, (ਧਾਰਾ 370) ਰੱਦ ਕਰਨ ਤੋਂ ਪਹਿਲਾਂ ਉਹ ਸਾਰੇ 'ਖਾੜਕੂ' ਸ਼ਬਦ ਦੀ ਵਰਤੋਂ ਕਰਦੇ ਸਨ। ਹੁਣ ਅਸੀਂ ਉਨ੍ਹਾਂ ਨੂੰ ਸਾਫ ਕਹਿ ਦਿੱਤਾ ਹੈ ਕਿ 'ਦਹਿਸ਼ਤਗਰਦ' ਸ਼ਬਦ ਹੀ ਵਰਤਣਾ ਹੈ।" ***(ਚੱਲਦਾ)***

ਵਿਅੰਗ

# ਕਾਲੇ ਦਿਨਾਂ ਦੀ ਗੱਲ

**ਸ਼ਿਵਚਰਨ ਜੱਗੀ ਕੁੱਸਾ ਨੇ ਆਪਣੇ ਨਾਵਲਾਂ ਅਤੇ ਕਹਾਣੀਆਂ ਰਾਹੀਂ ਪੰਜਾਬੀ ਰਹਿਤਲ ਨਾਲ ਜੁੜੇ ਬਾਸ਼ਿੰਦਿਆਂ ਦੀ ਬਾਤ ਪਾਈ ਹੈ। ਸਾਧਾਰਨ ਪਾਤਰ ਉਹਦੀਆਂ ਰਚਨਾਵਾਂ ਅੰਦਰ ਸਮਾ ਕੇ ਅਸਾਧਾਰਨਤਾ ਹਾਸਲ ਕਰ ਲੈਂਦੇ ਹਨ। ਉਸ ਦਾ ਇਹੀ ਰੰਗ ਉਸ ਦੀਆਂ ਵਿਅੰਗ ਰਚਨਾਵਾਂ ਉਤੇ ਵੀ ਸਾਫ ਝਲਕਦਾ ਹੈ। ਇਨ੍ਹਾਂ ਵਿਅੰਗ ਰਚਨਾਵਾਂ ਵਿਚ ਉਹ ਲੋਕਾਂ ਨਾਲ ਜੁੜੇ ਸਰੋਕਾਰਾਂ ਦੀ ਗੱਲ ਧੜੱਲੇ ਨਾਲ ਕਰਦਾ ਹੈ।**

ਦੌਲਤ ਫੱਤੂ ਕਾ ਸਾਰਾ ਪਰਿਵਾਰ ਹੀ ਬੜਾ ਅਵੈਲਾ ਸੀ। ਮਾੜੀ ਮੋਟੀ ਗੱਲ ਤੋਂ ਬਿਨਾਂ ਵਜਾਹ ਹੀ ਲੜ ਪੈਂਦਾ ਸੀ! ਇੱਕ ਵਾਰ ਦੀ ਗੱਲ ਹੈ ਕਿ ਦੌਲਤੀ ਦਾ ਮੁੰਡਾ ਬਿਸ਼ਨਾ ਦੌਲਤੀ ਨੂੰ ਕਹਿਣ ਲੱਗਿਆ, "ਬਾਪੂ ਬੱਟਰੀ ਲੈਣੀ ਐ।" ਜ਼ੁਬਾਨ ਮੋਟੀ ਹੋਣ ਕਰਕੇ ਬਿਸ਼ਨਾ 'ਬੱਕਰੀ' ਨੂੰ 'ਬੱਟਰੀ' ਆਖ ਰਿਹਾ ਸੀ।

-"ਤੂੰ ਬੱਕਰੀ ਕੀ ਕਰਨੀ ਐਂ ਉਏ ਗਿੱਡਲਾ?" ਦੌਲਤੀ ਬਿਸ਼ਨੇ ਨੂੰ ਚਾਰੇ ਚੁੱਕ ਕੇ ਆਇਆ।

-"ਡੁੱਡ ਪੀਆ ਕਰੂੰ।" ਉਸ ਨੇ ਉੱਤਰ ਦਿੱਤਾ।

-"ਪੀਆ ਕਰੂਗਾ ਦੁੱਧ ਇਹੋ। ਥਾਂ ਤਾਂ ਹੈਨ੍ਹੀ, ਬੰਨ੍ਹੇਗਾ ਮਾਂ ਨੂੰ ਕਿੱਥੇ?"

-"ਡਸੋਈ 'ਚ ਬੰਨੂੰਗਾ...।"

-"ਕੀ ਕਿਹੈ? ਰਸੋਈ 'ਚ ਬੰਨ੍ਹੂੰਗਾ...?" ਦੌਲਤੀ ਹੋਰ ਭੜਕ ਪਿਆ।



ਸ਼ਿਵਚਰਨ ਜੱਗੀ ਕੁੱਸਾ
ਫੋਨ: 44 78533-17891

-"ਹਾਂ, ਡਸੋਈ 'ਚ ਬੰਨੂੰ।" ਸੁਣ ਕੇ ਦੌਲਤੀ ਦਾ ਪਾਰਾ ਚੜ੍ਹ ਗਿਆ। ਉਸ ਨੇ ਆ ਦੇਖਿਆ ਨਾ ਤਾਅ, ਘੋਟਣਾ ਚੁੱਕ ਕੇ ਜੁਆਕ ਦੇ ਪੱਟ 'ਤੇ ਮਾਰਿਆ ਅਤੇ ਲੱਤ ਭੰਨ ਦਿੱਤੀ। ਨਾ ਬੱਕਰੀ ਲਿਆਂਦੀ ਅਤੇ ਨਾ ਰਸੋਈ 'ਚ ਬੰਨ੍ਹੀ, ਪਰ ਲੱਤ ਵਾਧੂ ਦੀ ਤੁੜਵਾ ਲਈ। ਮਹੀਨਾ ਭਰ ਮੁੰਡੇ ਦੀ ਲੱਤ ਬੰਨ੍ਹਵਾਉਂਦੇ ਰਹੇ। ਲੱਤ ਤਾਂ ਅਖੀਰ ਜੁੜ ਗਈ, ਪਰ ਬਿਸ਼ਨਾ ਲੰਗ ਮਾਰ ਕੇ ਤੁਰਨ ਲੱਗ ਪਿਆ। ਸਾਰੀ ਉਮਰ ਦਾ ਬੱਜ ਪੈ ਗਿਆ ਅਤੇ ਲੋਕਾਂ ਨੇ ਉਸ ਦਾ ਨਾਂ ਲੰਗੜਦੀਨ ਪਾ ਲਿਆ। ਪਿੱਛੋਂ ਦੌਲਤੀ ਨੇ ਬਹੁਤ ਪਛਤਾਵਾ ਕੀਤਾ। ਪਰ ਬਣ ਕੀ ਸਕਦਾ ਸੀ? ਚਿੜੀਆਂ ਖੇਤ ਚੁਗ ਗਈਆਂ ਸਨ, ਹੁਣ ਗਾਲ੍ਹਾਂ ਦੇਣ ਦਾ ਫ਼ਾਇਦਾ ਨਹੀਂ ਸੀ।

ਸਕੂਲ ਲਾਇਆ ਬਿਸ਼ਨਾ ਤਾਂ ਲੰਗੇ-ਡੰਗ ਹੀ ਜਾਂਦਾ ਸੀ। ਪੜ੍ਹਾਈ ਵੱਲ ਧਿਆਨ ਨਾ ਦਿੰਦਾ ਦੇਖ ਕੇ ਦੌਲਤੀ ਨੇ ਉਸ ਨੂੰ ਵਾਹੀ ਵਿਚ ਹੀ ਉਤੰਗ ਲਿਆ। ਵਾਹੀ ਵਿਚ ਉਸ ਨੇ ਕੀ ਲੱਲ੍ਹਰ ਲਾਉਣਾ ਸੀ? ਘਰਦਿਆਂ ਦਾ 'ਕੱਲਾ-'ਕੱਲਾ ਪੁੱਤ, ਸੀਰੀਆਂ ਦੀ ਬੁਰੀ ਸੰਗਤ ਵਿਚ ਪੈ ਕੇ, ਨਸ਼ਿਆਂ ਵਿਚ ਡੁੱਬ ਗਿਆ। ਪਹਿਲਾਂ ਚੋਰੀ ਛੁਪੇ ਬੀੜੀਆਂ, ਸਿਗਰਟਾਂ ਪੀਣ ਲੱਗ ਪਿਆ। ਹੌਲੀ ਹੌਲੀ ਉਮਰ ਦੇ ਹਿਸਾਬ ਨਾਲ ਤਰੱਕੀ ਵਧਦੀ-ਵਧਦੀ ਦਾਰੂ 'ਤੇ ਪੁੱਜ ਗਈ। ਫਿਰ ਤੁਰਦੇ ਸਮੇਂ ਦੇ ਨਾਲ-ਨਾਲ ਬਿਸ਼ਨਾ ਅਫ਼ੀਮ, ਡੋਡੇ ਅਤੇ ਭੁੱਕੀ ਵੀ ਚਾੜ੍ਹਨ ਲੱਗ ਪਿਆ।

ਬਿਸ਼ਨੇ ਦੀ ਮਾਂ ਬਿਸ਼ਨੇ ਅੱਗੇ ਬਥੇਰੇ ਤਰਲੇ ਪਾਉਂਦੀ, "ਹਾੜ੍ਹੇ ਵੇ ਪੁੱਤਾ! ਨਸ਼ੇ ਛੱਡ ਦੇਹ, ਭਾਵੇਂ ਪੈਰੀਂ ਚੁੰਨੀ ਧਰਾ ਲੈ! ਹਾੜ੍ਹੇ ਮੇਰਾ ਸ਼ੇਰ! ਜੇ ਕਹੇਂ ਤੇਰੇ ਅੱਗੇ ਮੈਂ ਦੁੱਧ ਘਿਉ ਦੀਆਂ ਨਦੀਆਂ ਵਗਾ ਦਿਆਂ।" ਬੁੜ੍ਹੀ ਹੱਥ ਜੋੜਦੀ।

-"ਕੋਈ ਨਾ ਬੇਬੇ, ਛੱਡ ਦਿਊਂਗਾ। ਅਜੇ ਬਥੇਰੀ ਉਮਰ ਪਈ ਐ ਨਸ਼ੇ ਛੱਡਣ ਦੀ। ਕੋਈ ਨ੍ਹੀ ਨਸ਼ਿਆਂ ਨਾਲ ਗੋਲੀ ਵੱਜਦੀ!" ਬਿਸ਼ਨਾ ਅੱਗਿਓਂ ਸੁਣਾਈ ਕਰਦਾ।

ਬੁੜ੍ਹੀ ਹੱਥ ਜੋੜਦੀ ਹੰਭ ਜਾਂਦੀ। ਪਰ ਬਿਸ਼ਨੇ ਅੱਗੇ ਬੀਨ ਵਜਾਉਣ ਦਾ ਕੋਈ ਫ਼ਾਇਦਾ ਨਹੀਂ ਸੀ। ਬਿਸ਼ਨਾ ਬੰਧਾ ਘੜਾ ਬਣਿਆ ਰਿਹਾ, ਪਾਣੀ ਦੀ ਬੂੰਦ ਕੋਈ ਅਸਰ ਨਾ ਕਰ ਸਕੀ।

ਰੱਬ ਅੱਗੇ ਕਿਸ ਦੀ ਵਾਹ? ਬਿਸ਼ਨੇ ਦੀ ਮਾਂ ਵਿਚਾਰੀ ਨਾਨਕਾ ਮੇਲ ਗਈ, ਜਾਗੋ ਦੀ ਗਾਗਰ ਚੁੱਕੀ ਜਾਂਦੀ ਤਿਲਕ ਕੇ ਡਿੱਗ ਪਈ। ਅੱਧਾ ਸਰੀਰ ਝੁਲਸਿਆ ਗਿਆ। ਤਕਰੀਬਨ ਮਹੀਨਾ ਭਰ ਹਸਪਤਾਲ 'ਚ ਰੱਖੀ ਅਤੇ 'ਪੂਰੀ' ਹੋ ਗਈ। ਘਰ 'ਭਾਂ-ਭਾਂ' ਕਰਨ ਲੱਗ ਪਿਆ। ਬਿਸ਼ਨੇ ਦੇ ਅਮਲ ਹੋਰ ਵਧਾ ਦਿੱਤਾ। ਜੇ ਬਿਸ਼ਨੇ ਦਾ ਬਾਪੂ ਉਸ ਨੂੰ ਨਸ਼ੇ ਬਾਰੇ ਟੋਕਦਾ ਤਾਂ ਅੱਗੋਂ ਬਿਸ਼ਨਾ ਬੜੇ ਮਜਾਜ ਨਾਲ ਜਵਾਬ ਮੋੜਦਾ, "ਇਹ ਨਸ਼ੇ ਮੈਂ ਚਾਅ ਨੂੰ ਨ੍ਹੀ ਖਾਂਦਾ ਬਾਪੂ! ਮੈਨੂੰ ਤਾਂ ਮੇਰੀ ਬੇਬੇ ਯਾਦ ਆਈ ਜਾਂਦੀ ਐ।"

ਪਰ ਦੌਲਤੀ ਸੜਦਾ ਕੁੜ੍ਹਦਾ ਚੁੱਪ ਹੋ ਜਾਂਦਾ। ਸੰਤੀ ਦੇ ਮਰਨ ਪਿੱਛੋਂ ਘਰ ਵਿਚ ਰੋਟੀ-ਟੁੱਕ ਦਾ ਮੁਸ਼ਕਿਲ ਹੋ ਗਿਆ। ਦੌਲਤੀ ਨੇ ਰਿਸ਼ਤੇਦਾਰਾਂ ਵਿਚ ਬਿਸ਼ਨੇ ਦੇ ਵਿਆਹ ਦੀ ਗੱਲ ਚਲਾਈ। ਅਖੀਰ ਰੱਬ ਨੇ ਮਿਹਰ ਕੀਤੀ। ਮਾੜੇ ਮੋਟੇ ਘਰੋਂ ਅਮਲੀ ਨੂੰ 'ਬਹੂ' ਮਿਲ ਗਈ। ਖ਼ੁਸ਼ਕਿਸਮਤ ਅਮਲੀ ਸੰਧੂਰੀ ਪੱਗ ਦੀ ਤੁਰਲੀ ਛੱਡ ਕੇ ਮੁਕਲਾਵਾ ਲੈ ਆਇਆ। ਬਹੂ ਬਿਸ਼ਨੇ ਦੀ ਬੰਜਰ ਉਜਾੜ ਜ਼ਿੰਦਗੀ ਵਿਚ ਫੁੱਲ ਬਣ ਟਹਿਕ ਪਈ ਸੀ। ਪਹਿਲੀ ਵਾਰ ਬਿਸ਼ਨੇ ਨੂੰ ਜ਼ਿੰਦਗੀ ਵਿਚ ਸੁਖ-ਅਰਾਮ ਮਹਿਸੂਸ ਹੋਇਆ ਸੀ। ਨਹੀਂ ਤਾਂ ਵਿਚਾਰਾ ਬਾਹਰ ਦੇਹਲੀ 'ਤੇ ਬੈਠਾ ਲੋਕਾਂ ਦੀਆਂ ਤੀਮੀਆਂ ਦੇਖ, ਰੱਬ ਨੂੰ ਹੀ ਗਾਲ੍ਹਾਂ ਕੱਢੀ ਜਾਂਦਾ ਰਹਿੰਦਾ, "ਲੋਕਾਂ ਦੇ ਟੁੱਟਲ ਜੇ ਟਣਕ-ਟਣਕ ਵਿਆਹੇ ਜਾਂਦੇ ਐ, ਸਾਡੇ ਵਾਰੀ ਰੱਬ ਦੇ ਪਤਾ ਨ੍ਹੀ ਕਿਉਂ ਕੁੱਤੇ ਫ਼ੇਲ੍ਹ ਹੋ ਜਾਂਦੇ ਐ? ਤੂੰ ਵੀ ਰੱਬਾ ਬੱਸ ਕੁੱਕੜੂੰ ਘੜੂੰ ਈ ਐਂ...!"

ਮੁੰਡੇ-ਖੁੰਡੇ ਬਿਸ਼ਨੇ ਨੂੰ ਮੁਕਲਾਵੇ ਬਾਰੇ ਪੁੱਛਦੇ।

-"ਕਿਉਂ ਅਮਲੀਆ, ਕਿਵੇਂ ਰਿਹਾ ਮੈਚ ਰਾਤ...?" ਤਾਂ ਅਮਲੀ ਅੱਗੋਂ ਚਾਂਬਲ ਗਿਆ, "ਗਹਿ ਗੱਡਮਾ ਰਿਹਾ ਬਾਈ ਸਿਆਂ, ਗਹਿ ਗੱਡਮਾ! ਮੈਂ ਤਾਂ ਪਾ ਦਿੱਤਾ ਗਾਹ। ਕਲ਼ਬ ਦਾ ਬਣਾਤਾ ਟਾਂਗਰ। ਰਾਤ ਤਾਂ ਮੇਰੀ ਕੋਈ ਪੀ. ਟੀ. ਮਾਸਟਰ ਨ੍ਹੀ ਸੀ ਰੀਸ ਕਰ ਸਕਦਾ!"

-"ਵਾਹ ਉਏ ਬੁੜ੍ਹੀ ਦਿਆ ਪੁੱਤਾ! ਤਬੀਤਾਂ ਈ ਖ਼ੁਸ਼ ਕਰਤੀਆਂ।" ਮੁੜੀਹਰ ਥਾਪੀਆਂ ਦਿੰਦੀ।

ਮਾੜੇ ਦਿਨ ਕਿਸੇ ਤੋਂ ਪੁੱਛ ਕੇ ਨਹੀਂ ਆਉਂਦੇ। ਬਿਸ਼ਨੇ ਕੇ ਘਰ 'ਤੇ ਇੱਕ ਹੋਰ ਕਹਿਰ ਟੁੱਟ ਪਿਆ। ਬਿਸ਼ਨੇ ਦਾ ਬਾਪੂ ਰੱਸਾ ਕੱਸਦਾ-ਕੱਸਦਾ ਲਾਂਗੇ ਦੇ ਭਰੇ ਗੱਡੇ ਤੋਂ ਡਿੱਗ ਕੇ ਮਰ ਗਿਆ। ਦੋ ਜੀਅ ਦੋ ਮਹੀਨਿਆਂ ਵਿਚ ਤੁਰ ਗਏ। ਘਰ ਉੱਜੜ ਗਿਆ ਅਤੇ ਅਮਲੀ ਨੇ ਨਸ਼ੇ ਨੂੰ ਦੁੱਗਣਾ ਕਰ ਦਿੱਤਾ। ਇਸ ਕਰਕੇ ਘਰੇ ਡਾਂਗ ਖੜਕਣ ਲੱਗ ਪਈ। ਬਿਸ਼ਨੇ ਦੇ ਘਰਵਾਲੀ ਧੰਨ ਕੌਰ ਨਸ਼ੇ ਤੋਂ ਬਥੇਰਾ ਵਰਜਦੀ। ਪਰ ਅਮਲੀ ਨੇ ਇੱਕ ਨਾ ਮੰਨੀ। ਸਗੋਂ ਉਹ ਅੱਗੋਂ ਟਕੇ ਵਰਗੀ ਗੱਲ ਸੁਣਾਉਂਦਾ, "ਮੈਂ ਤੇਰੇ ਪਿਉ ਤੋਂ ਮੰਗ ਕੇ ਖਾਨੈਂ, ਕੁੱਤੀਏ?"

ਆਖ਼ਰਕਾਰ ਅਗਲੀ ਦੁਖੀ ਹੋ ਕੇ ਕਿਸੇ ਅਫ਼ੀਮ ਵੇਚਣ ਵਾਲੇ ਨਾਲ ਤੁਰ ਗਈ। ਸਾਰੇ ਪਿੰਡ ਨੂੰ ਮੂੰਹੋਂ-ਮੂੰਹ ਪਤਾ ਚੱਲ ਗਿਆ ਸੀ ਕਿ ਬਿਸ਼ਨੇ ਦੀ ਤੀਵੀਂ ਬਿੱਲੂ ਬਲੈਕੀਏ ਨਾਲ ਨਿਕਲ ਗਈ ਸੀ। ਪਰ ਅਮਲੀ ਇਸ ਗੱਲ ਨੂੰ ਜ਼ਾਹਿਰ ਨਾ ਕਰਦਾ। ਜੇਕਰ ਮੁੜੀਹਰ 'ਸ਼ੋਲੇ' ਫ਼ਿਲਮ ਦਾ ਡਾਇਲਾਗ ਕੱਸ ਕੇ ਪੁੱਛਦੀ, "ਕਿਉਂ ਅਮਲੀਆ? ਭਾਗ ਗਈ ਤੇਰੀ ਧੰਨੋ??" ਤਾਂ ਅਮਲੀ ਅੱਗੋਂ ਕੜਾਕੇਦਾਰ ਗੱਲ ਕਰਦਾ, "ਨਹੀਂ ਬਾਈ! ਉਹ ਤਾਂ ਬਿਚਾਰੀ ਬੱਤੀ ਸੁਲੱਖਣੀ ਗੋਪਾਲ ਮੋਚਨ ਨ੍ਹਾਉਣ ਗਈ ਐ। ਗੱਲ ਮੁੰਡਿਓ ਸੋਚ ਕੇ ਕਰਿਆ ਕਰੋ! ਚੰਦ 'ਤੇ ਥੁੱਕਿਆ ਆਬਦੇ ਮੂੰਹ 'ਤੇ ਪੈਂਦੈ!"

ਪਰ ਮੁੜੀਹਰ ਹੱਸ ਛੱਡਦੀ।

ਹੌਲੀ-ਹੌਲੀ ਖਰਚੇ ਵਧਦੇ ਗਏ ਤਾਂ ਉਸ ਨੇ ਜ਼ਮੀਨ ਨੂੰ ਵਾਢਾ ਪਾ ਲਿਆ।



ਹੁਣ ਅਮਲੀ ਮੁੜੀਹਰ ਦਾ ਪ੍ਰਧਾਨ ਹੁੰਦਾ ਸੀ। ਉਹ ਉਨ੍ਹਾਂ ਨੂੰ ਭਾਂਤ-ਭਾਂਤ ਦੀਆਂ ਘਤਿੱਤਾਂ ਸਿਖਾਉਂਦਾ ਰਹਿੰਦਾ।

ਬਿਸ਼ਨੇ ਕੇ ਪਿੰਡ ਇਕ ਸਾਧ ਆ ਗਿਆ। ਉਹ ਸਾਧ ਸਰਦੀਆਂ ਵਿਚ ਜਲਧਾਰਾ ਕਰਦਾ ਸੀ ਅਤੇ ਗਰਮੀਆਂ ਵਿਚ ਧੂੰਣਾਂ ਤਾਪਦਾ ਸੀ। ਸਾਲ ਵਿਚ ਦੋ ਵਾਰ ਸਵਾ-ਸਵਾ ਮਹੀਨਾ ਇੱਕ ਲੱਤ 'ਤੇ ਖੜ੍ਹ ਕੇ ਪਾਠ ਕਰਦਾ ਸੀ। ਕਾਫ਼ੀ ਚਰਚਾ ਸੀ ਇਸ ਸਾਧ ਦੀ ਇਸ ਇਲਾਕੇ ਵਿਚ।

ਇੱਕ ਦਿਨ ਅਮਲੀ ਆਪਣੀ ਕੌਂਸਲ ਸਮੇਤ ਸੱਥ ਵਿਚ ਬੈਠਾ ਬਾਤਾਂ ਸੁਣਾ ਰਿਹਾ ਸੀ। ਮੁੜੀਹਰ ਨੂੰ ਸਾਧ ਸੱਥ ਵੱਲ ਆਉਂਦਾ ਨਜ਼ਰ ਪਿਆ ਤਾਂ ਸਾਰੀ ਮੁੜੀਹਰ ਹੱਥ ਜੋੜ ਕੇ ਖੜ੍ਹ ਗਈ।

-"ਅਮਲੀਆ, ਖੜ੍ਹਾ ਹੋ ਜਾ।" ਕਿਸੇ ਨੇ ਕਿਹਾ।

-"ਕਿਉਂ? ਕਾਹਤੋਂ??" ਅਮਲੀ ਦਾ ਨਸ਼ਾ ਖਿੜਿਆ ਹੋਇਆ ਸੀ।

-"ਬਾਬੇ ਆਉਂਦੇ ਐ-।"

-"ਬਾਬੇ ਆਉਂਦੇ ਐ ਲੰਘ ਜਾਣਗੇ, ਖੜ੍ਹਾ ਹੋਣ ਨੂੰ ਬਾਬੇ ਕਿਹੜਾ ਮੋਕ ਮਾਰਦੇ ਐ ਬਈ ਛਿੱਟੇ ਪੈ ਜਾਣਗੇ?"

ਹੱਸਦੀ ਮੁੜੀਹਰ ਦੀਆਂ ਵੱਖੀਆਂ ਟੁੱਟ ਗਈਆਂ।

ਹੁਣ ਅਮਲੀ ਨੂੰ ਪੰਜਾਬ ਦੇ ਮਾੜੇ ਹਾਲਾਤ ਨੇ ਬੜਾ ਪ੍ਰਭਾਵਿਤ ਕੀਤਾ ਸੀ। ਉਹ ਆਪਣੇ 'ਸ਼ਾਗਿਰਦਾਂ' ਨੂੰ ਮੱਤਾਂ ਦਿੰਦਾ, "ਮੁੰਡਿਓ ਗੱਲ ਸੁਣ ਲਓ, ਓਪਰੇ ਬੰਦੇ ਨੂੰ ਸਾਸਰੀਕਾਲ ਕਹਿ ਕੇ, ਨਿਮਰਤਾ ਨਾਲ ਬੁਲਾਇਆ ਕਰੋ। ਉਹ ਗੱਲ ਨਾ ਹੋਵੇ ਬਈ ਤੁਸੀਂ ਕਿਸੇ ਨਾਲ ਆਕੜ ਪਵੋਂ ਤੇ ਕੁਦਰਤੀ 'ਉਹ' ਨਿਕਲ ਆਉਣ, ਗੋਲੀ ਵੀ ਕਹਿੰਦੇ ਪਤੰਦਰ ਚੂਕਣੋ 'ਚ ਮਾਰਦੇ ਐ। ਸਮਝਗੇ?"

ਅੱਜ ਅਮਲੀ ਨੇ ਨਵਾਂ-ਨਵਾਂ ਕਿੱਲਾ ਗਹਿਣੇ ਧਰਿਆ ਸੀ। ਜਿਸ ਕਰਕੇ ਉਸ ਦੀਆਂ ਢਿੱਬਰੀਆਂ ਟਾਈਟ ਸਨ ਅਤੇ ਜੇਬ ਵੀ ਕਾਫ਼ੀ ਗਰਮ ਸੀ। ਅਮਲੀ ਨੇ ਸਾਰਿਆਂ ਨੂੰ 'ਸਾਸਰੀਕਾਲ' ਬੁਲਾਈ।

-"ਆ ਬਈ ਬਿਸ਼ਨ ਸਿਆਂ, ਆ ਬੈਠ, ਸੁਣਾ ਕੋਈ ਨਵੀਂ ਤਾਜ਼ੀ। ਤੂੰ ਤਾਂ ਸ਼ਹਿਰੋਂ ਆਇਐਂ।" ਕਿਸੇ ਨੇ ਫ਼ਾਂਟ ਚਾੜ੍ਹੀ।

-"ਕਾਹਦੀ ਨਮੀ ਤਾਜ਼ੀ ਐ, ਟਰੱਕ ਫੜਿਆ ਗਿਆ ਬੋਰਿਆਂ ਦਾ ਭਰਿਆ ਡੋਡਾ।" ਅਮਲੀ ਨਸ਼ੇ ਦੀ ਲੋਰ ਵਿਚ ਕੁਝ ਹੋਰ ਹੀ ਕਹੀ ਜਾ ਰਿਹਾ ਸੀ।

-"ਕੀ ਕਿਹੈ?" ਕਿਸੇ ਦੇ ਕੱਖ ਪੱਲੇ ਨਹੀਂ ਪਿਆ ਸੀ।

-"ਮੈਖਿਆ ਟਰੱਕ ਫੜਿਆ ਗਿਆ ਬੋਰਿਆਂ ਦਾ ਭਰਿਆ ਡੋਡਾ। ਹੋਰ ਮੈਂ ਕਿਹੜਾ ਸੰਸਕਿਰਤ ਬੋਲਦੈਂ?" ਅਮਲੀ ਨੇ ਦੂਹਰਾ ਕੇ ਠੂਣਾਂ ਅਗਲੇ ਦੇ ਸਿਰ ਹੀ ਭੰਨਿਆਂ।

ਪਰ ਫਿਰ ਸਾਰੇ ਸੁਆਲੀਆ ਨਜ਼ਰਾਂ ਨਾਲ ਝਾਕ ਰਹੇ ਸਨ।

-"ਉਏ ਇਹਨੂੰ ਲੰਡੀਆਂ ਖਾਧੀਆਂ 'ਚ ਪਤਾ ਨ੍ਹੀ ਲੱਗਦਾ। ਪਤੈ ਇਹੇ ਕੀ ਕਹਿਣਾ ਚਾਹੁੰਦੈ?" ਕੋਈ ਗੂੰਗੇ ਦੀ ਮਾਂ, ਰਮਜ਼ ਸਮਝਣ ਵਾਲਾ ਕੋਲ ਹੀ ਬੈਠਾ ਸੀ।

-"ਕੀ ਕਹਿਣਾ ਚਾਹੁੰਦੈ?" ਮੁੜੀਹਰ ਨੇ ਪੁੱਛਿਆ।

-"ਇਹ ਕਹਿਣਾ ਚਾਹੁੰਦੈ ਬਈ ਡੋਡਿਆਂ ਨਾਲ ਭਰੇ ਬੋਰਿਆਂ ਦਾ ਟਰੱਕ ਫੜਿਆ ਗਿਆ।" ਉਸ ਨੇ ਅਮਲੀ ਦੀ ਗੱਲ ਨੂੰ ਨਿਖਾਰ ਕੇ ਦੱਸਿਆ।

-"ਕਿਹੜੈ? ਚੱਕ ਤਾਰੇਆਲ਼ੇ ਆਲ਼ਿਆਂ ਦਾ ਰਣਜੀਤ ਤਾਂ ਨ੍ਹੀ ਤੂੰ?" ਅੰਧੀਆਂ ਅੱਖਾਂ ਖੋਲ੍ਹਦੇ ਅਮਲੀ ਨੇ ਅਵਾਜ਼ ਪਹਿਚਾਣ ਕੇ ਪੁੱਛਿਆ।

-"ਆਹੋ ਚਾਚਾ, ਮੈਂ ਈ ਆਂ।"

-"ਉਏ ਬੱਲੇ ਉਏ ਮੇਰਿਆ ਸੋਹਣਿਆਂ! ਪਾੜ੍ਹਿਆ 'ਖ਼ਬਾਰ ਖ਼ਬੂਰ ਨ੍ਹੀ ਪੜ੍ਹਿਆ?"

-"ਪੜ੍ਹਿਐ ਚਾਚਾ, ਆਹ ਦੇਖ ਲੈ, ਨਾਲ ਈ ਚੱਕੀ ਫਿਰਦੈਂ।"

-"ਦੇਖਗਾਂ ਕੋਈ ਖ਼ਬਰ ਖ਼ੁਬਰ।"

-"ਖ਼ਬਰ ਐ: ਦਾਜ ਦੀ ਖ਼ਾਤਰ ਇੱਕੀ ਸਾਲਾਂ ਦੀ ਮੁਟਿਆਰ ਮਿੱਟੀ ਦਾ ਤੇਲ ਪਾ ਕੇ ਸਾੜ ਦਿੱਤੀ।"

-"ਬਾਖ਼ੂ! ਬਾਖ਼ੂ!" ਅਮਲੀ ਨੇ ਸਿਰ ਫੇਰਿਆ, "ਕੀ ਲੋਹੜੈ ਬਈ, ਕੁਛ ਨ੍ਹੀ ਕਰਦੀ ਆਪਣੀ ਗੌਰਮਿਲਟ ਵੀ। ਓਪਰ ਬੈਠੇ ਭਕਾਈ ਮਾਰੀ ਜਾਣਗੇ: ਹਮਾਰਾ ਦੇਸ਼ ਬਹੁਤ ਖ਼ੁਸ਼ਹਾਲ ਹੈ। ਆਹ ਗੇੜੇ ਦੇਣੀ ਗੌਰਮਿਲਟ ਨੂੰ ਕਰਨ ਮੇਰੇ ਕੋਲੇ। ਗਿੱਟੇ ਈ ਗਿੱਟੇ ਕੁੱਟਾਂ ਮਾਵਾ ਖਾ ਕੇ। ਹਾਂ ਪਾੜ੍ਹਿਆ ਹੋਰ ਕੋਈ ਖ਼ਬਰ?"

"ਅੱਗੇ ਖ਼ਬਰ ਐ ਚਾਚਾ, ਅਖ਼ਬਾਰਾਂ ਵੰਡਣ ਵਾਲੇ ਦੋ ਹਾਕਰ ਗੋਲੀਆਂ ਨਾਲ ਹਲਾਕ, ਅੱਗੇ ਤੋਂ ਹਰ ਹਾਕਰ ਨੂੰ ਦੋ ਸੀ ਆਰ ਪੀ ਦੇ ਜਵਾਨ ਦਿੱਤੇ ਜਾਣਗੇ।"

"ਆਹ ਅਖ਼ਬਾਰਾਂ ਆਲੇ ਦਾ ਤਾਂ ਬੜਾ ਮਸੋਸ ਹੋਇਆ। ਪਰ ਆਪਣੀ ਗੋਰਮਿਲਟ ਐਨੀ ਫੁੱਦੂ ਕਿਉਂ ਐ ਯਾਰ? ਅਖ਼ਬਾਰ ਵੰਡਣ ਆਲੇ ਨੂੰ ਸੀ ਆਰ ਪੀ ਦੇ ਦੋ ਜੁਆਨ ਦੇਣ ਦੀ ਕੀ ਜ਼ਰੂਰਤ ਐ? ਸੀ ਆਰ ਪੀ ਆਲਿਆਂ ਨੂੰ ਈ 'ਖ਼ਬਾਰਾਂ ਕਿਉਂ ਨ੍ਹੀ ਵੰਡਣ ਲਾ ਦਿੰਦੇ? ਪਰ ਗੌਰਮਿਲਟ ਨੂੰ ਘਰੋਂ ਖਾ ਕੇ ਕਿਹੜਾ ਮੱਤ ਦੇਵੇ? ਹਾਂ, ਅੱਗੇ ਬੋਲ ਪਾੜ੍ਹਿਆ!"

"ਅੱਗੇ ਖ਼ਬਰ ਐ ਚਾਚਾ, ਇੱਕ ਅਧਿਆਪਕਾ ਨੇ ਚਾਰ ਬੱਚਿਆਂ ਨੂੰ ਜਨਮ ਦਿੱਤਾ।"

"ਇਹ ਅਧਿਆਪਕਾ ਕੀ ਹੁੰਦੀ ਐ?" ਅਮਲੀ ਨੇ ਪੁੱਛਿਆ।

-"ਅਧਿਆਪਕਾ ਚਾਚਾ ਮਾਸਟਰਨੀ ਹੁੰਦੀ ਐ।"

"ਕੱਠੇ ਚਾਰ ਬੱਚੇ?"

"ਹਾਂ ਜੀ!"

"ਬੱਲੇ ਨ੍ਹੀ ਪੰਜਾਬ ਦੀਏ ਸ਼ੇਰ ਬੱਚੀਏ...!" ਅਮਲੀ ਡੰਡ ਬੈਠਕਾਂ ਕੱਢਣ ਲੱਗ ਪਿਆ, "ਕਮਾਲ ਈ ਕਰਤੀ ਬਈ! ਸਾਡੀ ਮੌਲਤ ਜੀ ਕੰਜਰ ਦੀ ਇੱਕ ਨ੍ਹੀ ਜੰਮ ਸਕੀ।" ਅਮਲੀ ਨੇ ਨੱਕ ਚਾੜ੍ਹਿਆ।


-"ਹੂੰ...! ਉਠਿਆ ਅਖੇ ਆਪ ਤੋਂ ਨਾ ਜਾਵੇ, ਫਿੱਟੇ ਮੂੰਹ ਗੋਡਿਆਂ ਦੇ! ਕਣ ਕੰਡਾ ਅਮਲੀਆ ਤੇਰੇ 'ਚ ਹੈਨ੍ਹੀ ਸੀ ਤੇ ਗਾਲ੍ਹਾਂ ਵਿਚਾਰੀ ਧੰਨੋ ਨੂੰ? ਛੱਡਦਾ ਤੂੰ ਮੇਰੇ ਕੋਲੇ, ਜੇ ਜੌੜੇ ਜੁਆਕ ਨਾ ਸਿੱਟਦੀ।" ਕਿਸੇ ਨੇ ਪਾਸਿਓਂ ਚੋਭ ਭਰੀ ਤਰਕ ਲਾਈ।

"ਤੂੰ ਕੀਹਦਾ ਕੁਛ ਐਂ ਉਏ ਹਰਾਮਦਿਆ?" ਅਮਲੀ ਸਾਹਣ ਵਾਂਗ ਭੂਸਰ ਗਿਆ।

ਦੋਵੇਂ ਜੱਫ਼ੋ-ਜੱਫ਼ੀ ਹੋਣ ਹੀ ਲੱਗੇ ਸਨ ਕਿ ਮੁੜੀਹਰ ਨੇ ਵਿਚ ਪੈ ਕੇ ਛੁਡਾ ਦਿੱਤੇ ਅਤੇ ਫਿਰ ਅਚਾਨਕ ਮੀਂਹ ਵਰ੍ਹ ਪੈਣ ਕਰਕੇ ਮੇਲਾ ਵਿਛੜ ਗਿਆ।

# ਸਾੜੇ ਦਾ ਉਬਾਲ਼ਾ !

ਹੁਣ ਤਾਂ ਸਾਨੂੰ ਵੀ ਅਮਰੀਕਾ ਆਇਆਂ ਅਠਾਰਾਂ ਸਾਲ ਹੋ ਚੱਲੇ! ਇਹ ਗੱਲ ਉਦੋਂ ਦੀ ਹੈ ਜਦ ਵੱਡੀ ਭੈਣ ਵਲੋਂ ਮੇਰੀ 'ਬਲੱਡ ਰਿਲੇਸ਼ਨ' ਵਾਲੀ ਪਟੀਸ਼ਨ ਹੋ ਚੁੱਕੀ ਸੀ। ਕਿਸੇ ਕੰਮ ਲਾਗਲੇ ਪਿੰਡ ਗਿਆ ਹੋਇਆ ਸਾਂ। ਗਰਮੀਆਂ ਦੀ ਰੁੱਤੇ ਪਿੰਡ ਦੇ ਬੋਹੜ ਥੱਲੇ ਮੁੰਡਿਆਂ ਨੇ ਮਹਿਫਲ ਲਾਈ ਹੋਈ ਸੀ। ਉਨ੍ਹਾਂ 'ਚ ਬੈਠਾ ਅਮਰੀਕਾ ਤੋਂ



ਤਰਲੋਚਨ ਸਿੰਘ 'ਦੁਪਾਲਪੁਰ'
ਫੋਨ: 001-408-915-1268

ਪਿੰਡ ਆਇਆ ਇਕ ਮੁੰਡਾ ਉੱਥੋਂ ਦੇ ਕਲਚਰ ਤੇ ਕੰਮਾਂ ਕਾਰਾਂ ਬਾਰੇ ਰੰਗ-ਬਰੰਗੀਆਂ ਗੱਲਾਂ ਸੁਣਾ ਰਿਹਾ ਸੀ! ਪੇਂਡੂ ਮੁੰਡੇ ਬੜੀ ਦਿਲਚਸਪੀ ਨਾਲ ਉਹਨੂੰ ਸੁਣ ਰਹੇ ਸਨ!

ਅਮਰੀਕਾ ਬਾਰੇ ਅਗਾਊਂ ਸੋਝੀ ਲੈਣ ਦੀ ਮਨਸ਼ਾ ਨਾਲ ਮੈਂ ਵੀ ਉੱਥੇ ਬਹਿ ਗਿਆ। ਇਕ ਮੁੰਡੇ ਵਲੋਂ ਉਹਨੂੰ ਅਮਰੀਕਾ ਵਿਚ ਗਲ਼ੀ-ਮੁਹੱਲਿਆਂ ਤੇ ਘਰਾਂ ਮਕਾਨਾਂ ਬਾਰੇ ਪੁੱਛਿਆ ਗਿਆ ਤਾਂ ਉਹ ਸਾਹਮਣੇ ਇਕ ਦੋ-ਮੰਜ਼ਲੀ ਕੋਠੀ ਵੱਲ ਹੱਥ ਕਰ ਕੇ ਦੱਸਣ ਲੱਗਾ ਕਿ ਉੱਥੇ ਮੇਰਾ ਘਰ ਔਹ ਕੋਠੀ ਨਾਲੋਂ ਵੀ ਕਾਫ਼ੀ ਵੱਡਾ ਐ!

ਏਨੇ ਚਿਰ ਨੂੰ ਉੱਥੇ ਇਸੇ ਪਿੰਡ ਦਾ ਇਕ ਉਹ ਮੁੰਡਾ ਵੀ ਆਪਣੀ ਟ੍ਰੈਕਟਰ-ਟਰਾਲੀ ਲੈ ਕੇ ਆ ਪਹੁੰਚਾ, ਜਿਹਦੇ ਬਾਰੇ ਪਿੰਡ 'ਚ ਚੁਰ-ਚੁਰਾ ਹੁੰਦੀ ਸੀ ਕਿ ਉਹ ਅਮਰੀਕਾ ਤੋਂ 'ਡਿਪੋਰਟ' ਕੀਤਾ ਹੋਇਆ ਹੈ! ਪਰ ਉਹ ਦੱਸਦਾ ਹੁੰਦਾ ਸੀ ਕਿ ਮੇਰਾ ਉੱਥੇ ਦਿਲ ਨਹੀਂ ਸੀ ਲੱਗਾ, ਤਦ ਵਾਪਸ ਆ ਗਿਆਂ !! ਮਿੱਤਰਾਂ ਦੀ ਮਹਿਫਿਲ ਦੇਖ ਉਹ ਵੀ ਟ੍ਰੈਕਟਰ ਖੜ੍ਹਾ ਕਰ ਕੇ ਉੱਥੇ ਆ ਸਜਿਆ!

ਅਮਰੀਕਾ ਵਾਲੇ ਮੁੰਡੇ ਮੂੰਹੋਂ ਆਪਣੇ 'ਵੱਡੇ ਘਰ' ਦੀਆਂ ਸਿਫ਼ਤਾਂ ਸੁਣ ਕੇ ਉਹ ਮੁੰਡਾ, ਆਪਣੀ ਟਰਾਲੀ ਵੱਲ ਨੂੰ ਹੱਥ ਕਰ ਕੇ ਅਮਰੀਕਨ ਨੂੰ ਕਹਿੰਦਾ,

'ਓਏ ਕੰਜਿਆ, ਮੈਂ ਦੇਖੇ ਹੋਏ ਆ 'ਤੇਰੇ ਅਮਰੀਕਾ' ਵਾਲ਼ੇ ਘਰ ਵੀ ਭਰਾਵਾ!...ਬਣੇ ਹੋਏ ਓਸ ਘਰ ਦੇ ਸਾਰੇ ਫੱਟੇ-ਫੱਟੀਆਂ, ਜੇ ਢਾਹ ਕੇ ਲੱਦਣੇ ਹੋਣ ਤਾਂ ਮੇਰੀ ਔਹ ਇਕੋ ਟਰਾਲੀ ਵਿਚ ਹੀ ਲੱਦ ਹੋ ਜਾਣ!



ਮਹਿਫਿਲ 'ਚ ਹਾਸਤ ਮੱਚ ਗਈ !!

ਕੁਝ ਦਿਨ ਪਹਿਲਾਂ ਮੈਂ ਆਪਣੇ ਸ਼ਹਿਰ 'ਚ ਆਹ ਘਰ ਬਣਦਾ ਦੇਖਿਆ ਤਾਂ ਮੈਨੂੰ ਉਕਤ ਗੱਲ ਯਾਦ ਆ ਗਈ! ਉਦੋਂ ਤਾਂ ਮੈਨੂੰ ਲੱਗਿਆ ਸੀ ਕਿ ਅਮਰੀਕਾ ਤੋਂ ਮੁੜੇ ਹੋਏ ਮੁੰਡੇ ਨੇ ਸਾੜੇ ਨਾਲ ਗੱਲ ਕਹੀ ਹਊ ਪਰ 'ਫੱਟੇ ਫੱਟੀਆਂ' ਨਾਲ ਬਣ ਰਿਹਾ ਘਰ ਦੇਖ ਕੇ ਸੋਚਿਆ ਕਿ ਉਸਨੇ ਸਚਾਈ ਹੀ ਤਾਂ ਦੱਸੀ ਸੀ!

ਦੋਸਤੋ ਸਚਾਈ ਮੰਨੀਏ ਕਿ ਸਾੜਾ? ਨਜ਼ਰੀਆ ਤੇ ਸੋਚਣੀ ਆਪੋ ਆਪਣੀ!

# ਸੁਤੰਤਰ ਭਾਰਤ ਦੇ 75 ਸਾਲਾਂ ’ਤੇ ਇਕ ਝਾਤ

## ਨਿੱਕ ਸੁੱਕ



ਗੁਲਜ਼ਾਰ ਸਿੰਘ ਸੰਧੂ
ਫੋਨ: 91-98157-78469
Sandhugulzar@yahoo.com

ਸੁਤੰਤਰ ਭਾਰਤ ਦੀਆਂ 75 ਵਰ੍ਹੇ ਦੀਆਂ ਪ੍ਰਾਪਤੀਆਂ ਬਾਰੇ ਵੱਖ-ਵੱਖ ਬਿਆਨ ਆ ਰਹੇ ਹਨ। ਇਕ ਪਾਸੇ ਦੇਸ਼ ਦੀ ਆਜ਼ਾਦੀ ਦੀ 75ਵੀਂ ਵਰ੍ਹੇਗੰਢ ਦੇ ਜਸ਼ਨ ਮਨਾਏ ਜਾ ਰਹੇ ਹਨ ਤੇ ਦੂਜੇ ਪਾਸੇ ਪੰਡਤ ਜਵਾਹਰ ਲਾਲ ਨਹਿਰੂ ਦੀ ਭਾਰਤ ਨੂੰ ਦੇਣ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਛਾਤੀ ਠੋਕ ਕੇ ਲਲਕਾਰਿਆ ਜਾ ਰਿਹਾ ਹੈ ਕਿ ਜੋ ਕੁਝ ਸੁਤੰਤਰ ਭਾਰਤ 70 ਸਾਲਾਂ ਵਿਚ ਨਹੀਂ ਕਰ ਸਕਿਆ ਸੱਤਾਂ ਸਾਲਾਂ ਵਿਚ ਕਰ ਦਿੱਤਾ ਗਿਆ ਹੈ। ਸੱਤਰ ਦਹਾਕੇ ਦੀਆਂ ਪ੍ਰਾਪਤੀਆਂ ਨੂੰ ਨਕਾਰਨ ਵਾਲੀ ਦੇਸ਼ ਦੀ ਵਰਤਮਾਨ ਸਰਕਾਰ ਹੈ। ਏਥੇ ਫਿਰਕੂ ਵੋਟਾਂ ਦਾ ਜਾਦੂ ਫੜਾਂ ਮਾਰਨ ਵਾਲਿਆਂ ਦੇ ਸਿਰ ਚੜ੍ਹ ਕੇ ਬੋਲ ਰਿਹਾ ਹੈ। ਏਸ ਤਰ੍ਹਾਂ ਦਾ ਜਾਦੂ ਸੁਤੰਤਰਤਾ ਪ੍ਰਾਪਤੀ ਤੋਂ ਥੋੜਾ ਪਹਿਲਾਂ ਮੁਹੰਮਦ ਅਲੀ ਜਿਨਾਹ ਦੇ ਮਨ ਮਸਤਕ ਵਿਚ ਘਰ ਕਰ ਚੁੱਕਾ ਸੀ ਜਿਸਦੇ ਸਿੱਟੇ ਵਜੋਂ ਅਖੰਡ ਤੇ ਮਹਾਨ ਹਿੰਦੁਸਤਾਨ ਦੋ ਹਿੱਸਿਆਂ ਵਿਚ ਵੰਡਿਆ ਗਿਆ ਸੀ। ਅੱਜ ਪਾਕਿਸਤਾਨ ਦੀ ਰਾਜਨੀਤੀ ਤੇ ਆਰਥਿਕ ਵਿਕਾਸ ਦੇ ਮਾਹਿਰ ਜਾਣਦੇ ਹਨ ਕਿ ਉਥੋਂ ਦੀ ਆਮ ਜਨਤਾ ਅੱਜ ਵੀ 60-70 ਸਾਲ ਪਹਿਲਾਂ ਵਾਲੇ ਪੜਾਅ ਉੱਤੇ ਖੜ੍ਹੀ ਹੈ। ਰੁੱਖਾਂ ਤੋਂ ਬਿਨਾਂ ਸੜਕਾਂ ਉਦੋਂ ਵਾਂਗ ਹੀ ਭੋਡੀਆਂ ਹਨ। ਪਿੰਡਾਂ ਦੇ ਘਰ ਕੱਚੇ ਹਨ। ਜੇ ਕਿਸੇ ਨੇ ਪੱਕੀਆਂ ਇੱਟਾਂ ਵਰਤੀਆਂ ਹਨ ਤਾਂ ਉਨ੍ਹਾਂ ਉੱਤੇ ਸੀਮਿੰਟ ਦੀ ਟੀਪ ਨਹੀਂ ਕਰਵਾ ਸਕਿਆ। ਕਸਬਿਆਂ ਤੇ ਸ਼ਹਿਰਾਂ ਵਿਚ ਫਲ ਫਰੂਟ ਤੇ ਸੌਦਾ ਵੇਚਣ ਵਾਲੇ ਆਪਣੇ ਆਪ ਨੂੰ ਮੀਂਹ ਕਣੀ ਤੇ ਸਰਦੀ ਗਰਮੀ ਤੋਂ ਬਚਾਉਣ ਲਈ ਸਦੀਆਂ ਪੁਰਾਣੇ ਬਾਸਾਂ ਉੱਤੇ ਕੱਪੜੇ ਦੇ ਤੰਬੂ ਲਾਈ ਬੈਠੇ ਹਨ।

ਭਾਰਤ ਦੇ ਅਜੋਕੇ ਸਿਆਸਤਦਾਨਾਂ ਨੂੰ ਉੱਘੇ ਚਿੰਤਕ ਕਾਰਲ ਮਾਰਕਸ ਦੇ ਕਥਨ ਚੇਤੇ ਕਰਵਾਉਣ ਦੀ ਲੋੜ ਹੈ। ਉਸ ਨੇ ਕਿਹਾ ਸੀ ਕਿ ਇਤਿਹਾਸ ਆਪਣੀ ਚਾਲ ਚੱਲਦਾ ਰਹਿੰਦਾ ਹੈ। ਰੁਕਦਾ ਨਹੀਂ। ਪਰ ਆਪਣੇ ਆਪ ਨੂੰ ਦੁਹਰਾਉਂਦਾ ਜ਼ਰੂਰ ਹੈ। ਪਹਿਲੇ ਪੜਾਅ ਉੱਤੇ ਸੋਗਮਈ ਦੁਖਾਂਤ ਦੇ ਰੂਪ ਵਿਚ ਤੇ ਉਸ ਤੋਂ ਪਿੱਛੋਂ ਹਾਸੋਹੀਣੇ ਢਕੌਂਸਲੇ ਦੇ ਰੂਪ ਵਿਚ। ਸਿਆਣੇ ਤੇ ਸੁਲਝੇ ਹੋਏ ਸਿਆਸਤਦਾਨਾਂ ਨੂੰ ਚਾਹੀਦਾ ਹੈ ਕਿ ਦੁਖਾਂਤ ਵਾਲੀ ਸਥਿਤੀ ਨੂੰ ਢਕੌਂਸਲੇ ਵੱਲ ਤਿਲਕਣ ਤੇ ਖਿਸਕਣ ਤੋਂ ਬਚਾਉਣ। ਕੇਵਲ ਫੜਾਂ ਮਾਰ ਕੇ ਨਹੀਂ। ਪੰਡਤ ਨਹਿਰੂ ਵਾਂਗ ਦੂਰ ਦ੍ਰਿਸ਼ਟੀ ਤੋਂ ਕੰਮ ਲੈ ਕੇ। ਲੋੜ ਹੈ ਤਾਂ ਵਰਤਮਾਨ ਭਾਰਤ ਨੂੰ ਟੁਕੜੇ ਟੁਕੜੇ ਹੋਣ ਤੋਂ ਰੋਕਣ ਦੀ। ਅਜਿਹਾ ਨਾ ਹੋਵੇ ਕਿ ਭੂਤਕਾਲ ਦੇ ਸਿਆਸਤਦਾਨਾਂ ਵਲੋਂ ਉੱਤਰ, ਦੱਖਣ, ਪੂਰਬ, ਪੱਛਮ ਨੂੰ ਸਮੋਈ ਬੈਠਾ ਭਾਰਤ ਹਿੰਦੁਤਵ ਤੇ ਹਿੰਦੀ ਬੋਲਣ ਵਾਲੇ ਕੇਂਦਰੀ ਰਾਜਾਂ ਤਕ ਸੀਮਤ ਹੋ ਕੇ ਰਹਿ ਜਾਵੇ।

ਪੰਡਤ ਨਹਿਰੂ ਨੇ ਆਪਣੇ ਰਾਜਕਾਲ ਵਿਚ ਇਸੇ ਧਾਰਨਾ ਉੱਤੇ ਪਹਿਰਾ ਦਿੱਤਾ। ਉਸਨੇ ਅਨੇਕਤਾ ਵਿਚ ਏਕਤਾ ਨੂੰ ਆਪਣਾ ਸਿਧਾਂਤ ਬਣਾਇਆ ਤੇ ਇਸਨੂੰ ਲਾਗੂ ਕੀਤਾ। ਦੇਸ਼ਵਾਸੀਆਂ ਦੀ ਧਰਮ-ਨਿਰਪੱਖ ਵਿਚਾਰਧਾਰਾ ਤੇ ਹਰ ਕਿਸੇ ਦੇ, ਮੋਢੇ ਨਾਲ ਮੋਢਾ ਡਾਹ ਕੇ। ਇਸਦਾ ਜ਼ਿਕਰ ਉਸ ਸਮੇਂ ਦੀਆਂ ਫਿਲਮਾਂ ਵਿਚ ਵੀ ਆਇਆ। ਪਹਿਲਾਂ 'ਨਯਾ ਦੌਰ' (1957) ਵਿਚ ਫੇਰ 'ਧੂਲ ਕਾ ਫੂਲ' (1959) ਵਿਚ:

ਸਾਥੀ ਹਾਥ ਬੜਾ ਨਾ
ਏਕ ਅਕੇਲਾ ਥਕ ਜਾਏਗਾ
ਮਿਲ ਕਰ ਬੋਝ ਉਠਾਨਾ
ਤੂੰ ਹਿੰਦੂ ਬਨੇਗਾ
ਨਾ ਮੁਸਲਮਾਨ ਬਨੇਗਾ
ਇਨਸਾਨ ਕੀ ਔਲਾਦ ਹੈ
ਇਨਸਾਨ ਬਨੇਗਾ।

ਪੰਡਤ ਨਹਿਰੂ ਕੋਮਲ ਕਲਾਵਾਂ ਦਾ ਵੀ ਰਸੀਆ ਸੀ। ਉਸ ਨੇ ਕੇਵਲ ਸਾਹਿਤ ਅਕਾਡਮੀ, ਸੰਗੀਤ ਨਾਟਕ ਅਕਾਡਮੀ ਤੇ ਲਲਿਤ ਕਲਾ ਅਕਾਡਮੀ ਹੀ ਸਥਾਪਤ ਨਹੀਂ ਕੀਤੀਆਂ ਫਿਲਮ ਐਂਡ ਟੈਲੀਵੀਜ਼ਨ ਇੰਸਟੀਚਿਊਟ ਤੇ ਫਿਲਮ ਡਿਵੈਲਪਮੈਂਟ ਕਾਰਪੋਰੇਸ਼ਨ ਵੀ ਸਥਾਪਤ ਕੀਤੀ। ਵੱਡੀ ਗੱਲ ਇਹ ਕਿ ਇਨ੍ਹਾਂ ਦੀ ਸਥਾਪਨਾ ਵਿਚ ਯੋਗ ਅਗਵਾਈ ਲੈਣ ਲਈ ਉਸਨੇ ਦੁਨੀਆ ਭਰ ਦੇ ਮਾਹਿਰਾਂ ਨੂੰ ਭਾਰਤ ਸੱਦਿਆ ਤੇ ਉਨ੍ਹਾਂ ਦਾ ਸਨਮਾਨ ਕੀਤਾ। ਐਵੇਂ ਤਾਂ ਨਹੀਂ ਉਨ੍ਹਾਂ ਸਮਿਆਂ ਦੇ ਖਵਾਜਾ ਅਹਿਮਦ ਅੱਬਾਸ, ਚੇਤਨ ਆਨੰਦ, ਰਾਜ ਕਪੂਰ ਤੇ ਮਹਿਬੂਬ ਖਾਨ ਉਸਦਾ ਆਦਰ ਕਰਦੇ ਰਹੇ। ਦਲੀਪ ਕੁਮਾਰ ਤਾਂ ਉਸ ਨੂੰ ਆਪਣਾ ਨਾਇਕ ਮੰਨਦਾ ਸੀ।

ਜਵਾਹਰ ਲਾਲ ਨਹਿਰੂ ਨੇ ਆਪਣੀ ਰਚਨਾ 'ਡਿਸਕਵਰੀ ਆਫ ਇੰਡੀਆ' (ਭਾਰਤ ਦੀ ਪਹਿਚਾਣ) ਕੇਵਲ ਲਿਖੀ ਹੀ ਨਹੀਂ ਜੀਵੀ ਵੀ। ਇਹ ਕੋਈ ਛੋਟੀ ਗੱਲ ਨਹੀਂ ਕਿ ਦੱਖਣੀ ਅਫਰੀਕਾ ਦੇ ਨੇਤਾ ਨੈਲਸਨ ਮੰਡੇਲਾ ਨੇ 27 ਸਾਲ ਜੇਲ੍ਹ ਵਿਚ ਰਹਿਣ ਪਿੱਛੋਂ ਆਪਣੇ ਦੇਸ਼ ਦੀ ਵਾਗਡੋਰ ਸੰਭਾਲਣ ਸਮੇਂ ਨਹਿਰੂ ਦੀਆਂ ਨੀਤੀਆਂ ਨੂੰ ਮੁੱਖ ਰੱਖ ਕੇ ਆਪਣੇ ਦੇਸ਼ ਦਾ ਵਿਕਾਸ ਕੀਤਾ।

ਦੇਸ਼ਾਂ ਦੇ ਦੇਸ਼ ਫੜਾਂ ਮਾਰਿਆਂ ਉਨਤੀ ਨਹੀਂ ਕਰਦੇ, ਦੂਰ ਦ੍ਰਿਸ਼ਟੀ ਵਾਲੀਆਂ ਯੋਜਨਾਵਾਂ ਨਿਸ਼ਚਿਤ ਕੀਤਿਆਂ ਕਰਦੇ ਹਨ। ਨਾ ਹੀ ਅਗਨੀਪਥ ਰਾਹੀਂ ਥੋੜ ਚਿਰੀ ਸਿਖਲਾਈ ਦੇ ਕੇ ਕਾਰਪੋਰੇਟ ਅਦਾਰਿਆਂ ਲਈ ਸਸਤੇ ਬਾਡੀਗਾਰਡ ਤੇ ਗੇਟਕੀਪਰ ਤਿਆਰ ਕਰ ਕੇ ਤੇ ਨਾ ਹੀ ਦੇਸ਼ ਦੀ ਨਿਸ਼ਾਨੀ ਨੂੰ ਅਜਿਹੇ ਅਦਾਰਿਆਂ ਦੀ ਚੁੰਗਲ ਵਿਚ ਸੁੱਟ ਕੇ।

ਮੈਨੂੰ 27 ਮਈ, 1964 ਵਾਲੇ ਦਿਨ ਦੀ ਘਟਨਾ ਕੱਲ੍ਹ ਵਾਂਗ ਚੇਤੇ ਹੈ ਜਦੋਂ ਪੰਡਤ ਨਹਿਰੂ ਦਾ ਦੇਹਾਂਤ ਹੋਇਆ ਸੀ। ਮੈਂ ਪਟਿਆਲਾ ਤੋਂ ਦਿੱਲੀ ਵਾਲੀ ਬੱਸ ਵਿਚ ਸਫਰ ਕਰ ਰਿਹਾ ਸਾਂ। ਪਾਣੀਪਤ ਤੋਂ ਲੰਘਦੇ ਸਮੇਂ ਅਫਸੋਸ ਕਰਨ ਲਈ ਨਿਕਲੇ ਲੋਕਾਂ ਦਾ ਜਲੂਸ ਏਨਾ ਵੱਡਾ ਸੀ ਕਿ ਸਾਡੀ ਬੱਸ ਦੇ ਸਿੱਖ ਡਰਾਈਵਰ ਤੋਂ ਅਚਾਨਕ ਹੀ ਹਾਰਨ ਵਜਾ ਹੋ ਗਿਆ। ਕੀ ਵੇਖਦਾ ਹਾਂ ਕਿ ਡਰਾਈਵਰ ਨੂੰ ਕੋਈ ਉਸਦੀ ਸੀਟ ਤੋਂ ਥੱਲੇ ਖਿੱਚ ਰਿਹਾ ਹੈ। ਪੰਜਾਬੀ ਸੂਬੇ ਦੀ ਮੰਗ ਕਾਰਨ ਪੰਜਾਬੀਆਂ ਤੇ ਹਰਿਆਣਵੀਆਂ ਵਿਚਕਾਰ ਤਣਾਤਣੀ ਦੇ ਦਿਨ ਸਨ। ਕਿਸੇ ਬੇਲੋੜੀ ਘਟਨਾ ਦੇ ਬਚਾਅ ਲਈ ਮੈਂ ਬੱਸ ਤੋਂ ਥੱਲੇ ਉਤਰ ਕੇ ਡਰਾਈਵਰ ਦੀ ਸੀਟ ਵੱਲ ਦੇਖਿਆ ਤਾਂ ਕੀ ਦੇਖਦਾ ਹਾਂ ਕਿ ਸਿੱਖ ਡਰਾਈਵਰ ਨੂੰ ਡਾਂਟ ਕੇ ਥੱਲੇ ਨੂੰ ਘੜੀਸਣ ਵਾਲਾ ਖੁਦ ਵੀ ਸਿੱਖ ਹੀ ਸੀ। ਮੈਨੂੰ ਇਹ ਦੇਖ ਕੇ ਬੜੀ ਤਸੱਲੀ ਹੋਈ ਕਿ ਪੰਡਤ ਨਹਿਰੂ ਦੇ ਭਾਰਤ ਵਿਚ ਹਿੰਦੂ ਸਿੱਖ ਇਕ ਦੂਜੇ ਨਾਲ ਬਹੁਤ ਵੱਡੇ ਤਣਾਵਾਂ ਦੇ ਹੁੰਦਿਆਂ ਵੀ ਭਰਾਵਾਂ ਵਾਂਗ ਵਿਚਰਦੇ ਸਨ। ਇਨਸਾਨ ਦੀ ਔਲਾਦ ਹੋਣ ਸਦਕਾ ਇਨਸਾਨ ਬਣ ਕੇ। ਉਨ੍ਹਾਂ ਸਮਿਆਂ ਦੇ ਨੇਤਾ ਸਮੁੱਚੇ ਭਾਰਤ ਦੀ ਉੱਨਤੀ ਸੋਚਦੇ ਸਨ। ਕਿਸੇ ਇਕ ਫਿਰਕੇ ਦੀ ਨਹੀਂ। ਕਿਸੇ ਇਕ ਨੇਤਾ ਦਾ ਆਪਣੀ ਹਿੱਕ ਥਾਪੜਨਾ ਕੋਈ ਅਰਥ ਨਹੀਂ ਸੀ ਰੱਖਦਾ ਜਿੱਥੋਂ ਤਕ ਨਵੇਂ ਦੌਰ ਦਾ ਸਬੰਧ ਹੈ, ਖੰਨਾ ਮੰਡੀ ਤੋਂ ਮੇਰੇ ਇਕ ਜਾਣੂ ਛੱਜੂ ਰਾਮ ਖੰਨਾ ਨੇ ਇਕ ਸਿਅਰ ਦਾ ਹਵਾਲਾ ਦੇ ਕੇ ਇਸਨੂੰ ਬਹੁਤ ਮਾੜਾ ਗਰਦਾਨਿਆ ਹੈ। ਸ਼ਿਅਰ ਅੰਤਿਕਾ ਵਿਚ ਪੇਸ਼ ਹੈ।

ਗੋਪੀ ਚੰਦ ਨਾਰੰਗ ਨੂੰ ਯਾਦ ਕਰਦਿਆਂ

ਕੇਂਦਰੀ ਸਾਹਿਤ ਅਕਾਡਮੀ ਦੇ ਸਾਬਕਾ ਪ੍ਰਧਾਨ ਗੋਪੀ ਚੰਦ ਨਾਰੰਗ ਦੇ ਦੇਹਾਂਤ ਦੀ ਖਬਰ ਨੇ ਮੈਨੂੰ 1956 ਵਿਚ ਐਮ. ਐਸ. ਰੰਧਾਵਾ ਦੀ ਦੂਰਦ੍ਰਿਸ਼ਟੀ ਚੇਤੇ ਕਰਵਾ ਦਿੱਤੀ ਹੈ। ਉਹ ਭਾਰਤੀ ਖੇਤੀਬਾੜੀ ਖੋਜ ਕੌਂਸਲ ਦੇ ਵਾਈਸ ਪ੍ਰੈਜ਼ੀਡੈਂਟ ਸਨ। ਉਨ੍ਹਾਂ ਨੇ ਖੋਜ ਕੌਂਸਲ ਦੀਆਂ ਖੋਜਾਂ ਨੂੰ ਸਮੁੱਚੇ ਭਾਰਤ ਦੇ ਕਾਸ਼ਤਕਾਰਾਂ ਤਕ ਪਹੁੰਚਾਉਣ ਲਈ ਖੇਤਰੀ ਭਾਸ਼ਾਵਾਂ ਦੇ ਦਰਜਨ ਤੋਂ ਵੱਧ ਅਨੁਵਾਦਕ ਨਿਯੁਕਤ ਕੀਤੇ। ਸਬ ਐਡੀਟਰ ਦਾ ਦਰਜਾ ਦੇ ਕੇ। ਮੈਂ ਪੰਜਾਬੀ ਭਾਸ਼ਾ ਲਈ ਸਾਂ ਤੇ ਨਾਰੰਗ ਉਰਦੂ ਲਈ। ਤਾਮਿਲ ਦਾ ਮੁੱਥੂਸਵਾਮੀ ਤੇਲਗੂ ਦਾ ਰਾਮਚੰਦਰ ਰਾਓ, ਮਰਾਠੀ ਦਾ ਵੀਰੇਂਦਰ ਅਢੀਆ ਤੇ ਅਸੀਂ ਸਾਰੇ ਇਕੋ ਕਮਰੇ ਵਿਚ ਬਹਿੰਦੇ ਸਾਂ, ਹਿੰਦੀ ਵਾਲਾ ਬ੍ਰਜੇਸ਼ ਭਾਟੀਆ ਤੇ ਅੰਗਰੇਜ਼ੀ ਵਾਲੀ ਰਾਧਾ ਮੈਨਨ ਸਮੇਤ। ਸਭਨਾਂ ਨੂੰ ਪੂਰੇ ਭਾਰਤ ਦੀ ਰਹਿਣੀ-ਸਹਿਣੀ ਤੇ ਸਭਿਆਚਾਰ ਜਾਣਨ ਦਾ ਵੀ ਮੌਕਾ ਮਿਲਿਆ। ਉਰਦੂ ਭਾਸ਼ਾ ਦੀ ਅਣਗਹਿਲੀ ਹੋ ਚੁੱਕੀ ਸੀ ਪਰ ਰੰਧਾਵਾ ਨੇ ਕਿਸੇ ਦੀ ਪਰਵਾਹ ਨਹੀਂ ਕੀਤੀ। ਦਲੀਲ ਦਿੱਤੀ ਕਿ ਉਰਦੂ ਵਾਲੀ ਸਮੱਗਰੀ ਜੰਮੂ-ਕਸ਼ਮੀਰ ਲਈ ਹੈ। ਆਲੋਚਕ ਸ਼ਾਂਤ ਹੋ ਗਏ।

**ਅੰਤਿਕਾ**

ਸਰਦਾਰਾ ਸਿੰਘ ਪਾਗਲ ਦੀ ਡਾਇਰੀ ਵਿਚੋਂ
ਇਹ ਦੌਰ-ਏ-ਤਰੱਕੀ ਨਹੀਂ,
ਇਹ ਦੌਰ-ਏ-ਤਬਾਹੀ ਹੈ
ਸ਼ੀਸ਼ੋਂ ਕੀ ਅਦਾਲਤ ਮੇਂ,
ਪੱਥਰੋਂ ਕੀ ਗਵਾਹੀ ਹੈ।

---

# ਆਜ਼ਾਦੀ ਦਿਹਾੜੇ ’ਤੇ ਵਿਸ਼ੇਸ਼

### ਆਜ਼ਾਦੀਏ ਨੀ !

*************

ਆਜ਼ਾਦੀਏ ਨੀ ਆਜ਼ਾਦੀਏ ਨੀ!
ਨਾਮ ਦੀਏ ਆਜ਼ਾਦੀਏ!
ਥੋੜ੍ਹਿਆਂ ਲਈ ਆਜ਼ਾਦੀਏ ਨੀ,
ਬਹੁਤਿਏ ਬਰਬਾਦੀਏ।

ਸ਼ਾਇਦ ਤੂੰ ਭੁੱਲ ਗਈ ਹੈਂ ਨੀ,
ਸੰਤਾਲੀ ਵਾਲੇ ਸੰਤਾਪ ਨੂੰ,
ਪਾੜ ਕੇ ਹਿੱਕ ਪੰਜਾਬ ਦੀ ਨੀ,
ਹੰਢਾਏ ਚੰਦਰੇ ਪਾਪ ਨੂੰ।

ਸੀਨਾ ਬੰਗਾਲ ਦਾ ਚੀਰ ਨੀ,
ਅਜਾਈਂ ਡੁੱਲ੍ਹੇ ਲਹੂ ਦੇਖ,
ਭਾਈਆਂ ਦੇ ਭਾਈ ਵੈਰੀ ਨੀ,
ਬੇਪੱਤ ਧੀ ਭੈਣ ਬਹੂ ਦੇਖ।

ਰਾਜਿਓਂ ਭਿਖਾਰੀ ਹੋ ਗੇ ਨੀ,
ਉੱਜੜੇ ਪਰਿਵਾਰ ਕਿੰਨੇ,
ਖੜ੍ਹ ਨਾ ਸਕੇ ਪੈਰਾਂ ਉੱਤੇ ਨੀ,
ਦਰਦਾਂ ਅਤੇ ਪੀੜਾਂ ਵਿੰਨ੍ਹੇ।

ਕੁਰਬਾਨ ਹੋਏ ਤੇਰੇ ਤੋਂ ਨੀ,
ਕੱਟ ਜੇਲ੍ਹਾਂ ਕਾਲੇ ਪਾਣੀਆਂ,
ਵਾਰੀ ਸੀ ਜਵਾਨੀ ਤੈਥੋਂ ਨੀ,
ਗ਼ਦਰੀ ਦੀਆਂ ਢਾਣੀਆਂ।

ਸਰਾਭੇ, ਪਿੰਗਲੇ, ਢੀਂਗਰੇ ਨੀ,
ਭਗਤ, ਸੁਖਦੇਵ ਵਾਰ’ਤੇ,
ਰਾਜਗੁਰੂ, ਚੰਦਰ ਸ਼ੇਖਰ ਨੀ,
ਅਸ਼ਫਾਕ, ਦੱਤ ਵਾਰ’ਤੇ।

ਊਧਮ, ਨੇਤਾ ਸੁਭਾਸ਼ ਜੀ ਨੀ,
ਪਾਏ ਵਕਤ ਫ਼ਿਰੰਗੀ ਨੂੰ,
ਲਾ ਗਏ ਉਹ ਤੇਰੇ ਲੇਖੇ ਨੀ,
ਰੂਹ-ਜਿੰਦ ਸਤਰੰਗੀ ਨੂੰ।

ਸਾਲ ਚੌਹੱਤਰ ਦੀ ਹੋਈ ਨੀ,
ਸਾਡੇ ਵਿਹੜੇ ਸੁੰਨਮ-ਸੁੰਨੇ,
ਵੈਣ ਹਾਲੇ ਮੁੱਕਦੇ ਨਾਹੀਂ ਨੀ,
ਨੈਣ ਰੋ ਰੋ ਕੇ ਹੋਏ ਚੁੰਨ੍ਹੇ।

ਗੁਰਬਤਾਂ ਦੇ ਹਮਸਫ਼ਰ ਨੀ,
ਪੈਂਡੇ ਵੀ ਨੇ ਲੰਬੇ ਬਿਖੜੇ,
ਅਨਪੜ੍ਹਤਾ ਜਲਾਲਤਾਂ ਨੀ,
ਊਚ-ਨੀਚ ਤੀਰ ਤਿੱਖੜੇ।

ਕਿੱਥੇ ਤੂੰ ਛੁਪਾਉਣਾ ਮੂੰਹ ਨੀ,
ਤੂੰ ਕਿਉਂ ਫਿਰੇਂ ਸਹਿਕਦੀ,
ਮਜ਼੍ਹਬਾਂ ਨੇ ਅੱਗ ਲਾਈ ਨੀ,
ਫਿਰਕਾਪ੍ਰਸਤੀ ਹੈ ਸੇਕਦੀ।

ਰਾਜਸੀ ਤਿਕੜਮਬਾਜ਼ੀ ਨੀ,
ਸ਼ੋਸ਼ਣਬਾਜ਼ਾਂ ਲੁੱਟ ਪਾਈ ਹੈ,
ਜ਼ਮੀਰ ਵਾਲੇ ਮੁੱਕ ਗਏ ਨੀ,
ਨੇਤਾ ਬਣਗੇ ਹਰਜਾਈ ਹੈ।

–ਸੇਵਾ ਸਿੰਘ 'ਨੂਰਪੁਰੀ'

---

### ਆਜ਼ਾਦੀ ਬਨਾਮ ਬਰਬਾਦੀ

ਲੋਗ ਟੂਟ ਜਾਤੇ ਹੈਂ
ਏਕ ਘਰ ਬਨਾਤੇ ਹੂਏ
ਤੁਮ ਤਰਸ ਨਹੀਂ ਕਰਤੇ
ਬਸਤੀਆਂ ਜਲਾਤੇ ਹੂਏ।

ਤੀਲਾ-ਤੀਲਾ ਜੋੜ ਕੇ
ਜਿਹੜੇ ਲੋਕਾਂ ਘਰ ਬਣਾਏ।
ਬਚਪਨ, ਜਵਾਨੀ ਤੇ ਬੁਢੇਪਾ
ਜਿਨ੍ਹਾਂ ਵਿਚ ਬਿਤਾਏ।

ਏਥੋਂ ਉਜੜੇ ਕਿੱਥੇ ਵਸਣਾ
ਸੋਚੀਂ ਪਏ ਵਿਚਾਰੇ
ਤੁਰ ਪਏ ਲੋਕੀਂ ਸੁੰਞੇ ਛੱਡ ਕੇ
ਵਸਦੇ ਮਹਿਲ ਚੁਬਾਰੇ।

ਕਦੇ ਸੋਚਿਆ ਨਹੀਂ ਕਿਸੇ ਨੇ
ਐਸਾ ਵੇਲਾ ਆਉਣਾ
ਛੱਲੀ ਪੂਣੀ ਜੋ ਕਮਾਈ
ਪੈ ਗਿਆ ਅੱਜ ਗਵਾਉਣਾ।

ਕਿਵੇਂ ਭੁੱਲਣਗੇ ਮਾਤ ਭੂਮੀ ਨੂੰ
ਲੋਕੀਂ ਕਰਮਾਂ ਮਾਰੇ।
ਸਾਰਾ ਦਿਨ ਭਾਵੇਂ ਚੋਗ ਚੁਗੇਂਦੇ
ਪੰਛੀ ਹਸਦੇ ਗਾਉਂਦੇ।

ਸ਼ਾਮਾਂ ਪਈਆਂ ਪਰਤ ਕੇ ਆਪਣੇ
ਆਲ੍ਹਣਿਆਂ ਨੂੰ ਆਉਂਦੇ।
ਅੱਜ ਸ਼ਾਮਾਂ ਕਿਹੋ ਜਿਹੀਆਂ ਪਈਆਂ
ਜਿਸ ਕਈ ਘਰ ਉਜਾੜੇ।

ਛੋਟੇ ਛੋਟੇ ਬਾਲ ਕਈਆਂ ਦੇ
ਮਨ ਦੇ ਬਿਲਕੁਲ ਕੋਰੇ
ਪੁੱਛਣ ਜਦ ਕੁਝ ਝਿੜਕਣ ਮਾਵਾਂ
ਉਂਗਲੀ ਲਾ ਕੇ ਤੋਰੇ।

ਕਈ ਬਚਪਨ ਦੇ ਸਾਥੀ ਛੱਡ ਕੇ
ਤੁਰ ਪਏ ਕੱਢਦੇ ਹਾੜ੍ਹੇ
ਰੀਝਾਂ ਲਾ ਲਾ ਤੱਕਦੇ ਲੋਕੀਂ
ਕਈ ਬਰੂਹਾਂ ਵੱਲੇ
ਕਈ ਚੁੱਲ੍ਹੇ ਕਈ ਚੌਕੇ ਵੇਖਣ
ਹੋ ਗੇ ਲੱਗਦੇ ਝੱਲੇ।

ਅੱਖਾਂ ਦੇ ਵਿਚ ਖੌਫ ਅਜਬ ਹੈ,
ਕੀ ਕਿਸਮਤ ਦੇ ਕਾਰੇ
ਕਿਵੇਂ ਬਚਾਉਣੀ ਇੱਜ਼ਤ ਧੀਆਂ ਦੀ,
ਜ਼ਾਲਮ ਲੋਕਾਂ ਕੋਲੋਂ।

ਨਿਰਦੋਸ਼ਾਂ ਦਾ ਲਹੂ ਬਚਾਉਣਾ,
ਕਿੱਦਾਂ ਜੋਕਾਂ ਕੋਲੋਂ।
ਜੁੜੇ ਹੱਥ ਨਾ ਦੇਖੇ ਕੋਈ,
ਨਾ ਕੋਈ ਸੁਣਦਾ ਹਾੜ੍ਹੇ।

ਹਾਕਮ ਲੋਕੀਂ ਵਿਉਂਤਾਂ ਘੜਦੇ,
ਕਿਵੇਂ ਹਕੂਮਤ ਕਰਨੀ।
ਕੀ ਫਰਕ ਗੁਰਸੇਵਕ ਸਿੰਘਾ,
ਕਿੰਨੀ ਖ਼ਲਕਤ ਮਰਨੀ।

ਸਮਝਣ ਕਦ ਭੋਲੇ ਲੋਕੀਂ,
ਇਹ ਦੁਸ਼ਟਾਂ ਦੇ ਕਾਰੇ।
ਤੁਰ ਪਏ ਲੋਕੀਂ ਸੁੰਞੇ ਛੱਡ ਕੇ,
ਵਸਦੇ ਮਹਿਲ ਚੁਬਾਰੇ।

–ਡਾ. ਗੁਰਸੇਵਕ ਸਿੰਘ ਪਧਰੀ
ਫੋਨ: 99153-64709

---

### ਦੋ ਹਿੱਸਿਆਂ ਵਿਚ ਵੰਡੀ

ਪੁੱਤਾਂ ਵਾਲ਼ੀ ਹੋ ਕੇ ਵੀ,
ਮੈਂ ਲੋਕੋ ਹੋਈ ਨਿਪੁੱਤੀ,
ਗੈਰਾਂ ਨੇ ਤਾਂ ਲੁੱਟਿਆ ਹੀ ਸੀ,
ਅੱਜ ਆਪਣਿਆਂ ਵੀ ਲੁੱਟੀ।
ਆਪਣਿਆਂ ਹੀ ਮੈਨੂੰ ਆਪਣੇ ਹੱਥੀਂ,
ਆਪ ਹੀ ਕੀਤਾ ਰੰਡੀ,
ਮੈਂ ਭਾਰਤ ਦੀ ਧਰਤੀ ਲੋਕੋ,
ਦੋ ਹਿੱਸਿਆਂ ਵਿਚ ਵੰਡੀ।

ਹਿੰਦੂ-ਮੁਸਲਿਮ ਸਿੱਖ ਈਸਾਈ
ਹਿੱਕ ਮੇਰੀ ਦੇ ਜਾਏ,
ਮੋਹ ਮੁਹੱਬਤ ਵੰਡਣ ਵਾਲ਼ੇ,
ਖ਼ੂਨ ਦੇ ਫ਼ਿਰਨ ਤਿਹਾਏ।

ਆਪਣੇ ਹੀ ਅੱਜ ਆਪਣਿਆਂ ਦੀ,
ਹੱਥੀਂ ਵੱਢਣ ਘੰਡੀ
ਮੈਂ ਭਾਰਤ ਦੀ ਧਰਤੀ ਲੋਕੋ,
ਦੋ ਹਿੱਸਿਆਂ ਵਿਚ ਵੰਡੀ।

ਲੱਖਾਂ ਧੀਆਂ ਰੰਡੀਆਂ ਹੋਈਆਂ,
ਲੱਖਾਂ ਪੱਤ ਲੁਟਾਈ,
ਪੁੱਤ ਜਿਨ੍ਹਾਂ ਦੇ ਗੱਭਰੂ ਮਰਗੇ,
ਮਾਂਵਾਂ ਦੇਣ ਦੁਹਾਈ।

ਹਿੱਕ ਨਾਲ਼ ਲਾਈ ਫਿਰਦੀਆਂ ਤਾਹੀਂ,
ਮਮਤਾ ਰੱਤ 'ਚ ਰੰਗੀ
ਮੈਂ ਭਾਰਤ ਦੀ ਧਰਤੀ ਲੋਕੋ,
ਦੋ ਹਿੱਸਿਆਂ ਵਿਚ ਵੰਡੀ।

ਭਗਤ ਸਿੰਘ, ਕਰਤਾਰ ਸਰਾਭਾ
ਮੇਰੇ ਊਧਮ ਸਿੰਘ ਪੁੱਤ ਵਰਗੇ,
ਮੇਰੀ ਪੱਤ ਬਚਾਵਣ ਦੇ ਲਈ,
ਹੱਸ ਹੱਸ ਫਾਂਸੀ ਚੜ੍ਹਗੇ।

ਦੁਰਯੋਧਨ ਜਿਹੇ ਰਹਿ ਗਏ ਬਾਕੀ,
ਮੇਰੀ ਪੱਤ ਕਰਨ ਲਈ ਨੰਗੀ
ਮੈਂ ਭਾਰਤ ਦੀ ਧਰਤੀ ਲੋਕੋ
ਦੋ ਹਿੱਸਿਆਂ ਵਿਚ ਵੰਡੀ।

ਲੋੜ ਸਮੇਂ ਦੀ ਫਿਰ ਰਣਬੀਰ,
ਕੋਈ ਪੀਰ ਪੈਗੰਬਰ ਜੰਮੇ,
ਭਾਰਤ ਪਾਕਿਸਤਾਨ ਨੂੰ ਜਿਹੜਾ,
ਏਕੇ ਦੇ ਵਿਚ ਬੰਨ੍ਹੇ।

ਜਾ ਅੱਜ ਮੁੜ ਗੁਰੂ ਨਾਨਕ,
ਗੋਬਿੰਦ ਫੇਰ ਲਿਖਣ ਅੱਜ ਚੰਡੀ,
ਮੈਂ ਭਾਰਤ ਦੀ ਧਰਤੀ ਲੋਕੋ
ਦੋ ਹਿੱਸਿਆਂ ਵਿਚ ਵੰਡੀ।

–ਰਣਬੀਰ ਸਿੰਘ ਪ੍ਰਿੰਸ
ਫੋਨ: 98722-99613

---

### ਗਜ਼ਲ

ਸ਼ਰੇਆਮ ਓਹ ਢੌਂਗ ਝੂਠ ਦਾ,
ਨੰਗਾ ਵੇਚ ਗਏ,
ਦੇਸ਼ ਭਗਤੀ ਦੀ ਆੜ 'ਚ ਓਹ,
ਤਿਰੰਗਾ ਵੇਚ ਗਏ।

ਵੇਚ ਗਏ ਓਹ ਵੇਚ ਗਏ ਜੀ,
ਆਪਣੀ ਰਾਜਨੀਤੀ,
ਧਰਮ ਦੇ ਨਾਂ 'ਤੇ ਓਹ ਤੇ ਆਪਣਾ,
ਦੰਗਾ ਵੇਚ ਗਏ।

ਪਵਿੱਤਰ ਧਰਤੀ ਤੇ ਹੈ ਪਵਿੱਤਰ,
ਦੇਸ਼ ਦੇ ਪਵਨ ਪਾਣੀ,
ਵੇਚਣ ਵਾਲੇ ਵੋਟਾਂ ਆਈਆਂ ਤੇ,
ਗੰਗਾ ਵੇਚ ਗਏ।

ਰਹਿੰਦ ਖੂੰਹਦ ਆਖਰ ਨੂੰ ਆਉਂਦੀ,
ਜਨਤਾ ਦੇ ਹਿੱਸੇ,
ਚੁਣ ਚੁਣ ਨੇਤਾ ਜੀ ਮੁਨਾਫਾ,
ਚੰਗਾ ਚੰਗਾ ਵੇਚ ਗਏ।

ਲਿਪਟੀ ਲਾਸ਼ ਤਿਰੰਗੇ ਦੇ ਵਿਚ,
ਸਲਾਮ ਹੈ ਫੌਜੀ ਨੂੰ,
ਕਫਨ ਵੇਚ ਗਏ ਕਈ ਏਥੇ ਤੇ,
ਫੰਦਾ ਵੇਚ ਗਏ।


ਵਿਚ ਵਿਦੇਸ਼ੀਂ ਲਾ ਕੇ ਬੈਠੇ ਜਾਅ,
ਚੂਨਾ ਬੈਂਕਾਂ ਨੂੰ,
ਕਰ ਕਰ ਭਾਸ਼ਣ ਝੂਠੇ ਕਈ ਤੇ,
ਸੰਘਾ ਵੇਚ ਗਏ।

ਬੋਦਲਾਂ ਦੇ ਸੁੱਖਵਿੰਦਰਾ ਤੂੰ ਨਾ,
ਜ਼ਮੀਰ ਆਪਣਾ ਵੇਚੀਂ,
ਲੇਖਕ ਕਈ ਨੇ ਜੋ ਕੇ ਆਪਣਾ,
ਮਤੰਗਾ ਵੇਚ ਗਏ।

–ਸੁੱਖਵਿੰਦਰ ਬੋਦਲਾਂਵਾਲਾ

# ਸਿਆਸੀ ਧਿਰਾਂ ਦੀ ਲਾਪਰਵਾਹੀ, ਲੋਕਾਂ ਤੋਂ ਕੁਝ ਵੀ ਲੁਕਿਆ ਨਹੀਂ ਰਹਿਣਾ

**ਸਿਆਸਤ ਦਾ ਪਿੜ**



ਜਤਿੰਦਰ ਪਨੂੰ
ਫੋਨ: 91-98140-68455

ਪੰਜਾਬ ਇਸ ਵੇਲੇ ਉਸ ਮੋੜ ਉੱਤੇ ਖੜੋਤਾ ਹੈ, ਜਿੱਥੇ ਲੋਕ ਨਵੀਂ ਬਣੀ, ਪਰ ਪੰਜ ਮਹੀਨੇ ਰਾਜ-ਸੁਖ ਮਾਣ ਚੁੱਕੀ ਸਰਕਾਰ ਵੱਲ ਇਸ ਆਸ ਨਾਲ ਵੇਖਦੇ ਹਨ ਕਿ ਇਹ ਉਨ੍ਹਾਂ ਦੇ ਮਸਲਿਆਂ ਦਾ ਹੱਲ ਪੇਸ਼ ਕਰੇਗੀ। ਏਦਾਂ ਦੀ ਆਸ ਕਰਦੇ ਲੋਕਾਂ ਨੂੰ ਓਦੋਂ ਝਟਕਾ ਲੱਗਦਾ ਹੈ, ਜਦੋਂ ਵੇਖਦੇ ਹਨ ਕਿ ਪਿਛਲੇ ਦਸ-ਵੀਹ ਜਾਂ ਉਸ ਤੋਂ ਵੀ ਵੱਧ ਸਾਲਾਂ ਤੋਂ ਮਲਾਈਦਾਰ ਕੁਰਸੀਆਂ ਉੱਤੇ ਬੈਠੇ ਰਹਿਣ ਦੇ ਆਦੀ ਹੋ ਚੁੱਕੇ ਅਫਸਰ ਨਵੀਂ ਸਰਕਾਰ ਵੇਲੇ ਫਿਰ ਓਦਾਂ ਦੀਆਂ ਕੁਰਸੀਆਂ ਉੱਤੇ ਆਣ ਬੈਠੇ ਹਨ। ਕੋਈ ਦਾਅ ਲਾ ਕੇ ਉਨ੍ਹਾਂ ਦੇ ਏਥੇ ਪਹੁੰਚ ਨੂੰ ਅਸੀਂ ਰੱਦ ਨਹੀਂ ਕਰਦੇ, ਪਰ ਨਾ ਵੀ ਪੁੱਜਦੇ ਤਾਂ ਉਨ੍ਹਾਂ ਨੂੰ ਪਤਾ ਹੈ ਕਿ ਯੂਨੀਅਨ ਪਬਲਿਕ ਸਰਵਿਸ ਕਮਿਸ਼ਨ ਜਾਂ ਪੰਜਾਬ ਦੇ ਪਬਲਿਕ ਸਰਵਿਸ ਕਮਿਸ਼ਨ ਵਰਗੀਆਂ ਥਾਵਾਂ ਤੋਂ ਉਨ੍ਹਾਂ ਨੂੰ ਜਿਹੜੀ ਨਿਯੁਕਤੀ ਮਿਲੀ ਹੈ, ਉਸ ਦੇ ਹੁੰਦਿਆਂ ਉਨ੍ਹਾਂ ਦਾ ਵਿਭਾਗ ਭਾਵੇਂ ਬਦਲ ਜਾਵੇ, ਅਫਸਰੀ ਉਨ੍ਹਾਂ ਕਰਨੀ ਹੀ ਕਰਨੀ ਹੈ। ਇੱਕ ਕੁਰਸੀ ਉਨ੍ਹਾਂ ਕੋਲੋਂ ਖੋਹੀ ਜਾਵੇ ਤਾਂ ਦੂਸਰੀ ਮਿਲਣ ਤੋਂ ਰੋਕੀ ਨਹੀਂ ਜਾ ਸਕਦੀ। ਉਨ੍ਹਾਂ ਕੁਰਸੀਆਂ ਉੱਤੇ ਬੈਠਣ ਵਾਲੇ ਸਾਰੇ ਅਫਸਰ ਬੇਈਮਾਨ ਨਹੀਂ ਹੁੰਦੇ, ਥੋੜ੍ਹੇ ਜਿਹੇ ਈਮਾਨਦਾਰਾਂ ਨੂੰ ਛੱਡ ਕੇ ਬਾਕੀ ਜਿਹੜੇ ਸੰਜੇ ਪੋਪਲੀ ਵਾਂਗ ਸੋਨੇ ਦੀਆਂ ਇੱਟਾਂ ਨਾਲ ਅਲਮਾਰੀਆਂ ਭਰਨ ਵਾਲੇ ਹਨ, ਉਹ ਜਿੱਥੇ ਵੀ ਲੱਗਣਗੇ, ਆਪੋ ਵਿਚ ਸੈਨਤ ਮਿਲਾ ਕੇ ਕਾਲੀ ਕਮਾਈ ਕਰਨਗੇ ਹੀ ਕਰਨਗੇ। ਈਮਾਨਦਾਰ ਅਫਸਰਾਂ ਵਿਚ ਆਪਣੀ ਵੱਡੀ ਮੁਸ਼ਕਲ ਇਹ ਹੈ ਕਿ ਉਨ੍ਹਾਂ ਵਿਚੋਂ ਹਰ ਕੋਈ ਆਪਣੇ ਆਪ ਨੂੰ ਈਮਾਨਦਾਰ ਮੰਨਦਾ ਅਤੇ ਕਿਸੇ ਵੀ ਹੋਰ ਨੂੰ ਆਪਣੇ ਵਰਗਾ ਈਮਾਨਦਾਰ ਮੰਨਣ ਦੀ ਥਾਂ ਹਰ ਵੇਲੇ ਸ਼ੱਕੀ ਅੱਖ ਨਾਲ ਵੇਖਦਾ ਹੈ ਕਿ ਇਸ ਦੇ ਅੰਦਰ ਕੁਝ ਕਾਲਖ ਲੱਭ ਜਾਵੇ ਤਾਂ ਲੱਭ ਲਵਾਂ ਅਤੇ ਕਹਿ ਸਕਾਂ ਕਿ ਮੇਰੇ ਵਰਗਾ ਹੋਰ ਕੋਈ ਈਮਾਨਦਾਰ ਕਿਤੇ ਹੋ ਹੀ ਨਹੀਂ ਸਕਦਾ। ਉਨ੍ਹਾਂ ਤੋਂ ਉਲਟ ਮੁਫਤ ਦਾ ਮਾਲ ਖਾਣ ਵਾਲੀ ਧਾੜ ਮੰਨੇ ਜਾਂਦੇ ਅਫਸਰ ਆਪਸ ਵਿਚ ਨਾ ਵੀ ਬਣਦੀ ਹੋਵੇ ਤਾਂ ਇੱਕ ਜਣਾ ਫਸਦਾ ਵੇਖ ਕੇ ਉਹੋ ਜਿਹੇ ਦਸ ਜਣੇ ਕੋਈ ਏਦਾਂ ਦਾ ਰਾਹ ਲੱਭਣ ਲੱਗਦੇ ਹਨ, ਜਿਸ ਨਾਲ ਫਸੇ ਹੋਏ ਅਫਸਰ ਨੂੰ ਬਚਾਉਣ ਤੋਂ ਇਲਾਵਾ ਭਵਿੱਖ ਵਿਚ ਆਪਣੇ ਲਈ ਵੀ ਅਗਲਾ ਦਾਅ ਅਗੇਤਾ ਤਿਆਰ ਹੋ ਜਾਵੇ। ਇਹੋ ਜਿਹੇ ਅਫਸਰਾਂ ਅਤੇ ਉਨ੍ਹਾਂ ਦੇ ਪਿਛਲੱਗਾਂ ਅਤੇ ਰਾਜਸੀ ਗਲਿਆਰਿਆਂ ਅੰਦਰ ਘੁੰਮਣ ਦੇ ਆਦੀ ਦਲਾਲਾਂ ਦੀ ਧਾੜ ਇਸ ਨਵੀਂ ਬਣੀ ਆਮ ਆਦਮੀ ਪਾਰਟੀ ਦੀ ਸਰਕਾਰ ਦੇ ਰਾਹ ਵਿਚ ਅੜਿੱਕੇ ਲਾਉਣ ਲੱਗੀ ਹੋਈ ਹੈ।

ਦੂਸਰਾ, ਪਹਿਲੀ ਵਾਰ ਪੰਜਾਬ ਦੀ ਸਰਕਾਰ ਚਲਾਉਣ ਵਾਲੀ ਆਮ ਆਦਮੀ ਪਾਰਟੀ ਦੇ ਵਿਧਾਇਕਾਂ ਅਤੇ ਵਰਕਰਾਂ ਦਾ ਆਪ-ਹੁਦਰਾਪਣ ਬਹੁਤ ਹੈ। ਆਜ਼ਾਦੀ ਲਹਿਰ ਦੇ ਦਿਨਾਂ ਵਿਚ ਮਹਾਤਮਾ ਗਾਂਧੀ ਜਦੋਂ ਚਰਚਿਤ ਹੋ ਗਿਆ ਤਾਂ ਲੋਕਾਂ ਦੀ ਨਜ਼ਰ ਵਿਚ ਗਾਂਧੀ ਕੋਈ ਨਾਂਅ ਨਹੀਂ, ਆਜ਼ਾਦੀ ਘੁਲਾਟੀਏ ਦਾ ਰੁਤਬਾ ਸਮਝਿਆ ਜਾਣ ਲੱਗਾ ਸੀ ਤੇ ਏਸੇ ਕਾਰਨ ਪੱਛਮ ਵਿਚ ਅਫਗਾਨਿਸਤਾਨ ਦੀ ਹੱਦ ਨਾਲ ਦੇ ਇਲਾਕੇ ਵਿਚ ਖਾਨ ਅਬਦੁੱਲ ਗਫਾਰ ਖਾਂ ਨੂੰ 'ਸਰਹੱਦੀ ਗਾਂਧੀ' ਕਹਿਣਾ ਤਾਂ ਕੀ, ਦੋਆਬੇ ਦੇ ਕਾਂਗਰਸ ਲੀਡਰ ਮੂਲ ਰਾਜ ਨੂੰ ਵੀ ਲੋਕ 'ਦੋਆਬੇ ਦਾ ਗਾਂਧੀ' ਆਖਦੇ ਸਨ। ਅੱਜ-ਕੱਲ੍ਹ ਦਿੱਲੀ ਦਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਜਿਹੜੇ ਲੋਕਾਂ ਦਾ ਲੀਡਰ ਹੈ, ਉਨ੍ਹਾਂ ਵਿਚੋਂ ਬਹੁਤ ਸਾਰੇ ਵਰਕਰ ਆਪਣੀ ਸਰਕਾਰ ਆਈ ਵੇਖ ਕੇ ਆਪਣੇ ਆਪ ਨੂੰ ਆਪਣੇ ਇਲਾਕੇ ਦਾ 'ਕੇਜਰੀਵਾਲ' ਮੰਨੀ ਫਿਰਦੇ ਹਨ। ਕੇਜਰੀਵਾਲ ਨੇ ਕਦੀ ਆਪਣੀ ਨਿੱਜੀ ਕਾਰ ਉੱਤੇ ਬਿਨਾਂ ਰਜਿਸਟਰੇਸ਼ਨ ਤੋਂ ਵੀ ਆਈ ਪੀ ਨੰਬਰ ਨਹੀਂ ਲਿਖਿਆ, ਪਰ ਏਥੋਂ ਦਾ ਇਕ ਵਿਧਾਇਕ ਆਪਣੀ ਕਾਰ ਉੱਤੇ ਵੀ ਆਈ ਪੀ ਨੰਬਰ ਲਿਖੀ ਫਿਰਦਾ ਹੈ। ਇਹ ਬੜੀ ਛੋਟੀ ਜਿਹੀ ਮਿਸਾਲ ਹੈ, ਵੱਡੀਆਂ ਮਿਸਾਲਾਂ ਏਥੋਂ ਤੱਕ ਜਾਂਦੀਆਂ ਹਨ ਕਿ ਇੱਕ ਹਲਕੇ ਦੇ ਵਿਧਾਇਕ ਵਿਰੁੱਧ ਟਰੱਕਾਂ ਦੇ ਮਾਲਕਾਂ ਨੇ ਹੜਤਾਲ ਕਰ ਦਿੱਤੀ ਸੀ ਕਿ ਉਹ ਮਹੀਨਾ ਮੰਗਣ ਲੱਗ ਪਿਆ ਹੈ ਤੇ ਇੱਕ ਹੋਰ ਵਿਧਾਇਕ ਨੇ ਆਪਣੇ ਇਲਾਕੇ ਦੇ ਲੋਕਾਂ ਵਿਚ ਇਸ ਗੱਲ ਦੀ ਫੂਕ ਮਾਰਨ ਵਿਚ ਪ੍ਰਹੇਜ਼ ਨਹੀਂ ਸੀ ਕੀਤਾ ਕਿ ਜ਼ਿਲ੍ਹਾ ਪੁਲਸ ਦੇ ਮੁਖੀ ਨੇ ਕਹਿਣਾ ਨਹੀਂ ਮੰਨਿਆ ਤਾਂ ਬਦਲੀ ਕਰਵਾ ਦਿੱਤੀ ਹੈ। ਇਹ ਕੁਝ ਪਹਿਲਿਆਂ ਦੋ ਪਾਰਟੀਆਂ ਦੇ ਆਗੂ ਵੀ ਕਰਦੇ ਰਹਿੰਦੇ ਸਨ, ਜੇ ਇਹੋ ਕੁਝ ਕਰਨਾ ਸੀ ਤਾਂ ਪੰਜਾਬ ਦੀ ਜਨਤਾ ਨੂੰ ਅਸਲੋਂ ਨਵੀਂ ਤਰ੍ਹਾਂ ਦੀ ਸਰਕਾਰ, ਆਮ ਆਦਮੀ ਦੀ ਸਰਕਾਰ, ਦਾ ਵਾਅਦਾ ਦੇਣ ਦੀ ਕੀ ਲੋੜ ਪਈ ਸੀ! ਏਦਾਂ ਦੇ ਲੋਕਾਂ ਦੀ ਨਕੇਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਖਿੱਚ ਕੇ ਰੱਖਣੀ ਪਵੇਗੀ, ਨਹੀਂ ਤਾਂ ਜੇ ਉਹ ਕੁਝ ਮਾੜਾ-ਚੰਗਾ ਕਰ ਬੈਠੇ ਅਤੇ ਕੱਲ੍ਹ ਨੂੰ ਵੱਡਾ ਪੁਆੜਾ ਪੈ ਗਿਆ ਤਾਂ ਬਦਨਾਮੀ ਉਨ੍ਹਾਂ ਲੋਕਾਂ ਦੀ ਨਹੀਂ, ਸਰਕਾਰ ਦੀ ਹੁੰਦੀ ਫਿਰੇਗੀ।

ਤੀਸਰੀ ਗੱਲ ਇਹ ਕਿ ਪੰਜਾਬ ਨੂੰ ਟਿਕਾਣੇ ਲਿਆਉਣ ਲਈ ਬਹੁਤ ਕੁਝ ਏਦਾਂ ਦਾ ਕਰਨਾ ਪੈਣਾ ਹੈ, ਜਿਹੜਾ ਕਈ ਲੋਕਾਂ ਨੂੰ ਚੁਭਣਾ ਹੈ। ਪਿਛਲੇ ਪੰਜੀ ਸਾਲਾਂ ਤੋਂ ਇਸ ਰਾਜ ਵਿਚ ਲੱਖਾਂ ਲੋਕਾਂ ਨੂੰ ਹੇਰਾ-ਫੇਰੀ ਕਰਨ ਅਤੇ ਸਰਕਾਰੀ ਮਾਲ ਦੀ ਲੁੱਟ ਦਾ ਚਸਕਾ ਲੱਗ ਚੁੱਕਾ ਹੈ। ਜੋਕਾਂ ਵਾਂਗ ਚੰਬੜੇ ਹੋਏ ਜਾਅਲੀ ਪੈਨਸ਼ਨਰਾਂ ਦੀ ਜਾਂਚ ਕਰ ਕੇ ਇਨ੍ਹਾਂ ਪੈਨਸ਼ਨਾਂ ਨੂੰ ਬੰਦ ਕਰਨਾ ਹੋਵੇਗਾ। ਉਨ੍ਹਾਂ ਵਿਚੋਂ ਕਈ ਲੋਕ ਮਰ ਚੁੱਕੇ ਹਨ ਅਤੇ ਅੱਜ ਵੀ ਉਨ੍ਹਾਂ ਦੇ ਵਾਰਸ ਮ੍ਰਿਤਕਾਂ ਦੇ ਨਾਂਅ ਉੱਤੇ ਪੈਨਸ਼ਨਾਂ ਲੈ ਰਹੇ ਹਨ। ਸਰਕਾਰ ਉਨ੍ਹਾਂ ਵਿਰੁੱਧ ਕੇਸ ਚਲਾਉਣ ਤੁਰ ਪਈ ਤਾਂ ਏਸੇ ਵਿਚ ਉਲਝ ਜਾਵੇਗੀ। ਇਸ ਦਾ ਇੱਕੋ ਰਾਹ ਹੈ ਕਿ ਇਹ ਖਾਤੇ ਬੰਦ ਕਰ ਕੇ ਅੱਗੇ ਲਈ ਲੁੱਟ ਬੰਦ ਕਰ ਦਿੱਤੀ ਜਾਵੇ ਤੇ ਨਿਕਲ ਗਏ ਸੱਪ ਦੀ ਲਕੀਰ ਉੱਤੇ ਸੋਟੇ ਮਾਰਨ ਵਰਗੀ ਕਾਰਵਾਈ ਕਰਨ ਦੇ ਕੰਮ ਵਾਸਤੇ ਸਮਾਂ ਤੇ ਸ਼ਕਤੀ ਨਾ ਗੁਆਵੇ। ਉਂਜ ਵੀ ਇਹ ਕੰਮ ਸਿਰਫ ਪੰਜਾਬ ਵਿਚ ਨਹੀਂ, ਦੇਸ਼ ਦੇ ਕਈ ਰਾਜਾਂ ਵਿਚ ਹੋਈ ਜਾਂਦਾ ਹੈ। ਇਸ ਹਫਤੇ ਸਾਡੇ ਗੁਆਂਢੀ ਰਾਜ ਹਰਿਆਣਾ ਬਾਰੇ 'ਕੈਗ' (ਕੰਪਟਰੋਲਰ ਐਂਡ ਆਡੀਟਰ ਜਨਰਲ) ਦੀ ਰਿਪੋਰਟ ਪੇਸ਼ ਹੋਈ ਤਾਂ ਭੇਦ ਖੁੱਲ੍ਹਾ ਹੈ ਕਿ ਉਸ ਰਾਜ ਦੀ ਸਰਕਾਰ ਇਕਾਨਵੇਂ ਹਜ਼ਾਰ ਚਾਰ ਸੌ ਛੱਤੀ ਇਹੋ ਜਿਹੇ ਲੋਕਾਂ ਨੂੰ ਪੈਨਸ਼ਨਾਂ ਦੇਈ ਜਾਂਦੀ ਹੈ, ਜਿਹੜੇ ਚਿਰੋਕਣੇ ਮਰ ਚੁੱਕੇ ਹਨ ਅਤੇ ਇਨ੍ਹਾਂ ਦੇ ਵਾਰਸ ਪੈਨਸ਼ਨ ਲੈ ਰਹੇ ਹਨ। ਅਗਲੀ ਗੱਲ ਇਹ ਹੈ ਕਿ ਇੱਕ ਹਜ਼ਾਰ ਬਾਨਵੇਂ ਮੁਰਦਿਆਂ ਦੀਆਂ ਪੈਨਸ਼ਨਾਂ ਸ਼ੁਰੂ ਹੀ ਓਦੋਂ ਹੋਈਆਂ, ਜਦੋਂ ਉਹ ਮਰ ਚੁੱਕੇ ਸਨ। ਇਨ੍ਹਾਂ ਮਰ ਚੁੱਕਿਆਂ ਦੀ ਪੈਨਸ਼ਨ ਦੀ ਤਸਦੀਕ ਕਿਸ ਅਫਸਰ ਨੇ ਕਿੱਦਾਂ ਕੀਤੀ, ਇਸ ਬਾਰੇ ਪੁਣ-ਛਾਣ ਕਰਨ ਦਾ ਕੰਮ ਹਰਿਆਣੇ ਵਿਚ ਕੋਈ ਅਫਸਰ ਨਹੀਂ ਕਰੇਗਾ। ਸਾਡੇ ਪੰਜਾਬ ਵਿਚ ਇਹ ਪੜਤਾਲਾਂ ਕਰਨ ਲੱਗੇ ਤਾਂ ਇਸ ਤੋਂ ਵੱਧ ਏਦਾਂ ਦੇ ਕੇਸ ਮਿਲ ਸਕਦੇ ਹਨ। ਫਿਰ ਪੜਤਾਲ ਹੀ ਹੁੰਦੀ ਰਹੇਗੀ, ਕੰਮ ਨਹੀਂ ਹੋ ਸਕਣਾ।

ਚੌਥੀ ਗੱਲ ਪੰਜਾਬ ਦੇ ਲੋਕਾਂ ਦੀ ਮਾਨਸਿਕਤਾ ਨਾਲ ਜੁੜੇ ਪੰਜਾਬ ਯੂਨੀਵਰਸਿਟੀ ਦੇ ਮੁੱਦੇ ਦੀ ਹੈ, ਜਿਸ ਨੂੰ ਪਹਿਲਾਂ ਕੇਂਦਰ ਸਰਕਾਰ ਦੀ ਝੋਲੀ ਵਿਚ ਪਾਉਣ ਦੀ ਗੱਲ ਚੱਲੀ ਸੀ ਤੇ ਫਿਰ ਜਦੋਂ ਹਰ ਪਾਸੇ ਤਿੱਖਾ ਵਿਰੋਧ ਹੋਇਆ ਤਾਂ ਕੇਂਦਰ ਦੀ ਸਰਕਾਰ ਨੇ ਹੀ ਕਹਿ ਦਿੱਤਾ ਕਿ ਸਾਡੀ ਏਦਾਂ ਦੀ ਕੋਈ ਤਜਵੀਜ਼ ਨਹੀਂ ਹੈ। ਇਸ ਦੇ ਬਾਅਦ ਕੇਂਦਰੀਕਰਨ ਵੱਲੋਂ ਗੱਲ ਇੱਕ ਤਰ੍ਹਾਂ ਰੁਕ ਗਈ, ਪਰ ਇਸ ਯੂਨੀਵਰਸਿਟੀ ਵਿਚ ਸਿੰਗ ਫਸਾਈ ਰੱਖਣ ਲਈ ਹਰਿਆਣੇ ਦੀ ਰਾਜਨੀਤੀ ਵਾਲੀ ਬੇਹੀ ਕੜ੍ਹੀ ਵਿਚ ਇੱਕ ਵਾਰ ਫਿਰ ਉਬਾਲਾ ਆ ਗਿਆ ਹੈ। ਸਾਰੇ ਜਾਣਦੇ ਹਨ ਕਿ ਪੰਜਾਬ ਤੋਂ ਹਰਿਆਣਾ ਵੱਖ ਹੁੰਦੇ ਸਾਰ ਉਸ ਦੀ ਕਮਾਨ ਕਾਂਗਰਸੀ ਮੁੱਖ ਮੰਤਰੀ ਬੰਸੀ ਲਾਲ ਨੂੰ ਸੌਂਪੀ ਗਈ ਸੀ, ਜਿਹੜਾ ਪੰਜਾਬ ਤੇ ਪੰਜਾਬੀਅਤ ਦਾ ਸਿਰੇ ਦਾ ਵਿਰੋਧੀ ਸੀ। ਉਸ ਰਾਜ ਵਿਚ ਚਾਲੀ ਫੀਸਦੀ ਤੋਂ ਵੱਧ ਪੰਜਾਬੀ ਲੋਕ ਹੋਣ ਕਾਰਨ ਜਦੋਂ ਓਥੇ ਦੂਸਰੀ ਭਾਸ਼ਾ ਪੰਜਾਬੀ ਹੋਣੀ ਚਾਹੀਦੀ ਸੀ, ਤਾਂ ਕਿ ਗੁਆਂਢੀ ਰਾਜ ਦੇ ਲੋਕਾਂ ਨਾਲ ਤਾਲਮੇਲ ਵਿਚ ਅੜਿੱਕਾ ਨਾ ਪਵੇ, ਓਦੋਂ ਚੌਧਰੀ ਬੰਸੀ ਲਾਲ ਨੇ ਆਂਧਰਾ ਪ੍ਰਦੇਸ਼ ਤੇ ਤੇਲੰਗਾਨਾ ਦੀ ਤੇਲਗੂ ਭਾਸ਼ਾ ਨੂੰ ਦੂਸਰੀ ਭਾਸ਼ਾ ਵਜੋਂ ਪੜ੍ਹਾਉਣ ਦਾ ਹੁਕਮ ਦਾਗ ਦਿੱਤਾ ਸੀ। ਫਿਰ ਜਦੋਂ ਦੋ ਸਾਲਾਂ ਵਿਚ ਆਮ ਲੋਕਾਂ ਹੀ ਨਹੀਂ, ਆਂਧਰਾ ਪ੍ਰਦੇਸ਼ ਵਿਚ ਉਚੇਚੇ ਭੇਜੇ ਟੀਚਰਾਂ ਦੇ ਪੱਲੇ ਵੀ ਉਹ ਭਾਸ਼ਾ ਨਾ ਪਈ ਤਾਂ ਉਸ ਦੀ ਥਾਂ ਉਸ ਤੋਂ ਵੀ ਪਰੇ ਦੀ ਤਾਮਿਲ ਨਾਡੂ ਵਾਲੀ ਤਾਮਿਲ ਭਾਸ਼ਾ ਨੂੰ ਸਰਕਾਰੀ ਤੌਰ ਉੱਤੇ ਦੂਸਰੀ ਭਾਸ਼ਾ ਦਾ ਦਰਜਾ ਦੇ ਦਿੱਤਾ। ਓਸੇ ਕਾਂਗਰਸੀ ਮੁੱਖ ਮੰਤਰੀ ਚੌਧਰੀ ਬੰਸੀ ਲਾਲ ਨੇ ਨਵੰਬਰ 1973 ਵਿਚ ਹਰਿਆਣਾ ਦੇ ਅਠਾਰਾਂ ਜ਼ਿਲ੍ਹਿਆਂ ਦੇ 63 ਕਾਲਜ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਨਾਲੋਂ ਕੱਟ ਲਏ ਸਨ ਅਤੇ ਜਦੋਂ ਅਗਲੀ ਵਾਰੀ 1998 ਵਿਚ ਮੁੱਖ ਮੰਤਰੀ ਬਣਿਆ ਤਾਂ ਇਸ ਯੂਨੀਵਰਸਿਟੀ ਦੀ ਸੈਨੇਟ ਵਿਚ ਹਰਿਆਣਾ ਦੇ ਮੈਂਬਰ ਵੀ ਭੇਜਣ ਦਾ ਕੰਮ ਖਤਮ ਕਰਵਾ ਦਿੱਤਾ ਸੀ। ਬਾਅਦ ਵਿਚ ਹਰਿਆਣੇ ਵਿਚ ਭੁਪਿੰਦਰ ਸਿੰਘ ਹੁੱਡਾ ਦੀ ਕਾਂਗਰਸੀ ਸਰਕਾਰ ਅਤੇ ਕੇਂਦਰ ਵਿਚ ਕਾਂਗਰਸੀ ਅਗਵਾਈ ਵਾਲੀ ਡਾਕਟਰ ਮਨਮੋਹਨ ਸਿੰਘ ਦੀ ਸਰਕਾਰ ਦੇ ਵਕਤ 2008 ਵਿਚ ਏਸੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਬਣਾਉਣ ਦੀ ਗੱਲ ਪਹਿਲੀ ਵਾਰ ਚਲਾਈ ਗਈ ਸੀ। ਇਹ ਤਜਵੀਜ਼ ਨਰਿੰਦਰ ਮੋਦੀ ਵਾਲੀ ਕੇਂਦਰ ਸਰਕਾਰ ਨੇ ਜਦੋਂ ਪਿਛਲੇ ਮਹੀਨੇ ਇੱਕ ਤਰ੍ਹਾਂ ਠੱਪ ਕਰ ਦਿੱਤੀ ਤਾਂ ਬੀਤੇ ਹਫਤੇ ਹਰਿਆਣਾ ਵਿਧਾਨ ਸਭਾ ਵਿਚ ਕਾਂਗਰਸ ਦੀ ਇੱਕ ਸਾਬਕਾ ਮੰਤਰੀ ਬੀਬੀ ਨੇ ਮਤਾ ਪੇਸ਼ ਕਰ ਦਿੱਤਾ ਕਿ ਪੰਜਾਬ ਯੂਨੀਵਰਸਿਟੀ ਵਿਚ ਹਰਿਆਣਾ ਦੇ ਸਾਰੇ ਹਿੱਸੇ ਬਹਾਲ ਕਰਵਾਏ ਜਾਣ। ਕਾਂਗਰਸੀ ਬੀਬੀ ਦਾ ਰੱਖਿਆ ਇਹ ਮਤਾ ਭਾਜਪਾ ਵਾਲਿਆਂ ਨੇ ਚੁੱਕ ਲਿਆ ਅਤੇ ਫਿਰ ਮਾਮੂਲੀ ਜਿਹੀ ਬਹਿਸ ਦੇ ਬਾਅਦ ਉਹ ਹਿੱਸੇ ਬਹਾਲ ਕਰਨ ਦੀ ਤਜਵੀਜ਼ ਸਰਬ ਸੰਮਤੀ ਨਾਲ ਪਾਸ ਹੋ ਗਈ, ਜਿਹੜੇ ਹਿੱਸੇ ਪੰਜਾਬ ਤੇ ਪੰਜਾਬੀਆਂ ਨਾਲ ਹਰਿਆਣਾ ਦੇ ਮੁੱਖ ਮੰਤਰੀ ਬੰਸੀ ਲਾਲ ਦੀ ਉਚੇਚੀ ਨਫਰਤ ਦੇ ਕਾਰਨ ਉਸ ਰਾਜ ਦੀ ਸਰਕਾਰ ਨੇ ਖੁਦ ਹੀ ਛੱਡੇ ਸਨ। ਸਾਨੂੰ ਇਸ ਗੱਲ ਨਾਲ ਹੈਰਾਨੀ ਹੋਈ ਕਿ ਹਰਿਆਣੇ ਦੀ ਰਾਜਨੀਤੀ ਦੀ ਬੇਹੀ ਕੜ੍ਹੀ ਵਿਚ ਉਠੇ ਇਸ ਉਬਾਲ ਬਾਰੇ ਪੰਜਾਬ ਦੀ ਸਰਕਾਰ ਚਲਾਉਣ ਵਾਲਿਆਂ, ਵਿਰੋਧੀ ਧਿਰ ਵਾਲਿਆਂ ਜਾਂ ਕਿਸੇ ਵੀ ਹੋਰ ਧਿਰ ਨੇ ਕੋਈ ਬਿਆਨ ਹੀ ਨਹੀਂ ਦਿੱਤਾ।

ਸਾਨੂੰ ਪਤਾ ਹੈ ਕਿ ਹਰਿਆਣੇ ਲਈ ਪਾਣੀ ਦਾ ਤੁਪਕਾ ਤੱਕ ਦੇਣ ਦੇ ਵਿਰੋਧ ਦੀਆਂ ਫੋਕੀਆਂ ਟਾਹਰਾਂ ਓਦੋਂ ਮਾਰੀਆਂ ਜਾਂਦੀਆਂ ਹਨ, ਜਦੋਂ ਪੰਜਾਬ ਦਾ ਪਾਣੀ ਅੱਜ ਵੀ ਹਰਿਆਣੇ ਨੂੰ ਜਾ ਰਿਹਾ ਹੈ। ਏਸੇ ਤਰ੍ਹਾਂ ਪੰਜਾਬ ਦੇ ਹਿੱਤਾਂ ਵਾਸਤੇ ਲੜਨ ਦੀਆਂ ਗੱਲਾਂ ਕਰਨ ਵਾਲੀਆਂ ਸਾਰੀਆਂ ਸਿਆਸੀ ਧਿਰਾਂ ਅਮਲ ਵਿਚ ਓਨਾ ਪੰਜਾਬ ਜਾਂ ਪੰਜਾਬੀਆਂ ਦੇ ਹੱਕਾਂ ਵਾਸਤੇ ਨਹੀਂ ਲੜ ਰਹੀਆ, ਜਿੰਨਾ ਇਸ ਬਹਾਨੇ ਇੱਕ ਦੂਸਰੀ ਨੂੰ ਝੂਠੇ ਸਾਬਤ ਕਰਨ ਤੇ ਆਪਣੇ ਆਪ ਨੂੰ ਪੰਜਾਬੀਅਤ ਦੇ ਹੀਰੋ ਸਾਬਤ ਕਰਨ ਲਈ ਭਿੜਦੀਆਂ ਹਨ। ਪੰਜਾਬ ਯੂਨੀਵਰਸਿਟੀ ਦਾ ਮੁੱਦਾ ਵੀ ਏਹੋ ਜਿਹਾ ਹੈ। ਪੰਜਾਬ ਦੇ ਸਿਆਸੀ ਆਗੂ ਜੋ ਮਰਜ਼ੀ ਕਰੀ ਜਾਣ, ਪਰ ਏਨੀ ਗੱਲ ਚੇਤੇ ਰੱਖਣ ਕਿ ਲੋਕਾਂ ਦੀ ਕਚਹਿਰੀ ਵਿਚ ਕਿਸੇ ਦਿਨ ਸਾਰਾ ਕੁਝ ਖੁੱਲ੍ਹ ਜਾਣਾ ਹੈ।

# ਸਾਹਿਤ ਦਾ ਭਰ ਵਗਦਾ ਦਰਿਆ ਪ੍ਰੋਫੈਸਰ ਗੁਰਭਜਨ ਗਿੱਲ



ਸੁਰਜੀਤ ਕੌਰ ਸੈਕਰਾਮੈਂਟੋ

ਸ਼ਬਦਾਂ ਦੇ ਮਾਨ ਸਰੋਵਰ ਵਿਚੋਂ ਸ਼ਬਦ ਕੱਢ ਕੇ ਲਿਆਉਣ ਅਤੇ ਕਾਗਜ਼ 'ਤੇ ਸਜਾਉਣ ਦੇ ਮਾਹਿਰ ਸਤਿਕਾਰਯੋਗ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਜੀ ਬਾਰੇ ਕੁਝ ਕਹਿਣਾ ਜਾਂ ਲਿਖਣਾ ਓਨਾ ਹੀ ਮੁਸ਼ਕਿਲ ਹੈ ਜਿੰਨਾ ਸਮੁੰਦਰ ਦੀ ਗਹਿਰਾਈ ਜਾਂ ਵਿਸ਼ਾਲਤਾ ਜਾਂ ਆਸਮਾਨ ਦੀ ਉਚਾਈ ਦਾ ਅਨੁਮਾਨ ਲਾਉਣ ਬਾਰੇ ਕੋਈ ਕੁਝ ਕਹਿਣ ਦਾ ਵਿਅਰਥ ਯਤਨ ਕਰੇ।

ਬਿਲਕੁਲ ਏਸੇ ਤਰ੍ਹਾਂ ਹੀ ਅੱਜ ਮੈਂ ਵੀ ਇਕ ਨਿਮਾਣੀ ਜਿਹੀ ਕੋਸ਼ਿਸ਼ ਕਰਨ ਬਾਰੇ ਸੋਚ ਰਹੀ ਹਾਂ। ਭਾਰਤ ਦੀ 75ਵੀਂ ਆਜ਼ਾਦੀ ਦੇ ਸੰਬੰਧ ਵਿਚ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ ਜੀ ਦੀ ਇਕ ਵਾਇਸ ਰਿਕਾਰਡਿੰਗ ਸੁਣਨ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ ਜੋ ਉਨ੍ਹਾਂ ਵੱਲੋਂ ਹੀ ਮੈਨੂੰ ਭੇਜੀ ਗਈ ਸੀ, ਜਿਸ ਨੂੰ ਸੁਣ ਕੇ ਮੇਰੇ ਮਨ ਵਿਚ ਅਨੇਕਾਂ ਉਤਰਾਅ ਚੜ੍ਹਾਅ ਆਏ।

ਜਦ ਗਿੱਲ ਭਾਅ ਜੀ ਆਪਣੇ ਸਤਿਕਾਰਯੋਗ ਮਾਤਾ ਜੀ ਦਾ ਜ਼ਿਕਰ ਕਰਦੇ ਆਖਦੇ ਹਨ ਕਿ ਜਦੋਂ ਵੀ ਕਦੀ ਘਰ ਵਿਚ ਭਾਰਤ-ਪਾਕਿ ਵੰਡ ਜਾਂ ਆਜ਼ਾਦੀ ਦੇ ਜਸ਼ਨਾਂ ਦੀ ਗੱਲ ਹੁੰਦੀ ਤਾਂ ਮਾਂ ਹਉਕਾ ਭਰ ਡੱਬ-ਡਬਾਈਆਂ ਅੱਖਾਂ ਨਾਲ ਆਖਦੀ, 'ਕਿਹੜੀ ਆਜ਼ਾਦੀ, ਕਾਹਦੀ ਆਜ਼ਾਦੀ'? ਮਾਂ ਹਮੇਸ਼ਾਂ ਹੀ ਉਸ ਰੱਤ ਰੰਗੇ ਸਮੇਂ ਨੂੰ ਉਜਾੜਿਆਂ ਵੇਲੇ ਦਾ ਸਮਾਂ ਆਖਦੀ ਆਖਦੀ ਰੋਂਦੀ ਅਤੇ ਹਉਕੇ ਭਰਦੀ ਹੀ ਸੰਸਾਰ ਤੋਂ ਰੁਖ਼ਸਤ ਹੋ ਗਈ।

ਤਾਂ ਮੈਨੂੰ ਵੀ ਯਾਦ ਆਇਆ ਇਹ ਦੋ-ਧਾਰੀ ਤਲਵਾਰ ਜਿਹਾ ਤਿੱਖਾ ਸ਼ਬਦ,

ਜਦ ਮੇਰੀ ਮਾਂ ਵੀ ਹਰ ਗੱਲ ਵਿਚ ਏਸੇ ਸ਼ਬਦ ਨੂੰ ਹੀ ਵਾਰ-ਵਾਰ ਬੋਲਦੀ ਤੇ ਆਖਦੀ ਹੁੰਦੀ ਸੀ, 'ਹਾਏ ਉਹ ਉਜਾੜਿਆਂ ਦਾ ਵੇਲਾ ਤਾਂ ਰੱਬ ਕਦੀ ਵੀ ਕਿਸੇ ਨੂੰ ਨਾ ਦਿਖਾਵੇ'। ਮੈਂ ਪੁੱਛਣਾ ਬੇ ਜੀ ਕੀ ਹੋਇਆ ਸੀ ਮੈਨੂੰ ਵੀ ਕੁਝ ਦੱਸੋ ਤਾਂ ਮਾਂ ਨੇ ਕਹਿਣਾ, 'ਕੀ ਕੀ ਦੱਸਾਂ'? ਤਾਂ ਪਿਤਾ ਜੀ ਨੇ ਬੋਲ ਪੈਣਾ, 'ਜੀਤ ਪੁੱਤਰ ਤੂੰ ਤਾਂ ਉਜਾੜੇ ਮਗਰੋਂ ਏਧਰ ਆ ਕੇ ਜਨਮ ਲਿਆ ਸੁਣ ਕੇ ਕੀ ਕਰੇਂਗੀ, ਹਰ ਪਾਸੇ ਲਾਸ਼ਾਂ ਹੀ ਲਾਸ਼ਾਂ ਸਨ, ਅਸੀਂ ਸਿੱਖ ਅਤੇ ਮੁਸਲਮਾਨ ਵੱਖਰੇ ਵੱਖਰੇ ਕਿੱਥੇ ਸਾਂ, ਸਾਡੀਆਂ ਘਰਾਂ ਦੀਆਂ ਕੰਧਾਂ ਸਾਂਝੀਆਂ, ਸਾਡੀਆਂ ਜ਼ਮੀਨਾਂ ਦੇ ਵੱਟਾਂ ਬੰਨ੍ਹੇ ਸਾਂਝੇ, ਸਾਡੇ ਕੋਠਿਆਂ ਦੇ ਬਨੇਰੇ ਸਾਂਝੇ, ਸਾਡੇ ਤਾਂ ਉਹ ਸਾਰੇ ਹੀ ਆਪਣੇ ਸਨ ਸਾਡੇ ਚਾਚੇ-ਤਾਏ ਨਾਨੇ-ਮਾਮੇ, ਪਰ ਪਤਾ ਨਹੀਂ ਆਹ ਫਿਰੰਗੀ ਦਾ ਬੇੜਾ ਗਰਕ ਜਾਵੇ ਸਾਡੀਆਂ ਸਾਰੀਆਂ ਸਾਂਝਾਂ ਮਾਰ ਮੁਕਾ ਕੇ ਸਾਨੂੰ ਵਸਦਿਆਂ ਨੂੰ ਉਜਾੜ ਕੇ ਆਪ ਤੁਰਦਾ ਬਣਿਆ'। ਪਿਤਾ ਜੀ ਨੇ ਹੱਥ ਜੋੜ ਸਿਰ ਝੁਕਾ ਕੇ ਆਖਣਾ,

ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦੁ ਨ ਆਇਆ ॥ ਗੁਰਬਾਣੀ ॥

ਗੁਰਭਜਨ ਗਿੱਲ ਦੀ ਰਿਕਾਰਡਿੰਗ ਸੁਣਦੇ-ਸੁਣਦੇ ਕਦੀ ਕਦੀ ਤਾਂ ਐਵੇਂ ਵੀ ਲੱਗਿਆ ਜਿਵੇਂ ਉਜਾੜਿਆਂ ਵੇਲੇ ਜੋ 10 ਲੱਖ ਜਾਂ ਹੋਰ ਵਧੇਰੇ ਇਨਸਾਨ ਮਾਰੇ ਗਏ, ਉਨ੍ਹਾਂ ਦਾ ਕਸੂਰ ਕੀ ਸੀ ਜਾਂ ਮਾਰੇ ਗਏ ਬੇ-ਦੋਸ਼ਿਆਂ ਦੇ ਖ਼ੂਨ ਦੀ ਇਸ ਆਜ਼ਾਦੀ ਜਾਂ ਬਰਬਾਦੀ ਦੇ ਹੱਥੀਂ ਪੈਰੀਂ ਮਹਿੰਦੀ ਲਾ ਉਸਨੂੰ ਨੁਹਾਉਣਾ ਵੀ ਖ਼ੂਨ ਨਾਲ ਹੀ ਸੀ ਅਤੇ ਸਾਰੇ ਰਾਹ ਅਤੇ ਗਲੀਆਂ ਵੀ ਖ਼ੂਨ ਨਾਲ ਹੀ ਧੋਣੇ ਸਨ।

ਏਥੇ ਹੀ ਬੱਸ ਨਹੀਂ ਕਰੋੜ ਤੋਂ ਵੀ ਵੱਧ ਭਾਵ ਅਣਗਿਣਤ ਪਰਿਵਾਰ ਘਰੋਂ ਬੇ-ਘਰ ਹੋ ਕਈ ਸਾਲਾਂ ਤੀਕ ਗਲੀਆਂ ਵਿਚ ਰੁਲਦੇ ਫਿਰੇ ਅਤੇ ਉਜਾੜਿਆਂ ਭਰੀ ਜ਼ਿੰਦਗੀ ਹਾਸਲ ਕਰ ਕੇ ਆਪਣੇ



ਵਿਛੜ ਗਿਆਂ ਅਤੇ ਮਰ ਗਿਆਂ ਨੂੰ ਯਾਦ ਕਰ ਕਰ ਕੀਰਨੇ ਅਤੇ ਵੈਣ ਪਾਉਂਦੇ ਰਹੇ ਅਤੇ ਆਪਣੇ ਪਿੱਛੇ ਛੱਡ ਆਏ ਆਪਣੇ ਵੱਡ ਵਡੇਰੇ ਪੁਰਖਿਆਂ ਦੇ ਘਰ, ਹਵੇਲੀਆਂ, ਜ਼ਮੀਨਾਂ ਅਤੇ ਖੂਹਾਂ ਨੂੰ ਯਾਦ ਕਰਦੇ ਹਉਕੇ ਭਰਦੇ ਇਸ ਦੁਨੀਆਂ ਤੋਂ ਰੁਖ਼ਸਤ ਹੋ ਗਏ।

ਸਭ ਤੋਂ ਵੱਧ ਦੁਖਦਾਈ ਸਮਾਂ ਉਹ ਸੀ ਜਦੋਂ ਉੱਜੜ ਕੇ ਆਇਆਂ ਨੂੰ ਏਧਰ ਵਸੇਂਦੇ ਲੋਕ ਪਨਾਹ-ਗੀਰ ਆਖ ਕੇ ਸ਼ਬਦਾਂ ਦੇ ਤਿੱਖੇ ਬਾਣ ਮਾਰਦੇ ਤਾਂ ਉਹ ਉੱਜੜ ਕੇ ਆਏ ਬਦ-ਨਸੀਬ ਲੋਕ ਮੂੰਹ ਲੁਕਾ ਕੇ ਅੱਥਰੂ ਪੂੰਝਦੇ ਅਤੇ ਰੁੱਖਾਂ ਦੀ ਜੀਰਾਂਦ ਵਾਂਗ ਸਭ ਕੁਝ ਸਹਿ ਜਾਂਦੇ।

ਗੁਰਭਜਨ ਗਿੱਲ ਨੇ ਜਿਸ ਸ਼ਿੱਦਤ ਨਾਲ ਇਸ ਦਰਦ ਕਹਾਣੀ ਨੂੰ ਕਲਮਬੱਧ ਕੀਤਾ ਹੈ ਅਤੇ ਜਿਸ ਪੀੜ ਪਰੁੰਨੀ ਅਵਾਜ਼ ਵਿਚ ਇਸਦਾ ਉਚਾਰਨ ਕੀਤਾ ਹੈ, ਉਸ ਲਈ ਮੈਂ ਕਿੱਥੋਂ ਸ਼ਬਦ ਲਿਆਵਾਂ, ਉਹ ਹਉਕੇ ਹਾਵੇ ਅਤੇ ਹਟਕੋਰਿਆਂ ਦੀ ਦਾਸਤਾਂ ਭਲਾ ਕੋਈ ਕਲਮ ਨਾਲ ਕਿਵੇਂ ਲਿਖੇ।

ਸਭਨਾ ਉਪਰਿ ਨਦਰਿ ਪ੍ਰਭ ਤੇਰੀ ॥
ਕਿਸੈ ਥੋੜੀ ਕਿਸੈ ਹੈ ਘਨੇਰੀ ॥
ਗੁਰਬਾਣੀ ॥

ਗੁਰਭਜਨ ਗਿੱਲ ਦਾ ਸਮੁੱਚਾ ਜੀਵਨ ਹੀ ਮਨੁੱਖਤਾ ਅਤੇ ਸਾਹਿਤ ਨੂੰ ਸਮਰਪਿਤ ਹੈ। ਉਨ੍ਹਾਂ ਨੂੰ ਜਦ ਵੀ ਪੜ੍ਹੋ, ਸੁਣੋ ਤਾਂ ਰਸ਼ਕ ਹੁੰਦਾ ਹੈ ਕਿ ਉਹ ਆਪਣੇ ਪੁਰਖਿਆਂ ਦੀ ਪਰੰਪਰਾ ਅਤੇ ਮਰਿਆਦਾ ਨੂੰ ਸਦੀਵ ਨਾਲ ਲੈ ਕੇ ਕਦਮ ਪੁੱਟਦੇ ਹਨ। ਉਨ੍ਹਾਂ ਦਾ ਕਾਦਰ ਕਰਤਾਰ ਕਰਤਾ ਪੁਰਖ 'ਤੇ ਅਟੱਲ ਵਿਸ਼ਵਾਸ ਹੈ। ਉਹ ਜਦ ਸਰਬ-ਸਾਂਝੀਵਾਲਤਾ 'ਤੇ ਲਿਖਦੇ ਜਾਂ ਬੋਲਦੇ ਹਨ ਤਾਂ ਲੱਗਦਾ ਹੈ ਕਿ ਜਿਵੇਂ ਕੋਈ ਫਰਿਸ਼ਤਾ ਜੁਗਾਂ ਜੁਗਾਂ ਦੀ ਸਾਧਨਾ ਮਗਰੋਂ ਅਜ ਪ੍ਰਭੂ ਮਾਰਗ ਤੋਂ ਭਟਕੀ ਹੋਈ ਮਨੁੱਖਤਾ ਨੂੰ ਮੁਖ਼ਾਤਿਬ ਹੋ ਰਿਹਾ ਹੋਵੇ।

ਗੁਰੂ ਨਾਨਕ ਦੇਵ ਜੀ ਅਤੇ ਸ਼ਬਦ ਗੁਰੂ ਨਾਲ ਗੁਰਭਜਨ ਗਿੱਲ ਦਾ ਅਟੁੱਟ ਲਗਾਉ ਹੈ, ਉਹ ਜਦ ਸ਼ਬਦ ਗੁਰੂ ਦੀ ਵਿਚਾਰ ਨਾਲ ਜੁੜਦੇ ਅਤੇ ਜੋੜਦੇ ਹਨ ਤਾਂ ਵੱਡੇ ਵੱਡੇ ਗੁਰਬਾਣੀ ਗਿਆਤਾ ਵੀ ਸਾਹ ਰੋਕ ਕੇ ਉਨ੍ਹਾਂ ਨੂੰ ਸੁਣਦੇ ਹਨ।

ਉਹ ਜਦੋਂ ਗੁਰ ਇਤਿਹਾਸ ਨਨਕਾਣਾ ਸਾਹਿਬ, ਚਾਂਦਨੀ ਚੌਕ ਜਾਂ ਆਨੰਦਪੁਰ ਸਾਹਿਬ ਦੀ ਗੱਲ ਕਰਦੇ ਹਨ ਤਾਂ ਸਮਾਂ ਵੀ ਥੰਮ੍ਹ ਜਾਂਦਾ ਹੈ ਅਤੇ ਹਟਕੋਰੇ ਭਰ ਭਰ ਰੋਂਦਾ ਹੈ।

ਭਾਰਤ ਦੀ 75ਵੀਂ ਅਖੌਤੀ ਆਜ਼ਾਦੀ ਦੇ ਸੰਬੰਧ ਵਿਚ ਉਨ੍ਹਾਂ ਦੀ ਪੁਸਤਕ (ਖ਼ੈਰ ਪੰਜਾਂ ਪਾਣੀਆਂ ਦੀ) ਇਕ ਹਫ਼ਤੇ ਵਿਚ ਤਿਆਰ ਹੋ ਕੇ ਸਾਹਿਤ ਪ੍ਰੇਮੀਆਂ ਦੇ ਹੱਥਾਂ ਵਿਚ ਪਹੁੰਚ ਚੁੱਕੀ ਹੈ। ਗਿੱਲ ਸਾਹਿਬ ਸੱਚੇ ਸਾਹਿਤ ਦੇ ਪੁਜਾਰੀ ਹਨ ਅਤੇ ਉਨ੍ਹਾਂ ਦੀ ਕਲਮ ਦਾ ਦੁਨੀਆਂ ਭਰ ਵਿਚ ਸਤਿਕਾਰ ਹੈ। ਪੰਜਾਬ ਦਾ ਸਪੁੱਤਰ ਸਾਂਝੇ ਪੰਜਾਬ ਦੀ ਆਨ, ਬਾਨ ਅਤੇ ਸ਼ਾਨ ਹੈ। ਪੰਜਾਬੀ ਮਾਂ ਬੋਲੀ ਦਾ ਇਹ ਮਾਣਮੱਤਾ ਸਪੁੱਤਰ ਚੜ੍ਹਦੇ ਅਤੇ ਲਹਿੰਦੇ ਪੰਜਾਬ ਨੂੰ ਦੋ ਨਹੀਂ, ਇਕ ਮੰਨਦਾ ਹੈ ਅਤੇ ਦੋਹੀਂ ਥਾਈਂ ਛਪਦਾ ਤੇ ਪੜ੍ਹਿਆ ਜਾਂਦਾ ਹੈ। ਉਨ੍ਹਾਂ ਦੀਆਂ ਲਿਖੀਆਂ ਨਜ਼ਮਾਂ, ਗੀਤਾਂ, ਗ਼ਜ਼ਲਾਂ ਅਤੇ ਰੁਬਾਈਆਂ ਦੀਆਂ ਪੁਸਤਕਾਂ ਦੀ ਲੜੀ ਬਹੁਤ ਲੰਮੀ ਹੈ, ਜਿਨ੍ਹਾਂ ਵਿਚੋਂ ਬਹੁਤ ਸਾਰੀਆਂ ਪੁਸਤਕਾਂ ਸ਼ਾਹਮੁਖੀ ਵਿਚ ਵੀ ਛਪ ਚੁਕੀਆਂ ਹਨ ਅਤੇ ਸਭ ਤੋਂ ਵੱਧ ਪੜ੍ਹੀਆਂ ਜਾਂਦੀਆਂ ਹਨ।

ਇਸ ਸਮੇਂ ਪ੍ਰੋਫੈਸਰ ਗੁਰਭਜਨ ਸਿੰਘ ਗਿੱਲ, ਪੰਜਾਬੀ ਲੋਕ ਵਿਰਾਸਤ ਅਕਾਦਮੀ ਲੁਧਿਆਣਾ ਦੇ ਚੇਅਰਮੈਨ ਹਨ ਅਤੇ ਅਣਗਿਣਤ ਸੰਸਥਾਵਾਂ ਨੂੰ ਨਾਲ ਲੈ ਕੇ ਤੁਰੇ ਹੋਏ ਪੰਜਾਬ, ਪੰਜਾਬੀਅਤ ਅਤੇ ਪੰਜਾਬੀ ਸਾਹਿਤ ਦੇ ਉਚ ਦੁਮਾਲੜੇ ਅਲੰਬਰਦਾਰ ਹਨ। ਉਨ੍ਹਾਂ ਦੀ ਸ਼ਖ਼ਸੀਅਤ ਕਿਸੇ ਵੀ ਜਾਣ-ਪਛਾਣ ਦੀ ਮੁਹਤਾਜ਼ ਨਹੀ ਹੈ। ਮੁਹਤਾਜ਼ ਹੋਵੇ ਵੀ ਕਿਵੇਂ ਇਸ ਸਦੀ ਦੇ ਮਹਾਨ ਪੁਰਸ਼ ਡਾਕਟਰ ਸ ਪ ਸਿੰਘ ਜੀ ਦਾ ਗੁਰੂ ਪਿਤਾ ਦੇ ਰੂਪ ਵਿਚ ਸਿਰ 'ਤੇ ਹੱਥ ਜੋ ਹੈ। ਰੱਬ ਮਿਹਰਾਂ ਕਰੇ ਇਹ ਸਨੇਹ ਭਰਿਆ ਹੱਥ ਅਤੇ ਸਾਥ ਸਦੀਵ ਬਣਿਆ ਰਹੇ।

# ਆਰ.ਐੱਸ.ਐੱਸ. ਅਤੇ ਲੋਕਤੰਤਰ ਦੀ ਹੱਤਿਆ

**ਅੱਜ ਆਰ.ਐੱਸ.ਐੱਸ. ਦੇ ਸਿਆਸੀ ਵਿੰਗ- ਭਾਰਤੀ ਜਨਤਾ ਪਾਰਟੀ, ਦੀ ਭਾਰਤ ਵਿਚ ਪੂਰੀ ਚੜ੍ਹਾਈ ਹੈ ਪਰ ਇਹ ਜਿਸ ਤਰ੍ਹਾਂ ਜਮਹੂਰੀਅਤ ਨੂੰ ਨਿਗਲ ਰਹੀ ਹੈ, ਉਸ ਬਾਰੇ ਚਰਚਾ ਵੀ ਕੁਝ ਘੇਰਿਆਂ ਵਿਚ ਅਕਸਰ ਚੱਲਦੀ ਰਹਿੰਦੀ ਹੈ। ਉਘੇ ਪੱਤਰਕਾਰ ਧੀਰੇਂਦਰ ਕੇ ਝਾਅ ਨੇ ਆਰ.ਐੱਸ.ਐੱਸ. ਨਾਲ ਜੁੜਿਆ ਖਾਸ ਦਸਤਾਵੇਜ਼ ਕੱਢ ਲਿਆਂਦਾ ਹੈ ਜਿਸ ਤੋਂ ਸਾਬਤ ਹੁੰਦਾ ਹੈ ਕਿ ਆਰ.ਐੱਸ.ਐੱਸ. ਕਿਵੇਂ ਜਮਹੂਰੀਅਤ ਦੀ ਦੁਸ਼ਮਣ ਹੈ। ਇਸ ਦਸਤਾਵੇਜ਼ ਦਾ ਅਨੁਵਾਦ ਸਾਡੇ ਕਾਲਮਨਵੀਸ ਬੂਟਾ ਸਿੰਘ ਮਹਿਮੂਦਪੁਰ ਨੇ ਕੀਤਾ ਹੈ।**

**ਖਾਸ ਲੇਖ**

9 ਸਤੰਬਰ 1945 ਨੂੰ ਭਾਰਤ ਦੀ ਆਜ਼ਾਦੀ ਦੀ ਮੁਹਿੰਮ ਸ਼ੁਰੂ ਹੋਣ ਤੋਂ ਠੀਕ ਬਾਅਦ ਰਾਸ਼ਟਰੀ ਸਵੈਮਸੇਵਕ ਸੰਘ (ਆਰ.ਐੱਸ.ਐੱਸ.) ਦੇ ਚੋਟੀ ਦੇ ਕਾਰਿੰਦੇ ਆਪਣੇ ਨਾਗਪੁਰ ਸਦਰ-ਮੁਕਾਮ ਵਿਖੇ ਜੁੜੇ ਅਤੇ ਉਨ੍ਹਾਂ ਨੇ ਆਉਣ ਵਾਲੇ ਲੋਕਤੰਤਰ ਨੂੰ ਮਾਰਨ ਦੀਆਂ ਯੋਜਨਾਵਾਂ 'ਤੇ ਚਰਚਾ ਕੀਤੀ। ਪੁਲਿਸ ਰਿਪੋਰਟ ਜਿਸ ਵਿਚ ਇਸ ਮੀਟਿੰਗ ਦੇ ਵੇਰਵਿਆਂ ਦਾ ਦਸਤਾਵੇਜ਼ੀਕਰਨ ਕੀਤਾ ਗਿਆ ਹੈ ਜਿਸ ਨੂੰ ਮੈਂ ਹੁਣੇ ਜਿਹੇ ਹੀ ਪਹੁੰਚ ਕਰਕੇ ਦੇਖਿਆ ਹੈ, ਸੰਘ ਦੇ ਬੇਕਿਰਕ ਰਾਜਸੀ ਉਦੇਸ਼ਾਂ ਬਾਰੇ ਹੁਣ ਤੱਕ ਮੌਜੂਦ ਸਬੂਤਾਂ 'ਚ ਹੋਰ ਵਾਧਾ ਕਰਦੀ ਹੈ।



ਮੀਟਿੰਗ ਵਿਚ ਹੋਏ ਵਿਚਾਰ-ਵਟਾਂਦਰੇ ਨੂੰ ਕਾਪੀ ਵਿਚ ਸਵਾਲਾਂ-ਜਵਾਬਾਂ ਦੇ ਰੂਪ 'ਚ ਹੱਥ ਨਾਲ ਲਿਖਿਆ ਗਿਆ ਸੀ ਜੋ 30 ਜਨਵਰੀ 1948 ਨੂੰ ਮੋਹਨਦਾਸ ਕਰਮਚੰਦ

**ਧੀਰੇਂਦਰ ਕੇ ਝਾਅ**
**ਅਨੁਵਾਦ: ਬੂਟਾ ਸਿੰਘ ਮਹਿਮੂਦਪੁਰ**

ਗਾਂਧੀ ਦੇ ਕਤਲ ਤੋਂ ਬਾਅਦ ਆਰ.ਐੱਸ.ਐੱਸ. ਦੇ ਸਦਰ-ਮੁਕਾਮ ਤੋਂ ਜ਼ਬਤ ਕੀਤੇ ਬਹੁਤ ਸਾਰੇ ਦਸਤਾਵੇਜ਼ਾਂ ਦਾ ਹਿੱਸਾ ਸੀ। ਇਨ੍ਹਾਂ ਸਾਰੇ ਸਾਲਾਂ ਵਿਚ ਇਹ ਕਾਪੀ ਪੁਰਾਲੇਖਾਂ ਵਿਚ ਦੱਬੀ ਰਹੀ।

ਮੰਨਿਆ ਜਾ ਰਿਹਾ ਹੈ ਕਿ ਮੀਟਿੰਗ ਦਾ ਮਨੋਰਥ ਆਰ.ਐੱਸ.ਐੱਸ. ਦੀ ਯੋਜਨਾ ਨੂੰ ਚੋਟੀ ਦੀ ਲੀਡਰਸ਼ਿਪ ਤੋਂ ਲੈ ਕੇ ਮੁੱਖ ਆਰਗੇਨਾਈਜ਼ਰਾਂ ਅਤੇ ਅਧਿਆਪਕਾਂ ਤੱਕ ਪਹੁੰਚਾਉਣਾ ਸੀ ਜੋ ਉਸ ਸਮੇਂ ਵਲੰਟੀਅਰਾਂ ਨਾਲ ਬਾਕਾਇਦਾ ਸੰਪਰਕ ਰੱਖਦੇ ਹੋਣ ਕਾਰਨ ਇਸ ਸੰਦੇਸ਼ ਨੂੰ ਹੇਠਾਂ ਤੱਕ ਪਹੁੰਚਾਉਣਗੇ। ਇਹ ਵਰਨਣ 1945 'ਚ ਹੀ ਰਾਜਸੀ ਸੱਤਾ ਹਥਿਆਉਣ ਅਤੇ ਇਸ ਤਰ੍ਹਾਂ ਭਾਰਤੀ ਰਾਸ਼ਟਰਵਾਦੀਆਂ ਦੀਆਂ ਮੁਲਕ ਨੂੰ ਚੁਣਾਵੀ ਲੋਕਤੰਤਰ ਦੀ ਲੀਹਾਂ 'ਤੇ ਵਿਕਸਿਤ ਕਰਨ ਦੀਆਂ ਕੋਸ਼ਿਸ਼ਾਂ ਨੂੰ ਨਾਕਾਮ ਕਰਨ ਦੀ ਸੰਘ ਦੀ ਗੁਪਤ ਖਾਹਿਸ਼ ਨੂੰ ਦਰਸਾਉਂਦਾ ਹੈ।

ਪੁਲਿਸ ਰਿਪੋਰਟ ਜਿਸ ਵਿਚ ਉਪਰੋਕਤ ਕਾਪੀ ਦਾ ਹਵਾਲਾ ਦਿੱਤਾ ਗਿਆ ਹੈ, ਅਨੁਸਾਰ ਉਸ ਮੀਟਿੰਗ 'ਚ ਆਰ.ਐੱਸ.ਐੱਸ. ਦੇ ਸਰਵਉੱਚ ਨੇਤਾ, ਯਾਨੀ ਭਵਿੱਖ ਦੇ ਸਰਸੰਘਚਾਲਕ ਮਧੂਕਰ ਦੱਤਾਤ੍ਰੇਯ ਦੇਵਰਸ ਦੇ ਨਾਲ-ਨਾਲ ਸੰਘ ਦੇ ਪ੍ਰਮੁੱਖ ਆਰਗੇਨਾਈਜ਼ਰ ਅਤੇ ਅਧਿਆਪਕ ਸ਼ਾਮਿਲ ਹੋਏ ਜਿਨ੍ਹਾਂ ਵਿਚ ਪੀ.ਵੀ. ਸਾਵਰਕਰ, ਦੱਤਾ ਵੈਦਿਆ, ਅੰਨਾ ਪਾਂਧਰੀਪਾਂਡੇ, ਬਾਬੂਰਾਓ ਸਾਵਤਕਰ, ਨੰਦਲਾਲ ਵਰਮਾ, ਨਾਨਾ ਨਾਰਲੇ, ਕਸ਼ੀਰਸਾਗਰ, ਮਧੁਕਰ ਓਕ ਤੇ ਤਾਤਿਆਜੀ ਸਨ। ਕਾਪੀ ਵਿਚਾਰ-ਚਰਚਾ ਦਾ ਵੇਰਵਾ ਦਿੰਦੀ ਹੈ ਜਿਸ ਵਿਚ ਦੇਵਰਸ ਸਿਆਸਤ ਪ੍ਰਤੀ ਜਥੇਬੰਦੀ ਦੀ ਪਹੁੰਚ ਬਾਰੇ ਸਵਾਲਾਂ ਦੇ ਜਵਾਬ ਦਿੰਦਾ ਹੈ। ਸ਼ੁਰੂ 'ਚ ਹੀ ਕਾਪੀ ਵਿਚ ਇਹ ਦਰਜ ਕੀਤਾ ਗਿਆ ਹੈ ਕਿ ਦੇਵਰਸ ਨੇ ਇਹ ਮੀਟਿੰਗ ਆਗਾਮੀ ਚੋਣਾਂ ਦੇ ਮੱਦੇਨਜ਼ਰ ਆਪਣੇ ਵਾਲੰਟੀਅਰਾਂ ਨੂੰ ਸੰਘ ਦੀ ਸਿਆਸਤ ਦੀਆਂ ਬਾਰੀਕੀਆਂ ਨਾਲ ਵਿਚਾਰਧਾਰਕ ਤੌਰ 'ਤੇ ਲੈਸ ਕਰਨ ਦੇ ਉਦੇਸ਼ ਨਾਲ ਬੁਲਾਈ ਸੀ। ਉਸ ਵਕਤ ਆਰ.ਐੱਸ.ਐੱਸ. ਦੇ ਸਰਸੰਘਚਾਲਕ ਐੱਮ.ਐੱਸ. ਗੋਲਵਲਕਰ ਸਨ ਜੋ ਅੱਜ ਵੀ ਸੰਘ ਵਿਚ ਗੁਰੂ ਜੀ ਵਜੋਂ ਸਤਿਕਾਰੇ ਜਾਂਦੇ ਹਨ ਪਰ ਆਰ.ਐੱਸ.ਐੱਸ. ਨਾਲ ਲੰਮੇ ਸਮੇਂ ਤੋਂ ਜੁੜੇ ਹੋਏ ਹੋਣ ਅਤੇ ਇਸ ਦੇ ਮੁੱਖ ਪ੍ਰਬੰਧਕਾਂ ਅਤੇ ਅਧਿਆਪਕਾਂ ਨਾਲ ਨਿੱਜੀ ਸੰਪਰਕ ਰੱਖਦੇ ਹੋਣ ਕਾਰਨ ਦੇਵਰਸ ਨੂੰ ਉਸ ਸਮੇਂ ਜਥੇਬੰਦੀਆਂ ਦੀਆਂ ਰਾਜਸੀ ਰਣਨੀਤੀਆਂ ਨੂੰ ਲਾਗੂ ਕਰਾਉਣ ਵਾਲੇ ਮੁੱਖ ਆਗੂ ਵਜੋਂ ਦੇਖਿਆ ਜਾਂਦਾ ਸੀ। ਆਰ.ਐੱਸ.ਐੱਸ. ਦੇ ਜਥੇਬੰਦਕ ਢਾਂਚੇ ਵਿਚ ਇਸ ਖਾਸ ਦਰਜੇ ਦੇ ਕਾਰਨ ਹੀ ਦੇਵਰਸ 1973 ਵਿਚ ਗੋਲਵਲਕਰ ਦੀ ਮੌਤ ਤੋਂ ਬਾਅਦ ਬਤੌਰ ਸਰਸੰਘਚਾਲਕ ਉਸ ਦੇ ਜਾਨਸ਼ੀਨ ਬਣੇ।

ਆਪਣੀ ਸ਼ੁਰੂਆਤ ਤੋਂ ਹੀ ਆਰ.ਐੱਸ.ਐੱਸ. ਅਕਸਰ ਆਪਣੇ ਆਪ ਨੂੰ ਸਮਾਜੀ ਅਤੇ ਸਭਿਆਚਾਰਕ ਜਥੇਬੰਦੀ ਵਜੋਂ ਪੇਸ਼ ਕਰ ਰਿਹਾ ਹੈ। ਇੱਥੋਂ ਤੱਕ ਕਿ 2020 'ਚ ਵੀ ਮੌਜੂਦਾ ਸਰਸੰਘਚਾਲਕ ਮੋਹਨ ਭਾਗਵਤ ਨੇ ਦਾਅਵਾ ਕੀਤਾ ਕਿ ਸੰਘ ਦਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ ਪਰ ਇਹ ਤੱਥ ਸ਼ਾਇਦ ਹੀ ਕੋਈ ਗੁੱਝੀ ਗੱਲ ਹੈ ਕਿ ਸਿਆਸਤ ਹਮੇਸ਼ਾ ਆਰ.ਐੱਸ.ਐੱਸ. ਦੇ ਕੰਮ ਦਾ ਧੁਰਾ ਰਹੀ ਹੈ। ਪੁਲਿਸ ਰਿਪੋਰਟ ਵਿਚ ਵੀ ਇਹ ਗੱਲ ਦਰਸਾਈ ਗਈ ਹੈ।

ਪੀ.ਵੀ. ਸਾਵਰਕਰ ਦੇ ਇਕ ਸਵਾਲ ਦੇ ਜਵਾਬ ਵਿਚ ਦੇਵਰਸ ਨੇ ਕਿਹਾ, "ਇਹ ਕਹਿਣਾ ਗਲਤ ਹੈ ਕਿ ਸਾਡਾ ਸਿਆਸਤ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।" ਉਸ ਸਪਸ਼ਟ ਕੀਤਾ ਕਿ ਇਕ ਵਾਰ ਗੋਲਵਲਕਰ ਨੇ ਕਿਹਾ ਸੀ ਕਿ ਆਰ.ਐੱਸ.ਐੱਸ. ਦਾ "ਮੌਜੂਦਾ ਸਿਆਸਤ" ਨਾਲ ਕੋਈ ਸਬੰਧ ਨਹੀਂ ਹੈ ਜਿਸ ਨੂੰ ਦੇਵਰਸ ਨੇ ਚੋਣਾਂ ਲੜਨ ਦੀ ਕੋਸ਼ਿਸ਼ ਦੱਸਿਆ।

ਦੇਵਰਸ ਨੇ ਕਿਹਾ, "ਅੱਜ ਸਾਡੀ ਯੋਜਨਾ ਪੂਰੇ ਭਾਰਤ ਵਿਚ ਰਾਸ਼ਟਰੀ ਸਵੈਮਸੇਵਕ ਸੰਘ ਨੂੰ ਜਥੇਬੰਦ ਕਰਕੇ ਇਕ ਸ਼ਕਤੀਸ਼ਾਲੀ ਸੰਸਥਾ ਬਣਾਉਣ ਅਤੇ ਇਸ ਤਰ੍ਹਾਂ ਸਰਬ-ਭਾਰਤੀ ਏਕਤਾ ਲਿਆਉਣ ਅਤੇ ਢੁਕਵੇਂ ਮੌਕੇ 'ਤੇ ਸਾਡੇ ਆਗੂ ਦੇ ਆਦੇਸ਼ 'ਤੇ ਸੱਤਾ ਉੱਪਰ ਕਬਜ਼ਾ ਕਰਨ ਦੀ ਹੈ। ਜ਼ਾਹਿਰ ਹੈ ਕਿ ਇਹ ਸੱਤਾ ਹਾਸਲ ਕਰਨ ਲਈ ਜ਼ਰੂਰੀ ਹੈ ਕਿ ਇਸ ਨੂੰ ਕਿਸੇ ਹੋਰ ਖੇਤਰ ਵਿਚ ਨਾ ਵਰਤਿਆ ਜਾਵੇ ਅਤੇ ਸਾਡਾ ਧਿਆਨ ਕਿਸੇ ਹੋਰ ਚੀਜ਼ ਵੱਲ ਨਾ ਭਟਕੇ।

ਮੀਟਿੰਗ ਵਿਚ ਹਿੱਸਾ ਲੈਣ ਵਾਲਿਆਂ ਲਈ ਰਾਜਸੀ ਮਨੋਰਥ ਨੂੰ ਖਿੱਚ ਭਰਪੂਰ ਬਣਾਉਣ ਲਈ ਦੇਵਰਸ ਨੇ ਪ੍ਰਾਚੀਨ ਹਿੰਦੂ ਮਹਾਂਕਾਵਿ ਮਹਾਂਭਾਰਤ ਦੇ ਇਕ ਮਸ਼ਹੂਰ ਕਾਂਡ ਦਾ ਹਵਾਲਾ ਦਿੱਤਾ। ਪਾਂਡਵਾਂ ਅਤੇ ਕੌਰਵਾਂ ਦੇ ਗੁਰੂ ਦਰੋਣਾਚਾਰੀਆ ਨੇ ਆਪਣੇ ਚੇਲਿਆਂ ਨੂੰ ਰੁੱਖ 'ਤੇ ਲੱਕੜ ਦੀ ਚਿੜੀ 'ਤੇ ਆਪਣਾ ਨਿਸ਼ਾਨਾ ਲਗਾਉਣ ਅਤੇ ਉਨ੍ਹਾਂ ਨੂੰ ਇਹ ਦੱਸਣ ਲਈ ਕਿਹਾ ਸੀ ਕਿ ਉਨ੍ਹਾਂ ਨੂੰ ਉੱਥੇ ਕੀ ਨਜ਼ਰ ਆਇਆ ਹੈ। ਵੱਖ-ਵੱਖ ਰਾਜਕੁਮਾਰ ਦ੍ਰਿਸ਼ ਦੇ ਵੱਖੋ-ਵੱਖਰੇ ਤੱਤਾਂ ਦਾ ਵਰਣਨ ਕਰਦੇ ਹਨ ਪਰ ਅਰਜੁਨ ਕਹਿੰਦਾ ਹੈ ਕਿ ਉਸ ਨੂੰ ਸਿਰਫ ਪੰਛੀ ਦੀ ਅੱਖ ਨਜ਼ਰ ਆਉਂਦੀ ਹੈ। ਦੇਵਰਸ ਨੇ ਉਨ੍ਹਾਂ ਨੂੰ ਪੁੱਛਿਆ, "ਕੀ ਇਸ ਦਾ ਮਤਲਬ ਇਹ ਹੈ ਕਿ ਅਰਜੁਨ ਇਸ ਗੱਲੋਂ ਬੇਖਬਰ ਸੀ ਕਿ ਦਰੋਣਾਚਾਰੀਆ ਉਸ ਦੇ ਕੋਲ ਖੜ੍ਹਾ ਸੀ ਅਤੇ ਚਿੜੀ ਰੁੱਖ 'ਤੇ ਬੈਠੀ ਸੀ? ... ਜਦੋਂ ਨਜ਼ਰ ਕਿਸੇ ਖਾਸ ਵਸਤੂ ਉੱਪਰ ਟਿਕੀ ਹੁੰਦੀ ਹੈ ਤਾਂ ਇਹ ਜ਼ਰੂਰੀ ਹੈ ਕਿ ਇਸ ਨੂੰ ਕਿਸੇ ਹੋਰ ਚੀਜ਼ ਵੱਲ ਭਟਕਣ ਨਾ ਦਿੱਤਾ ਜਾਵੇ।"

ਸ਼ਾਇਦ ਦੇਵਰਸ ਸੰਘ ਦੇ ਇਰਾਦਿਆਂ ਦੇ ਕੁਝ ਸ਼ੱਕੀ ਪਹਿਲੂਆਂ ਤੋਂ ਜਾਣੂ ਸੀ। ਇਸ ਲਈ ਉਸ ਨੇ "ਮੌਜੂਦਾ ਸਿਆਸਤ" ਨੂੰ ਭੰਡਣ ਅਤੇ ਸੰਘ ਦੀ ਯੋਜਨਾ ਦੇ ਹੱਕ 'ਚ ਦਲੀਲ ਦੇਣ ਲਈ ਮਰਾਠਾ ਰਾਜਾ ਅਤੇ ਮਹਾਰਾਸ਼ਟਰ ਦੀ ਸਭ ਤੋਂ ਸਤਿਕਾਰਤ ਰਾਜਸੀ ਹਸਤੀ ਸ਼ਿਵਾ ਜੀ ਦਾ ਹਵਾਲਾ ਦਿੱਤਾ: 'ਕੀ ਸ਼ਿਵਾ ਜੀ ਨੇ ਮੌਜੂਦਾ ਸਿਆਸਤ ਦੀ ਵਰਤੋਂ ਕਰਕੇ ਔਰੰਗਜ਼ੇਬ ਦੇ ਸਾਮਰਾਜ ਦਾ ਤਖਤਾ ਪਲਟਿਆ ਸੀ? ਮੌਜੂਦਾ ਸਿਆਸਤ ਅੰਗਰੇਜ਼ ਰਾਜ ਦੇ ਨਵੇਂ ਢੰਗ ਕਾਰਨ ਹੋਂਦ 'ਚ ਆਈ ਹੈ। ਅੰਗਰੇਜ਼ ਰਾਜ ਨੇ ਇਸ ਦੇ ਨੁਕਸਾਂ ਤੋਂ ਗੁਰੇਜ਼ ਕਰਦੇ ਹੋਏ ਰੋਮਨ ਢੰਗ ਅਪਣਾਇਆ। ਗੁਲਾਮ ਲੋਕਾਂ ਦੀਆਂ ਭਾਵਨਾਵਾਂ ਪੈਦਾ ਹੋਣੀਆਂ ਹੀ ਹਨ, ਇਸ ਲਈ ਉਨ੍ਹਾਂ ਨੇ ਭਾਵਨਾਵਾਂ ਨੂੰ ਖਾਰਜ ਕਰਨ ਲਈ ਨਿਕਾਸ ਦਵਾਰ ਬਣਾਇਆ ਅਤੇ ਕਾਨੂੰਨ ਅਨੁਸਾਰ ਸਭ ਕੁਝ ਕਰਨ ਦਾ ਫੈਸਲਾ ਕੀਤਾ ... ਮੌਜੂਦਾ ਸਿਆਸਤ ਇਸੇ ਸਿਸਟਮ ਦੀ ਉਪਜ ਹੈ। ਮੌਜੂਦਾ ਸਿਆਸਤ ਦੇ ਫਲ ਵੀ ਸੀਮਤ ਹਨ, ਜਿਵੇਂ ਟੈਕਸਾਂ ਵਿਚ ਸਧਾਰਨ ਕਟੌਤੀ ਜਾਂ ਕੁਝ ਮਾਮੂਲੀ ਹੱਕਾਂ ਦੀ ਪ੍ਰਾਪਤੀ। ... ਇਹ ਸੋਚਣਾ ਗਲਤੀ ਸੀ ਕਿ ਕੁਝ ਸੁਧਾਰ ਜਾਂ ਕੁਝ ਅਧਿਕਾਰ ਪ੍ਰਾਪਤ ਕਰਨ ਦਾ ਕੋਈ ਲਾਭ ਹੋਇਆ। ਅੰਗਰੇਜ਼ਾਂ ਨੇ ਇਹ ਸਭ ਆਪਣੇ ਸਵਾਰਥ ਲਈ ਕੀਤਾ ਹੈ।'



*1945 ਦੀ ਪੁਲਿਸ ਰਿਪੋਰਟ ਆਰ.ਐੱਸ.ਐੱਸ. ਦੀ ਸਿਆਸੀ ਸੱਤਾ ਹਾਸਲ ਕਰਨ ਦੀ ਗੁਪਤ ਖਾਹਿਸ਼ ਨੂੰ ਦਰਸਾਉਂਦੀ ਹੈ। ਸੁਕ੍ਰਿਤੀ ਅੰਨਾ ਸਟੈਨਲੀ ਦੁਆਰਾ ਚਿੱਤਰਨ; ਚਿੱਤਰ ਵਿਕੀਮੀਡੀਆ ਕਾਮਨਜ਼, ਨਹਿਰੂ ਮੈਮੋਰੀਅਲ ਮਿਊਜ਼ੀਅਮ ਲਾਇਬ੍ਰੇਰੀ ਦੇ ਧੰਨਵਾਦ ਸਹਿਤ।*

ਪਾਂਧਰੀਪਾਂਡੇ ਵੱਲੋਂ ਆਰ.ਐੱਸ.ਐੱਸ. ਨੂੰ ਲੋਕ ਅੰਦੋਲਨ ਵਿਚ ਬਦਲਣ ਬਾਰੇ ਪੁੱਛੇ ਸਵਾਲ ਦੇ ਜਵਾਬ 'ਚ ਦੇਵਰਸ ਨੇ ਕਿਹਾ ਕਿ ਸੰਘ ਦੀ ਯੋਜਨਾ ਹੈਰਾਨੀਜਨਕ ਸੀ। ਉਸ ਨੇ ਕਿਹਾ, "ਇਹ ਗੱਲ ਨਹੀਂ ਕਿ ਸਭ ਕੁਝ ਯੋਜਨਾ ਅਨੁਸਾਰ ਕੀਤਾ ਗਿਆ ਹੈ, ਭਾਵੇਂ ਅਸੀਂ ਸੋਚਦੇ ਹਾਂ ਕਿ ਅਸੀਂ ਕਦਮ-ਦਰ-ਕਦਮ ਕੰਮ ਕਰਾਂਗੇ, ਇਸ ਗੱਲ ਦੀ ਕੋਈ ਗਾਰੰਟੀ ਨਹੀਂ ਹੈ ਕਿ ਅਖੀਰ ਤੱਕ ਸਾਰੇ ਫੈਕਟਰ ਬਣੇ ਰਹਿਣਗੇ।"

ਰਿਪੋਰਟ ਅਨੁਸਾਰ, ਦੇਵਰਸ ਨੇ ਸਵੈਮਸੇਵਕਾਂ ਵੱਲੋਂ ਉਦੋਂ ਤੱਕ ਨਿਭਾਈ ਜਾਣ ਵਾਲੀ ਭੂਮਿਕਾ ਬਾਰੇ ਵੀ ਗੱਲ ਕੀਤੀ ਜਦੋਂ ਤੱਕ ਆਰ.ਐੱਸ.ਐੱਸ. ਸੱਤਾ 'ਤੇ ਕਬਜ਼ਾ ਕਰਨ ਲਈ ਜਥੇਬੰਦਕ ਤੌਰ 'ਤੇ ਤਿਆਰ ਨਹੀਂ ਹੋ ਜਾਂਦਾ। ਉਸ ਨੇ ਨਰਲੇ ਦੇ ਸਵਾਲ ਦੇ ਜਵਾਬ ਵਿਚ ਕਿਹਾ, "ਇਹ ਸੰਭਵ ਹੈ ਕਿ ਸਾਨੂੰ ਕੁਝ ਵੀ ਕਰਨ ਦੀ ਲੋੜ ਪਵੇਗੀ। ਇਹ ਵੀ ਸੰਭਵ ਹੈ ਕਿ ਸੰਘ 5-10 ਲੋਕਾਂ ਨੂੰ ਆਪਣੀ ਸਿਆਸੀ ਪਾਰਟੀ ਬਣਾਉਣ ਲਈ ਕਹਿ ਸਕਦਾ ਹੈ। ਸਭ ਕੁਝ ਸੰਭਵ ਹੈ। ਇਹ ਸਾਡੀ ਆਮ ਯੋਜਨਾ ਹੈ। ਸਾਨੂੰ ਇਹ ਧਿਆਨ ਵਿਚ ਰੱਖਣਾ ਚਾਹੀਦਾ ਹੈ ਕਿ ਅਸੀਂ ਮੌਕੇ ਦੇ ਅਨੁਕੂਲ ਖਾਸ ਕਦਮ ਚੁੱਕਾਂਗੇ। ਨੈਪੋਲੀਅਨ ਦੇ ਇੰਪੀਰੀਅਲ ਗਾਰਡ ਬਾਰੇ ਕਿਹਾ ਜਾਂਦਾ ਹੈ ਕਿ ਢੁੱਕਵਾਂ ਪਲ ਆਉਣ ਤੱਕ ਉਹ ਉਸ ਨੂੰ ਵੱਧ ਤੋਂ ਵੱਧ ਸੰਭਵ ਖੁਰਾਕ ਖਵਾਉਂਦਾ ਰਿਹਾ ਸੀ। ਢੁੱਕਵੇਂ ਸਮੇਂ 'ਤੇ ਉਹ ਹਮਲਾਵਰ ਹੋ ਜਾਂਦਾ ਸੀ। ਕਦੇ ਕਦੇ ਅਸੀਂ ਬੇਸਬਰੇ ਹੋ ਜਾਂਦੇ ਹਾਂ।"

ਦੇਵਰਸ ਨੇ ਕਿਹਾ ਕਿ ਆਰ.ਐੱਸ.ਐੱਸ. ਦੀ ਆਗਾਮੀ ਚੋਣਾਂ ਵਿਚ ਹਿੱਸਾ ਲੈਣ ਦੀ ਕੋਈ ਯੋਜਨਾ ਨਹੀਂ ਹੈ ਪਰ ਇਸ ਦੇ ਕਾਰਕੁਨਾਂ ਨੂੰ ਵੋਟਾਂ ਪਾਉਣੀਆਂ ਚਾਹੀਦੀਆਂ ਹਨ। ਇਹ ਪੁੱਛੇ ਜਾਣ 'ਤੇ ਕਿ ਵਾਲੰਟੀਅਰਾਂ ਨੂੰ ਵੋਟ ਕਿਉਂ ਪਾਉਣੀ ਚਾਹੀਦੀ ਹੈ, ਦੇਵਰਸ ਨੇ ਕਿਹਾ, "ਬਹੁਤ ਸਾਰੀਆਂ ਚੀਜ਼ਾਂ ਹਨ ਜਿਨ੍ਹਾਂ ਦੇ ਅਸੀਂ ਹੱਕ 'ਚ ਨਹੀਂ ਹਾਂ, ਫਿਰ ਵੀ ਸਾਨੂੰ ਉਹ ਕੰਮ ਕਰਨੇ ਪੈਣਗੇ। ਅਸੀਂ ਗੁਲਾਮੀ ਦੇ ਹੱਕ 'ਚ ਨਹੀਂ ਹਾਂ, ਫਿਰ ਵੀ ਅਸੀਂ ਇਸ ਵਿਚ ਰਹਿ ਰਹੇ ਹਾਂ। ਚੋਣਾਂ ਦੇ ਮਾਮਲੇ 'ਚ ਵੀ ਅਜਿਹਾ ਹੀ ਹੋਵੇਗਾ।"

ਸੰਘ ਦੀ ਲੋਕਤੰਤਰ ਪ੍ਰਤੀ ਦੁਸ਼ਮਣੀ ਦਾ ਇਹ ਸ਼ਾਇਦ ਇਕੋ-ਇਕ ਸਬੂਤ ਹੈ। ਜਿਵੇਂ ਮੈਂ ਇਸੇ ਰਸਾਲੇ ਦੀ ਮੁੱਖ ਪੰਨੇ ਦੀ ਆਪਣੀ ਪਿਛਲੀ ਕਿਤਾਬ ਵਿਚ ਆਰ.ਐੱਸ.ਐੱਸ. ਦੇ ਨਾਜ਼ੀਵਾਦ ਨਾਲ ਸਬੰਧ ਬਾਰੇ ਲਿਖਿਆ ਸੀ, "1930ਵਿਆਂ ਅਤੇ 1940ਵਿਆਂ ਦੇ ਅਖੀਰ 'ਚ ਆਰ.ਐੱਸ.ਐੱਸ. ਦੇ ਬਹੁਤ ਸਾਰੇ ਮੈਂਬਰ ਯੂਰਪੀ ਫਾਸ਼ੀਵਾਦੀਆਂ ਉਪਰ ਮੋਹਿਤ ਸਨ। ਸਮਕਾਲੀ ਬਿਰਤਾਂਤ ਦਰਸਾਉਂਦੇ ਹਨ ਕਿ ਉਸ ਸਮੇਂ ਗੋਲਵਲਕਰ ਨੇ ਆਰ.ਐੱਸ.ਐੱਸ. ਨੂੰ ਨਾਜ਼ੀ ਤਰਜ਼ ਦੀ ਮਿਲੀਸ਼ੀਆ 'ਚ ਬਦਲਣ ਦੀ ਕੋਸ਼ਿਸ਼ ਕੀਤੀ ਜਿਸ ਦਾ ਉਦੇਸ਼ ਅੰਤ 'ਚ ਆਪਣੇ ਆਪ ਨੂੰ ਹਿਟਲਰ ਵਾਂਗ ਤਾਨਾਸ਼ਾਹ ਮੁਖੀ ਵਜੋਂ ਸਥਾਪਤ ਕਰਨਾ ਸੀ।

ਉਸ ਵਕਤ ਆਰ.ਐੱਸ.ਐੱਸ. ਸੱਤਾ 'ਤੇ ਕਾਬਜ਼ ਹੋਣ ਦੀ ਆਪਣੀ ਯੋਜਨਾ ਨੂੰ ਲਾਗੂ ਕਰਨ ਵਿਚ ਸਫਲ ਨਹੀਂ ਹੋ ਸਕਿਆ ਸੀ। ਗਾਂਧੀ ਦੇ ਕਤਲ ਤੋਂ ਬਾਅਦ ਆਰ.ਐੱਸ.ਐੱਸ. ਉੱਪਰ ਜ਼ੋਰਦਾਰ ਸਰਕਾਰੀ ਸ਼ਿਕੰਜਾ ਕੱਸਿਆ ਗਿਆ ਸੀ। ਡੇਢ ਸਾਲ ਲਈ ਇਸ 'ਤੇ ਪਾਬੰਦੀ ਲੱਗੀ ਰਹੀ ਅਤੇ ਇਸ ਦੇ ਹਜ਼ਾਰਾਂ ਆਗੂਆਂ ਅਤੇ ਕਾਰਕੁਨਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਜੁਲਾਈ 1949 'ਚ ਪਾਬੰਦੀ ਹਟਾਉਣ ਤੋਂ ਬਾਅਦ ਇਸ ਸਖਤ ਬੰਦਿਸ਼ਾਂ ਦੇ ਅਧੀਨ ਪੂਰੀ ਚੌਕਸੀ ਨਾਲ ਆਪਣੇ ਕੰਮ 'ਚ ਜੁੱਟਿਆ ਰਿਹਾ।

ਅੱਜ ਆਪਣੇ ਚੋਣ ਵਿੰਗ, ਭਾਰਤੀ ਜਨਤਾ ਪਾਰਟੀ ਦੇ ਮੁਕੰਮਲ ਸੰਸਦੀ ਬਹੁਮਤ ਨਾਲ ਬਾਗੋਬਾਗ ਹੋਏ ਰਾਸ਼ਟਰੀ ਸਵੈਮਸੇਵਕ ਸੰਘ ਦੀ ਪੂਰੀ ਚੜ੍ਹਾਈ ਹੈ। ਭਾਜਪਾ ਦੇ ਸ਼ਾਸਨ ਵਾਲੇ ਰਾਜਾਂ ਵਿਚ ਘੱਟ ਗਿਣਤੀਆਂ ਅਤੇ ਸਿਆਸੀ ਵਿਰੋਧੀਆਂ ਵਿਰੁੱਧ ਤਾਕਤ ਦੀ ਬੇਤਹਾਸ਼ਾ ਵਰਤੋਂ, ਮਨਮਾਨੀਆਂ ਨਜ਼ਰਬੰਦੀਆਂ ਅਤੇ ਸਜ਼ਾ ਦੇਣ ਵਾਲੇ ਤਰੀਕੇ ਨਾ ਸਿਰਫ ਇਹ ਦਰਸਾਉਂਦੇ ਹਨ ਕਿ ਆਰ.ਐੱਸ.ਐੱਸ. ਅਜੇ ਵੀ ਆਪਣੇ ਆਪ ਨੂੰ ਲੋਕਤੰਤਰੀ ਪ੍ਰਣਾਲੀ ਅਨੁਸਾਰ ਢਾਲਣ ਤੋਂ ਅਸਮਰੱਥ ਹੈ ਸਗੋਂ ਇਹ ਵੀ ਕਿ ਇਹ ਸਿਆਸਤ ਨੂੰ ਵੀ ਵੱਖਰੇ ਨਜ਼ਰੀਏ ਨਾਲ ਦੇਖਦਾ ਹੈ।

# ਇਤਿਹਾਸ ਲਿਖਿਆ ਜਾਵੇਗਾ...

ਅਕਲ ਹੱਟੀਆਂ ਉੱਤੇ ਨਹੀਂ ਵਿਕਦੀ ਅਤੇ ਨਾ ਹੀ ਰੁੱਖਾਂ ਨੂੰ ਲੱਗਦੀ ਹੈ। ਇਹ ਜ਼ਿੰਦਗੀ ਦੀਆਂ ਔਖਾਂ ਵਿਚ ਅੱਖਾਂ ਪਾ ਕੇ ਦੇਖਣ ਵਾਲਿਆਂ ਨੂੰ ਸਹਿਜ ਸੁਭਾਅ ਹੀ ਗਲੇ ਆਣ ਮਿਲਦੀ ਹੈ। ਇਹ ਬਜ਼ੁਰਗਾਂ, ਵਿਦਵਾਨਾਂ ਅਤੇ ਉਸਤਾਦਾਂ ਦੇ ਮੂੰਹੋਂ ਨਿੱਕਲੇ ਬੋਲਾਂ ਵਿਚ ਲੁਕੀ ਹੁੰਦੀ ਹੈ।... ਸਾਡੇ ਇਕ ਪ੍ਰੋਫੈਸਰ ਗੁਰਨਾਮ ਸਿੰਘ ਦਾ ਪੀਰੀਅਡ ਕਦੇ ਕਿਸੇ ਨੇ ਨਹੀਂ ਸੀ ਛੱਡਿਆ। ਉਹ ਸਿਲੇਬਸ ਦੀ ਪੜ੍ਹਾਈ ਦੇ ਨਾਲ

**ਇੰਦਰਜੀਤ ਸਿੰਘ ਪੱਡਾ**
**ਫੋਨ: +91-98159-67462**

ਨਾਲ ਨਿੱਕੀਆਂ ਨਿੱਕੀਆਂ ਕਹਾਣੀਆਂ, ਟੋਟਕੇ, ਛੰਦ ਅਤੇ ਕਵਿਤਾਵਾਂ ਵੀ ਸੁਣਾਉਂਦੇ ਜੋ ਉਨ੍ਹਾਂ ਦੇ ਪਾਠਕ੍ਰਮ ਦੀ ਸਹਾਇਕ ਸਮੱਗਰੀ ਹੁੰਦੀ ਤੇ ਜ਼ਿੰਦਗੀ ਨੂੰ ਸਮਝਣ-ਸਮਝਾਉਣ ਦੀਆਂ ਸੈਨਤਾਂ ਹੁੰਦੀਆਂ ਸਨ। ਉਨ੍ਹਾਂ ਦੀ ਉਹ ਸਮੱਗਰੀ ਅੱਜ ਵੀ ਵਿਦਿਆਰਥੀਆਂ ਦੇ ਚੇਤਿਆਂ ਵਿਚ ਸਾਂਭੀ ਪਈ ਹੈ। ਉਨ੍ਹਾਂ ਦੀ ਸੁਣਾਈ ਇੱਕ ਕਹਾਣੀ ਭੁੱਲਦੀ ਨਹੀਂ।

... ਇਕ ਵਾਰ ਬਾਂਦਰ ਹੱਥ ਤੀਲਾਂ ਦੀ ਡੱਬੀ ਆ ਗਈ ਅਤੇ ਉਹਨੇ ਰਾਜ-ਮਹਿਲ ਨੂੰ ਅੱਗ ਲਾ ਦਿੱਤੀ। ਸਭ ਕੁਝ ਸੜ ਕੇ ਸੁਆਹ ਹੋ ਰਿਹਾ ਸੀ। ਇਹ ਦੇਖ ਚਿੜੀ ਦੀ ਆਤਮਾ ਕੁਰਲਾ ਉੱਠੀ। ਉਸ ਤੋਂ ਰਿਹਾ ਨਾ ਗਿਆ। ਉਹ ਉੱਡ ਕੇ ਟੋਭੇ 'ਤੇ ਜਾਵੇ ਅਤੇ ਪਾਣੀ ਦੀ ਚੁੰਝ ਭਰ ਕੇ ਅੱਗ 'ਤੇ ਪਾ ਦੇਵੇ। ਉਸ ਨੂੰ ਇਸ ਤਰ੍ਹਾਂ ਕਰਦੀ ਦੇਖ ਬਾਂਦਰ ਹੱਸ ਪਿਆ, "ਤੂੰ ਇਸ ਤਰ੍ਹਾਂ ਅੱਗ ਬੁਝਾ ਦੇਵੇਂਗੀ?" ਨਿਮਾਣੀ ਚਿੜੀ ਨੇ ਬੜੇ ਹੌਸਲੇ ਨਾਲ ਕਿਹਾ, "ਮੈਨੂੰ ਪਤਾ ਹੈ, ਮੇਰੇ ਕੋਲੋਂ ਅੱਗ ਨਹੀਂ ਬੁਝਾਈ ਜਾਣੀ। ਮੈਂ ਅੱਗ ਬੁਝਾਉਣ ਵਿਚ ਜਿੰਨਾ ਹਿੱਸਾ ਪਾ ਸਕਦੀ ਹਾਂ, ਪਾ ਰਹੀ ਹਾਂ। ਜਦੋਂ ਕਦੇ ਇਤਿਹਾਸ ਵਿਚ ਇਸ ਅੱਗ ਦਾ ਜ਼ਿਕਰ ਹੋਵੇਗਾ, ਮੇਰਾ ਨਾਮ ਬੁਝਾਉਣ ਵਾਲਿਆਂ ਵਿਚ ਹੋਵੇਗਾ।"

ਇਤਿਹਾਸ ਗਵਾਹ ਹੈ, ਜਦੋਂ ਵੀ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਗੱਲ ਚੱਲਦੀ ਹੈ ਤਾਂ ਸੁੱਚਾ ਨੰਦ ਦੇ ਬੋਲੇ ਸ਼ਬਦ 'ਇਹ ਸੱਪ ਦੇ ਬੱਚੇ ਸਪੋਲੀਏ ਹਨ' ਸੀਨੇ ਵਿਚ ਛੇਕ ਕਰ ਦਿੰਦੇ ਹਨ। ਦੂਜੇ ਪਾਸੇ ਨਵਾਬ ਮਲੇਰਕੋਟਲਾ ਦਾ ਇਹ ਕਹਿਣਾ ਹੈ ਕਿ 'ਇਹ ਬੱਚੇ ਗੁਨਾਹਗਾਰ ਨਹੀਂ। ਮੈਂ ਇਨ੍ਹਾਂ ਤੋਂ ਬਦਲਾ ਕਿਉਂ ਲਵਾਂ? ਵੈਸੇ ਵੀ ਇਸਲਾਮ ਇੰਨੇ ਮਾਸੂਮ ਬੱਚਿਆਂ 'ਤੇ ਜ਼ੁਲਮ ਕਰਨ ਦੀ ਹਰਗਿਜ਼ ਇਜਾਜ਼ਤ ਨਹੀਂ ਦਿੰਦਾ। ਇਨ੍ਹਾਂ ਨੂੰ ਛੱਡ ਦੇਣਾ ਚਾਹੀਦਾ ਹੈ', ਸੁਣਨ ਵਾਲਿਆਂ ਦੇ ਦਿਲਾਂ ਨੂੰ ਠਾਰਦੇ ਹਨ।

ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਅਤੇ ਮਾਤਾ ਗੁਜਰੀ ਦੀ ਸ਼ਹੀਦੀ ਤੋਂ ਬਾਅਦ ਸੂਬਾ ਸਰਹੰਦ ਨੇ ਇਹ ਐਲਾਨ ਕਰ ਦਿੱਤਾ ਸੀ ਕਿ ਕੋਈ ਵੀ ਇਨ੍ਹਾਂ ਦਾ ਸਸਕਾਰ ਮੁਗਲ ਸਲਤਨਤ ਦੀ ਜ਼ਮੀਨ 'ਤੇ ਨਹੀਂ ਕਰ ਸਕਦਾ। ਸਸਕਾਰ ਲਈ ਲੋੜੀਂਦੀ ਜ਼ਮੀਨ ਸੋਨੇ ਦੀਆਂ ਮੋਹਰਾਂ ਵਿਛਾ ਕੇ ਖਰੀਦਣੀ ਪਵੇਗੀ। ਦੀਵਾਨ ਟੋਡਰ ਮੱਲ ਗੁਰੂ ਪਰਿਵਾਰ ਦੇ ਪਿਆਰ ਵਿਚ ਤਿਆਰ ਹੋਇਆ ਪਰ ਲਾਲਚੀ ਸੂਬਾ ਸਰਹੰਦ ਫਿਰ ਮੁੱਕਰ ਗਿਆ ਕਿ ਮੋਹਰਾਂ ਖੜ੍ਹੀਆਂ ਕਰਕੇ ਜ਼ਮੀਨ ਦਿੱਤੀ ਜਾਵੇਗੀ। ਦੀਵਾਨ ਟੋਡਰ ਮੱਲ ਨੇ ਉਸ ਸਮੇਂ ਮੋਹਰਾਂ ਖੜ੍ਹੀਆਂ ਕਰਕੇ ਜ਼ਮੀਨ ਖਰੀਦੀ। ਇਸ ਤਰ੍ਹਾਂ ਗੁਰਦੁਆਰਾ ਜੋਤੀ ਸਰੂਪ ਜਿੱਥੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਦਾ ਸਸਕਾਰ ਹੋਇਆ, ਉਹ ਦੁਨੀਆ ਦੀ ਸਭ ਤੋਂ ਮਹਿੰਗੀ ਵਿਕਣ ਵਾਲੀ ਜ਼ਮੀਨ ਹੈ ਜੋ ਦੀਵਾਨ ਟੋਡਰ ਮੱਲ ਨੇ ਖ਼ਰੀਦੀ ਸੀ।

ਇਤਿਹਾਸ ਗਵਾਹ ਹੈ ਕਿ ਜਰਮਨ ਤਾਨਾਸ਼ਾਹ ਹਿਟਲਰ ਨੇ ਲੱਖਾਂ ਯਹੂਦੀਆਂ ਨੂੰ ਮਾਰਿਆ ਸੀ। ਉਹੀ ਦੂਜੇ ਸੰਸਾਰ ਯੁੱਧ ਲਈ ਜ਼ਿੰਮੇਵਾਰ ਸੀ ਜਿਸ ਵਿਚ ਕਰੋੜਾਂ ਲੋਕਾਂ ਨੂੰ ਆਪਣੀ ਜਾਨ ਗੁਆਉਣੀ ਪਈ। ਅਲਬਰਟ ਆਇੰਸਟਾਈਨ ਵਰਗਿਆਂ ਨੂੰ ਉਸੇ ਦੀ ਨਫਰਤ ਕਰਕੇ ਜਰਮਨੀ ਛੱਡਣਾ ਪਿਆ ਸੀ। ਇਸ ਦੇ ਉਲਟ ਸ਼ਿੰਡਲਰ ਨੇ ਮੌਤ ਦੇ ਘਾਟ ਉਤਾਰਨ ਤੋਂ ਪਹਿਲਾਂ ਸੈਂਕੜੇ ਯਹੂਦੀ ਖਰੀਦ ਕੇ ਉਨ੍ਹਾਂ ਨੂੰ ਹਿਟਲਰ ਦੇ ਖੂੰਨੀ ਪੰਜਿਆਂ ਵਿਚੋਂ ਆਜ਼ਾਦ ਕਰਵਾਇਆ ਸੀ। ਬਚ ਗਏ ਯਹੂਦੀਆਂ ਦੇ ਪੁੱਤ ਪੋਤਰੇ ਅੱਜ ਵੀ ਸ਼ਿੰਡਲਰ ਨੂੰ ਦੇਵਤਾ ਸਮਝ ਕੇ ਪੂਜਦੇ ਹਨ।

ਇਤਿਹਾਸ ਨਿਰਾ ਪੜ੍ਹਨ ਲਈ ਨਹੀਂ ਹੁੰਦਾ, ਸਿੱਖਣ ਲਈ ਵੀ ਹੁੰਦਾ ਹੈ। ਕਲਮਾਂ ਸਮੇਂ ਦਾ ਇਤਿਹਾਸ ਲਿਖਦੀਆਂ ਹਨ। ਦਾਤੀਆਂ, ਕਲਮਾਂ, ਹਥੌੜਿਆਂ, ਤੱਕੜੀਆਂ ਤੇ ਸੁਰਾਂ ਵਾਲਿਆਂ ਦੇ ਵਿਦਰੋਹ ਵਾਲਾ ਇਤਿਹਾਸ ਵੀ ਲਿਖਿਆ ਜਾਵੇਗਾ।

# ਬਾਜ਼ੀ ਮੇਰੇ ਪਿੰਡ ਦੀ: ਨਿੰਦਰ ਘੁਗਿਆਣਵੀ

ਪੰਜਾਬੀ ਖੇਡ ਸਾਹਿਤ



ਪ੍ਰਿੰ. ਸਰਵਣ ਸਿੰਘ
ਫੋਨ: 647-785-1661


ਨਿੰਦਰ ਘੁਗਿਆਣਵੀ ਨੂੰ ਸੁਰਮਾ ਪਾਉਣਾ ਵੀ ਆਉਂਦਾ ਤੇ ਮਟਕਾਉਣਾ ਵੀ ਆਉਂਦੈ। ਅਸਤਰ ਐਸਾ ਕਿ ਅਧਿਆਨੀ ਦੀ ਦੁਆਨੀ, ਦੁਆਨੀ ਦੀ ਚੁਆਨੀ ਤੇ ਚੁਆਨੀ ਦੀ ਅਠਿਆਨੀ ਬਣਾ ਕੇ ਚਲਾ ਸਕਦੈ। ਹੋ ਸਕਦੈ ਹੋਰ ਅੱਗੇ ਜਾ ਕੇ ਗਾਰਗੀ ਨੂੰ ਵੀ ਮਾਤ ਪਾ ਜਾਵੇ! ਐਪਰ ਵੇਖਣ ਨੂੰ ਐਨਾ ਨਹੀਂ ਲੱਗਦਾ ਜਿੰਨਾ ਹੈਗਾ। ਉਹ ਨਿੱਕੇ ਕੱਦ ਦਾ ਕੱਦਾਵਰ ਲੇਖਕ ਹੈ। ਕੱਦ ਸਵਾ ਪੰਜ ਫੁੱਟ, ਉਮਰ ਪੰਤਾਲੀ ਸਾਲਾਂ ਤੋਂ ਘੱਟ, ਪਰ ਕਿਤਾਬਾਂ ਛਪਾ ਚੁੱਕੈ ਪੰਜਾਹਾਂ ਤੋਂ ਵੱਧ। ਤੱਕੜ ਦੇ ਇਕ ਪਾਸੇ ਉਸ ਨੂੰ ਬਿਠਾ ਲਈਏ ਤੇ ਦੂਜੇ ਪਾਸੇ ਉਹਦੀਆਂ ਤੇ ਉਹਦੇ ਬਾਰੇ ਲਿਖੀਆਂ ਕਿਤਾਬਾਂ ਦੀ ਬੋਰੀ ਧਰ ਲਈਏ ਤਾਂ ਕਿਤਾਬਾਂ ਵਾਲਾ ਪਾਸਾ ਭਾਰਾ ਹੋਵੇਗਾ। ਹੈਰਤ ਹੁੰਦੀ ਹੈ ਉਹਦੀ ਲੇਖਣੀ ਦੀਆਂ ਸਪਰਿੰਟਾਂ ਵੇਖ ਕੇ! ਡਰ ਲੱਗਦੈ ਕਿਤੇ ਸਾਹੋ-ਸਾਹ ਹੋਇਆ ਡਿੱਗ ਈ ਨਾ ਪਵੇ?

ਉਸ ਨੇ ਸੱਤਵੀਂ-ਅੱਠਵੀਂ 'ਚ ਪੜ੍ਹਦਿਆਂ, ਹੱਟੀ ਕਰਦਿਆਂ, ਕਾਗਜ਼ਾਂ-ਕਾਪੀਆਂ ਤੇ ਵਹੀ ਉਤੇ ਲਿਖਣਾ ਸ਼ੁਰੂ ਕੀਤਾ ਸੀ। ਫਿਰ ਯਮਲੇ ਜੱਟ ਦਾ ਚੇਲਾ ਬਣ ਕੇ ਤੂੰਬੀ ਵਜਾਉਣ ਨਾਲ ਕਿਤਾਬਾਂ ਦਾ ਬੋਹਲ ਵੀ ਲਾ ਦਿੱਤਾ। ਮਸਾਂ ਦਸਵੀਂ ਤਕ ਪੜ੍ਹੇ ਦੀਆਂ ਕਿਤਾਬਾਂ ਉਤੇ ਹੁਣ ਯੂਨੀਵਰਸਿਟੀਆਂ 'ਚ ਐੱਮ ਫਿੱਲਾਂ ਤੇ ਪੀਐੱਚ ਡੀਆਂ ਹੋ ਰਹੀਆਂ। ਸਾਲ 'ਚ ਇਕ ਦੋ ਨਹੀਂ ਚਾਰ-ਚਾਰ ਪੁਸਤਕਾਂ ਪ੍ਰਕਾਸ਼ਿਤ ਕਰਵਾਉਂਦਾ ਆ ਰਿਹੈ। ਸਵੈ-ਜੀਵਨੀ, ਜੀਵਨੀਆਂ, ਸਫ਼ਰਨਾਮੇ, ਰੇਡੀਓਨਾਮੇ, ਟੀਵੀਨਾਮੇ, ਰੇਖਾ ਚਿੱਤਰ, ਲਲਿਤ ਨਿਬੰਧ, ਯਾਦਾਂ, ਡਾਇਰੀਆਂ, ਮੁਲਕਾਤਾਂ, ਅਖ਼ਬਾਰਾਂ ਰਸਾਲਿਆਂ ਦੇ ਸਥਾਈ ਕਾਲਮ ਤੇ ਫੁਟਕਲ ਰਚਨਾਵਾਂ। ਵਿਚੇ 'ਪਿੰਡ ਦੀ ਬਾਜ਼ੀ' ਤੇ 'ਦੇਸ਼ ਵਿਦੇਸ਼ ਦੇ ਅੱਖੀਂ ਡਿੱਠੇ ਖੇਡ ਮੇਲੇ'। ਉਸ ਨੇ ਯੂਨੀਵਰਸਿਟੀਆਂ ਤੇ ਵੱਡੇ ਪ੍ਰਕਾਸ਼ਨ ਅਦਾਰਿਆਂ ਲਈ ਕੁਝ ਪੁਸਤਕਾਂ ਦਾ ਸੰਪਾਦਨ ਵੀ ਕੀਤਾ। ਉਹਦੀਆਂ ਕਿਤਾਬਾਂ ਦੇ ਅਨੁਵਾਦ ਵੀ ਹੋਏ ਤੇ ਮਾਣ ਸਨਮਾਨ ਵੀ ਮਿਲੇ। ਦਰਜਨਾਂ ਆਈਏਐੱਸ ਤੇ ਆਈਪੀਐਸ ਅਫਸਰ ਉਹਦੇ ਜਾਣੂੰ ਹਨ ਜਿਨ੍ਹਾਂ 'ਚੋਂ ਪੰਜ ਸੱਤ ਚੰਗੇ ਯਾਰ ਬੇਲੀ ਹਨ। ਜੇ ਕਿਤੇ ਉਹ ਸਿਫ਼ਾਰਸ਼ੀ ਠੱਗੀਆਂ ਮਾਰਨ ਰਾਹ ਪੈ ਗਿਆ ਤਾਂ ਕਿਸੇ ਨੂੰ ਡਾਹੀ ਨੀ ਦੇਣੀ! ਉਹ ਮੈਨੂੰ ਕਦੇ 'ਚਾਚਾ' ਕਦੇ 'ਤਾਇਆ' ਕਹਿ ਕੇ ਛੇੜਨੋਂ ਨਹੀਂ ਹਟਦਾ। ਤਾਇਆ ਵੀ ਫੇਰ ਭਤੀਜੇ ਨੂੰ ਕਿਉਂ ਨਾ ਛੇੜੇ? ਤਿੱਖੀ ਤੋਰੇ ਤੋਰ ਕੇ ਚਾਲੋਂ ਕਿਉਂ ਨਾ ਕੱਢੇ? ਪਿੱਛੋਂ ਭਾਵੇਂ ਪਿੱਟਦਾ ਈ ਫਿਰੇ, ਮੁੜ ਕੇ ਤਾਏ ਨਾਲ ਨੀ ਤੁਰਨਾ!

ਨਿੰਦਰ ਦੇ ਕਈ ਨੇੜੂ ਉਸ ਨੂੰ 'ਜੁਗਾੜੀ' ਕਹਿੰਦੇ ਹਨ। ਪਰ ਮੈਂ ਉਸ ਨੂੰ 'ਜੁਗਤੀ' ਸਮਝਦਾਂ। ਜੁਗਤੀ ਲੇਖਕ, ਪੱਤਰਕਾਰ, ਕਾਲਮਨਵੀਸ, ਰੇਡੀਓਕਾਰ ਤੇ ਤੂੰਬੀਕਾਰ ਯਾਨੀ ਫਾਈਵ ਇਨ ਵਨ ਹੈ। ਮਿਲਾਪੜਾ ਵੀ ਹੈ ਤੇ ਟੁੱਟ-ਪੈਣਾ ਵੀ। ਨਾ ਰੁੱਸਦੇ ਨੂੰ ਮਿੰਟ ਲੱਗਦੈ ਨਾ ਮੰਨਦੇ ਨੂੰ ਮਿੰਟ। ਮੇਰੇ ਨਾਲ ਉਹਦਾ ਵਾਹਵਾ ਵਾਹ ਰਿਹੈ। ਕੈਨੇਡਾ ਵਿਚ ਵੀ ਤੇ ਪੰਜਾਬ 'ਚ ਵੀ ਮਿਲਦਾ-ਗਿਲਦਾ ਰਹਿੰਦੈ। ਫੋਨ 'ਤੇ ਕਈ ਤਰ੍ਹਾਂ ਦੀਆਂ ਆਵਾਜ਼ਾਂ ਕੱਢਦਾ ਕਹਿੰਦਿਆਂ ਕਹਾਉਂਦਿਆਂ ਦੀਆਂ ਸਾਂਗਾਂ ਲਾਉਂਦੈ। ਫਿਲਹਾਲ ਵਾਲੇ ਗੁਰਬਚਨ ਦੀਆਂ ਸਭ ਤੋਂ ਵੱਧ। ਬਖ਼ਸ਼ਦਾ ਕਜ਼ਾਕ ਨੂੰ ਵੀ ਨਹੀਂ। ਤੂੰਬੀ ਦੀ ਤੁਣ-ਤੁਣ ਨਾਲ ਬੋਝਾ ਭਰਨਾ ਜਾਣਦੈ। ਬੋਝਾ ਭਰ ਜਾਵੇ ਤਾਂ ਘਿਲ ਬਿੱਲੀਆਂ ਵੀ ਬੁਲਾਉਂਦੈ!

ਉਹਦੀ ਵਾਰਤਕ ਵਗਦੀ 'ਵਾ ਵਰਗੀ ਹੈ। ਪਾਠਕਾਂ ਨੂੰ ਆਪਣੇ ਵੇਗ ਨਾਲ ਹੀ ਖਿੱਚੀ ਤੁਰੀ ਜਾਂਦੀ ਹੈ। ਜਿਹੜਾ ਇਕ ਵਾਰ ਉਹਦੀ ਗ੍ਰਿਫ਼ਤ 'ਚ ਆਇਆ ਮੁੜ ਕੇ ਨਹੀਂ ਨਿਕਲ ਸਕਿਆ। ਜਿਸ ਚਾਲ ਨਾਲ ਕਿਤਾਬਾਂ ਛਪਾ ਰਿਹੈ, ਲੱਗਦੈ ਸੈਂਕੜਾ ਮਾਰਨ ਦਾ ਰਿਕਾਰਡ ਤੋੜੇਗਾ। ਚੌਕੇ ਛਿੱਕੇ ਜੁ ਲਾਉਂਦਾ ਹੋਇਆ! ਉਹ ਸਾਥੋਂ ਪਿੱਛੋਂ ਤੁਰ ਕੇ ਅੱਗੇ ਨਿਕਲ ਗਿਐ। ਆਪਣੀਆਂ ਪੁਸਤਕਾਂ 'ਤੇ ਵੱਡੇ-ਵੱਡੇ ਬੰਦਿਆਂ ਦੀਆਂ ਟਿੱਪਣੀਆਂ ਛਪਵਾਉਂਦੈ। ਮਿਸਾਲ ਵਜੋਂ ਸੁਪਰੀਮ ਕੋਰਟ ਦੇ ਰਿਟਾਇਰ ਜਸਟਿਸ ਜੀ ਐਸ ਸਿੰਘਵੀ, ਦਿੱਲੀ ਹਾਈ ਕੋਰਟ ਦੇ ਰਿਟਾਇਰ ਜਸਟਿਸ ਰਾਜਿੰਦਰ ਸੱਚਰ, ਰਿਟਾਇਰ ਜਸਟਿਸ ਅਜੀਤ ਸਿੰਘ ਬੈਂਸ, ਰਿਟਾਇਰ ਜਸਟਿਸ ਮੈਡਮ ਐੱਚ ਕੇ ਸੰਧੂ, ਚਾਂਸਲਰ ਡਾ. ਸਰਦਾਰਾ ਸਿੰਘ ਜੌਹਲ, ਸਾਬਕਾ ਚੋਣ ਕਮਿਸ਼ਨਰ ਡਾ. ਮਨੋਹਰ ਸਿੰਘ ਗਿੱਲ, ਸੀਬੀਆਈ ਦੇ ਸਾਬਕਾ ਡਾਇਰੈਕਟਰ ਜੋਗਿੰਦਰ ਸਿੰਘ ਤੇ ਸਾਬਕਾ ਰਾਜ ਸਭਾ ਮੈਂਬਰ ਤਰਲੋਚਨ ਸਿੰਘ। ਜਗਦੇਵ ਸਿੰਘ ਜੱਸੋਵਾਲ, ਨਾਵਲਕਾਰ ਗੁਰਦਿਆਲ ਸਿੰਘ, ਗੁਰਬਚਨ ਸਿੰਘ ਭੁੱਲਰ ਤੇ ਹਮਾ ਤੁਮਾ ਨੇ ਤਾਂ ਉਹਦੇ ਬਾਰੇ ਹੀ ਸੀ।

ਮੈਂ ਉਹਦੀ ਵਾਰਤਕ ਬਾਰੇ 'ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਿਆਂ' ਪੁਸਤਕ ਸੰਪਾਦਿਤ ਕੀਤੀ ਹੈ ਜਿਸ ਦੇ ਸਰਵਰਕ ਉਤੇ ਵਰਿਆਮ ਸਿੰਘ ਸੰਧੂ ਤੇ ਸੁਰਜੀਤ ਪਾਤਰ ਦੇ ਕਥਨ ਛਾਪੇ ਹਨ। ਸੰਧੂ ਨੇ ਲਿਖਿਆ: ਨਿੰਦਰ ਦੀ ਵਾਰਤਕ ਵਿਚ ਇਕ ਅਨੂਠੀ ਖਿੱਚ ਹੈ। ਪੜ੍ਹਨ ਬੈਠ ਗਏ ਹੋ ਤਾਂ ਫਿਰ ਜਾਓਗੇ ਕਿੱਥੇ? ਉਹਦੀ ਲਿਖਤ ਤੁਹਾਨੂੰ ਫੜ ਕੇ ਬਹਿ ਜਾਵੇਗੀ। ਜਾਪੇਗਾ ਕਿ ਤੁਹਾਡਾ ਕੋਈ ਡਾਢਾ ਪਿਆਰਾ ਤੁਹਾਡੇ ਨਾਲ ਦਿਲ ਦੀਆਂ ਗੱਲਾਂ ਕਰੀ ਜਾ ਰਿਹੈ। ਉਹ ਗੱਲ 'ਚੋਂ ਗੱਲ ਕੱਢੀ ਤੁਰਿਆ ਜਾਂਦੈ ਤੇ ਤੁਸੀਂ ਉਹਦੇ ਬੋਲਾਂ ਦੇ ਕੀਲੇ ਉਹਦੇ ਨਾਲ-ਨਾਲ ਤੁਰੀ ਜਾਂਦੇ ਹੋ। ਉਹ ਕਦੀ ਤੁਹਾਨੂੰ ਡੂੰਘੀਆਂ ਸੋਚਾਂ ਵਿਚ ਪਾ ਦਿੰਦਾ ਹੈ ਪਰ ਅਗਲੇ ਪਲ ਹੀ ਕੁਤਕਤਾਰੀਆਂ ਵੀ ਕਰਨ ਲੱਗਦਾ ਹੈ। ਤੁਸੀਂ ਮੁਸਕਰਾਂਦੇ ਹੋ। ਤੁਹਾਡਾ ਰਉਂ ਬਣਿਆਂ ਵੇਖ ਕੇ ਤੁਹਾਨੂੰ ਹਸਾ ਵੀ ਦਿੰਦਾ ਹੈ। ਅਗਲੀਆਂ ਸਤਰਾਂ ਵਿਚ ਕੋਈ ਐਸੀ ਝਾਕੀ ਸਿਰਜਦਾ ਹੈ ਕਿ ਤੁਹਾਡੀਆਂ ਅੱਖਾਂ ਸਿੱਲ੍ਹੀਆਂ ਹੋ ਜਾਂਦੀਆਂ ਹਨ। ਲਿਖਤ ਪੜ੍ਹਨ ਤੋਂ ਬਾਅਦ ਤੁਸੀਂ ਕਦੀ ਰੱਜੇ-ਰੱਜੇ ਮਹਿਸੂਸ ਕਰਦੇ ਹੋ, ਕਦੇ ਬੇਚੈਨ ਤੇ ਪਰੇਸ਼ਾਨ ਵੀ। ਕਦੇ ਬਹੁਤ ਖੁਸ਼ ਤੇ ਕਦੇ ਬਹੁਤ ਉਦਾਸ ਵੀ। ਇਹੋ ਹੀ ਤਾਂ ਕਿਸੇ ਰਚਨਾ ਦੀ ਚੰਗੀ ਨਿਸ਼ਾਨੀ ਹੁੰਦੀ ਹੈ।




ਪਾਤਰ ਨੇ ਲਿਖਿਆ: ਜਦੋਂ ਕਦੀ ਮੈਂ ਨਿੰਦਰ ਘੁਗਿਆਣਵੀ ਦੀ ਵਾਰਤਕ ਪੜ੍ਹਦਾ ਹਾਂ ਤਾਂ ਮੈਨੂੰ ਉਸ ਦੀ ਬੇਬਾਕੀ, ਉਸ ਦੀ ਮਾਸੂਮੀਅਤ, ਵਿਅੰਗ ਤੇ ਉਸ ਵਿਚਲਾ ਵਿਨੋਦੀਪਣ ਬਹੁਤ ਚੰਗਾ ਲੱਗਦਾ ਹੈ। ਉਸ ਨੇ ਜ਼ਿੰਦਗੀ ਨੂੰ ਬਹੁਤ ਨੇੜਿਓਂ ਵੇਖਿਆ ਹੈ, ਨੇੜਿਓਂ ਵੇਖਿਆ ਹੀ ਨਹੀਂ ਸਗੋਂ ਇਕ ਅਜਿਹੇ ਕੋਨ ਤੋਂ ਵੇਖਿਆ ਹੈ, ਜਿਥੋਂ ਵੇਖਣਾ ਤਥਾਕਥਿਤ ਬਹੁਤ ਸਾਰੇ ਲੇਖਕਾਂ ਨੂੰ ਨਸੀਬ ਨਹੀਂ ਹੁੰਦਾ। ਨਿੰਦਰ ਨੇ 'ਕੁਛ ਨਹੀਂ' ਬਣ ਕੇ ਉਨ੍ਹਾਂ ਲੋਕਾਂ ਦਾ ਤਮਾਸ਼ਾ ਵੇਖਿਆ, ਜੋ ਆਪਣੇ ਆਪ ਨੂੰ 'ਬਹੁਤ ਕੁਛ' ਸਮਝਦੇ ਸਨ। ਨਿੰਦਰ ਦਾ ਇਹ ਦ੍ਰਿਸ਼ ਬਿੰਦੂ ਉਸ ਦੀ ਵਾਰਤਕ ਨੂੰ ਇਕ ਵੱਖਰੀ ਸਾਰਥਿਕਤਾ ਤੇ ਨਿਆਰਾਪਣ ਦਿੰਦਾ ਹੈ। ਉਸ ਦੀ ਸਵੈ-ਜੀਵਨੀ 'ਮੈਂ ਸਾਂ ਜੱਜ ਦਾ ਅਰਦਲੀ' ਬਹੁਤ ਮਕਬੂਲ ਹੋਈ ਸੀ। ਨਿੰਦਰ ਦੀਆਂ ਵਾਕਫ਼ੀਆਂ ਤੇ ਲਿਹਾਜ਼ਦਾਰੀਆਂ ਦਾ ਘੇਰਾ ਰੰਗ-ਬਿਰੰਗਾ ਹੈ। ਪੰਜਾਬੀ ਸਾਹਿਤ ਨੂੰ ਚੰਗੇ ਵਾਰਤਕਕਾਰਾਂ ਦੀ ਬੇਹੱਦ ਲੋੜ ਹੈ। ਮੇਰੀ ਇੱਛਾ ਹੈ ਕਿ ਨਿੰਦਰ ਘੁਗਿਆਣਵੀ ਆਪਣੀ ਪ੍ਰਤਿਭਾ ਨੂੰ, ਮਿਹਨਤ, ਸੁਹਿਰਦਤਾ ਅਤੇ ਅਨੁਭਵ ਨਾਲ ਹੋਰ ਚਮਕਾਵੇ ਤੇ ਬਹੁਤ ਵੱਡਾ ਵਾਰਤਾਕਾਰ ਬਣੇ। ਇਹ ਮੇਰੀ ਇੱਛਾ ਵੀ ਹੈ ਅਤੇ ਆਸ ਵੀ।

ਬਹੁਤੇ ਪੰਜਾਬੀ ਲੇਖਕ ਕਲਪੀ ਜਾਂਦੇ ਨੇ, ਪਿੱਟੀ ਜਾਂਦੇ ਨੇ ਪਈ ਅਸੀਂ ਮਾਂ ਬੋਲੀ ਵਿਚ ਲਿਖਦੇ-ਲਿਖਦੇ ਲੁੱਟੇ ਗਏ, ਪੱਟੇ ਗਏ! ਪਰ ਨਿੰਦਰ ਕਲਮ ਵਾਹ ਕੇ ਤੇ ਤੂੰਬੀ ਟੁਣਕਾਅ ਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਸੋਹਣਾ ਤੋਰੀ ਜਾ ਰਿਹੈ। ਉਹਨੇ ਘਰ ਵੀ ਕੱਚੇ ਤੋਂ ਪੱਕਾ ਬਣਾ ਲਿਐ। ਉਹ ਗਾਰਗੀ ਪਿੱਛੋਂ ਪੰਜਾਬੀ ਸਾਹਿਤ ਦਾ ਸਭ ਤੋਂ ਸਫਲ ਸੇਲਜ਼ਮੈਨ ਸਾਬਤ ਹੋ ਰਿਹੈ। ਤਦੇ ਤਾਂ 2001 ਤੋਂ ਹਵਾਈ ਜਹਾਜ਼ਾਂ ਦਾ ਸਵਾਰ ਹੈ। ਵਿਦੇਸ਼ਾਂ ਵਿਚ ਉਹਦੇ ਸੈਂਕੜੇ ਪਾਠਕ/ਪ੍ਰੇਮੀ ਹਨ ਜਿਨ੍ਹਾਂ ਦੇ ਪਰਾਂ ਉਤੇ ਉਹ ਉਡਿਆ ਫਿਰਦੈ। ਜਮਾਤਾਂ ਭਾਵੇਂ ਘੱਟ ਪੜ੍ਹ ਸਕਿਆ ਪਰ ਧੱਕੇ-ਧੋੜੇ ਖਾਂਦਾ ਗੁੜ੍ਹ ਬਹੁਤ ਗਿਐ। ਮੈਂ ਉਸ ਨੂੰ ਵਾਰਤਕ ਦੀ ਦੌੜ ਦਾ ਮਿਲਖਾ ਸਿੰਘ ਸਮਝਦਾਂ। ਪਹਿਲਾਂ ਉਸ ਦਾ ਕਾਲਮ 'ਬਾਵਾ ਬੋਲਦਾ ਹੈ' ਬੜਾ ਚੱਲਿਆ, ਹੁਣ 'ਸਿਆਸੀ ਝਰੋਖਾ' ਚੱਲ ਪਿਐ। ਇਨ੍ਹੀਂ ਦਿਨੀਂ ਉਹਦੀ 55ਵੀਂ ਪੁਸਤਕ ਪ੍ਰਕਾਸ਼ਤ ਹੋਈ ਹੈ। ਇਹ ਸਤਰਾਂ ਛਪਣ ਤਕ ਹੋ ਸਕਦੈ 56ਵੀਂ ਵੀ ਛਪ ਜਾਵੇ! ਦਸ ਬਾਰਾਂ ਐਡੀਸ਼ਨਾਂ ਛਪੀ 'ਮੈਂ ਸਾਂ ਜੱਜ ਦਾ ਅਰਦਲੀ' ਵਿਚ ਉਸ ਨੇ ਆਪਣੇ ਦਿਲ ਦਾ ਦਰਦ ਦੱਸਿਆ ਸੀ ਜਦ ਕਿ 'ਕਾਲੇ ਕੋਟ ਦਾ ਦਰਦ' ਵਿਚ ਜੱਜਾਂ ਦੇ ਦਿਲ ਦਾ ਦਰਦ ਦੱਸਿਆ।

ਨਿੰਦਰ ਫਰੀਦਕੋਟ ਨੇੜਲੇ ਰੇਤਲੇ ਪਿੰਡ ਘੁਗਿਆਣੇ ਵਿਚ 15 ਮਾਰਚ 1978 ਨੂੰ ਕਿਸਾਨ/ਹਟਵਾਣੀਏ ਰੌਸ਼ਨ ਲਾਲ ਦੇ ਘਰ ਮਾਤਾ ਰੂਪ ਰਾਣੀ ਦੀ ਕੁੱਖੋਂ ਜੰਮਿਆ। ਬਚਪਨ ਤੰਗੀ ਤੁਰਸ਼ੀ 'ਚ ਬੀਤਿਆ। ਪਸ਼ੂ ਚਾਰੇ, ਕੱਖ ਖੋਤੇ, ਖੁਰਲੀਆਂ 'ਚ ਪੱਠ ਪਾਏ, ਖੇਤਾਂ 'ਚ ਜੋਤੇ ਲਾਏ, ਹੱਟੀ 'ਤੇ ਸੌਦਾ ਪੱਤਾ ਵੇਚਿਆ ਤੇ ਤੂੰਬੀ ਵਜਾਉਂਦਾ ਸੁਣਾਉਂਦਾ ਜੱਜ ਦਾ ਅਰਦਲੀ ਬਣਿਆ। ਢਾਈ ਕੁ ਸਾਲ ਅਰਦਲ 'ਚ ਰਿਹਾ। ਕਚਹਿਰੀ 'ਚ 'ਵਾਜ਼ਾਂ ਮਾਰਦਾ, ਜੱਜ ਦੀ ਮੱਝ ਦਾ ਗੋਹਾ ਕੂੜਾ ਕਰਦਾ, ਦਾਰੂ ਪੀਣੇ ਜੱਜ ਨੂੰ ਤੂੰਬੀ ਸੁਣਾਉਂਦਾ, ਕੁੱਟ ਖਾਂਦਾ ਪੱਤਰਕਾਰੀ ਕਰਦਾ ਰਿਹਾ। ਫਰੀਦਕੋਟ ਦਾ ਅਰਦਲਪੁਣਾ ਛੁੱਟਿਆ ਤਾਂ ਪਟਿਆਲੇ ਦੇ ਭਾਸ਼ਾ ਵਿਭਾਗ ਵਿਚ ਦਿਹਾੜੀਦਾਰ ਕਾਮਾ ਜਾ ਲੱਗਾ। ਤਿੰਨ ਸਾਲ ਉਥੇ ਧੰਦ ਪਿੱਟਿਆ। ਪਹਿਲਾਂ ਜੱਜਾਂ ਨੂੰ ਫਿਰ ਲੇਖਕਾਂ ਨੂੰ ਨੇੜਿਓਂ ਵੇਖਦਾ ਚਾਖਦਾ ਰਿਹਾ। ਇਉਂ ਲਿਖਣ ਦਾ ਮਸਾਲਾ ਉਹਦੇ ਹੱਥ ਲੱਗਦਾ ਗਿਆ। ਉਸ ਨੇ 'ਮੈਂ ਸਾਂ ਜੱਜ ਦਾ ਅਰਦਲੀ' ਪੁਸਤਕ ਲਿਖੀ ਜਿਸ ਨੇ ਉਹਦੀ ਗੁੱਡੀ ਅਸਮਾਨੇ ਚਾੜ੍ਹ ਦਿੱਤੀ। ਜੇ ਉਹ ਜੱਜ ਦਾ ਅਰਦਲੀ ਨਾ ਬਣਦਾ, ਜੇ ਉਹਨੂੰ ਕੁਲੱਕੜ ਜੱਜ ਨਾ ਮਿਲਦਾ, ਜੇ ਯਮਲੇ ਜੱਟ ਦੀ ਤੂੰਬੀ ਉਹਦੇ ਹੱਥ ਨਾ ਲਗਦੀ ਤਾਂ ਨਿੰਦਰ ਅੱਜ ਵੀ ਘੁਗਿਆਣੇ ਦੀ ਹੱਟੀ 'ਤੇ ਬੈਠਾ ਹੁੰਦਾ ਜਿਸ ਨੂੰ ਪਿੰਡ ਤੋਂ ਬਾਹਰ ਸ਼ਾਇਦ ਹੀ ਕੋਈ ਜਾਣਦਾ।

ਲਾਲ ਚੰਦ ਯਮਲੇ ਦਾ ਚੇਲਾ ਉਹ ਬਚਪਨ ਵਿਚ ਹੀ ਬਣ ਗਿਆ ਸੀ ਜਿਥੋਂ ਤੂੰਬੀ ਉਹਦੇ ਹੱਥ ਲੱਗ ਗਈ ਸੀ। ਆਵਾਜ਼ ਉਹਦੀ ਪਹਿਲਾਂ ਹੀ ਯਮਲੇ ਵਰਗੀ ਬਰੀਕ ਸੀ। ਉਹ ਤੂੰਬੀ ਐਸੀ ਕਰਾਮਾਤੀ ਨਿਕਲੀ ਕਿ ਉਸ ਨੇ ਪਛੜੇ ਪਿੰਡ ਦੇ ਨਿੱਕੇ ਜਿਹੇ ਮੁੰਡੇ ਨੂੰ ਕੈਨੇਡਾ, ਅਮਰੀਕਾ, ਇੰਗਲੈਂਡ ਤੇ ਆਸਟ੍ਰੇਲੀਆ ਦੀਆਂ ਸੈਰਾਂ ਕਰਾ ਦਿੱਤੀਆਂ ਜਿਥੇ ਪੌਂਡਾਂ/ਡਾਲਰਾਂ ਨਾਲ ਬੋਝੇ ਭਰਦੇ ਗਏ। ਇਹੋ ਤੂੰਬੀ ਉਸ ਨੇ 2005 'ਚ ਇੰਗਲੈਂਡ ਦੀ ਪਾਰਲੀਮੈਂਟ ਵਿਚ ਵਜਾਈ। ਮੌਕਾ ਸੀ ਮਹਾਰਾਜਾ ਰਣਜੀਤ ਸਿੰਘ ਸੈਮੀਨਾਰ। ਉਹ 16 ਸਾਲਾਂ ਦਾ ਸੀ ਜਦੋਂ ਉਹਦੀ ਪਹਿਲੀ ਕਿਤਾਬ 'ਤੂੰਬੀ ਦੇ ਵਾਰਿਸ' ਛਪੀ। ਫਿਰ ਨਾਵਲ 'ਗੋਧਾ ਅਰਦਲੀ' ਛਪਿਆ। 2001 ਵਿਚ 'ਮੈਂ ਸਾਂ ਜੱਜ ਦਾ ਅਰਦਲੀ' ਛਪੀ ਜੋ ਵਾਰ ਵਾਰ ਛਪਦੀ ਗਈ। ਕੌਣ ਕਹਿੰਦੈ ਪੰਜਾਬੀ ਕਿਤਾਬਾਂ ਦੇ ਗਾਹਕ ਨਹੀਂ? ਜੇ ਗਾਹਕ ਨਹੀਂ ਤਾਂ ਪ੍ਰਕਾਸ਼ਕਾਂ ਦੀਆਂ ਗੱਡੀਆਂ ਕਾਹਦੇ ਸਿਰ 'ਤੇ ਘੁੰਮਦੀਐਂ? ਇਹ ਗੱਲ ਜ਼ਰੂਰ ਹੈ ਕਿ ਬਹੁਤੀਆਂ ਕਿਤਾਬਾਂ ਹੀ ਅਜਿਹੀਆਂ ਛਪੀ ਜਾਂਦੀਐਂ ਜਿਨ੍ਹਾਂ ਦੇ ਵਾਕਿਆ ਹੀ ਬਹੁਤੇ ਪਾਠਕ ਗਾਹਕ ਨਹੀਂ।

ਉਹਦੀ ਵਾਰਤਕ ਦਾ ਨਮੂਨਾ ਵੇਖੋ: ਮੈਂ ਉਨ੍ਹਾਂ ਮੁਨਸਿਫ਼ਾਂ ਦਾ ਧੰਨਵਾਦੀ ਹਾਂ, ਜਿਨ੍ਹਾਂ ਨੇ ਮੈਨੂੰ ਰੁਜ਼ਗਾਰ ਦਿੱਤਾ। ਮੈਂ ਉਨ੍ਹਾਂ ਦਾ ਵੀ ਧੰਨਵਾਦੀ ਹਾਂ, ਜਿਨ੍ਹਾਂ ਮੈਥੋਂ ਅਰਦਲਪੁਣਾ ਛੁਡਵਾਇਆ ਤੇ ਮੈਂ ਕਿਸੇ ਹੋਰ ਪਟੜੀ 'ਤੇ ਤੁਰ ਪਿਆ। ਸੱਚੀਂ-ਮੁੱਚੀਂ ਅੱਜ ਉਹ ਲੋਕ ਮੈਨੂੰ ਰਹਿ-ਰਹਿ ਕੇ ਯਾਦ ਆਉਂਦੇ ਨੇ। ਉਹ ਥਾਵਾਂ ਮੈਨੂੰ ਹਾਕਾਂ ਮਾਰਦੀਆਂ ਨੇ, ਜਿਥੇ ਕਦੀ ਮੈਂ ਅਦਾਲਤਾਂ ਦੇ ਬੂਹਿਆਂ ਮੂਹਰੇ ਖਲੋ ਕੇ 'ਫਲਾਣਾ ਬਨਾਮ ਫਲਾਣਾ ਹਾਜ਼ਰ ਹੋ' ਦੀਆਂ ਆਵਾਜ਼ਾਂ ਮਾਰਿਆ ਕਰਦਾ ਸਾਂ। ਇਕ ਰਾਤ ਚੌਕੀਦਾਰ ਬਣ ਕੇ ਪਹਿਰਾ ਦਿੰਦਿਆਂ ਸਹਿਮੀ ਹੋਈ ਖ਼ਾਮੋਸ਼ੀ ਨੂੰ ਮੋਟੇ ਡੰਡੇ ਦੀ 'ਠੱਕ-ਠੱਕ' ਵੀ ਮੈਂ ਸੁਣਾਈ ਸੀ... ਕਚਹਿਰੀ ਦੇ ਆਵਾਰਾ ਕੁੱਤਿਆਂ ਦੀ ਬਊਂ-ਬਊਂ ਤੇ ਕਚਹਿਰੀ ਦੇ ਪਿਛਵਾੜਿਓਂ ਅੱਧੀ ਰਾਤੀਂ ਲੰਮੀ ਕੂਕ ਮਾਰ ਕੇ ਲੰਘ ਰਹੀ ਰੇਲ... ਜਾਮਣਾਂ ਦੇ ਰੁੱਖ 'ਤੇ ਬੈਠੇ ਉੱਲੂ ਦੀ ਕੁਰਲਾਹਟ! ਟੁੱਟੇ ਬੈਂਚ ਤੋਂ ਮੈਂ ਡਰ ਕੇ ਉਠਿਆ ਸਾਂ। ਡੰਡਾ ਚੌਰਾਹੇ ਵਿਚ ਮਾਰਿਆ। ਉੱਲੂ ਉਡਿਆ ਤੇ ਉਜੜੀ ਕੰਟੀਨ ਵਿਚ ਸੂਈ ਕੁੱਤੀ ਭੌਂਕੀ। ਇਹ ਸਾਰਾ ਕੁਝ ਮੈਂ ਕਦੀ ਨਹੀਂ ਭੁੱਲ ਸਕਾਂਗਾ...।

### ਬਾਜ਼ੀ ਮੇਰੇ ਪਿੰਡ ਦੀ

ਨਿੱਕਾ ਹੀ ਸਾਂ ਹਾਲੇ ਮੈਂ। ਸਾਡੇ ਪਿੰਡ ਘੁਗਿਆਣੇ ਹਰੇਕ ਸਾਲ ਰਾਜਿਸਥਾਨੋਂ ਬਾਜ਼ੀਗਰ ਬਾਜ਼ੀ ਪਾਉਣ ਆਉਂਦੇ। ਉਹ ਕਈ ਦਿਨ ਪਹਿਲਾਂ ਹੀ ਆ ਜਾਂਦੇ। ਛੱਪੜ ਕੋਲ ਉਜਾੜ ਪਈ ਖੁੱਲ੍ਹੀ ਥਾਂ ਨੂੰ ਆ ਸੰਵਾਰਦੇ। ਟੋਏ-ਟੋਈਆਂ ਭਰਦੇ। ਅੱਕਾਂ, ਅਰਿੰਡਾਂ, ਘਾਹ ਤੇ ਝਾੜ ਬੂਟ ਦੀ ਵਾਧ-ਘਾਟ ਪੁੱਟ ਕੇ ਖ਼ੂਬ ਸਫ਼ਾਈ ਕਰ ਲੈਂਦੇ। ਨੇੜੇ-ਤੇੜੇ ਦੇ ਘਰਾਂ ਦੀਆਂ ਬੁੜ੍ਹੀਆਂ ਆਪੋ-ਆਪਣੀਆਂ ਪਥਕਣਾਂ 'ਚੋਂ ਪਾਥੀਆਂ 'ਕੱਠੀਆਂ ਕਰ ਕੇ ਇਕ ਪਾਸੇ ਢੇਰੀ ਲਾ ਦੇਂਦੀਆਂ, ਥਾਂ ਹੋਰ ਖੁੱਲ੍ਹੀ ਹੋ ਜਾਂਦੀ। ਜਿੰਨੇ ਦਿਨ ਬਾਜ਼ੀਗਰ ਠਹਿਰਦੇ ਕੁੜੀਆਂ-ਬੁੜ੍ਹੀਆਂ ਓਨੇ ਦਿਨ ਪਾਥੀਆਂ ਨਾ ਪਥਦੀਆਂ ਤੇ ਘਰੇ ਹੀ ਗੋਹੇ ਦੀਆਂ ਢੇਰੀਆਂ ਲਾਈ ਜਾਂਦੀਆਂ। ਪਿੰਡ ਦਾ ਚੌਂਕੀਦਾਰ ਆਸ਼ਕ ਸਿੰਘ, ਪੀਪਾ ਖੜਕਾਉਂਦਾ ਤੁਰਿਆ ਫਿਰਦਾ। ਉਹਦੇ ਨਾਲ ਮੰਨਿਆ ਦੰਨਿਆ ਗੰਗੂ ਬਾਜ਼ੀਗਰ ਵੀ ਹੁੰਦਾ। ਆਸ਼ਕ ਸਿੰਘ ਪੀਪੇ ਉੱਤੇ ਡੰਡਾ ਮਾਰਦਾ ਤੇ ਬੋਲਦਾ, "ਭਾਈ ਫਲਾਣੀ ਤਰੀਕ ਨੂੰ ਬਾਜ਼ੀ ਪੈਣੀ ਐਂ ਆਪਣੇ ਪਿੰਡ, ਹੁੰਮ-ਹੁੰਮਾ ਕੇ ਪਹੁੰਚਿਓ ਭਾਈ... ਸਭ ਮਾਈ-ਭਾਈ ਤੇ ਜੁਆਕ-ਜੱਲੇ... ਗੰਗੂ ਬਾਜ਼ੀਗਰ ਦਾ ਮਾਣ-ਤਾਣ ਕਰਿਓ ਭਾਈ ਆਕੇ ਸਾਰਾ ਪਿੰਡ...ਏਹਨਾਂ ਕਿਹੜਾ ਨਿੱਤ-ਨਿੱਤ ਆਉਣੈਂ।"

ਗੰਗੂ ਮਧਰੇ ਕੱਦ ਦਾ ਛਾਂਟਵਾਂ ਪਰ ਗੱਠੇ ਜੁੱਸੇ ਵਾਲਾ ਬਾਜ਼ੀਗਰ ਸੀ। ਜਦੋਂ ਮੈਂ ਉਸ ਨੂੰ ਵੇਖਿਆ, ਉਦੋਂ ਉਹ ਬਜ਼ੁਰਗੀ ਵੱਲ ਵਧ ਰਿਹਾ ਸੀ। ਸਾਡੇ ਪਿੰਡ ਉਹ ਅੱਜ ਕੱਲ੍ਹ ਦਾ ਨਹੀਂ, ਜੁਆਨੀ ਵੇਲੇ ਤੋਂ ਆ ਰਿਹਾ ਸੀ ਹਰੇਕ ਵਰ੍ਹੇ। ਆਪਣੇ ਪੁੱਤਾਂ, ਭਤੀਜਿਆਂ ਤੇ ਭਾਣਜਿਆਂ ਨੂੰ ਨਾਲ ਲੈ ਕੇ ਆਉਂਦਾ। ਹਰ ਸਾਲ ਉਹਦੇ ਨਵੇਂ ਪੱਠੇ ਬਣੇ ਹੁੰਦੇ ਜੋ ਬਾਜ਼ੀ ਪਾਉਣੀ ਸਿੱਖਦੇ ਉਹਦੇ ਨਾਲ ਆਉਂਦੇ। ਗੰਗੂ ਦੀ ਟੋਲੀ ਦੇ ਬਾਜ਼ੀਗਰ ਹੱਟੇ-ਕੱਟੇ, ਕਮਾਏ ਸਰੀਰਾਂ ਵਾਲੇ, ਕਾਲੇ ਰੰਗ ਦੇ, ਮੁਗਧਰਾਂ ਵਰਗੇ ਨਿੱਗਰ ਹੁੰਦੇ। ਉਸ ਸਮੇਂ ਦੇ ਦ੍ਰਿਸ਼ ਅਜੇ ਵੀ ਮੇਰੀਆਂ ਅੱਖਾਂ ਮੂਹਰੇ ਤੈਰਨ ਲਗਦੇ ਨੇ। ਪਿੰਡ ਦੇ ਲੋਕ ਬਾਜ਼ੀ ਪੈਣ ਮੌਕੇ ਗੰਗੂ ਬਾਜ਼ੀਗਰ ਦੀ ਟੋਲੀ ਦਾ ਦਿਲ ਖੋਲ੍ਹ ਕੇ ਮਾਣ-ਤਾਣ ਕਰਦੇ। ਉਸਨੂੰ ਕਦੇ-ਕਦੇ ਕੋਈ ਗਹਿਣਾ ਵੀ ਪਾ ਜਾਂਦਾ। ਰੁਪੱਈਆਂ ਨਾਲ ਕਣਕ, ਛੋਲੇ, ਜੌਂ, ਮੂੰਗੀ, ਕੰਬਲ, ਘਿਓ, ਖੇਸ ਤੇ ਘਰ ਦੀ ਸਰ੍ਹੋਂ ਦੇ ਤੇਲ ਦੀਆਂ ਪੀਪੀਆਂ ਦਿੰਦੇ। ਗੰਗੂ ਸ਼ੁਕਰਾਨੇ ਵਜੋਂ ਹੱਥ ਬੰਨ੍ਹੀ ਖੜ੍ਹਾ ਹੁੰਦਾ। ਜਿਹੜੇ ਘਰ ਨਿੱਕ-ਸੁੱਕ ਦੇਣੋ ਖੁੰਝ ਜਾਂਦੇ, ਗੰਗੂ ਉਚੇਚਾ ਉਨ੍ਹਾਂ ਦੇ ਘਰੀਂ ਫੇਰੀ ਪਾਉਂਦਾ। ਉਹ ਲਾਲਚੀ ਨਹੀਂ ਸੀ। ਉਹਨੂੰ ਸਾਰੇ ਘਰਾਂ ਬਾਬਤ ਪੂਰਾ ਪਤਾ ਸੀ ਕਿ ਕੌਣ-ਕੌਣ, ਕਿੰਨਾ-ਕਿੰਨਾ ਕੁ ਬਣਦਾ ਤਣਦਾ ਦੇ ਸਕਦਾ ਹੈ। ਜੋ ਕੋਈ ਜਿੰਨਾ ਵੀ ਦਿੰਦਾ, ਗੰਗੂ ਮੱਥੇ ਨੂੰ ਛੁਹਾ ਕੇ ਪ੍ਰਵਾਨ ਕਰਦਾ। ਮੈਂ ਉਹਦੀਆਂ ਤਿੰਨ ਕੁ ਬਾਜ਼ੀਆਂ ਹੀ ਵੇਖੀਆਂ। ਉਹਦੀ ਬਾਜ਼ੀ ਉਹਦੇ ਜੀਂਦੇ ਜੀਅ ਸਦਾ ਸਫ਼ਲ ਰਹੀ। ਜਦੋਂ ਉਹ ਚੜ੍ਹਾਈ ਕਰ ਗਿਆ, ਪੁੱਤ ਭਤੀਜੇ ਤੇ ਭਾਣਜੇ ਖਿੰਡ-ਪੁੰਡ ਗਏ ਤਾਂ ਬਾਜ਼ੀ ਵੀ ਮਰ ਮੁੱਕ ਗਈ। ਹੁਣ ਕਦੇ ਕਦਾਈਂ ਗੰਗੂ ਦੀ ਕੁੜੀ ਪਿੰਡ ਫੇਰੀ ਮਾਰਦੀ ਹੈ। ਕੁਝ ਲੋਕ ਥੋੜ੍ਹੇ ਬਹੁਤ ਪੈਸੇ-ਧੇਲੇ ਦੇ ਦਿੰਦੇ ਹਨ, ਉਹ ਵੀ ਜਿਹੜੇ ਪੁਰਾਣੇ ਸਮੇਂ ਤੋਂ ਗੰਗੂ ਨੂੰ ਜਾਣਦੇ ਸਨ। ਨਵੀਂ ਮੁੰਡੀਹਰ ਨੇ ਕੀ ਲੈਣਾ ਐਂ ਗੰਗੂ ਦੀ ਧੀ ਤੋਂ? ਸਮੇਂ ਦੇ ਰੰਗ ਹਨ ਭਾਈ, ਸਮੇਂ ਦੇ ਨਾਲ ਈ ਲੱਦ ਗਏ। ਪੂਰਾਂ ਦੇ ਪੂਰ ਤੁਰ ਗਏ ਤੇ ਤੁਰਦੇ ਜਾ ਰਹੇ ਨੇ। ਖੈਰ!

ਉਸ ਦਿਨ ਗੰਗੂ ਬੁੱਢਾ ਪੌੜੀ ਉਪਰ ਟੰਗੇ ਮੰਜਿਆਂ ਉੱਤੋਂ ਦੀ ਛਾਲ ਮਾਰਨੀ ਚਾਹ ਰਿਹਾ ਸੀ। ਸਾਰਾ ਪਿੰਡ ਵੇਖ ਰਿਹਾ ਸੀ ਕਿ ਵੇਖੋ ਬੁੱਢੜੇ ਤੋਂ ਛਾਲ ਵਜਦੀ ਵੀ ਹੈ ਜਾਂ ਨਹੀਂ। ਮੈਂ ਵੀ ਆਪਣੇ ਹਾਣੀਆਂ ਨਾਲ ਬੈਠਾ ਬੜਾ ਉਤਸੁਕ ਸਾਂ। ਗੰਗੂ ਨੇ ਛਾਲ ਲਗਾਈ, ਪਰ ਮੰਜੇ ਟੱਪ ਨਹੀਂ ਸਕਿਆ। ਉਹ ਮੰਜਿਆਂ ਨਾਲ ਹੀ ਲੁੜਕ ਗਿਆ ਤੇ ਲੋਕ ਹੱਸ ਪਏ। ਫਿਰ ਵੀ ਲੋਕ ਉਹਦਾ ਪੈਸੇ ਦੇ ਕੇ ਮਾਣ-ਤਾਣ ਕਰਨ ਲੱਗੇ। ਰੁਪੱਈਆ-ਰੁਪੱਈਆ ਜਾਂ ਦੋ ਰੁਪੱਈਏ ਉਦੋਂ ਦੇ ਵੇਲੇ ਵਾਹਵਾ ਹੁੰਦੇ ਸਨ। ਪੰਜਾਂ ਦਸਾਂ ਦਾ ਨੋਟ ਤਾਂ ਕੋਈ ਸਰਦਾ-ਪੁੱਜਦਾ ਵਿਰਲਾ ਸਰਦਾਰ ਜ਼ਿਮੀਂਦਾਰ ਹੀ ਦਿੰਦਾ ਸੀ। ਖ਼ੈਰ! ਗੰਗੂ ਦੇ ਭਤੀਜੇ ਨੇ ਮੁੰਡਿਆਂ ਨੂੰ ਦੱਸਿਆ ਕਿ ਚਾਚੇ ਨੇ ਇਹ ਖੇਡ ਲੋਕਾਂ ਨੂੰ ਹਸਾਉਣ ਲਈ ਹੀ ਖੇਡੀ ਹੈ। ਜਦੋਂ ਬਾਜ਼ੀ ਮੁੱਕੂਗੀ, ਉਦੋਂ ਚਾਚਾ ਸੂਲੀ ਦੀ ਛਾਲ ਲਾਊਗਾ, ਵੇਖਦੇ ਜਾਇਓ ਤੁਸੀਂ...ਚਾਚਾ ਕਿੱਥੇ ਟਲਦਾ ਐ!

ਸੂਲੀ ਦੀ ਛਾਲ ਸਭ ਤੋਂ ਖ਼ਤਰਨਾਕ ਹੁੰਦੀ ਹੈ। ਇਸੇ ਕਰਕੇ ਵਧੇਰੇ ਖਿੱਚ ਪਾਉਂਦੀ ਹੈ। ਬਹੁਤੀ ਵਾਰ ਪਿੰਡ ਦੇ ਲੋਕ ਸੂਲੀ ਦੀ ਛਾਲ ਲਾਉਣ ਵਾਲੇ ਬਾਜ਼ੀਗਰ ਨੂੰ ਉਹਦੀ ਜਾਨ ਦਾ ਵਾਸਤਾ ਪਾ ਕੇ ਵਰਜ ਵੀ ਦਿੰਦੇ ਸਨ। ਪਰ ਬਾਜ਼ੀਗਰ ਦਾ ਜੁਆਬ ਹੁੰਦਾ ਸੀ ਕਿ ਇਹ ਉਨ੍ਹਾਂ ਦਾ ਕਸਬ ਹੈ, ਕਿੱਤਾ-ਕਰਮ ਹੈ, ਉਨ੍ਹਾਂ ਦਾ ਵਿਰਸਾ ਹੈ ਤੇ ਵਾਹਿਗੁਰੂ ਦੀ ਕਿਰਪਾ ਹੈ, ਕੁਛ ਨਹੀਂ ਹੋਣ ਲੱਗਾ। ਤੁਸੀਂ 'ਕੇਰਾਂ ਛਾਲ ਸੂਲੀ ਦੀ ਛਾਲ ਲੱਗਦੀ ਵੇਖੋ। ਗੰਗੂ ਸੂਲੀ ਦੀ ਛਾਲ ਲਾਉਂਦਾ ਤਾਂ ਲੋਕ ਏਨਾ ਮਾਣ ਸਨਮਾਨ ਕਰਦੇ ਕਿ ਗੰਗੂ ਦੀਆਂ ਸਾਲ ਭਰ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ। ਬਾਜ਼ੀ ਵਾਲੀ ਰਾਤ ਪਿੰਡ 'ਚ ਬੱਕਰੇ-ਮੁਰਗੇ ਰਿਝਦੇ ਤੇ ਤੰਦੂਰ-ਤਵੀਆਂ ਤਪਦੇ। ਹਾਰਿਆਂ ਉਤੇ ਧਰੀਆਂ ਤੌੜੀਆਂ 'ਚ ਦਾਲਾਂ ਰਿਝਦੀਆਂ। ਦੁੱਧ ਦੇ ਭਰੇ ਡੋਲਣੇ ਬਾਜ਼ੀਗਰਾਂ ਕੋਲੋਂ ਸੰਭਾਲੇ ਨਾ ਜਾਂਦੇ। ਖਾਣ-ਪੀਣ ਵਾਲੇ ਬਾਜ਼ੀਗਰਾਂ ਦੀ ਖ਼ੂਬ ਟਹਿਲ ਸੇਵਾ ਹੁੰਦੀ। ਕਈ ਬਾਜ਼ੀਗਰ ਖਾਣ ਪੀਣ ਤੋਂ ਸੰਗਦੇ ਕਿ ਪਿੰਡ ਦੇ ਲੋਕ ਉਨ੍ਹਾਂ ਨੂੰ ਨਸ਼ੇੜੀ ਨਾ ਕਹਿਣ ਤੇ ਫਿਰ ਕਿਤੇ ਦਾਨ-ਦਕਸ਼ਣਾ ਹੀ ਨਾ ਦੇ ਦੇਣ! ਸਾਲ ਮਗਰੋਂ ਆਉਣ ਵਾਲਾ ਇਹ ਦਿਨ ਪਿੰਡ ਦੇ ਲੋਕਾਂ ਲਈ ਖ਼ੂਬ ਮਨੋਰੰਜਨ ਵਾਲਾ ਦਿਨ ਹੁੰਦਾ ਸੀ ਤੇ ਇਸ ਦਿਨ ਦੀ ਉਚੇਚੀ ਉਡੀਕ ਹੁੰਦੀ ਸੀ।

ਪਿੰਡ ਦੇ ਵਡੇਰੀ ਉਮਰ ਦੇ ਸਿਆਣੇ ਦਸਦੇ ਨੇ ਕਿ ਗੰਗੂ ਨੇ ਬਾਜ਼ੀ ਤੋਂ ਸੰਨਿਆਸ ਵੀ ਸਾਡੇ ਪਿੰਡੋਂ ਹੀ ਲਿਆ ਸੀ ਤੇ ਆਖ਼ਰੀ ਵਾਰੀ ਬੁਢੇਪੇ 'ਚ ਸੂਲੀ ਦੀ ਛਾਲ ਵੀ ਏਥੇ ਹੀ ਲਾਈ ਸੀ। ਉਹਨੂੰ ਪਿੰਡ ਦੇ ਮੁਹਤਬਰਾਂ ਨੇ ਸੂਲੀ ਦੀ ਛਾਲ ਲਾਉਣੋਂ ਵਰਜਿਆ ਸੀ ਤੇ ਖ਼ਤਰਾ ਸਹੇੜਨ ਤੋਂ ਹਟਣ ਲਈ ਆਖਿਆ ਸੀ। ਗੰਗੂ ਦੀਆਂ ਅੱਖਾਂ ਭਰ ਆਈਆਂ ਸਨ, "ਨਾ ਜੀ ਨਾ... ਵੇਖੀ ਜਾਊ

(ਬਾਕੀ ਅਗਲੇ ਸਫੇ 'ਤੇ)

# ਪੱਛਮੀ ਉਦਾਰਵਾਦ, ਸਨਾਤਨ ਧਰਮ ਤੇ ਗੁਰਮਤਿ

ਨੌਂ ਅਗਸਤ ਦੀ ਰੋਜ਼ਾਨਾ ਪੰਜਾਬੀ 'ਅਜੀਤ' ਅਖਬਾਰ ਵਿਚ ਅਭੈ ਕੁਮਾਰ ਦੂਬੇ ਦੀ ਇਕ ਲਿਖਤ ਛਪੀ ਹੈ, 'ਪੱਛਮੀ ਉਦਾਰਵਾਦ ਦੇ ਆਧਾਰ ਉਤੇ ਸਨਾਤਨ ਧਰਮ ਨੂੰ ਉਦਾਰ ਬਣਾਉਣਾ ਸੰਭਵ ਨਹੀਂ। ...ਜੇਕਰ ਸਨਾਤਨ ਧਰਮ ਨੇ ਆਪਣੀਆਂ ਵਿਸ਼ੇਸ਼ਤਾਵਾਂ ਕਾਇਮ ਰੱਖਣੀਆਂ ਹਨ ਤਾਂ ਉਸ ਦੀ ਪ੍ਰੇਰਨਾ ਉਸ ਨੂੰ ਪੱਛਮ ਦੇ ਉਦਾਰਵਾਦ ਤੋਂ ਨਹੀਂ ਮਿਲ ਸਕਦੀ। ਉਸ ਨੂੰ ਆਪਣੇ ਅੰਦਰ ਝਾਤ ਮਾਰਨੀ ਹੋਵੇਗੀ ਤੇ ਆਪਣੀ ਸੁਭਾਵਿਕ ਤੇ ਸਹਿਜ ਬਹੁ-ਧਾਰਮਿਕਤਾ ਨਾਲ ਸਹਿਣਸ਼ੀਲਤਾ ਦੇ ਵਿਚਾਰ ਨੂੰ ਮਜ਼ਬੂਤ ਬਣਾਉਣਾ ਪਵੇਗਾ।'



ਗੁਰਬਚਨ ਸਿੰਘ
ਫੋਨ: +91-98156-98451

ਦੂਬੇ ਨੇ 6 ਅਗਸਤ ਦੀ 'ਟਾਈਮਜ਼ ਆਫ ਇੰਡੀਆ' ਵਿਚ ਅਸ਼ਵਿਨ ਸੰਘੀ ਦੀ ਛਪੀ ਇਕ ਲਿਖਤ ਦਾ ਹਵਾਲਾ ਵੀ ਦਿੱਤਾ ਹੈ। ਸੰਘੀ ਨੇ ਉਸ ਲਿਖਤ ਵਿਚ ਮੋਦੀਕਿਆਂ ਵਲੋਂ ਫੈਲਾਏ ਜਾ ਰਹੇ ਹਿੰਦੂਤਵੀ ਕੱਟੜਵਾਦ ਬਾਰੇ ਚਿੰਤਾ ਪ੍ਰਗਟ ਕਰਦਿਆਂ ਸੁਆਲ ਕੀਤਾ ਹੈ ਕਿ ''ਬਹੁਤੇ ਹਿੰਦੂ ਉਦਾਰਵਾਦ ਨੂੰ ਛਡਦੇ ਕਿਉਂ ਜਾ ਰਹੇ ਹਨ?'' ਸੰਘੀ ਦੇ ਕਥਨ ਅਨੁਸਾਰ, ''ਆਪਣੇ ਤੋਂ ਵੱਖਰੇ ਵਿਚਾਰਾਂ ਦਾ ਸਤਿਕਾਰ ਕਰਨਾ ਤੇ ਉਨ੍ਹਾਂ ਨੂੰ ਮਾਨਤਾ ਦੇਣੀ'' ਹੀ ਉਦਾਰਵਾਦ ਹੈ ਅਤੇ ''ਸਨਾਤਨ ਧਰਮ ਨੂੰ ਹੋਰ ਕੱਟੜ ਬਣਾ ਕੇ ਨਹੀਂ ਸਗੋਂ ਕੱਟੜ ਵਿਚਾਰਾਂ ਨੂੰ ਹੋਰ ਉਦਾਰ ਬਣਾ ਕੇ ਹੀ ਸਮੱਸਿਆ ਦਾ ਹੱਲ ਕੀਤਾ ਜਾ ਸਕਦਾ ਹੈ।'

ਬਦਕਿਸਮਤੀ ਨਾਲ ਸਾਡੇ ਸਾਰੇ ਬੁੱਧੀਜੀਵੀ ਪੱਛਮੀ ਉਦਾਰਵਾਦ ਦੀ ਸਨਾਤਨ ਧਰਮ ਨਾਲ ਤੁਲਨਾ ਕਰਨ ਲੱਗਿਆਂ ਗੁਰੂ ਨਾਨਕ ਸਾਹਿਬ (ਗੁਰਮਤਿ) ਵਲੋਂ ਇਸ ਸਮੱਸਿਆ ਦੇ ਹੱਲ ਲਈ ਦਿੱਤੀ ਗਈ ਮਹਾਨ ਦੇਣ ਨੂੰ ਅਸਲੋਂ ਹੀ ਅਣਗੌਲਿਆ ਕਰ ਦੇਂਦੇ ਹਨ।

ਮਿਹਰਬਾਨ ਵਾਲੀ ਜਨਮਸਾਖੀ ਵਿਚ ਦਰਜ ਹੈ : 'ਤਬ ਏਕ ਦਿਨਿ ਗੁਰੂ ਬਾਬਾ ਨਾਨਕ ਜੀ ਪੰਜਾਬ ਕੀ ਧਰਤੀ ਨਗਰਿ ਕਰਤਾਰ ਪੁਰਿ ਬੈਠਾ ਥਾ। ਤਬ ਬਾਬੇ ਨਾਨਕ ਜੀ ਕਉ ਮਾਤਾ ਜੀ ਅਰੁ ਪਿਤਾ ਕਹਿਆ ਜਿ, ''ਬੇਟਾ ਏਹ ਤੂ ਜਿ ਹੋਰਤ ਕਿਤੇ ਸੁਤਿ ਪਰਮੇਸੁਰ ਕਉ ਅਰਾਧਤਾ ਹੈ, ਜਿ ਏਹ ਗਲ ਕਿਛੁ ਨਾਹੀ। ਤੂ ਤਿਉ ਪਰਮੇਸੁਰ ਕਉ ਅਰਾਧਿ, ਜਿਉ ਏਹ ਬੈਸਨਉ ਅਰਾਧਦੇ ਹੈਨਿ। ਏਹ ਮਹਾ ਕਠਨ ਜੁਗਤਿ ਰਹਦੇ ਹੈਨਿ ਅਰ ਨੇਮ ਬਰਤ ਮਹਾ ਸੰਜਮ ਵਿਚਿ ਰਹਦੇ ਹੈਨਿ। ਏਹ ਭਲੇ ਧਰਮ ਦੇ ਮਾਰਗ ਵਿਚਿ ਰਹਦੇ ਹੈਨਿ। ਕੁੰਗੂ ਦੀਆ ਅਰੁ ਅਗਰ ਚੰਦਨ ਕੀਆ ਬਾਸਨਾ ਮਹਿ ਰਹਤੇ ਹੈਨਿ ਅਰ ਤੀਰਥ ਕਰਤੇ ਹੈਨਿ। ਏਹਿ ਆਪੁਨੇ ਘਰ ਕੀ ਭੀ ਕਿਰਤਿ ਕਰਤੇ ਹੈਂ। ਦੇਖਾ ਓਇ ਕਿਛੁ ਘਟਿ ਗਏ ਹੈਨਿ? ਜਿ ਏਤੁ ਮਤਿ ਕਰਿ ਕਰਿ ਅਰਾਧਤੇ ਹੈਨਿ। ਬੇਟਾ ਤੂ ਏਹ ਮਤਿ ਛਡਿ। ਨਾ ਤੂ ਟਿਕਾ ਕਰਹ ਨਾ ਧੋਤੀ ਨਾ ਚਉਕਾ। ਬੇਟਾ ਨਾ ਏਹੁ ਬੈਸਨੋ ਕਾ ਮਾਰਗ। ਨ ਸੰਸਾਰੀਆ ਕਾ ਮਾਰਗ। ਨਾ ਅਉਧੂਤਾਂ ਕਾ ਮਾਰਗ। ਨਾ ਜੋਗੀਆ ਕਾ ਮਾਰਗ। ਨਾ ਸੰਨਿਆਸੀਆ ਕਾ ਏਹੁ ਮਾਰਗ। ਬੇਟਾ ਕਿਛੁ ਓਨਾ ਦੀ ਮਤਿ ਬੁਰੀ ਹੈ? ਜਿ ਏਉ ਅਰਾਧਤੇ ਹੈਂ। ਏਹ ਜੁ ਤੁਸਾਡੀ ਮਤਿ ਹੈ, ਸੁ ਕਿਆ ਹੈ? ਜਿ ਤੁਸੀਂ ਸਮਝਦੇ ਹਹੁ ਸਾ ਅਸਾਨੋ ਭੀ ਦਿਖਾਇ ਸਮਝਾਇ ਦੇਹਿ, ਜਿ ਮਤਿ ਤੁਸੀਂ ਸਮਝੀ ਹੈ।'

ਤਬ ਗੁਰੂ ਬਾਬਾ ਨਾਨਕੁ ਤਿਤੁ ਪ੍ਰਸਥਾਇ ਬਾਨੀ ਬੋਲਿ ਉਠਿਆ :

ਕੁੰਗੂ ਕੀ ਕਾਂਇਆ ਰਤਨਾ ਕੀ ਲਲਿਤਾ ਅਗਰਿ ਵਾਸੁ ਤਨਿ ਸਾਸੁ ॥

ਅਠਸਠਿ ਤੀਰਥ ਕਾ ਮੁਖਿ ਟਿਕਾ ਤਿਤੁ ਘਟਿ ਮਤਿ ਵਿਗਾਸੁ ॥

ਓਤੁ ਮਤੀ ਸਾਲਾਹਣਾ ਸਚੁ ਨਾਮੁ ਗੁਣਤਾਸੁ ॥ ੧॥

ਬਾਬਾ ਹੋਰ ਮਤਿ ਹੋਰ ਹੋਰ ॥

ਜੇ ਸਉ ਵੇਰ ਕਮਾਈਐ ਕੂੜੈ ਕੂੜਾ ਜੋਰੁ॥ ੧॥ ਰਹਾਉ ॥ (ਪੰਨਾ ੧੬)

ਅਰਥਾਤ (ਪਿਤਾ ਜੀ) ਸਾਡਾ ਆਪਣਾ ਇਹ ਸਰੀਰ ਕੇਸਰ ਦੀ ਨਿਆਈਂ ਹੈ। ਸਰੀਰ ਵਿਚਲੀ ਸਾਡੀ ਆਪਣੀ ਜ਼ਬਾਨ ਹੀਰੇ ਦੀ ਨਿਆਈਂ ਹੈ। ਸਾਡੇ ਇਸ ਸਰੀਰ ਵਿਚੋਂ ਸਾਹ ਦਾ ਚੱਲਣਾ ਅਗਰ ਦੀਆਂ ਸੁਗੰਧੀਆਂ ਬਿਖੇਰਣ ਵਾਂਗ ਹੈ। ਅਠਾਹਠ ਤੀਰਥਾਂ ਦੀ ਯਾਤਰਾ ਟਿੱਕੇ ਵਾਂਗ ਸਾਡੇ ਚਿਹਰੇ ਉਤੇ ਭਾਹ ਮਾਰ ਰਹੀ ਹੈ। ਸਾਡੇ ਸਿਰ ਦੇ ਅੰਦਰ ਮਤਿ ਭਾਵ ਸਿਆਣਪ ਖਿੜ ਰਹੀ ਹੈ। ਇਸ ਸਿਆਣਪ ਨਾਲ ਗੁਣਾਂ ਦੇ ਖਜ਼ਾਨੇ ਸਿਰਜਣਹਾਰ ਦੇ ਗੁਣ ਗਾਉਣੇ ਹੀ ਰੱਬ ਦਾ ਧਿਆਨ ਧਰਨਾ ਹੈ। ਬਾਬਾ! ਭਾਵ ਹੇ ਸਿਆਣੇ ਦਾਨੇ ਮਨੁੱਖ! ਇਸ ਤੋਂ ਬਿਨਾਂ ਹੋਰ ਸਾਰੇ ਮਤਿ ਝੂਠੇ ਹਨ। ਝੂਠ ਨੂੰ ਭਾਵੇਂ ਸੌ ਵੇਰ ਧਿਆਈ ਜਾਈਏ ਪਰ ਉਸ ਨੇ ਝੂਠ ਹੀ ਰਹਿਣਾ ਹੈ। ਝੂਠ ਨੂੰ ਸੌ ਵੇਰ ਧਿਆਉਣ ਨਾਲ ਉਸ ਨੇ ਸਚ ਨਹੀਂ ਬਣ ਜਾਣਾ।

ਗੁਰੂ ਨਾਨਕ ਸਾਹਿਬ ਨੇ ਸਨਾਤਨੀ ਮਤਿ ਨਾਲ ਇਸ ਸੱਚ ਦੇ ਆਧਾਰ ਉਤੇ ਨਿਖੇੜਾ ਕੀਤਾ ਹੈ ਕਿ ਬੰਦੇ ਨੂੰ ਮਿਲਿਆ ਉਸ ਦਾ ਸਰੀਰ ਹੀ ਉਸ ਸਿਰਜਣਹਾਰ (ਰੱਬ) ਦੀ ਹੋਈ ਮਿਹਰ ਹੈ। ਇਸ ਸਰੀਰ ਨੂੰ ਸੰਭਾਲਣਾ ਤੇ ਤੰਦਰੁਸਤ ਰੱਖਣਾ ਹੀ ਮਨੁੱਖ ਦੀ ਹੋਣੀ ਹੈ। 'ਰੱਬ' ਅਤੇ ਧਰਮ ਦੇ ਨਾਂ ਉਤੇ ਕੀਤੇ ਜਾ ਰਹੇ ਬਾਕੀ ਦੇ ਸਾਰੇ ਆਡੰਬਰ ਤੇ ਕਰਮਕਾਂਡ ਕੂੜ ਭਾਵ ਝੂਠੇ ਅਤੇ ਫਜ਼ੂਲ ਹਨ।

ਤਿਨਿ ਕਰਤੈ ਇਕੁ ਖੇਲੁ ਰਚਾਇਆ॥ ਕਾਇਆ ਸਰੀਰੈ ਵਿਚਿ ਸਭੁ ਕਿਛੁ ਪਾਇਆ॥ (ਪੰਨਾ 117)

ਗੁਰਮੁਖਿ ਹੋਵੈ ਸੁ ਕਾਇਆ ਖੋਜੈ ਹੋਰ ਸਭ ਭਰਮਿ ਭੁਲਾਈ॥ (ਪੰਨਾ 754)

ਕਰਤਾ ਭਾਵ ਸਿਰਜਣਹਾਰ (ਨਾਨਕ ਸਚੁ ਦਾਤਾਰੁ ਸਿਨਾਖਤੁ ਕੁਦਰਤੀ॥ (ਪੰਨਾ 141)) ਨੇ ਇਕ ਐਸੀ ਖੇਡ ਰਚੀ ਹੈ ਕਿ ਕਾਇਆ-ਸਰੀਰ ਅੰਦਰ ਹੀ ਸਭ ਕੁਝ ਪਾ ਦਿੱਤਾ ਹੈ। ਜਿਹੜਾ ਮਨੁੱਖ ਆਪਣੀ ਚੇਤਨਾ ਦਾ ਮੂੰਹ ਗੁਰੂ ਵਲ ਕਰ ਕੇ ਭਾਵ ਗੁਰੂ ਦੀ ਆਖੀ ਮੰਨ ਕੇ ਆਪਣੀ ਕਾਇਆ ਨੂੰ ਖੋਜਣ ਦਾ ਯਤਨ ਕਰਦਾ ਹੈ, ਉਹ ਖੁਦ ਦਾ ਭੇਦ ਪਾ ਲੈਂਦਾ ਹੈ। ਬਾਕੀ ਹੋਰ ਸਾਰਾ ਕੁਝ ਇਕ ਭਰਮਜਾਲ ਹੈ। ਖੁਦ ਦਾ ਭੇਦ ਪਾਉਣ ਦਾ ਮਤਲਬ ਆਪਣੇ ਮਨ ਨੂੰ ਜਾਗਰਿਤ ਕਰਨਾ ਹੈ। ਜਾਗਰਿਤ ਮਨ ਹੀ ਆਪਣੇ ਸਰੀਰ ਦੀਆਂ ਲੋੜਾਂ ਦੀ ਸੁਚੇਤ ਪਛਾਣ ਕਰ ਸਕਦਾ ਹੈ। ਸਿਰਫ ਇਉਂ ਕਰ ਕੇ ਹੀ ਹਉਮੈ (ਆਪਣੀ ਝੂਠੀ ਪਛਾਣ) ਤੇ ਤ੍ਰਿਸਨਾ (ਕਲਪਿਤ ਲੋੜਾਂ) ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਦਇਆ ਅਤੇ ਸੰਤੋਖ ਦਾ ਧਰਮ ਨਿਭਾਇਆ ਜਾ ਸਕਦਾ ਹੈ।

ਕਾਇਆ ਨਗਰੀ ਇਹੁ ਮਨੁ ਰਾਜਾ ਪੰਚ ਵਸਹਿ ਵੀਚਾਰੀ॥ (ਪੰਨਾ 907)

ਤਨੁ ਕਰਿ ਮਟੁਕੀ ਮਨ ਮਾਹਿ ਬਿਲੋਈ॥ ਇਸੁ ਮਟੁਕੀ ਮਹਿ ਸਬਦੁ ਸੰਜੋਈ॥ (ਪੰਨਾ 478)

ਗੁਰ ਬਿਨੁ ਕਿਨਿ ਸਮਝਾਈਐ ਮਨੁ ਰਾਜਾ ਸੁਲਤਾਨੁ॥ (ਪੰਨਾ 61)

ਮਨੁੱਖ ਦਾ ਆਪਣਾ ਸਰੀਰੀ ਮਨ ਹੀ ਸਰੀਰ ਦਾ ਰਾਜਾ ਹੈ। ਸਰੀਰ ਦਾ ਸੁਲਤਾਨ ਹੈ। ਤਨ ਨੂੰ ਮਟਕੀ ਬਣਾ ਕੇ ਇਸ ਵਿਚ ਮਨ ਦੀ ਮਧਾਣੀ ਪਾਈ ਹੋਈ ਹੈ, ਜਿਸ ਨੂੰ ਸਬਦ ਦੀ ਜਾਗ ਲਗੀ ਹੋਈ ਹੈ। ਸਰੀਰ ਉਤੇ ਮਨੁੱਖੀ ਮਨ ਦਾ ਹੀ ਹੁਕਮ ਚੱਲਦਾ ਹੈ। ਮਨੁੱਖੀ ਮਨ ਜਿਵੇਂ ਚਾਹੁੰਦਾ ਹੈ ਸਰੀਰ ਨੂੰ ਚਲਾਉਂਦਾ ਹੈ। ਯਕੀਨਨ ਇਸ ਦਾ ਗਿਆਨ ਸਿਰਫ ਗੁਰੂ ਕੋਲੋਂ ਹੀ ਮਿਲਦਾ ਹੈ।

ਸਾਰਾ ਆਤਮਿਕ ਗਿਆਨ (ਫਿਲਾਸਫੀ) ਮਨੁੱਖ ਦੇ ਆਪਣੇ ਸਰੀਰੀ ਮਨ ਰਾਹੀਂ ਹੀ ਵਿਹਾਰ ਵਿਚ ਢਲਦਾ ਹੈ। ਆਤਮਿਕ ਗਿਆਨ ਤੇ ਮਨੁੱਖੀ ਮਨ ਦਾ ਹੋਇਆ ਇਹ ਆਪਸੀ ਅਨੁਭਵੀ ਸੁਮੇਲ ਹੀ ਮਨੁੱਖ ਨੂੰ ਕ੍ਰਿਸ਼ਮੇ ਕਰਨ ਦੇ ਯੋਗ ਬਣਾਉਂਦਾ ਹੈ। ਆਪਣੇ ਤੋਂ ਪਹਿਲੇ ਪ੍ਰਗਟ ਹੋਏ ਆਤਮਿਕ ਗਿਆਨ ਤੇ ਮਨੁੱਖ ਦੇ ਆਪਣੇ ਸਰੀਰੀ ਮਨ ਦੀ ਇਹ ਸਾਂਝ ਹੀ ਇਕ ਅਜਿਹੀ ਕਰਾਮਾਤੀ ਸ਼ਕਤੀ ਹੈ, ਜਿਸ ਨੇ ਮਨੁੱਖੀ ਇਤਿਹਾਸ ਵਿਚਲੇ ਮਹਾਨ ਅਤੇ ਅਹਿਮ ਮੋੜਾਂ ਨੂੰ ਜਨਮ ਦਿੱਤਾ ਹੈ। ਮਨੁੱਖੀ ਸਮਾਜ ਨੂੰ ਬਦਲਣ ਵਿਚ ਅਹਿਮ ਰੋਲ ਨਿਭਾਉਣ ਵਾਲੇ ਸਾਰੇ ਧਾਰਮਿਕ ਪੈਗੰਬਰ ਅਤੇ ਮਹਾਨ ਹਸਤੀਆਂ ਇਸੇ ਕਰਾਮਾਤੀ ਸ਼ਕਤੀ ਦੀ ਉਪਜ ਹਨ।

ਮਨੁ ਜੋਗੀ ਮਨੁ ਭੋਗੀਆ ਮਨੁ ਮੂਰਖੁ ਗਾਵਾਰੁ॥

ਮਨੁ ਦਾਤਾ ਮਨੁ ਮੰਗਤਾ ਮਨ ਸਿਰਿ ਗੁਰੁ ਕਰਤਾਰੁ॥ (ਪੰਨਾ 1330)

ਭਾਵ ਮਨ ਹੀ ਕਿਸੇ ਮਨੁੱਖ ਨੂੰ ਜੋਗੀ ਜਾਂ ਭੋਗੀ ਹੋਣ ਦਾ ਅਹਿਸਾਸ ਕਰਵਾਉਂਦਾ ਹੈ। ਮਨ ਹੀ ਕਿਸੇ ਮਨੁੱਖ ਕੋਲੋਂ ਮੂਰਖਾਂ ਤੇ ਮਹਾਂਮੂਰਖਾਂ ਵਾਲੀਆਂ ਹਰਕਤਾਂ ਕਰਵਾਉਂਦਾ ਹੈ। ਮਨ ਹੀ ਉਹ ਸ਼ਕਤੀ ਹੈ, ਜਿਹੜੀ ਕਿਸੇ ਮਨੁੱਖ ਨੂੰ ਦਾਤਾ ਭਾਵ ਕੋਲੋਂ ਕੁਝ ਦੇਣ ਵਾਲਾ ਸੰਤੋਖੀ ਤੇ ਕਿਸੇ ਨੂੰ ਮੰਗਤਾ ਭਾਵ ਹਰ ਵੇਲੇ ਮੰਗਣ ਵਾਲਾ ਤਥਾ ਲੋਭੀ ਤੇ ਕਮੀਨਾ ਬਣਾਉਂਦੀ ਹੈ। ਮਨੁੱਖ ਦਾ ਆਪਣਾ ਸਰੀਰੀ ਮਨ ਹੀ ਸ਼੍ਰੋਮਣੀ ਗੁਰੂ ਅਤੇ ਕਰਤਾਰੀ ਸ਼ਕਤੀ ਹੈ।

ਮਨ ਸਾਧੇ ਸਿਧਿ ਹੋਇ॥ (ਪੰਨਾ 342)
ਮਨਿ ਜੀਤੈ ਜਗੁ ਜੀਤੁ॥ (ਪੰਨਾ 6)

ਆਪਣੇ ਮਨ ਨੂੰ ਸਾਧਣ (ਭਾਵ ਸਵੈ-ਕਾਬੂ ਵਿਚ ਕਰਨ) ਵਾਲਾ ਮਨੁੱਖ ਹੀ ਸਿੱਧ ਹੈ। ਆਪਣੇ ਮਨ ਨੂੰ ਜਿੱਤਣ ਭਾਵ ਸਵੈ-ਜ਼ਬਤ ਵਿਚ ਰੱਖਣ ਵਾਲਾ ਮਨੁੱਖ ਹੀ ਸਾਰੇ ਸੰਸਾਰ ਨੂੰ ਜਿੱਤਣ ਦਾ ਅਹਿਸਾਸ ਕਰ ਸਕਦਾ ਹੈ। ਅਜਿਹਾ ਮਨੁੱਖ ਹੀ ਆਪਣੀਆਂ ਸਰੀਰੀ ਇੰਦ੍ਰੀਆਂ ਦਾ ਮਾਲਕ ਬਣ ਕੇ ਅਤੇ ਆਪਣੇ ਇੰਦ੍ਰਿਆਵੀ ਜਜ਼ਬਿਆਂ ਨੂੰ ਵਿਕਸਿਤ ਕਰ ਕੇ ਆਪਣੀ ਜ਼ਿੰਦਗੀ ਦਾ ਭਰਪੂਰ ਅਨੰਦ ਮਾਣ ਸਕਦਾ ਹੈ।

ਗੁਰੂ ਨਾਨਕ ਸਾਹਿਬ ਦੇ ਆਗਮਨ ਤੋਂ ਬਾਅਦ ਸਰਬ-ਵਿਆਪੀ ਪ੍ਰਗਟ ਹੋਇਆ ਸੱਚ ਇਹ ਹੈ ਕਿ ਮਨੁੱਖ ਦਾ ਸਰੀਰ ਹੀ ਉਸ ਦੀ ਰਾਸ ਪੂੰਜੀ ਹੈ। ਇਸ ਸਰੀਰ ਵਿਚ ਸੁਭਾਇਮਾਨ ਮਨੁੱਖ ਦਾ ਆਪਣਾ ਮਨ ਸਰੀਰ ਦਾ ਰਾਜਾ ਭਾਵ ਉਸ ਨੂੰ ਹਰਕਤਸ਼ੀਲ ਰੱਖਣ ਵਾਲਾ ਹੈ। ਇਸ ਮਨ ਨੂੰ ਸਵੈਜ਼ਬਤ ਵਿਚ ਰੱਖਣ ਲਈ ਮਨੁੱਖ ਦੀ ਚੇਤਨਾ ਜੇ ਆਪਣੀ ਲਿਵ ਗੁਰੂ ਵਲੋਂ ਪ੍ਰਗਟ ਕੀਤੇ ਗਿਆਨ ਨਾਲ ਜੋੜ ਲਵੇ ਤਾਂ ਉਹ ਸਹਿਜ ਸੁਖੀ ਜ਼ਿੰਦਗੀ ਬਤੀਤ ਕਰ ਸਕਦਾ ਹੈ। ਬਾਕੀ ਦਾ ਸਾਰਾ ਧਾਰਮਿਕ ਆਡੰਬਰ ਤੇ ਕਰਮਕਾਂਡ ਫਜ਼ੂਲ ਹੈ। ਮਨੁੱਖ ਦਾ ਆਪਣਾ ਚੇਤੰਨ ਮਨ ਹੀ ਹਉਮੈ ਰਾਹੀਂ ਬਣੀ ਆਪਣੀ ਝੂਠੀ ਪਛਾਣ ਤੇ ਬੇਲੋੜੀਆਂ ਇਛਾਵਾਂ (ਤ੍ਰਿਸਨਾ) ਤੋਂ ਛੁਟਕਾਰਾ ਪਾ ਕੇ ਸਹਿਜ ਜ਼ਿੰਦਗੀ ਜੀਅ ਸਕਦਾ ਹੈ।

(ਅੰਗਦ ਜੀ ਨੂੰ ਉਪਦੇਸ਼) ਏਕ ਦਿਨਿ ਗੁਰੂ ਬਾਬਾ ਨਾਨਕੁ ਜੀ ਬੈਠਾ ਥਾ। ਅਰੁ ਅੰਗਦ ਬੇਨਤੀ ਕਰੀ ਜੀ,

''ਜਿ ਮਿਹਰਵਾਨ ਇਕ ਬੇਨਤੀ ਹੈ ਜੇ ਤੁਧ ਭਾਵੈ।''

ਤਬ ਗੁਰੂ ਬਾਬੇ ਨਾਨਕ ਜੀ ਕਹਿਆਂ, ''ਆਖੁ ਪੁਰਖਾ ਅੰਗਦਾ ਜਿ ਕਿਛੁ ਤੇਰੇ ਜੀ ਹੈ ਸੁ ਤੂ ਅਰਦਾਸ ਕਰਿ।''

ਤਬ ਗੁਰੂ ਅੰਗਦ ਕਹਿਆ ਜਿ ''ਜੀ ਪਾਤਿਸਾਹ ਮੇਰੀ ਏਹ ਅਰਦਾਸ ਹੈ ਜਿ ਸੰਸਾਰੁ ਕੋਈ ਤੀਰਥੀ ਗੈਆ। ਕਿਨੈ ਵੇਦ ਕੀ ਵਿਦਿਆ ਪੜ੍ਹੀ। ਕਿਨੈ ਸੰਨਿਆਸੁ ਮਾਰਗੁ ਕਮਾਇ। ਕੋਈ ਜਤੀ ਹੋਇ ਕਰਿ ਜੋਗੁ ਲਾਗਾ ਕਮਾਵਣ। ਕਿਨੈ ਦੇਹ ਸਾਧੀ ਨਗਨੁ ਹੋਇ ਕਰਿ ਦਿਗੰਬਰ ਦੇ ਰੂਪਿ ਹੋ ਫਿਰਿਆ। ਦਿਖਾ ਜੀ ਪਾਤਸ਼ਾਹ! ਅਸਾਡੀ ਕਵਨ ਗਤਿ। ਅਸਾਂ ਤਾਂ ਇਨਾਂ ਗਲਾਂ ਵਿਚਹੁ ਕਾਈ ਗਲ ਨਾ ਹੋਇ ਆਈਆ ਜੀ। ਅਸੀ ਕਿਛੁ ਨਾਹੀ ਜਾਣਦੇ ਜਿ ਪਰਮੇਸੁਰ ਕਿਨੀ ਗੁਣੀ ਪਾਈਦਾ ਹੈ। ਪਰਮੇਸੁਰ ਨੂੰ ਕਵਣ ਸੇਵਾ ਭਾਵਦੀ ਹੈ। ਅਤੇ ਕਿਤੁ ਸੰਜਮਿ ਪਰਮੇਸੁਰ ਖੁਸੀ ਹੁੰਦਾ ਹੈ ਜੀ। ਜਿਤੁ ਕਿਤੇ ਗਲ ਪਰਮੇਸੁਰ ਸੁ ਪ੍ਰਸੰਨੁ ਹੋਦਾ ਹੈ ਜੀ। ਅਸਾ ਨੋ ਮਿਹਰ ਕਰਿ ਕਰਿ ਓਹ ਗਲ ਸਮਝਾਈਐ ਜੀ। ਜਿਤੁ ਕਰਿ ਕਰਿ ਅਸਾਡੇ ਜੀ ਦੀ ਗਤਿ ਹੋਇ ਜੀ। ਇਸੁ ਜੀਅ ਨੂ ਜਮੁ ਪੋਹਿ ਨਾ ਸਕੈ ਜੀ। ਜਮ ਕੀ ਸਾਸਨਾ ਤੇ ਜਿਤੁ ਏਹੁ ਜੀਉ ਉਬਰੈ ਸਾ ਵਿਧਿ ਸਮਝਾਈਐ।'

ਤਬ ਗੁਰੂ ਬਾਬੇ ਨਾਨਕ ਜੀ ਕਹਿਆ ਜਿ, 'ਪੁਰਖਾ ਅੰਗਦਾ ਨਾ ਪਰਮੇਸੁਰ ਖੁਸੀ ਹੋਦਾ ਹੈ ਵੇਦ ਕੀ ਵਿਦਿਆ ਪੜਿਆਂ ਅਰੁ ਬੀਚਾਰਿਆਂ। ਅਤੈ ਨਾ ਪਰਮੇਸੁਰ ਖੁਸੀ ਹੋਦਾ ਹੈ ਸੰਨਿਆਸ ਰੂਪ ਕੀਤੇ। ਨਾ ਪਰਮੇਸੁਰ ਖੁਸੀ ਹੋਦਾ ਹੈ ਤੀਰਥੁ ਵਾਸੁ ਕੀਤਿਆਂ। ਨਾ ਪਰਮੇਸਰੁ ਖੁਸੀ ਹੋਦਾ ਹੈ ਜਤਿ ਜੋਗ ਕਮਾਇਐ। ਨਾ ਪਰਮੇਸੁਰ ਖੁਸੀ ਹੋਦਾ ਹੈ ਦਿਗੰਬਰ ਰੂਪ ਫਿਰਿਆਂ।'

ਤਬ ਗੁਰੂ ਅੰਗਦ ਕਹਿਆ ਜਿ 'ਗਰੀਬ ਨਿਵਾਜ! ਮਿਹਰਵਾਨੁ ਹੋਇ ਕੈ ਕਹੀਐ ਜਿਤੁ ਗਲੈ ਪਰਮੇਸੁਰ ਖੁਸੀ ਹੋਦਾ ਹੈ।'

ਤਬ ਗੁਰੂ ਬਾਬਾ ਨਾਨਕ ਜੀ ਆਸਾ ਰਾਗ ਮਹਿ ਬਾਨੀ ਉਪਦੇਸੀ।

ਬੋਲਿ ਉਠਿਆ ਜਿ

ਵਿਦਿਆ ਵੀਚਾਰੀ ਤਾਂ ਪਰਉਪਕਾਰੀ ॥ ਜਾ ਪੰਚ ਰਾਸੀ ਤਾਂ ਤੀਰਥ ਵਾਸੀ ॥ ੧॥

ਘੁੰਘਰੂ ਵਾਜੈ ਜੇ ਮਨੁ ਲਾਗੈ ॥ ਤਉ ਜਮੁ ਕਹਾ ਕਰੇ ਮੋ ਸਿਉ ਆਗੈ ॥ ੧॥ ਰਹਾਉ ॥

ਆਸ ਨਿਰਾਸੀ ਤਉ ਸੰਨਿਆਸੀ ॥ ਜਾਂ ਜਤੁ ਜੋਗੀ ਤਾਂ ਕਾਇਆ ਭੋਗੀ ॥ ੨॥

ਦਇਆ ਦਿਗੰਬਰੁ ਦੇਹ ਬੀਚਾਰੀ ॥ ਆਪਿ ਮਰੈ ਅਵਰਾ ਨਹ ਮਾਰੀ ॥ ੩॥

ਏਕੁ ਤੂ ਹੋਰਿ ਵੇਸ ਬਹੁਤੇਰੇ ॥ ਨਾਨਕੁ ਜਾਣੈ ਚੋਜ ਨ ਤੇਰੇ ॥

(ਆਸਾ ਮਹਲਾ 1 ਘਰ 2 ਚਉਪਦੇ। 25। (356)॥)

ਯਥਾ ਵਿਦਿਆ ਵਿਚਾਰ ਕੇ ਭਾਵ ਗਿਆਨ ਪ੍ਰਾਪਤ ਕਰ ਕੇ ਬੰਦਾ ਪਰਉਪਕਾਰੀ ਬਣੇ। ਗਿਆਨ ਨੂੰ ਆਪਣੇ ਆਤਮ ਵਿਚ ਵਸਾ ਕੇ ਪੰਜਾਂ ਵਿਕਾਰਾਂ ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਉਤੇ ਕਾਬੂ ਪਾਏ। ਇਉਂ ਤੀਰਥ ਵਾਸੀ ਹੋਣ ਦਾ ਅਨੰਦ ਮਾਣਿਆ ਸਕਦਾ ਹੈ। ਮਨ ਨੂੰ ਸਵੈਜ਼ਬਤ ਵਿਚ ਰੱਖ ਕੇ ਯਥਾ ਆਪਣੇ ਵਿਕਾਰਾਂ ਉਤੇ ਕਾਬੂ ਪਾ ਕੇ ਸਦੀਵੀ ਅਨੰਦ ਪ੍ਰਾਪਤ ਕੀਤਾ ਜਾ ਸਕਦਾ ਹੈ। ਤੀਰਥਾਂ ਉਤੇ ਜਾ ਕੇ ਵਸਣ ਦਾ ਮੰਤਵ ਵੀ ਇਹੀ ਹੁੰਦਾ ਹੈ। ਵਿਦਿਆ ਰਾਹੀਂ ਪ੍ਰਾਪਤ ਹੋਇਆ ਗਿਆਨ ਜੇ ਮਨ ਨੂੰ ਆਪਣੇ ਨਾਲ ਸਹਿਮਤ ਕਰ ਲਵੇ ਤੇ ਮਨ ਸਹਿਜ ਅਵਸਥਾ ਵਿਚ ਆ ਜਾਏ ਤਾਂ ਘੁੰਘਰੂ ਵਜਣ ਭਾਵ ਅਨਹਦ ਨਾਦ ਦੇ ਅਹਿਸਾਸ ਨਾਲ ਮਨ ਵਿਸਮਾਦ ਦੀ ਅਵਸਥਾ ਵਿਚ ਆ ਜਾਂਦਾ ਹੈ। ਜਦੋਂ ਮਨੁੱਖ ਨੂੰ ਆਪਣੇ ਆਲੇ-ਦੁਆਲੇ ਦੀ ਕੁਦਰਤ ਨਾਲ ਆਪਣੇ ਸਿੱਧੇ ਅਨੁਭਵੀ ਰਿਸ਼ਤੇ ਦਾ ਅਹਿਸਾਸ ਹੋ ਜਾਏ ਤਾਂ ਜਮਾਂ ਦਾ ਡਰ ਉਂਝ ਹੀ ਖਤਮ ਹੋ ਜਾਂਦਾ ਹੈ। ਕਿਉਂਕਿ ਉਸ ਨੂੰ ਸੋਝੀ ਹੋ ਜਾਂਦੀ ਹੈ ਕਿ ਨਰਕ-ਸੁਰਗ-ਜਮ ਆਦਿ ਸਭ ਐਵੇਂ ਦੇ ਭਰਮ ਭੁਲੇਖੇ ਹਨ। ਇਨ੍ਹਾਂ ਦੀ ਕੋਈ ਹੋਂਦ ਨਹੀਂ। ਇਹ ਸਾਰਾ ਮਨੂਵਾਦ (ਬ੍ਰਾਹਮਣਵਾਦ) ਦਾ ਪੈਦਾ ਕੀਤਾ ਹੋਇਆ ਭਰਮਜਾਲ ਹੈ। ਇਸ ਗਿਆਨ ਨਾਲ ਜਦੋਂ ਜਮਾਂ ਦੀ ਹੋਂਦ ਹੀ ਮਨੁੱਖੀ ਚੇਤਨਾ ਵਿਚੋਂ ਨਿਕਲ ਜਾਂਦੀ ਹੈ ਤਾਂ ਇਨ੍ਹਾਂ ਦੇ ਡਰ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ। ਇਸੇ ਲਈ ਗੁਰੂ ਸਾਹਿਬ ਕਹਿੰਦੇ ਹਨ ਕਿ ਜਮ ਮੇਰਾ ਕੀ ਵਿਗਾੜ ਸਕਦੇ ਹਨ। ਜੇ ਮਨ ਤ੍ਰਿਸਨਾ ਭਾਵ ਬੇਲੋੜੀਆਂ ਇਛਾਵਾਂ ਤੋਂ ਸੁਰਖਰੂ ਹੋ ਜਾਏ ਤਾਂ ਬੰਦਾ ਸੰਨਿਆਸੀਆਂ ਵਾਲਾ ਅਹਿਸਾਸ ਘਰ ਬੈਠਿਆਂ ਹੀ ਕਰ ਸਕਦਾ ਹੈ। ਜਤੀ ਭਾਵ ਵਿਕਾਰ ਰਹਿਤ ਮਨੁੱਖ ਹੀ ਜੋਗੀ ਹੈ। ਜੋਗੀ ਭਾਵ ਜਤੀ ਬਣ ਕੇ ਹੀ ਕਾਇਆ ਯਥਾ ਸਰੀਰ ਨੂੰ ਭੋਗਿਆ ਜਾ ਸਕਦਾ ਹੈ। ਤਥਾ ਸਰੀਰ ਦੇ ਸਾਰੇ ਅਸਲੀ (ਕੁਦਰਤੀ) ਰਸ-ਕਸ ਮਾਣੇ ਜਾ ਸਕਦੇ ਹਨ। ਦਿਆਲੂ ਹੋਣਾ ਹੀ ਦਿਗੰਬਰ ਭਾਵ ਤਰਕਸ਼ੀਲ ਹੋਣਾ ਹੈ। ਆਪਣੇ ਮਨ ਨੂੰ ਮਾਰ ਕੇ ਭਾਵ ਸਵੈ-ਕਾਬੂ ਵਿਚ ਰੱਖ ਕੇ ਹੋਰਨਾਂ ਨੂੰ ਮਾਰਨ ਦੀ ਲੋੜ ਹੀ ਨਹੀਂ ਪੈਂਦੀ। ਭਾਵ ਮਨੁੱਖ ਦਾ ਆਪਣੇ ਕਿਰਦਾਰ ਤੇ ਵਿਹਾਰ ਨੂੰ ਉਚਾ ਚੁੱਕਣ ਦਾ ਯਤਨ ਕਰਨਾ ਹੀ ਸਭ ਕੁਝ ਹੈ।

ਸਤਿਗੁਰੂ ਨਾਨਕ ਸਾਹਿਬ ਦੇ ਬਚਨ ਹਨ : ਹੇ ਸਿਰਜਣਹਾਰ! ਤੂੰ ਇਕ ਹੈਂ ਬਾਕੀ ਸਾਰੇ ਤੇਰੇ ਅਡ ਅਡ ਵੇਸ ਭਾਵ ਰੂਪ ਹਨ। ਤੇਰੇ ਸਾਰੇ ਕੌਤਕਾਂ ਦਾ ਭੇਦ ਨਹੀਂ ਪਾਇਆ ਜਾ ਸਕਦਾ। ਤੇਰਾ ਅੰਤ ਨਹੀਂ ਜਾਣਿਆ ਜਾ ਸਕਦਾ। ਤੂੰ ਬੇਅੰਤ ਹੈਂ।

ਪੁਰਖਾ ਬੋਲਣੇ ਕਾ ਏਹੋ ਫਲੁ ਹੈ ਜਿ ਕਿਛੁ ਬੋਲੀਐ। ਸੁ ਪਰਮੇਸੁਰ ਕਾ ਨਾਮ ਹੀ ਬੋਲੀਐ ਬਿਚਾਰੀਐ ਗਾਈਐ ਸੁਣੀਐ ਸਿਖੀਐ ਸਮਝੀਐ। ਤਿਤੁ ਕਰਿ ਕਰਿ ਇਸ ਨੂੰ ਲਾਹਾ ਹੈ। ਪੁਰਖਾ ਅੰਗਦਾ ਤੈਂ ਬਹੁਤੁ ਭਲਾ ਕੀਆ ਜਿ ਪਰਮੇਸੁਰ ਦੀ ਗਲ ਚਿਤਿ ਆਣਾਈ। ਏਤੁ ਗਲ ਕਿਛੁ ਅਸਾਨੋ ਲਾਹਾ ਹੈ। ਪੁਰਖਾ ਮੈ ਭਾਂਵਦੀ ਹੈ ਏਹ ਗਲ।'' ਬੋਲਹੁ ਵਾਹਗੁਰੂ। ਧੰਨੁ ਗੁਰੂ। ਸਤਿਗੁਰੂ ਸਾਬਾਸਿ। ਸਾਬਾਸਿ ਗੁਰੂ ਜਿਸ ਕੇ ਨਾਮ ਲੀਏ ਪਾਪ ਜਾਹਿ।

---

## ਬਾਜ਼ੀ ਮੇਰੇ ਪਿੰਡ ਦੀ: ਨਿੰਦਰ ਘੁਗਿਆਣਵੀ

*(ਪਿਛਲੇ ਸਫੇ ਦਾ ਬਾਕੀ)*

ਜੇ ਹੋਊ... ਬਸ ਆਖਰੀ ਸੂਲੀ ਦੀ ਛਾਲ ਐ ਮੇਰੀ ਘੁਗਿਆਣੇ, ਜੇ ਮੌਤ ਏਸ਼ੇ ਲਿਖੀ ਹੋਈ ਤਾਂ ਵੀ ਕੋਈ ਪਰਵਾਹ ਨਹੀਂ। ਪਿੰਡ ਨੇ ਰਿਜ਼ਕ ਦੇਈ ਰੱਖਿਐ ਮੈਨੂੰ ਤੇ ਮੇਰੇ ਬੱਚਿਆਂ ਨੂੰ।'' ਲੋਕਾਂ ਦੇ ਵਰਜਣ ਦੇ ਬਾਵਜੂਦ ਗੰਗੂ ਨੇ ਅੱਧ ਅਸਮਾਨੇ ਪੌੜੀਆਂ 'ਤੇ ਬੱਧੀ ਛਤਰੀ ਵਰਗੀ ਪਟੜੀ ਉਤੇ ਖੜ੍ਹ ਕੇ ਪੁੱਠੀ ਛਾਲ ਲਾ ਹੀ ਦਿੱਤੀ। ਲੋਕ ਆਲੇ ਦੁਆਲੇ ਖੇਸ ਤੇ ਦੋੜੇ ਫੜੀ ਖੜ੍ਹੇ ਸਨ ਕਿ ਪਟੜੀ ਤੋਂ ਪਾਸੇ ਪੈਰ ਨਿਕਲ ਗਏ ਤਾਂ ਖੇਸਾਂ ਦੋੜਿਆਂ 'ਤੇ ਬੋਚ ਕੇ ਬਚਾ ਲਵਾਂਗੇ। ਪਰ ਇਸ ਦੀ ਨੌਬਤ ਨਾ ਆਈ।

ਕਮਾਲ ਹੋ ਗਈ। ਗੰਗੂ ਦੀ ਸੂਲੀ ਦੀ ਆਖ਼ਰੀ ਛਾਲ ਸਫ਼ਲ ਰਹੀ। ਉਹ ਪਟੜੀ ਤੋਂ ਪੁੱਠੀ ਛਾਲ ਮਾਰ ਕੇ ਮੁੜ ਪਟੜੀ 'ਤੇ ਅਡੋਲ ਆ ਖੜ੍ਹਾ। ਉਸ ਨੇ ਹੱਥ ਜੋੜ ਕੇ ਪਿੰਡ ਦਾ ਧੰਨਵਾਦ ਕੀਤਾ। ਜਦ ਉਹ ਪਟੜੀ ਤੋਂ ਹੇਠਾਂ ਉਤਰਿਆ ਤਾਂ ਲੋਕਾਂ ਨੇ ਉਸਨੂੰ ਮੋਢਿਆਂ ਉਤੇ ਚੁੱਕ ਲਿਆ। ਬੜਾ ਮਾਣ ਮਿਲਿਆ ਉਹਨੂੰ ਉਸ ਦਿਨ। ਪਿੰਡ ਵੱਲੋਂ ਉਸ ਨੂੰ ਕੈਂਠਾ ਪਾਇਆ ਗਿਆ। ਮੈਨੂੰ ਚੇਤੇ ਹੈ, ਸਾਡੇ ਪਿੰਡ ਦਾ ਚੌਕੀਦਾਰ ਆਸ਼ਕੀ, ਗੰਗੂ ਨਾਲ ਨੇੜਲੇ ਪਿੰਡਾਂ ਬੇਗੂਵਾਲਾ, ਝੋਟੀਵਾਲਾ ਤੇ ਬੁਰਜ ਮਸਤੇ ਵੀ ਜਾਂਦਾ ਹੁੰਦਾ ਸੀ ਤੇ ਉਹ ਪਿੰਡਾਂ ਦੇ ਪਤਵੰਤਿਆਂ ਨੂੰ ਬਾਜ਼ੀ ਵੇਖਣ ਆਉਣ ਲਈ ਸੱਦੇ ਦਿੰਦੇ ਸਨ। ਦੱਸਦੇ ਨੇ ਕਿ ਬਾਜ਼ੀਗਰਾਂ ਨੇ ਪਿੰਡ ਵੰਡੇ ਹੁੰਦੇ ਸਨ। ਉਹ ਆਪੋ ਆਪਣੇ ਵੰਡੇ ਹੋਏ ਪਿੰਡੀਂ ਹੀ ਜਾਂਦੇ ਸਨ। ਉਹ ਆਪਸ ਵਿਚ ਝਗੜਾ-ਝੇੜਾ ਨਹੀਂ ਸਨ ਕਰਦੇ। ਹੁਣ ਪੰਜਾਬ ਦੀਆਂ ਰਵਾਇਤੀ ਖੇਡਾਂ ਦੇ ਰੰਗ ਰੂਪ ਬਦਲ ਗਏ ਨੇ ਤੇ ਬਹੁਤੀਆਂ ਵਿਰਾਸਤੀ ਖੇਡਾਂ ਤਾਂ ਖਤਮ ਹੀ ਹੋ ਗਈਆਂ ਨੇ। 2022 ਦੇ ਫਰਵਰੀ ਮਹੀਨੇ 'ਚ ਚੰਡੀਗੜ੍ਹ ਦੇ ਪੰਜਾਬ ਕਲਾ ਭਵਨ ਵਿਖੇ ਡਾ ਐਮ ਐਸ ਰੰਧਾਵਾ ਕਲਾ ਉਤਸਵ ਮੌਕੇ ਆਥਣੇ ਬਾਜ਼ੀਗਰਾਂ ਨੇ ਬਾਜ਼ੀ ਪਾਈ ਤਾਂ ਚੰਡੀਗੜ੍ਹੀਏ ਪੰਜਾਬੀਆਂ ਦੇ ਮਨ ਮੋਹੇ ਗਏ। ਉਥੇ ਬਾਜ਼ੀਗਰਾਂ ਨੇ ਭਰੇ ਮਨ ਨਾਲ ਕਿਹਾ ਕਿ ਹੁਣ ਸਾਡਾ ਵੇਲਾ ਬੀਤ ਗਿਆ ਸਮਝੋ। ਸਰਕਾਰਾਂ ਨੇ ਕਦੇਸਾਡੀ ਬਾਂਹ ਨਹੀਂ ਫੜੀ ਤੇ ਇਸ ਲੋਕ ਖੇਡ ਨੂੰ ਕਦੇ ਉਤਸ਼ਾਹਿਤ ਨਹੀਂ ਕੀਤਾ। ਕਿਸੇ ਬਾਜ਼ੀਗਰ ਦੀ ਪੈਨਸ਼ਨ ਤਾਂ ਕਿਸੇ ਸਰਕਾਰ ਨੇ ਕੀ ਲਾਉਣੀ ਸੀ, ਕਦੇ ਮਾੜੀ ਮੋਟੀ ਆਰਥਕ ਮੱਦਦ ਵੀ ਨਹੀਂ ਕੀਤੀ। ਨਾ ਹੀ ਸਰਕਾਰੀ ਨੌਕਰੀਆਂ ਵਿਚ ਬਨਦਾ ਕੋਈ ਕੋਟਾ ਰੱਖਿਆ ਗਿਆ। ਟੋਲੀ ਦੇ ਮੁਖੀਏ ਨੇ ਭਰੇ ਮਨ ਨਾਲ ਕਿਹਾ, ਸਾਡੇ ਨਾਲ ਸਦਾ ਵਿਤਕਰਾ ਹੀ ਕੀਤਾ ਗਿਐ। ਉਹ ਜਿੰਨਾ ਕੁ ਬਾਜ਼ੀਆਂ ਦਾ ਪ੍ਰਦਰਸ਼ਨ ਕਰਦੇ ਨੇ, ਸਿਰਫ਼ ਆਪਣੇ ਬਲਬੋਤੇ ਹੀ ਕਰਦੇ ਨੇ। ਭਾਰਤ ਸਰਕਾਰ ਦਾ ਪਟਿਆਲੇ ਵਿਖੇ ਸਥਾਪਤ ਨਾਰਥ ਜ਼ੋਨ ਕਲਚਰਲ ਸੈਂਟਰ ਕੁਝ ਟੀਮਾਂ ਨੂੰ ਖੇਡ ਕਲਾਵਾਂ ਦੀ ਪੇਸ਼ਕਾਰੀ ਲਈ ਲੈ ਕੇ ਜਾਂਦਾ ਹੈ। ਬਠਿੰਡੇ ਜ਼ਿਲ੍ਹੇ ਦੇ ਮੰਡੀ ਕਲਾਂ ਤੇ ਫਿਰੋਜ਼ਪੁਰ ਦੀ ਕਸਾਈਵਾੜਾ ਬਸਤੀ ਦੇ ਕੁਝ ਬਾਜ਼ੀਗਰ ਹਾਲੇ ਵੀ ਸਰਗਰਮ ਹਨ ਅਤੇ ਹੁਸ਼ਿਆਰਪੁਰ ਜ਼ਿਲ੍ਹੇ ਨਾਲ ਸਬੰਧਿਤ ਵੀ ਕੁਝ ਬਾਜ਼ੀਗਰ ਬਾਜ਼ੀਆਂ ਪਾ ਰਹੇ ਹਨ। ਫਰੀਦਕੋਟ ਸ਼ਹਿਰ ਵਿਚ ਇਸ ਕਬੀਲੇ ਦੀ ਪੂਰੀ ਬਸਤੀ ਹੋਂਦ ਵਿਚ ਆ ਚੁੱਕੀ ਹੈ ਜਿਸ ਦਾ ਨਾਂ ਹੀ 'ਬਾਜ਼ੀਗਰ ਬਸਤੀ' ਹੈ। ੨॥

### ਖੇਡ ਮੇਲੇ ਵਲੈਤ ਦੇ

ਵਿਦੇਸ਼ਾਂ ਦੀਆਂ ਗੇੜੀਆਂ ਲਾਉਂਦਿਆਂ ਉਥੋਂ ਦੇ ਕਬੱਡੀ ਖੇਡ ਮੇਲੇ ਵੇਖ-ਵੇਖ ਮੈਂ ਦੂਣ ਸਵਾਇਆ ਹੋਈ ਜਾਵਾਂ...ਖਿਡਾਰੀਆਂ ਦੇ ਨਿੱਗਰ ਜੁੱਸੇ, ਚੌੜੀਆਂ ਛਾਤੀਆਂ, ਵੇਲਣਿਆਂ ਵਰਗੇ ਪੱਟ, ਖੇਡ ਮੈਦਾਨਾਂ ਵਿਚ ਵਜਦੀਆਂ ਵਿਸਲਾਂ। ਦਰਸ਼ਕਾਂ ਦੇ ਲਲਕਾਰੇ। ਜੇਤੂਆਂ ਦੀਆਂ ਕਿਲਕਾਰੀਆਂ। ਆਓਭਗਤ ਪੂਰੀ, ਕਿਧਰੇ ਤੰਦੂਰੀ ਚਿਕਨ ਤੇ ਕਿਧਰੇ ਦੇਸੀ ਘਿਓ ਦੀ ਚੂਰੀ। ਕਿਧਰੇ ਜੂਸ, ਕਿਧਰੇ ਮੁਰਗ-ਮੁਸੱਲਮ ਤੇ ਕਿਧਰੇ ਮੱਛੀ ਦੇ ਪਕੌੜੇ। ਮਾਂਹ ਛੋਲਿਆਂ ਦੀ ਦਾਲ ਦੇ ਦੇਗੇ। ਕੋਈ ਤੋਟ ਨਹੀਂ ਸੀ, ਕੋਈ ਖੋਟ ਨਹੀਂ ਸੀ। ਖੁੱਲ੍ਹੇ ਮੈਦਾਨਾਂ ਵਰਗੇ ਮੇਲਿਆਂ ਗੋਲੀਆਂ ਦੇ ਖੁੱਲ੍ਹੇ ਦਿਲ। ਖੇਡ ਪ੍ਰੇਮੀ ਕਾਰਾਂ ਦੀਆਂ ਡਿੱਕੀਆਂ ਭਰੀ ਲਿਆਉਣ। ਖਾਵੀ ਪੀਵੀ ਜਾਣ ਤੇ ਕਬੱਡੀ ਵੇਖੀ ਜਾਣ। ਜਾਣੇ ਅਨਜਾਣੇ, ਇੱਕ ਦੂਜੇ ਨੂੰ ਹਾਕਾਂ ਮਾਰੀ ਜਾਣ, ਆਜੋ ਬਾਈ ਛਕੋ...! ਸਾਡਾ ਵੱਸਦਾ ਰਹੇ ਪੰਜਾਬ! ਸੱਚੀਓਂ ਪਰਦੇਸਾਂ ਵਿਚ ਪੰਜਾਬ ਵਸਾਈ ਬੈਠੇ ਨੇ ਸਾਡੇ ਪੰਜਾਬੀ ਭਰਾ...ਖਿਡਾਰੀਆਂ ਉਤੋਂ ਡਾਲਰ/ਪੌਂਡ ਬਰਸਾਈ ਜਾਣ ਸਾਵਣ ਦੇ ਮੀਂਹ ਵਾਂਗਰਾਂ... ਨਹੀਂ ਭੁਲਣੇ ਉਹ ਨਜ਼ਾਰੇ! ਗੋਰੇ ਪੱਬਾਂ ਭਾਰ ਹੋ-ਹੋ ਵੇਖਣ, ਫੋਟੋਆਂ ਖਿੱਚਣ, ਵੀਡੀਓ ਬਣਾਉਣ ਤੇ ਵੰਡਰਫੁੱਲ-ਵੰਡਰਫੁੱਲ ਕਰੀ ਜਾਣ। ਕਦੇ ਲਿਖਾਂਗਾ ਦੇਸ਼ ਵਿਦੇਸ਼ ਦੇ ਅੱਖੀਂ ਡਿੱਠੇ ਖੇਡ ਮੇਲੇ। ਪਾਵਾਂਗਾ ਕਲਮ ਦੀਆਂ ਕਬੱਡੀਆਂ। ਪੰਜਾਬੀ ਖੇਡ ਸਾਹਿਤ ਲਈ ਹਾਲੇ ਏਨਾ ਕੁ ਤਿਲ-ਫੁੱਲ ਈ ਕਰੋ ਪਰਵਾਨ। ਬਾਕੀ ਕਦੇ ਫੇਰ...।

ਕਹਾਣੀ

# ਸ਼ੁਕਰ ਐ



**ਦਰਸ਼ਨ ਜੋਗਾ**
**ਫੋਨ: 98720-01856**

ਕਮਲ ਨੇ ਜਦੋਂ ਦਾ ਜਾਣ ਬਾਰੇ ਕਿਹੈ, ਮੇਰੇ ਅੰਦਰ ਉਦੋਂ ਦੇ ਡੋਬੂ ਪੈ ਰਹੇ ਨੇ। ਮੰਜੇ 'ਤੇ ਬੈਠੀ ਦਾ ਸਿਰ ਗੇੜੇ ਖਾਈ ਜਾਂਦੈ। ਐਂ ਲੱਗਦੈ ਜਿਵੇਂ ਸਿਰ ਦਾ ਪਟਾਕਾ ਪਊ। ਰੋਟੀ ਦੀ ਬੁਰਕੀ ਮੂੰਹ 'ਚ ਪਾਉਣ ਨੂੰ ਉੱਕਾ ਚਿੱਤ ਨਹੀ ਕਰ ਰਿਹਾ। ਭੁੱਖ ਮਰ ਗਈ ਐ। ਮੂੰਹ ਸੁੱਕੀ ਜਾਂਦੈ। ਮੰਜੇ ਕੋਲ ਸਟੂਲ 'ਤੇ ਪਈ ਗੜਵੀ 'ਚੋਂ ਵਾਰੀ-ਵਾਰੀ ਪਾਣੀ ਦੀਆਂ ਘੁੱਟਾਂ ਨਾਲ ਜੀਭ ਗਿੱਲੀ ਕਰ ਰਹੀ ਆਂ। ਸੰਘ ਫੇਰ ਵੀ ਸੁੱਕੀ ਜਾਂਦੈ। ਅੰਦਰਲਾ ਟਿਕਾਉਣ ਦੇ ਬਥੇਰੇ ਹੀਲੇ ਕਰਦੀ ਆਂ। ਮਨ ਟਿਕਦਾ ਨੀ। ਬੈਠੀ ਜ਼ਰੂਰ ਆਂ। ਸਾਹ-ਸਤ ਸੂਤੇ ਪਏ ਨੇ। ਦਿਲ ਫੜਕ-ਫੜਕ ਵੱਜ ਰਿਹੈ। ਅੱਖਾਂ ਮੂਹਰੇ ਹਨੇਰਾ ਛਾਅ ਗਿਐ। ਲੱਗਦੈ ਕਾਲੀ ਘਟਾ ਚੜ੍ਹ ਆਈ ਐ। ਮੂਸਲਾਧਾਰ ਮੀਹ ਇਕਦਮ ਲਹਿ ਪਿਐ। ਮੀਹ ਦੀ ਨ੍ਹੇਰੀ 'ਚ ਮੈਨੂੰ ਸਾਫ਼ ਦਿਸ ਨਹੀ ਰਿਹਾ। ਪਾਣੀ 'ਚ ਮੁਟਿਆਰ ਰੁੜ੍ਹੀ ਜਾਂਦੀ ਐ। ਉਸਦੀ ਦੇਹ ਨੂੰ ਕਈ ਜਣੇਂ ਖਿੱਚੀ ਧੂੰਈ ਜਾਂਦੇ ਨੇ। ਚੀਕਾਂ ਨਾਲ ਮੇਰਾ ਕਾਲਜਾ ਛਲਣੀ ਹੋਈ ਜਾਂਦੈ। ਬਚਾਅ ਕੋਈ ਨੀ ਰਿਹਾ। ਧੂਹ ਕੇ ਲਿਜਾਣ ਵਾਲੇ ਉਸਨੂੰ ਨੋਚ ਰਹੇ ਨੇ। ਛੁਡਾਉਣ ਨੂੰ ਕੋਈ ਨੀ ਬਹੁੜਦਾ। ਮੇਰੀਆਂ ਚੀਕਾਂ ਘੁੱਪ ਹਨੇਰੇ ਨਾਲ ਟਕਰਾਅ ਕੇ ਅੰਨੇ ਸਮੁੰਦਰ ਵਿਚ ਗੁੰਮ ਹੋ ਗਈਆਂ। ਮੈਂ ਬੇਸੁੱਧ ਹੋਈ ਪਈ ਆਂ। ਕੜਕ ਦੇਣੇ ਗੁਸਲਖ਼ਾਨੇ ਦੀ ਕੁੰਡੀ ਖੁੱਲ੍ਹਣ ਤੇ ਦਰਵਾਜਾ ਚੀਕਣ ਨਾਲ ਭੜੱਕ ਦੇਣੇ ਬੇ-ਸੁਰਤੀ 'ਚੋਂ ਬਾਹਰ ਆਉਨੀ ਆਂ। ਵੇਖਦੀ ਆਂ, ਕਮਲ ਨਹਾ ਕੇ ਵਿਹੜੇ 'ਚ ਖੜ੍ਹੀ ਹੈ। ਉਸਦੇ ਲੰਮੇ-ਲੰਮੇ ਵਾਲ ਪਿਛਾਂਹ ਪਿੱਠ 'ਤੇ ਵਿਛੇ ਪਏ ਨੇ। ਵਾਲਾਂ ਹੇਠਲਾ ਮੋਢਿਆਂ 'ਤੇ ਵਿਛਾਇਆ ਗੁਲਾਬੀ ਤੌਲੀਆ ਅੱਧੀ ਢੂਹੀ ਨੂੰ ਢਕਦਾ, ਉਸਦੇ ਗੋਰੇ ਰੰਗ ਦੇ ਨਾਲ ਹੀ ਮਿਲਿਆ ਪਿਐ। ਨਵੇਂ ਡਜੈਨ ਦੇ ਫੈਸ਼ਨ ਮੂਜਬ ਉਸਦੀ ਖੱਬੀ ਬਾਂਹ ਉੱਤੇ ਖੁਦਵਾਈ ਮੋਟੇ ਪੱਤਿਆਂ ਵਾਲੀ ਕਾਲੀ ਵੇਲ ਸਣੇ ਵੱਡੇ ਸਾਰੇ ਫੁੱਲ 'ਤੀਗ੍ਹਾ ਜਾਂਦੀ ਐ। ਮੇਰਾ ਕਾਲਜਾ ਧੜੱਕ-ਧੜੱਕ ਵੱਜਣ ਲੱਗਦੈ।

ਬਦਾਮੀ ਸੂਟ ਤੇ ਓਹੋਜੀ ਨਹੁੰ ਪਾਲਿਸ਼ ਲਾ ਕੇ ਪੈਰੀ ਪਾਈ ਕਰੀਮ ਜੁੱਤੀ ਨਾਲ ਖੜਕਦੀਆਂ ਚੂੜੀਆਂ ਵੇਖ ਕੇ, ਦਰਜੀਆਂ ਦੀ ਚੰਦੋ ਉਸੇ ਵੇਲੇ ਆਖੂ, "ਨੀ ਭਾਨੋਂ ਤੇਰੀ ਨੂੰਹ ਤਾਂ ਪੂਰੀ ਸਰਦਾਰਨੀ ਐ। ਕੋਈ ਸੂਟ ਪਾ ਲੇ, ਗੋਰੇ ਰੰਗ 'ਤੇ ਬਣ-ਬਣ ਉੱਠਦੈ।' ਉਸ ਦੀਆਂ ਗੱਲਾਂ ਮਨ 'ਚ ਆਉਂਦੀਐਂ, ਮਨ ਗੇੜੇ ਖਾਣ ਲੱਗ ਪਿਐ। ਇਹ ਸਰਦਾਰਨੀ ਆਲੀ ਦਿੱਖ ਬਣੀ ਰਹੇ। ਇਹੀ ਅਰਦਾਸਾਂ ਵਾਹਿਗੁਰੂ ਮੂਹਰੇ ਕਰੀ ਜਾਨੀ ਆਂ। ਇਹਦੇ ਉੱਚੇ ਲੰਮੇ ਕੱਦ ਤੇ ਭਰਵੇਂ ਸਰੀਰ ਵੰਨੀ ਮੁੜ-ਮੁੜੀਗ੍ਹਾ ਜਾਂਦੀ ਐ। ਇਹਦਾ ਨਾਂ ਕਮਲ ਨੀ, ਇਹ ਤਾਂ ਹੈਈ ਕਮਲ ਦਾ ਫੁੱਲ।ਕੀ ਜਿਹੀ ਬੁਨੈਣ ਵਰਗੀ ਅੱਧੀਆਂ ਬਾਹਾਂ ਦੀ ਝੱਗੀ ਤੇ ਖੁੱਲ੍ਹੇ ਜਿਹੇ ਪਜਾਮੇ 'ਚ ਖੜ੍ਹੀ, ਐਂ ਲੱਗਦੀ ਐ, ਜਿਵੇਂ ਫ਼ਿਲਮਾਂ ਆਲੀ ਹੋਵੇ। ਮਨ ਵੱਸੋਂ ਬਾਹਰ ਹੋਇਆ ਪਿਐ। ਦੇਹ ਕੰਬਦੀ ਐ। ਜਵਾਨ ਜਹਾਨ ਨੂੰਹ ਐਂ। ਕਿਮੇਂ ਔਖਾਂ 'ਚ ਲਾਡਾਂ ਪਿਆਰਾਂ ਨਾਲ ਲਿਆਂਦੀ ਐ ਘਰੇ।

ਅੱਜ ਦਿਨ ਚੜ੍ਹਦੇ ਨਾਲ ਆਏ ਹਨੇਰ ਦੇ ਫ਼ਿਕਰ ਨੇ ਪਿਛਲੇ ਜਖ਼ਮ ਹਰੇ ਕਰ ਦਿੱਤੇ ਨੇ। ਦਰਦਾਂ ਦੀ ਰੀਲ ਤੇਜ਼ੀ ਨਾਲ ਘੁੰਮਣ ਲੱਗਦੀ ਐ। ਉਦੋਂ ਵੀ ਹਸਦਾ-ਵਸਦਾ ਪਰਿਵਾਰ ਸੀ। ਖਿੜੀ ਦੁਪਹਿਰ ਇਕਦਮ ਘੁੱਪ ਹਨੇਰੇ 'ਚ ਬਦਲ ਗਈ। ਸਤਿਗੁਰ ਤੇ ਹਾਕਮ ਹੋਰਾਂ ਦਾ ਪਿਓ ਪਲਾਂ 'ਚ ਤੁਰ ਗਿਆ। ਚੰਗੇ ਭਲੇ ਪਏ-ਪਏ ਦੇ ਦਰਦ ਜਾ ਉੱਠਿਆ। ਉਦੋਂ ਈ ਜੀਪ 'ਚ ਪਾ ਕੇ ਪਿੰਡ ਆਲੀ ਸਰਕਾਰੀ ਡਿਸਪੈਂਸਰੀ 'ਚ ਲੈਗੇ। ਜਾਂਦਿਆਂ ਨੂੰ ਸਾਹਮਣੇ ਬਰਾਂਡੇ 'ਚ ਖੋਖਰ ਆਲੀ ਨਰਸ ਖੜ੍ਹੀ ਸੀ। ਹੈਗੀ ਤਾਂ ਦਾਈ ਸੀ, ਸਰਕਾਰੀ ਕਰਕੇ ਸਾਰੇ ਨਰਸ ਕਹਿੰਦੇ। ਭੱਜ ਕੇ ਸਾਡੇ ਕੰਨੀ ਨੂੰ ਆਗੀ। ਮੇਰੀ ਪੂਰੀ ਸਿਆਣੂ ਸੀ। ਜਦ ਕਦੇ ਜਾਪੇ ਵੇਲੇ ਕਿਸੇ ਤੀਮੀ ਦੀ ਮਰਜ਼-ਤਕਲੀਫ਼ ਦੀ ਮੈਨੂੰ ਨਾ ਸਮਝ ਲੱਗਦੀ, ਅਸੀ ਦੋਵੇਂ ਰਾਇ ਵਾੜੀ ਕਰ ਲੈਂਦੀਆਂ। ਵੱਡਾ ਪਿੰਡ ਐ। ਕਿਸੇ ਨਾ ਕਿਸੇ ਅਗਵਾੜ 'ਚ ਕਦੇ ਉਹ ਕਦੇ ਮੈਂ ਜਾਪਾ ਕਰਵਾਉਂਦੀਆਂ, ਆਉਂਦੀਆਂ-ਜਾਂਦੀਆਂ ਮਿਲਦੀਆਂ ਰਹਿੰਦੀਆਂ। ਗੱਲ ਸੁਣ ਕੇ ਉਹ ਸਿਰ ਮੁੱਧ ਡਾਕਟਰ ਵੰਨੀ ਭੱਜੀ। ਆ ਕੇ ਵੇਖ ਕੇ ਡਾਕਟਰ ਨੇ ਪੁੱਠਾ ਹੱਥ ਫੇਰਤਾ ਜੀਪ 'ਚੋਂ ਲਾਹਿਆ ਵੀ ਨੀ, ਕਹਿੰਦਾ, "ਲੈਜੋ, ਇਹਦੇ 'ਚ ਕੁਛ ਨੀ। ਦਿਲ ਫੇਲ੍ਹ ਹੋ ਗਿਆ।" ਰੋਂਦੇ ਕੁਰਲਾਉਂਦੇ ਘਰੇ ਚੱਕ ਲਿਆਏ। ਚਾਰੇ ਪਾਸੇ ਹਨੇਰ ਛਾਅ ਗਿਆ। ਕੁਛ ਸਮਝ ਨੀ ਆਉਂਦਾ ਸੀ। ਬਥੇਰਾ ਵਿਲਕੀ, ਆਵਦਾ ਸਰੀਰ ਤੋੜਿਆ ਪਰ ਕਿਹੜਾ ਉਹਨੇ ਮੁੜ ਆਉਣਾ ਸੀ। ਅਖੀਰ ਮਨ ਨੂੰ ਸਮਝਾਇਆ। ਤਕੜਾ ਕੀਤਾ। ਜਵਾਕਾਂ ਦੇ ਮੂੰਹ 'ਚ ਪਾਉਣ ਨੂੰ ਚੋਗ ਤਾਂ 'ਕੱਠੀ ਕਰਨੀ ਸੀ। ਬਾਹਰ ਿਕਲਦੀ, ਪਰਾਏ ਲੋਕਾਂ ਦੇ ਤਿੱਖੇ ਜ਼ਹਿਰੀਲੇ ਤੀਰ ਤਾਂ ਝੱਲਦੀ ਸੀ। ਆਪਣੀਆਂ ਸਕੀਆਂ ਸ਼ਰੀਕਣੀਆਂ ਵੀ ਕੋਈ ਕਸਰ ਨਾ ਛੱਡਦੀਆਂ, " ਗਿਆਨ ਕਾਹਦਾ ਤੁਰ ਗਿਆ। ਇਹਨੂੰ ਤਾਂ ਖੁੱਲ੍ਹ ਹੋਗੀ। ਨਿੱਤ ਨਵੇਂ ਸੂਟ ਬਦਲ-ਬਦਲ ਨਿਕਲਦੀ ਐ। ਪੁੱਛਣ ਆਲਾ ਹੋਵੇ, ਕੰਮ ਕਰਨ ਜਾਨੀ ਐਂ ਕਿ ਮੇਲੇ ਜਾਨੀ ਐਂ।" ਦੂਜੀ ਰਹਿੰਦੇ ਅੰ ਗਿਆਰੇ ਹੋਰ ਧਰਦੀ ਤੜਫ਼ਦੀ 'ਤੇ, "ਬੰਦੇ ਤੋਂ ਬਿਨਾਂ ਕਾਹਦਾ ਡਰ ਐ। ਮਨ ਆਈਆਂ ਕਰਦੀ ਐ।"

ਸਿਰੋਂ ਪਰ੍ਹੇ ਭੈੜੀਆਂ ਹਵਾਵਾਂ ਵਗੀਆਂ। ਝੱਲੀਆਂ ਸਭ ਦੀਆਂ ਮਨ ਪਿੰਡੇ 'ਤੇ। ਦੁਨੀਆਂ ਦੀਆਂ ਗੱਲਾਂ ਤੋਂ ਬੇਪ੍ਰਵਾਹ ਹੋ ਕੇ, ਆਵਦੀ ਦੇਹ ਵੇਲੀ। ਐਨੇ 'ਚ ਦੋਵੇਂ ਜੁਆਕ ਉਡਾਰ ਹੋਗੇ।

ਵੱਡਾ ਸਤਿਗੁਰ ਪੜ੍ਹ ਗਿਆ। ਨੌਕਰੀ ਲੱਗ ਗਿਆ ਬੈਂਕ 'ਚ। ਬਰੋਬਰ ਦੀ ਘਰ ਆਲੀ ਮਿਲਗੀ ਨੌਕਰੀ 'ਤੇ ਲੱਗੀ। ਇਹ ਛੋਟਾ ਹਾਕਮ, ਛੋਟਾ ਹੁੰਦਾ ਈ ਮੇਰੇ ਹੌਕੇ ਹਾਵਿਆਂ ਨੂੰ ਸੁਣਦਾ, ਨਰਮ ਦਾ ਨਰਮ ਰਹਿ ਗਿਆ। ਸੀਤਗੁਰ ਤਾਂ ਵਿਆਹ ਹੋਣ ਸਾਰ ਤੀਮੀ ਨੂੰ ਲੈ ਕੇ ਅੱਡ ਹੋ ਕੇ ਪਰ੍ਹੇ ਬੀਹ ਗਿਆ। ਮਾਂ ਦਾ ਫ਼ਿਕਰ ਤਾਂ ਕੀ ਕਰਨਾ ਸੀ। ਜੇ ਕਦੇ ਗੱਲ ਵੀ ਕਰਦੀ, ਉਲਟਾ ਬਘਿਆੜ ਵਾਂਗੂ ਭੱਜ ਕੇ ਪੈਂਦਾ।

ਅਕੇ ਦੱਸ, "ਤੂੰ ਮੈਨੂੰ ਅੰਗਰੇਜ਼ੀ ਸਕੂਲਾਂ 'ਚ ਪੜ੍ਹਾਉਂਦੀ ਰਹੀ ਐਂ। ਰੁਲ ਖੁਲ ਕੇ ਮੈਂ ਆਵਦੀ ਮਿਹਨਤ ਨਾਲ ਪੜ੍ਹ ਕੇ ਰੋਟੀ ਜੋਗਰਾ ਹੋ ਗਿਆ। ਤੈਨੂੰ ਕੀ ਦੇ ਦਿਆਂ?"

"ਮਖਿਆਂ ਆਹ ਬਥੇਰਾ ਕੁਛ ਦੇਤਾ ਤੂੰ, ਇਹੀ ਬਹੁਤ ਐ। ਮਾਂ ਨੂੰ ਸ਼ੁੱਧ ਬੋਲ ਲਿਆ ਕਰ।"

ਅੰਦਰਲਾ ਮੱਚਦੈ, ਪਰ ਕੀ ਜ਼ੋਰ ਐ। ਆਵਦੇ ਢਿੱਡੋਂ ਕੱਢੇ 'ਤੇ। ਆਹੀ ਵਚਾਰੇ ਹਾਕਮ ਨੇ ਮਸਾਂ ਡਿੱਗਦੇ ਪੈਂਦੇ ਨੇ ਬਾਰ੍ਹਾਂ ਕੀਤੀਆਂ। ਇਸੇ ਕਰਕੇ ਦਰ-ਦਰ ਦੀਆਂ ਠੋਕਰਾਂ ਖਾਂਦਾ ਫਿਰਦਾ ਰਿਹਾ। ਕੋਈ ਕੰਮ, ਨੌਕਰੀ ਚੱਜਦੀ, ਤਾਂ ਹੀ ਮਿਲੇ ਜੇ ਚੰਗਾ ਪੜ੍ਹਦਾ ਪਿਓ ਵਿਚਾਰਾ ਸਾਰੀ ਉਮਰ ਜੱਟਾਂ ਦੇ ਖੇਤਾਂ 'ਚ ਦੇਹ ਵੇਲਦਾ ਰੁਲਦਾ ਫਿਰਦਾ ਰਿਹਾ। ਵਿਆਹ ਸ਼ਾਦੀਆਂ, ਮਰਨੇ-ਪਰਨੇ 'ਤੇ ਅਗਵਾੜ ਦੇ ਲੋਕ ਚੱਲੀ ਆਉਂਦੀ ਰੀਤ ਮੂਜਬ ਮਹਿਰੇ ਨੂੰ ਪਾਣੀ-ਧਾਣੀ ਵਾਸਤੇ ਜ਼ਰੂਰ ਬੁਲਾਅ ਲੈਂਦੇ। ਓਵੇਂ ਕਦੇ-ਕਦੇ ਹਾਕਮ ਵੀ ਜਾਂਦਾ ਰਿਹੈ ਉਸਦੇ ਮਗਰੋਂ।

ਜਿਉਂਦਾ ਰਹੇ ਆਪਣੇ ਪਿੰਡ ਆਲਾ ਕਰਮ ਸੂੰ ਵਕੀਲ, ਬਲਾਈਂ ਚੰਗੈ।

ਇਕ ਦਿਨ ਲੰਘਿਆ ਜਾਂਦਾ ਕਹਿੰਦਾ, "ਐਂ ਵਿਹਲਾ ਕਿਉਂ ਤੁਰਿਆ ਫਿਰਦੈਂ। ਤੂੰ ਮੇਰੇ ਕੋਲ ਕਚਹਿਰੀ ਆਜਾ, ਟਾਈਪ ਕਰਨੀ ਸਿੱਖ ਲੈ, ਓਥੇ ਕਹਿ ਮੈਂ ਦਿਊਂ। ਵਧੀਆ ਕੰਮ ਚੱਲੂ ਤੇਰਾ।"

ਉਹ ਲੈ ਗਿਆ। ਜਦੋਂ ਪਹਿਲਾਂ ਕਰਮ ਸੂੰ ਪਿੰਡ ਰਹਿੰਦਾ ਸੀ ਉਦੋਂ ਇਹ ਛੋਟਾ ਹੁੰਦਾ ਉਨ੍ਹਾਂ ਦੇ ਘਰੇ ਪਾਣੀ-ਪੂਣੀ ਭਰ ਆਉਂਦਾ ਸੀ, ਟੂਟੀ ਆਈਂ ਤੋਂ। ਮੋਹ ਰੱਖਦਾ ਸੀ ਕਰਮ ਸਿਉਂ।

ਘਰੋਂ ਪੁਰਾਣਾ ਕੰਪਿਊਟਰ ਚਕਾਤਾ, ਉਹਦੇ ਮੁੰਡੇ ਬਿਕਰਮ ਦਾ ਸੀ। ਉਹ ਕਈ ਸਾਲ ਹੋਗੇ ਬਾਹਰਲੇ ਦੇਸ਼ ਵਗ ਗਿਐ। ਵਕੀਲ ਨੇ ਕਹਿ ਕੇ ਟਾਈਪ ਸਿਖਾਤੀ। ਪੁਰਾਣੀ ਮੋਪਡ ਖੜ੍ਹੀ ਸੀ ਅੰਦਰ। ਕਹਿੰਦਾ, "ਇਹਨੂੰ ਸਮਰਾਅ ਲੈ।" ਉਹਦੀ ਕੁੜੀ ਰੂਪੀ ਜਾਂਦੀ ਹੁੰਦੀ ਸੀ ਸਕੂਲ ਇਹਤੇ। ਹੁਣ ਤਾਂ ਵਿਆਹੀ ਹੋਈ ਐ ਅਬੋਹਰ। ਤਕੜਾ ਘਰ ਐ। ਜਮਾਈ ਕੋਈ ਵੱਡਾ ਅਫ਼ਸਰ ਦੱਸਦੇ ਨੇ। ਕਰਮ ਸੂੰਅ, ਹਾਕਮ ਨੂੰ ਕਈ ਵਾਰ ਤਿੱਥ-ਤਿਹਾਰ ਨੂੰ ਤੋਰ ਦਿੰਦਾ ਕੁੜੀ ਕੋਲੇ, ਚੀਜ਼ ਵਸਤ ਫੜਾਉਣ। ਮੰਡੀਓਂ ਸਿੱਧੀ ਰੇਲ ਜਾਂਦੀ ਐ ਗੰਗਾਨਗਰ ਆਲੀ। ਹਾਕਮ ਦੱਸਦਾ ਹੁੰਦੈ, "ਵੱਡੇ-ਵੱਡੇ ਕਿੰਨੂਆਂ ਦੇ ਬਾਗ ਨੇ।" ਮੁੜਨ ਵੇਲੇ ਗੱਟਾ ਭਰ ਦਿੰਦੇ। ਹਾਕਮ ਨੂੰ ਅੱਡ ਝੋਲੇ 'ਚ ਦਿੰਦੇ ਜਵਾਕਾਂ ਵਾਸਤੇ। ਕਰਮ ਸੂੰਅ ਦੀ ਘਰਵਾਲੀ ਵੀ ਚੰਗੀ ਐ। ਕੱਲੇ ਨੇ ਦੋਵੇਂ ਐਡੀ ਕੋਠੀ 'ਚ। ਹਾਕਮ ਦਾ ਉਨ੍ਹਾਂ ਨੂੰ ਪੂਰਾ ਸੁਖ ਐ।

ਪੁਰਾਣੇ ਕੰਪਿਊਟਰ ਦੇ ਤਾਂ ਮਗਰੋਂ ਥੋੜ੍ਹੇ-ਥੋੜ੍ਹੇ ਕਰ ਕੇ ਇਹਨੇ ਪੈਸੇ ਦੇਤੇ ਸੀ। ਮੋਪਡ ਦਾ ਨੀਂ ਕੁਛ ਵਕੀਲ ਨੇ ਲਿਆ। ਹਾਕਮ ਦਸਦਾ ਹੁੰਦੈ, 'ਹੁਣ ਜਾਣ ਸਾਰ ਮੈਂ ਪਹਿਲਾਂ ਆਵਦਾ ਕੰਮ ਕਰਦਾ ਹੁੰਨਾ। ਦੁਪਹਿਰ ਵੇਲੇ ਜਿਹੜੇ ਵਕੀਲ ਦੇ ਕਾਗਜ਼ ਹੁੰਦੇ ਨੇ, ਉਹ ਕਰ ਦਿੰਨਾ।' ਪਹਿਲਾਂ ਤਾਂ ਕੁਝ ਚਿਰ ਵਕੀਲ ਦੇ ਦਫ਼ਤਰ ਮੂਹਰਲੇ ਬਰਾਂਡੇ 'ਚ ਬਹਿੰਦਾ ਰਿਹਾ। ਫੇਰ ਆਵਦਾ ਖੋਖਾ ਧਰ ਲਿਆ। ਮੁਕਦੀ ਗੱਲ, ਆਵਦੀ ਖੋਰੀ ਖੋਟਣ ਜੋਗਰਾ ਹੋ ਗਿਆ। ਇਸੇ ਰੋਜ਼ਗਾਰ ਕਰਕੇ ਵਿਆਹਿਆ ਵੀ ਗਿਆ। ਘਰ ਘੁਰ ਤੋਂ ਮੈਂ ਕੀ ਲੈਣਾ ਸੀ। ਕੁੜੀ ਮਿਲਗੀ ਕੂੰਜ ਵਰਗੀ। ਇਹ ਤੇਰ੍ਹਾਂ ਜਮਾਤਾਂ ਪਾਸ ਐ। ਤਿੰਨ ਭੈਣਾਂ ਨੇ।

ਹਾਕਮ ਤੜਕੇ ਈ ਮੋਪਡ 'ਤੇ ਰੋਟੀ ਆਲਾ ਡੱਬਾ ਟੰਗ ਕੇ ਤੁਰ ਜਾਂਦੈ। ਆਥਣੇ ਘਰੇ ਆ ਖਾਂਦੈ। ਮੰਡੀ ਕਿਹੜਾ ਦੂਰ ਐ, ਦਸ ਕੋਹ ਵਾਟ ਐ। ਕਿੰਨੇ ਸਾਲ ਹੋਗੇ, ਕੰਮ ਬਾਹਲਾ ਚੰਗਾ ਨੀਂ ਤਾਂ ਮਾੜਾ ਵੀ ਨੀਂ, ਘਰ ਦਾ ਰੋੜ੍ਹਆ ਰੋੜੀ ਜਾਂਦੈ।



ਉਹ ਤਾਂ ਉੱਠਣ ਸਾਰ ਵਿਚਾਰਾ ਮੰਡੀ ਨੂੰ ਤੁਰ ਗਿਐ ਮੋਪੜ ਲੈ ਕੇ। ਮੈਂ ਕਿੱਧਰ ਨੂੰ ਜਾਵਾਂ। ਇਹਨੇ ਮਗਰੋਂ ਆਹ ਵੰਝ ਗੱਡਤਾ, "ਅਕੇ ਮੈਂ ਜਾਣੈ।" ਦਿਲ ਘਟੀ ਜਾਂਦੈ। ਕੋਈ ਗੱਲ ਸਮਝ ਨਹੀਂ ਆਉਂਦੀ। ਕਮਲ ਦਬਾ-ਦਬ ਜਸ਼ਨ ਤੇ ਪਲਕ ਨੂੰ ਤਿਆਰ ਕਰ ਕੇ, ਦੁਪਹਿਰ ਦੀ ਰੋਟੀ ਵਾਲੇ ਡੱਬੇ ਉਨ੍ਹਾਂ ਦੇ ਬੈਗਾਂ ਵਿਚ ਪਾਈ ਜਾਂਦੀ ਐ। ਪਾਣੀ ਆਲੀਆਂ ਬੋਤਲਾਂ ਉਹ ਹੱਥਾਂ 'ਚ ਲਈ ਵਰਦੀਆਂ ਕਸੀਂ ਖੜ੍ਹੇ ਆਪਸ 'ਚ ਗੱਲਾਂ ਕਰੀ ਜਾਂਦੇ ਐ। ਜੁਆਕਾਂ ਵੰਨੀ ਵੇਖ ਕੇ ਮਨ ਸਗੋਂ ਹੋਰ ਭਰ-ਭਰ ਆ ਰਿਹੈ। ਇਨ੍ਹਾਂ ਬਲੂਰਾਂ ਨੂੰ ਕੀ ਪਤੈ, ਆਵਦੀ ਦਾਦੀ ਦੀ ਅੰਦਰਲੀ ਦਸ਼ਾ ਦਾ। ਸਕੂਲ ਆਲੀ ਬੱਸ ਦਾ ਹਾਰਨ ਵੱਜਦਾ ਸੁਣ, ਦੋਵੇਂ ਹੱਸਦੇ ਗੱਲਾਂ ਕਰਦੇ ਪਿੱਠਾਂ 'ਤੇ ਬਸਤੇ ਲਮਕਾਈ, ਘਰੋਂ ਬਾਹਰ ਨੂੰ ਤੁਰ ਜਾਂਦੇ ਨੇ। ਅੱਜ ਤਾਂ ਪੂਰੇ ਛੋਹਲੇ ਹੱਥਾਂ ਨਾਲ ਹੋਰ ਕੰਮ ਵੀ ਦਬਾ-ਦਬ ਨਬੇੜ ਰਹੀ ਐ। ਉਸਦੀ ਤੇਜ਼ੀ 'ਚੋਂ ਉਸਦੀ ਫੁਰਤੀ ਦਾ ਪਤਾ ਲੱਗ ਰਿਹੈ। ਰਸੋਈ ਆਲੀ ਟੂਟੀ ਦੇ ਪਾਣੀ ਦੇ ਖੜਕੇ ਤੋਂ ਪਤਾ ਲੱਗਦੈ, ਉਹ ਭਾਂਡੇ ਧੋਈ ਜਾਂਦੀ ਐ। ਹੁਣ ਰਸੋਈ 'ਚੋਂ ਹਵਾ ਬਾਹਰ ਕੱਢਣ ਵਾਲੇ ਪੱਖੇ ਦਾ ਖੜਕਾ ਬੰਦ ਹੋ ਗਿਐ। ਇਹ ਪੱਖਾ ਕਾਹਦਾ ਬੰਦ ਹੋਇਆ, ਲੱਗਦੈ ਅੱਜ ਮੇਰੇ ਅੰਦਰਲਾ ਪੱਖਾ ਵੀ ਬੰਦ ਹੋਊਗਾ। ਮੈਂ ਬਥੇਰਾ ਇਹਨੂੰ ਸਮਝਾਇਐ। ਪਰ ਨਹੀਂ ਸਮਝਦੀ।

ਮੈਨੂੰ ਆਖੂ, "ਬੀਬੀ ਤੁਸੀਂ ਆਵਦੇ ਵੇਲੇ ਆਪਣੀ ਸਮਝ ਵਰਤੀ ਐ। ਹੁਣ ਉਹ ਜ਼ਮਾਨਾ ਨੀਂ, ਜਿਵੇਂ ਤੁਸੀਂ ਕਰਦੇ ਸੀ।"

ਮਖਿਆਂ, "ਨੀਂ ਸਿਆਣੀਏ ਇਹੀ ਗੱਲ ਤਾਂ ਤੈਨੂੰ ਮੈਂ ਕਹਿਨੀ ਆਂ। ਸਾਡੇ ਵੇਲੇ ਬਥੇਰਾ ਨਰਕ ਉੱਭਰਿਆ ਰਹਿੰਦਾ ਸੀ। ਹੁਣ ਉਸ ਤੋਂ ਵੀ 'ਗਹਾਂ ਲੰਘੇ ਖੜ੍ਹੇ ਨੇ ਲੋਕ। ਇਹ ਦੁਨੀਆਂ ਤਾਂ ਮੁੱਕਣ 'ਤੇ ਆਈ ਖੜ੍ਹੀ ਐ। ਤੂੰ ਸਮਝ ਵਰਤ। ਵਕਤ ਮਾੜੈ। ਮੇਰੀ ਇਕ ਨੀਂ ਸੁਣੀ।'

ਹਾਕਮ ਵਿਚਾਰਾ ਆਪ ਚੁੱਪ ਕਰ ਜਾਂਦੈ।

ਆਖੂ, "ਕਰਨੀ ਤਾਂ ਬੀਬੀ ਇਹਨੇ ਆਵਦੀ ਮਰਜ਼ੀ ਐ।"

ਇਕ ਦਿਨ ਮੇਮ ਨੇ ਹੋਰ ਗੱਲ ਕੱਢ ਮਾਰੀ, ਅਕੇ, "ਬੀਬੀ ਤੂੰ ਨਾਉਂ ਤਾਂ ਇਹਦਾ ਹਾਕਮ ਧਰ ਲਿਆ, ਮੈਂ ਤਾਂ ਇਹਦੀ ਹਕਮੂਤ ਕਿਤੇ ਚਲਦੀ ਵੇਖੀ ਨੀਂ। ਬੱਸ ਉਹ ਵਕੀਲ ਦੇ ਦਫ਼ਤਰ ਮੂਹਰੇ ਖੋਖੇ 'ਚ ਸਾਰੀ ਉਮਰ ਲੰਘਾਤੀ। ਘਰ 'ਚ ਕਦੇ ਦੋ ਪਲ 'ਰਾਮ ਨਹੀਂ ਕੀਤਾ, ਨਾ ਕਰਾਇਐ ਕਿਸੇ ਨੂੰ। ਮੈਂ ਵੀ ਦੱਸ ਕੀ ਕਰਾਂ। ਜਵਾਕ ਵੀ ਵੱਡੀਆਂ ਜਮਾਤਾਂ 'ਚ ਨੇ ਇਨ੍ਹਾਂ ਦੀਆਂ ਵਰਦੀਆਂ ਤੇ ਫੀਸਾਂ ਵੇਲੇ ਹਰ ਵਾਰੀ ਝੱਜੂ ਪੈਂਦੈ। ਸਭ ਮੇਰੇ ਗਲ ਮੜ੍ਹਦੂ। ਆਖੂ ਮੈਂ ਤੈਨੂੰ ਫੜਾ ਦਿੰਨਾ ਜਿੰਨੇ ਹੁੰਦੇ ਨੇ। ਘਰੇ ਕੋਈ ਸਹੂਲਤ ਨੀਂ। ਰੋਜ਼ ਸ਼ਹਿਰ 'ਚ ਰਹਿੰਦੈ, ਕਿਵੇਂ ਘਰ ਲੋਕਾਂ ਨੇ ਸੁਰਗ ਬਣਾਏ ਪਏ ਐ। ਜੇ ਬਾਹਰ ਨਿਕਲਾਂਗੇ ਤਾਂ ਹੀ ਕੁਛ ਬਣੂ। ਘਰੇ ਬੈਠਿਆਂ ਨੂੰ ਕੋਈ ਥੋੜੋ ਦੇ ਕੇ ਜਾਊ।"

"ਮਖਿਆਂ ਤੇਰੀ ਗੱਲ ਤਾਂ ਠੀਕ ਐ, ਹਕੂਮਤ ਤਾਂ ਪੁੱਤ ਆਵਦੇ ਘਰੇ ਈ ਹੁੰਦੀ ਐ। ਬਾਹਰ ਤਾਂ ਜਿਹੜਾ ਕੰਮ ਐ ਓਹੀ ਕਰੂ।" ਮੇਰੀ ਗੱਲ ਅਣਸੁਣੀ ਕਰ ਕੇ ਅੰਦਰ ਨੂੰ ਤੁਰਗੀ।

ਮੈਂ ਇਹਦਾ ਵਿਹਾਰ ਵੇਖ ਕੇ ਅੰਦਰੇ-ਅੰਦਰ ਭੁੱਜਗੀ। ਜੇ ਮੇਰਾ ਪੁੱਤ ਐਨਾ ਕੁੰਨੈਂ ਤਾਂ ਹੀ ਤਾਂ ਫ਼ਿਕਰ ਲੱਗਿਆ ਖੜ੍ਹੈ। ਇਹਨੂੰ ਭਗਤ ਨੂੰ ਅੱਜ ਦੇ ਜ਼ਮਾਨੇ ਦੀ ਕਿੱਥੇ ਹਵਾ ਲੱਗੀ ਐ। ਜੇ ਇਹ ਵੀ ਵੱਡੇ ਵਰਗਾ ਚੁਸਤ ਬਣ ਜਾਂਦਾ। ਸਿੱਟਦਾ ਰੁਪਈਆਂ ਦੇ ਥੱਬਿਆਂ ਦੇ ਥੱਬੇ। ਇਹਦੀ ਕੀ ਮਜ਼ਾਲ ਸੀ ਚਵਰਿੱਕੀਆਂ ਕਰਨ ਦੀ। ਨਾਲੇ ਆਹ ਫ਼ਿਕਰ ਥੋੜੋ ਵੱਢ-ਵੱਢ ਖਾਂਦੇ। ਮਨ 'ਚ ਤਾਂ ਵਥੇਰੀਆਂ ਆਉਂਦੀਐਂ, ਅਖੀਰ ਸਭ ਸੁਣ ਕੇ ਚੁੱਪ ਕਰਗੀ। ਸੋਚਾਂ ਸੋਚ-ਸੋਚ ਕੇ ਮਨ ਘਾਟੀਏਂ ਪਿਆ ਖੜ੍ਹੈ।

ਉਸਦੇ ਕਮਰੇ 'ਚੋਂ ਟੈਲੀਵੀਜ਼ਨ ਦੀ ਆਵਾਜ਼ ਆਉਣੋਂ ਹਟਗੀ। ਕੱਪੜੇ ਬਦਲਣ ਵੇਲੇ ਇਹ ਬਾਰ ਭੇੜ ਲੈਂਦੀ ਐ। ਫੇਰ ਜਦੋਂ ਦੁਬਾਰੇ ਟੈਲੀਵੀਜ਼ਨ ਸੁਣਨ ਲੱਗਦਾ, ਬਾਹਰ ਆਉਂਦੀ ਦੇ ਨਾਲ ਈ ਅਤਰ-ਫਲੇਲ ਦੀਆਂ ਖੁਸ਼ਬੋਆਂ ਆਉਣ ਲਗਦੀਆਂ ਨੇ। ਰੱਬ ਦਾ ਸ਼ੁਕਰ ਕਰਦੀ ਆਂ ਚਲੋ ਦੋਵੇਂ ਆਵਦੇ ਘਰੇ ਭੈਣਾਂ-ਭਾਈਆਂ ਦੇ ਬਰੋਬਰ ਚੰਗਾ ਪਹਿਨਣ ਪਚਰਨ ਜੋਗਰੇ ਹੋਗੇ। ਪਰ ਅੱਜ ਇਹਦੀਆਂ ਗੱਲਾਂ ਨੇ ਮੇਰਾ ਅੰਦਰ ਹਿਲਾਇਆ ਪਿਐ। ਪਿੰਡੇ 'ਤੇ ਲਾਉਣ ਛਿੜਕਣ ਆਲੀਆਂ ਸ਼ੀਸ਼ੀਆਂ ਦੇ ਮੁਸ਼ਕ ਨਾਲ ਮੈਂ ਤਾਂ ਬੇਸੁਰਤ ਹੋਣ ਵਾਲੀ ਹੋਈ ਪਈ ਆਂ। ਜੇ ਮੇਰੀ ਇਹ ਮੰਨ ਲੈਂਦੀ, ਚੰਗਾ ਹੋਣਾ ਸੀ। ਪਰ ਨਹੀਂ ਮੰਨੀ, ਇਹਦਾ ਦੁੱਖ ਮੈਥੋਂ ਵੇਖਿਆ ਨਹੀਂ ਜਾਣਾ।"

"ਬੀਬੀ ਆਹ ਸਟੂਲ 'ਤੇ ਪਰੌਂਠਾ ਤੇ ਦਹੀਂ ਉਵੇਂ ਪਏ ਨੇ, ਖਾ ਲੈ। ਤੇਰੀ ਦੁਪਹਿਰ ਦੀ ਰੋਟੀ ਮੈਂ ਰਸੋਈ 'ਚ ਰੱਖਤੀ, ਕੰਮ ਆਲੀਆਂ ਕੁੜੀਆਂ ਆਉਣਗੀਆਂ ਉਨ੍ਹਾਂ ਨੂੰ ਕਹਿ ਦਈਂ ਗਰਮ ਕਰ ਕੇ ਦੇ ਦੇਣਗੀਆਂ। ਦੁੱਧ ਉਬਾਲ ਕੇ ਫਰਿੱਜ 'ਚ ਰੱਖਤਾ। ਜਸ਼ਨ ਤੇ ਪਲਕ ਸਕੂਲੋਂ ਆਉਣਗੇ, ਉਨ੍ਹਾਂ ਨੂੰ ਚਾਹ ਬਣਾ ਕੇ ਪਿਲਾਅ ਦੇਣਗੀਆਂ। ਜੈਕੀ ਦੀ ਰੋਟੀ ਤੇ ਦੁੱਧ ਮੈਂ ਉਸਦੇ ਭਾਂਡੇ 'ਚ ਪਾਤਾ। ਬਰਾਂਡੇ 'ਚ ਬੰਨ੍ਹਿਆ ਹੋਇਐ।"

ਆਪਣੇ ਕਮਰੇ 'ਚੋਂ ਬੈਗ ਲੈ, ਚੱਕਵੇਂ ਪੈਰੀਂ ਉਹ ਦਰਵਾਜ਼ੇ 'ਚੋਂ ਬਾਹਰ ਹੋਗੀ। ਕਿਸੇ ਮੋਟਰ ਗੱਡੀ ਦੇ ਸਟਾਰਟ ਹੋਣ ਦੀ ਅਵਾਜ਼ ਆਈ ਐ। ਮੇਰੀਆਂ ਤਾਂ ਸਾਰੀਆਂ ਇੰਦਰੀਆਂ ਸੁੰਨ ਹੋ ਗਈਆਂ ਨੇ। ਰੱਬ ਮੂਹਰੇ ਹੱਥ ਬੰਨ੍ਹ ਅਰਦਾਸਾਂ ਕਰਨ ਲੱਗਦੀ ਆਂ। ਉਸਦੀਆਂ ਆਪ ਹੁਦਰੀਆਂ ਗੱਲਾਂ ਨਾਲ ਚੁੱਪ ਤਾਂ ਕੀ, ਗੁੰਮ-ਸੁੰਮ ਹੋ ਗਈ ਆਂ। ਮੰਜੇ 'ਤੇ ਬੈਠੀ ਆਂ ਬੁੱਤ ਬਣੀ।

ਰਾਤ ਨੂੰ ਉੱਤੇ ਲੈਣ ਵਾਲੀ ਚਾਦਰ ਵੀ ਤਹਿ ਕਰ ਕੇ ਸਿਰਹਾਣੇ ਨਹੀਂ ਰੱਖੀ ਗਈ। ਉਵੇਂ ਸੱਪ ਵਾਂਗੂੰ ਮੇਰੇ ਹੇਠ ਈ 'ਕੱਠੀ ਹੋਈ ਪਈ ਐ। ਬੱਸ ਇਸਦੀ ਇੱਕੋ ਗੱਲ ਨੇ ਸਾਹ ਸੂਤ ਰੱਖੇ ਨੇ। ਜ਼ਿੱਦ ਕਰਦੀ ਐ ਬਹੁਤ। ਕਈ ਵਾਰੀ ਜ਼ਿੱਦ ਪੁੱਗ ਜਾਂਦੀ ਐ। ਪਰ ਅੱਜ ਵਰਗੀ ਗੱਲ 'ਤੇ ਕੀਤੀ ਜ਼ਿੱਦ ਬੰਦੇ ਨੂੰ ਖ਼ਤਮ ਕਰ ਦਿੰਦੀ ਐ।

ਇਹਦੀਆਂ ਮਨ ਆਈਆਂ ਦੀ ਰੀਲ੍ਹ ਹੋਰ ਤੇਜ਼ ਲਾਟੂ ਵਾਂਗ ਅੰਦਰੇ ਅੰਦਰ ਘੁੰਮਣ ਲੱਗੀ ਐ। ਪਤਾ ਨੀਂ ਕਿੱਥੋਂ ਇਹਦੇ ਮਨ 'ਚ ਆਈ, ਆਹ ਬਿਊਟੀ ਪਾਰਲਰ ਵਾਲੀ ਗੱਲ।

ਮੈਨੂੰ ਪੁੱਛਣ ਲੱਗੀ ਮਖਿਆ, "ਵੇਖ ਲੋ ਭਾਈ, ਪਿੰਡ ਦਾ ਕੰਮ ਐ, ਇੱਥੇ ਇਹੋ ਜਾ ਕੰਮ ਘੱਟ ਈ ਲੋਟ ਆਉਂਦੈ। ਮੈਂ ਘਰ-ਘਰ ਆਉਂਦੀ ਜਾਂਦੀ ਰਹੀ ਆਂ। ਪਿੰਡਾਂ ਦੇ ਲੋਕਾਂ ਦੀ ਸਮਝ ਹੋਰ ਹੁੰਦੀ ਐ, ਸ਼ਹਿਰੀ ਹੋਰ 'ਸਾਬ ਦੇ ਹੁੰਦੇ ਨੇ।"

"ਤੈਨੂੰ ਪਤਾ ਈ ਐ ਬੀਬੀ, ਇਨ੍ਹਾਂ ਦਾ ਕੰਮ ਕਿੰਨਾ ਕੁ ਐ। ਮੈਂ ਘਰੇ ਵਿਹਲੀ ਬੈਠੀ ਆਂ। ਕੁਛ ਕਰਾਂਗੇ ਤਾਂ ਤੋਰੂਆ ਤੁਰੂ ਘਰ ਦਾ।" ਮੈਂ ਸੁਣ ਕੇ ਚੁੱਪ ਕਰਗੀ।

ਦੂਜੇ ਦਿਨ ਹਾਕਮ ਨਾਲ ਈ ਉੱਠ ਕੇ ਤਿਆਰ ਹੋਣ ਲੱਗਪੀ। ਮੈਂ ਪੁੱਛਿਆ ਤਾਂ ਕਹਿੰਦੀ, "ਮੈਂ ਕੰਮ ਸਿੱਖਣ ਜਾਇਆ ਕਰੂੰ ਹਫ਼ਤੇ ਕੁ ਦੀ ਗੱਲ।"

ਤੜਕੇ ਹਾਕਮ ਨਾਲ ਜਾਂਦੀ। ਦੁਪਹਿਰੇ ਕੱਲ੍ਹੀ ਮੁੜ ਆਉਂਦੀ। ਇਕ ਦਿਨ ਇਹ ਤੇ ਹਾਕਮ ਕਿੰਨੀਆਂ ਈ ਭਾਂਤ-ਭਾਂਤ ਦੀਆਂ ਸ਼ੀਸ਼ੀਆਂ ਤੇ ਹੋਰ ਲਟਰ-ਪਟਰ ਦੇ ਡੱਬੇ ਤਿੰਨ ਪਹੀਆਂ ਆਲੇ ਭੂੰਡ ਜੇ 'ਚ ਲੱਦ ਲਿਆਏ। ਮੇਰੇ ਅੰਦਰ ਪੂਰਾ ਡਰ। ਪਿੰਡ ਦਾ ਕੰਮ ਐ, ਕਿਤੇ ਹੋਰ ਨਵਾਂ ਚੰਦ ਨਾ ਚੜ੍ਹਾਅ ਦੇਣ। ਰਾਤ ਨੂੰ ਪੈਣ ਵੇਲੇ ਹਾਕਮ ਨੂੰ ਪੁੱਛਿਆ, "ਵੇ ਪੈਸਿਆਂ ਦਾ ਕਿਵੇਂ ਕੀਤੈ।"

ਕਹਿੰਦਾ, "ਬੈਂਕ ਕਰਜ਼ਾ ਦਿੰਦੀ ਐ। ਇਸੇ ਕਰਕੇ ਤਾਂ ਕੰਮ ਸਿੱਖਣ ਜਾਂਦੀ ਰਹੀ ਐ। ਉਹ ਸਰਟੀਫਿਕੇਟ ਦਿੰਦੇ ਨੇ। ਮੈਂ ਕਰਮ ਸੂੰ ਤੋਂ ਵੀ ਕਹਾਤਾ ਸੀ ਬੈਂਕ ਮੈਨੇਜਰ ਨੂੰ। ਬੈਂਕ ਨੇ ਲੋਨ ਮਨਜ਼ੂਰ ਕਰਤਾ।"

ਮੈਨੂੰ ਸੁਣ ਕੇ ਇਕਦਮ ਧੱਕਾ ਲੱਗਿਆ, ਕਹਿੰਦਾ, "ਨਹੀਂ ਤੂੰ ਫ਼ਿਕਰ ਨਾ ਕਰ, ਆਪੇ ਕਿਸ਼ਤ ਭਰਦੀ ਰਹੂ। ਤੈਨੂੰ ਪਤੈ ਇਹਦੇ ਕੰਮਾਂ ਦਾ, ਤੇਜ਼ ਐ।"

"ਵੇ ਬਹੁਤੀ ਤੇਜ਼ੀ ਵੀ ਬੰਦੇ ਦੇ ਪੈਰ ਉਖੇੜ ਦਿੰਦੀ ਐ।"

"ਕੁਛ ਨੀ ਹੁੰਦਾ', ਕਹਿ ਕੇ ਚੁੱਪ ਕਰ ਗਿਆ।

ਅਗਲੇ ਦਿਨ ਬਾਹਰਲੀ ਬੈਠਕ ਮੂਹਰੇ ਫੱਟਾ ਜਾਹ ਲਮਕਾਤਾ।

# ਹੈਸੀਅਤ



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਅੱਜ ਸਕਲ 'ਚ ਮਠਿਆਈ ਦੇ ਦੋ ਡੱਬੇ ਆਏ, ਇਕ ਹਿੰਦੀ ਵਾਲੇ ਮੈਡਮ ਲਿਆਏ ਸਨ, ਜੋ ਬਰਫੀ ਦਾ ਸੀ ਤੇ ਦੂਜਾ ਗੁਲਾਬ ਜਾਮੁਨਾਂ ਦਾ ਡੱਬਾ ਸਕੂਲ ਦੀ ਸਵੀਪਰ ਲਿਆਈ ਸੀ।

ਮੈਡਮ ਦੇ ਦੇਵਰ ਦਾ ਆਉਂਦੇ ਐਤਵਾਰ ਵਿਆਹ ਸੀ ਇਸ ਲਈ ਉਹ ਕਾਰਡ ਨਾਲ ਡੱਬਾ ਲਿਆਈ ਸੀ ਤੇ ਉਧਰ ਸਵੀਪਰ ਆਪਣੀ ਛੋਟੀ ਭੈਣ ਦੇ ਵਿਆਹ ਦਾ ਡੱਬਾ ਲਿਆਈ ਸੀ। ਇਤਫਾਕ ਨਾਲ ਉਸ ਦੀ ਭੈਣ ਦਾ ਵਿਆਹ ਵੀ ਐਤਵਾਰ ਦਾ ਹੀ ਸੀ। ਦੋਵਾਂ ਵਿਆਹਾਂ 'ਚ ਫਰਕ ਇਹ ਸੀ ਕਿ ਸਵੀਪਰ ਦੀ ਭੈਣ ਦਾ ਵਿਆਹ ਉਨ੍ਹਾਂ ਦੇ ਗ੍ਰਹਿ ਵਿਖੇ ਹੀ ਰੱਖਿਆ ਗਿਆ ਸੀ ਜਦਕਿ ਮੈਡਮ ਦੇ ਦਿਓਰ ਦੀ ਬਾਰਾਤ ਸ਼ਹਿਰ ਦੇ ਇਕ ਨਾਮੀ ਪੈਲੇਸ ਵਿਚ ਜਾਣੀ ਸੀ।

ਵਿਆਹ ਤੋਂ ਦੋ ਦਿਨ ਪਹਿਲਾਂ ਹੈੱਡਮਾਸਟਰ ਨੇ ਸਮੂਹ ਸਟਾਫ ਦੀ ਮੀਟਿੰਗ ਸੱਦੀ ਤਾਂ ਕਿ ਸ਼ਗਨ ਦੀ ਰਕਮ ਦੇਣ ਨੂੰ ਲੈ ਕੇ ਕੋਈ ਫੈਸਲਾ ਲਿਆ ਜਾ ਸਕੇ। ਮੀਟਿੰਗ ਵਿਚ ਹੈਡਮਾਸਟਰ ਨੇ ਆਖਿਆ ਕਿ 'ਤੁਹਾਨੂੰ ਪਤਾ ਈ ਹੈ ਕਿ ਕੱਲ੍ਹ ਨੂੰ ਦੋ ਵਿਆਹ ਨੇ ਇਸ ਲਈ ਮੈਂ ਸੋਚਿਆ ਕਿ ਤੁਹਾਡੇ ਨਾਲ ਮਸ਼ਵਰਾ ਕਰ ਲਿਆ ਜਾਵੇ ਕਿ ਆਪਾਂ ਦੋਵਾਂ ਵਿਆਹਾਂ ਵਿਚ ਕੀ ਸ਼ਗਨ ਦਈਏ। ਮੀਟਿੰਗ ਵਿਚ ਮੌਜੂਦ ਮਾਸਟਰ ਜਸਪ੍ਰੀਤ ਨੇ ਕਿਹਾ, ''ਮੁੱਖ ਅਧਿਆਪਕ ਜੀ ਤੁਸੀਂ ਖੁਦ ਹੀ ਦੱਸ ਦਿਓ ਕਿੰਨਾ ਸ਼ਗਨ ਪਾਉਣਾ ਹੈ ਅਸੀਂ ਸਾਰੇ ਉਸੇ ਹਿਸਾਬ ਨਾਲ ਤੁਹਾਨੂੰ



ਕੁਲੈਕਸ਼ਨ ਦੇ ਦਿੰਦੇ ਹਾਂ।

ਇਸ 'ਤੇ ਹੈੱਡਮਾਸਟਰ ਨੇ ਜਿਵੇਂ ਗੰਭੀਰਤਾ ਨਾਲ ਕਹਿਣਾ ਸ਼ੁਰੂ ਕੀਤਾ ''ਮੈਂ ਸੋਚਿਆ ਕਿ ਮੈਡਮ ਦੇ ਦਿਓਰ ਦੇ ਵਿਆਹ 'ਚ ਇੱਕੀ ਸੌ ਤੇ ਸਵੀਪਰ ਦੀ ਭੈਣ ਨੂੰ ਪੰਜ ਸੌ ਦਾ ਸ਼ਗਨ ਬਹੁਤ ਏ।''

ਇਸ 'ਤੇ ਮੈਡਮ ਅਮਰਜੀਤ ਨੇ ਹੈੱਡਮਾਸਟਰ ਨੂੰ ਹੈਰਾਨੀ ਤੇ ਸਵਾਲੀਆ ਅੰਦਾਜ਼ ਵਿਚ ਪੁੱਛਿਆ ''ਸਰ ਪਰ ਇਹ ਸ਼ਗਨ 'ਚ ਕਾਣੀ ਵੰਡ ਕਿਉਂ ਕੀਤੀ ਜਾ ਰਹੀ ਏ ਮੈਨੂੰ ਸਮਝ ਨਹੀਂ ਆਈ। ''ਹੈੱਡਮਾਸਟਰ ਨੇ ਜਿਵੇਂ ਆਪਣੀ ਝੂਠੀ ਵਿਦਵਤਾ ਪ੍ਰਗਟਾਉਂਦਿਆਂ ਆਖਿਆ, 'ਅਮਰਜੀਤ ਮੈਮ ਮੈਂ ਸੋਚਿਆ, ਭਾਈ ਮੈਡਮ ਦੇ ਦਿਓਰ ਦੇ ਵਿਆਹ ਤਾਂ ਸਾਰਾ ਸਟਾਫ ਹੀ ਜਾਊਗਾ ਇਸ ਲਈ ਘੱਟੋ-ਘੱਟ ਇੱਕੀ ਸੋ ਸ਼ਗਨ ਦੇਣਾ ਤਾਂ ਬਣਦਾ ਈ ਏ ਤੇ ਹਾਂ ਰਹੀ ਗੱਲ ਸਵੀਪਰ ਦੀ ਭੈਣ ਦੇ ਵਿਆਹ ਦੀ ਉਸ ਵਿਚ ਭਲਾਂ ਜਾਣਾ ਹੀ ਕਿਸ ਨੇ ਹੈ, ਤੇ ਜੇ ਕੋਈ ਫਾਰਮੈਲਿਟੀ ਲਈ ਭੇਜਣਾ ਵੀ ਪਿਆ ਤਾਂ ਉੱਥੇ ਖਾਣਾ ਕਿਸ ਨੇ ਖਾਣਾ ਏ.! ਇਸ ਲਈ ਮੈਂ ਸੋਚਿਆ ਪੰਜ ਸੋ ਸ਼ਗਨ ਦਾ ਬਹੁਤ ਏ ਨਾਲੇ ਸ਼ਗਨ ਬੰਦੇ ਦੀ ਹੈਸੀਅਤ ਵੇਖ ਕੇ ਹੀ ਪਾਇਆ ਜਾਂਦਾ ਹੈ।''

ਇਸ 'ਤੇ ਅਮਰਜੀਤ ਨੇ ਗੰਭੀਰ ਹੁੰਦਿਆਂ ਕਿਹਾ, 'ਪਰ ਸਰ ਮੇਰਾ ਖਿਆਲ ਹੈ ਕਿ ਸਾਨੂੰ ਸ਼ਗਨ ਦੋਵਾਂ (ਮੈਡਮ ਤੇ ਸਵੀਪਰ) ਨੂੰ ਇਕੋ ਜਿਹਾ ਦੇਣਾ ਚਾਹੀਦਾ ਹੈ ਬਾਕੀ ਵੇਖਿਆ ਜਾਏ ਤਾਂ ਸਵੀਪਰ ਵਧੇਰੇ ਨੀਡੀ ਵੀ (ਜ਼ਰੂਰਤਮੰਦ) ਹੈ। ਇਸ ਲਈ ਉਸ ਦੀ ਤਾਂ ਸਾਨੂੰ ਵੱਧ ਤੋਂ ਵੱਧ ਮਦਦ ਕਰਨੀ ਬਣਦੀ ਹੈ।' ਆਪਣੀ ਗੱਲ ਜਾਰੀ ਰੱਖਦਿਆਂ ਅਮਰਜੀਤ ਨੇ ਅੱਗੇ ਕਿਹਾ, 'ਜੇਕਰ ਸਾਡੇ ਸਮੂਹ ਸਟਾਫ ਵਲੋਂ ਮਹਿਜ਼ ਪੰਜ ਸੌ ਦਿੱਤੇ ਜਾਣਗੇ ਤਾਂ ਭਲਾਂ ਸਵੀਪਰ ਦੀ ਨਜ਼ਰ ਵਿਚ ਸਾਡੀ ਹੈਸੀਅਤ ਕੀ ਰਹਿ ਜਾਵੇਗੀ?' ਮੈਡਮ ਅਮਰਜੀਤ ਦੇ ਬੇਬਾਕ ਬੋਲ ਸੁਣ ਮੀਟਿੰਗ ਵਿਚ ਜਿਵੇਂ ਸੰਨਾਟਾ ਛਾ ਗਿਆ ਤੇ ਉੱਧਰ ਹੈੱਡਮਾਸਟਰ ਜਿਵੇਂ ਕੱਚਾ ਜਿਹਾ ਹੋਇਆ ਟੇਬਲ 'ਤੇ ਪਏ ਪੇਪਰ ਵੇਟ ਨੂੰ ਲਗਾਤਾਰ ਘੁਮਾ ਰਿਹਾ ਸੀ ਤੇ ਸ਼ਾਇਦ ਉਹਨੂੰ ਆਪਣੇ ਦੁਆਰਾ ਕੁਝ ਦੇਰ ਪਹਿਲਾਂ ਬੋਲਿਆ ਸ਼ਬਦ' ਹੈਸੀਅਤ' ਸੂਲ ਵਾਂਗ ਚੁੱਭ ਰਿਹਾ ਸੀ।

---

ਜਸ਼ਨ ਦੱਸੇ, ''ਖੁਸ਼ੀ ਬਿਊਟੀ ਪਾਰਲਰ ਖੋਲ੍ਹਿਐ, ਬੀਬੀ, ਮੇਰੀ ਮੰਮੀ ਨੇ।''

ਪਿੰਡ ਦੀਆਂ ਕੁੜੀਆਂ, ਬਹੂਆਂ ਦਾ ਤਾਂ ਦਿਨਾਂ 'ਚ ਇਹਦੇ ਕੋਲ ਮੇਲਾ ਲੱਗਣ ਲੱਗ ਪਿਆ। ਪੜ੍ਹੀਆਂ-ਲਿਖੀਆਂ ਵੱਧ ਆਉਂਦੀਆਂ। ਮੇਰਾ ਮਨ ਅੰਦਰੋਂ ਦਹਿਲਿਆ ਕਰੇ। ਮੁਟਿਆਰਾਂ ਧੀਆਂ ਨੇ ਲੋਕਾਂ ਦੀਆਂ। ਕੋਈ ਕਸੂਤਾ ਪੰਗਾ ਬਿਜ ਗਿਆ, ਚੁਗਣਾ ਔਖਾ ਹੋਜੂ। ਰੋਜ਼ ਨਵੀਆਂ-ਨਵੀਆਂ ਚੀਜ਼ਾਂ ਲਿਆ ਕੇ ਵਿਖਾਉਂਦੀ, ''ਬੀਬੀ ਵੇਖ ਕਿਮੇਂ ਲੱਗਦੀ ਐ।''

ਕਦੇ ਜਵਾਕ ਚੱਕ ਲਿਆਉਂਦੇ ਸ਼ੀਸ਼ੀਆਂ-ਡੱਬੀਆਂ ਜੀਆਂ, ''ਬੀਬੀ ਆਹ ਵੇਖ, ਔਹ ਵੇਖ।''

ਮਖਿਆਂ, 'ਵੇ ਮੈਨੂੰ ਇਨ੍ਹਾਂ ਦਾ ਕੀ ਭੇਤ ਐ?'

ਦੁਕਾਨ ਕਰੀ ਤੋਂ ਕੁਛ ਚਿਰ ਮਗਰੋਂ ਦਰਜੀਆਂ ਦੀ ਚੰਦੋ ਘਰੇ ਆਗੀ। ਬੈਠੀ ਰਹੀ ਗੱਲਾਂ ਕਰਦੀ। ਜਾਣ ਲੱਗੀ ਕਹਿੰਦੀ, ''ਨੀਂ ਤੇਰੀ ਨੂੰਹ ਦਾ ਪਾਰਲਰ ਤਾਂ ਵਿਖਾ ਦੇ ਅੰਦਰੋਂ। ਬਾਹਰੋਂ ਤਾਂ ਕੁਛ ਦੀਂਹਦਾ ਨੀਂ।''

ਬਾਹਰਲੇ ਬਾਰ ਵੰਨੀ ਜਾਂਦੀਆਂ ਅਸੀਂ ਦੋਵੇਂ ਅੰਦਰ ਵੜਗੀਆਂ। ਚਾਰੇ ਪਾਸੇ ਸ਼ੀਸ਼ੇ। ਮੈਂ ਤਾਂ ਆਵਦਾ ਮੂੰਹ ਵੇਖ ਕੇ ਈ ਭਵੰਤਰਗੀ। ਕੀ ਦਾ ਕੀ ਬਣਿਆ ਪਿਐ। ਖੜ੍ਹੀ ਮੈ ਤਾਂ ਆਵਦੇ ਬੰਨ੍ਹੀ ਝਾਕੀ ਜਾਵਾਂ। ਆਵਦੀਓ ਸਿਆਣ ਨਾ ਆਵੇ। ਮੂੰਹ ਤੇ ਗਰਦਨ ਦਾ ਮਾਸ ਕਿਵੇਂ ਢਿਲਕਿਆ ਪਿਐ। ਕੀ ਦਾ ਕੀ ਬਣ ਗਿਆ ਦੇਹ ਦਾ। ਲੱਤਾਂ ਪੁਰਾਣੇ ਵਣ ਦੇ ਡ੍ਹਾਣਿਆਂ ਵਾਂਗੂੰ ਵਿੰਗੀਆਂ ਕਮਾਣ ਬਣੀਆਂ ਦਿਸਣ। ਐਡੇ ਵੱਡੇ ਸ਼ੀਸ਼ੇ ਮੂਹਰੇ ਮੈਂ ਤਾਂ ਕਦੇ ਖੜ੍ਹੀਓ ਨੀਂ ਸੀ। ਜਿਹਦੇ 'ਚ ਸਿਰ ਤੋਂ ਲੈ ਕੇ ਪੈਰਾਂ ਤੱਕ ਸਰੀਰ ਦੀਂਹਦਾ ਹੋਵੇ। ਪਿੱਠ ਭਵਾਂ ਕੇ ਦੂਜੀ ਕੰਧ ਵੰਨੀਂ ਝਾਕਦੀ ਆਂ, ਸ਼ੀਸ਼ਿਆਂ ਆਲੀਆਂ ਅਲਮਾਰੀਆਂ 'ਚ ਨਵੇਂ-ਨਵੇਂ ਡਜ਼ੈਨ ਦੇ ਕੁੜੀਆਂ ਆਲੇ ਕੱਪੜੇ ਟੰਗੇ ਪਏ, ਭਾਂਤ-ਭਾਂਤ ਦੇ ਰੰਗਾਂ ਦੀਆਂ ਅੰਗੀਆਂ, ਲੈਸ ਵਾਲੀਆਂ ਸਮੀਜ਼ਾਂ ਤੇ ਹੋਰ ਬਥੇਰਾ ਕੁਛ। ਇਕ ਪਾਸੇ ਗੱਦੇ ਆਲੀਆਂ ਉੱਚੀਆਂ-ਉੱਚੀਆਂ ਦੋ ਕੁਰਸੀਆਂ। ਕੋਲ ਨਿੱਕੀ ਜਿਹੀ ਟੂਟੀ, ਮੂਹਰੇ ਮੂੰਹ ਧੋਣ ਆਲਾ ਚਿੱਟਾ ਚੀਨੀ ਦਾ ਬੱਠਲ ਜਾਹ। ਵੇਖ ਕੇ ਚੰਦੋ ਕਹਿੰਦੀ, ''ਆਹ ਕਾਹਦੇ ਵਾਸਤੇ ਐ।''

ਮਖਿਆਂ, ''ਮੈਂ ਤਾਂ ਆਪ ਤੇਰੇ ਵਰਗੀ ਆਂ, ਭੈਣੇ। ਮੈਂ ਨੀਂ ਅੰਦਰ ਵੜਦੀ, ਇਹ ਆਵਦਾ ਆਪ ਵੇਖਣ ਸਮਝਣ।'' ਮੁੜਦੀ ਦੇ ਦਿਮਾਗ 'ਚ ਸਗੋਂ ਹੋਰ ਨਵਾਂ ਗੁਬਾਰ ਚੜ੍ਹ ਗਿਆ। ਮੈਨੂੰ ਤਾਂ ਇਨ੍ਹਾਂ ਗੱਲਾਂ ਤੋਂ ਡਰ ਬਹੁਤ ਲੱਗਦੈ। ਰਾਤ ਨੂੰ ਕਈ ਵਾਰੀ ਕਿੰਨੇ ਹੋਰੂੰ ਹੋਰੂੰ ਜੇ ਖਿਆਲ ਮਨ 'ਚ ਭਾਰੂ ਹੋ ਜਾਂਦੇ ਨੇ। ਨੀਂਦ ਨਈਂ ਆਉਂਦੀ। ਨੀਂਦ ਆਉਣੀ ਤਾਂ ਕੀ, ਮੈਂ ਤਾਂ ਦਹਿਲ ਜਾਨੀ ਆਂ। ਡਰਦੀ ਇਨ੍ਹਾਂ ਤੋਂ ਵੀ ਕੁਛ ਨੀਂ ਪੁੱਛਦੀ। ਭੱਜ ਕੇ ਪੈਣਗੇ।

ਕਈ ਵਾਰੀ ਦਿਨ ਚੜ੍ਹਦੇ ਨਾਲ ਹੋਰ ਈ ਭਾਂਤ-ਭਾਂਤ ਦੀਆਂ ਚੜ੍ਹੀਆਂ ਜਿਹੀਆਂ ਅੱਖਾਂ ਵਾਲੀਆਂ ਆ ਖੜ੍ਹਦੀਆਂ ਨੇ, ਉਨ੍ਹਾਂ ਦੀਆਂ ਨਿੱਕੀਆਂ-ਨਿੱਕੀਆਂ ਝੱਗੀਆਂ ਤੇ ਘੁਟਵੀਆਂ ਜੀਆਂ ਲਿਓੜਾਂ ਵਰਗੀਆਂ ਮੋਟੀਆਂ ਪੈਂਟਾਂ, ਜਿਹਨੂੰ ਇਹ ਜੀਨਾਂ-ਜੀਨਾਂ ਕਰਦੀਆਂ ਰਹਿੰਦੀਆਂ ਨੇ, ਵੇਖ ਮੈਂ ਹੈਰਾਨ ਹੋਈ ਜਾਨੀ ਆਂ। ਇਹ ਬਹਿੰਦੀਆਂ ਉੱਠਦੀਆਂ ਕਿਵੇਂ ਨੇ। ਜੇ ਕਿਤੇ ਕਮਲ ਘਰ ਦੇ ਕੰਮ 'ਚ ਏਧਰ-ਓਧਰ ਹੁੰਦੀ ਤਾਂ ਮੈਨੂੰ ਬਿਠਾਉਣੀਆਂ ਪੈਂਦੀਆਂ ਨੇ।

ਇਕ ਆਈ ਬਹੁਤ ਚਰਪਰੀ ਪਟੱਕ-ਪਟੱਕ ਗੱਲਾਂ ਕਰੇ। ਜੈ ਖਣੇ ਦੀ ਮੇਰੀਆਂ ਉਂਗਲੀਆਂ ਫੜ ਕੇ ਆਖੇ, ''ਆਂਟੀ ਜੀ, ਵੇਖੋ ਮੇਰੇ ਪਰਡਕਟ ਦਾ ਕਮਾਲ।''

ਮਖਿਆਂ, ''ਫੋਟ ਤੇਰੇ, ਲੱਗਦੀ ਆਂਟੀ ਦੀ।''

ਨਿੱਕੀ ਜਿਹੀ ਸ਼ੀਸ਼ੀ ਖੋਲ੍ਹ ਕੇ ਮੇਰੀਆਂ ਉਂਗਲੀਆਂ ਦੇ ਨਹੁੰਆਂ 'ਤੇ ਲਾਉਣ ਲੱਗਪੀ। ਮੈਂ ਹੱਥ ਛੁਡਾਅ ਲਿਆ। ਫੇਰ ਵੀ ਆਹੀ ਜੀ ਹਰਾਬੜ ਵੇਖੀ, ਹੱਸਦੀ-ਹੱਸਦੀ ਮੇਰੇ ਗੂਠੇ 'ਤੇ ਘਸਾਗੀ ਬਾਰਨਸ਼ ਦੇ ਮੁਸ਼ਕ ਆਲਾ ਪਿਆਜੀ ਜਾ ਰੰਗ। ਮੈਂ ਓਸੇ ਵੇਲੇ ਚੁੰਨੀ ਨਾਲ ਲਾਹਤਾ। ਐਨੇ ਨੂੰ ਕਮਲ ਆਗੀ। ਉਹ ਲੈਗੀ। ਤੁਰਦੀ ਦੇ ਉੱਚੇ-ਉੱਚੇ ਸੈਂਡਲ ਤੇ ਤੋਰ ਵੇਖ ਕੇ ਭੈਅ ਆਵੇ। ਕਮਲ ਨੇ ਮਗਰੋਂ ਆ ਕੇ ਦੱਸਿਆ, 'ਇਹ ਕੰਪਨੀਆਂ ਆਲੀਆਂ ਨੇ। ਇਹ ਨੀਂ ਜਕਦੀਆਂ-ਜੁਕਦੀਆਂ। ਇਨ੍ਹਾਂ ਦਾ ਕੰਮ ਐ। ਬਥੇਰੇ ਪੈਸੇ ਕਮਾਉਂਦੀਆਂ ਨੇ ਇਹ।''

''ਮਖਿਆ, ''ਆਹੋ ਸਾਰਾ ਮੁਲਖ਼ ਤਾਂ ਹੁਣ ਇਨ੍ਹਾਂ ਕੰਮਾਂ 'ਤੇ ਹੋਇਆ ਪਿਐ। ਵਿਆਹੀ ਕੁਆਰੀ ਦਾ ਫ਼ਰਕ ਈ ਪਤਾ ਨੀਂ ਲੱਗਦਾ। ਸਭ ਦੇ ਮੂੰਹ ਸਿਰ ਰੰਗੇ ਹੋਏ ਨੇ। ਇਨ੍ਹਾਂ 'ਚ ਰਹਿੰਦੀ, ਉੱਠਦੀ ਬਹਿੰਦੀ, ਕਮਲ ਵੀ ਓਨ੍ਹਾਂ ਵਰਗੇ ਉੱਚੇ ਨੀਵੇਂ ਜੇ ਕੱਪੜੇ ਪਾਉਣ ਲੱਗਪੀ। ਆਥਣੇ ਵਿਹਲੀ ਹੋ ਕੇ ਕਮੀਜ਼ ਸਲਵਾਰ ਦੀ ਥਾਂ ਨਿੱਕੀ ਜਿਹੀ ਬਨੈਣ ਵਰਗੀ ਝੱਗੀ ਤੇ ਲਿਲਕ-ਲਿਲਕ ਕਰਦਾ ਪੈਂਟ ਪਜਾਮਾ ਜਿਹਾ ਪਾ ਕੇ, ਆ ਬਹਿੰਦੀ।''

ਰੋਟੀ ਫੜਾਉਣ ਆਈ ਬੋਲਦੀ, ''ਐਨੀ ਗਰਮੀ 'ਚ ਭਾਰੀ ਕੱਪੜੇ ਪਾ ਕੇ ਰਸੋਈ 'ਚ ਕਿੱਥੇ ਕੰਮ ਹੁੰਦੈ।''

ਮਖਿਆਂ, ''ਭਾਈ ਜਿਵੇਂ ਸੂਤ ਆਉਂਦੈਂ ਕਰੀ ਚੱਲੋ।''

ਸੂਤ ਆਉਣ ਆਲੀ ਗੱਲ ਤੋਂ ਚੇਤੇ ਆਉਂਦੈ, ਓਸ ਦਿਨ ਮੇਰਾ ਚਿੱਤ ਬਹੁਤ ਖਰਾਬ ਹੋਇਆ। ਜਿਹੜੀਆਂ ਗੱਲਾਂ ਤੋਂ ਡਰਦੀ ਸੀ! ਦੋਵੇਂ ਜਵਾਕ ਸਕੂਲੋਂ ਆ ਕੇ ਮਾਂ ਕੋਲ ਅੰਦਰ ਵੜੇ ਬੈਠੇ ਵੇਖਦੇ ਰਹਿੰਦੇ। ਜਸ਼ਨ ਤੇ ਪਲਕ ਜਦੋਂ ਸਬਾਤ 'ਚ ਆਏ ਮੇਰੇ ਤਾਂ ਸਿਆਣ 'ਚ ਈ ਨਾ ਆਉਣ। ਜਸ਼ਨ ਦੇ ਸਿਰ 'ਤੇ ਕੱਦੂ ਵਰਗਾ ਜੂੜਾ ਹੈਨੀ ਸੀ, ਗਿੱਚੀ ਐ ਕੱਢੀ ਪਈ ਮੁੱਚਰ ਵਰਗੀ। ਸਿਰ 'ਤੇ ਨਿੱਕੀਆਂ-ਨਿੱਕੀਆਂ ਬੂਦਰੀਆਂ 'ਤਹਾਂ ਨੂੰ ਐ ਖੜ੍ਹੀਆਂ ਜਿਵੇਂ ਮੀਂਹ ਮੰਗਣ ਵਾਲਾ ਬੋਦਾ ਖੜ੍ਹਾ ਹੁੰਦੈ। ਇਹੀ ਹਾਲ ਪਲਕ ਦਾ ਲਿਸ਼-ਲਿਸ਼ ਕਰਦੇ ਪੂਰੀ ਢੂਹੀ ਤੱਕ ਆਉਂਦੇ ਦੀ ਥਾਂ ਲੰਡੇ ਕੀਤੇ ਵਾਲਾਂ ਦੀ ਛੱਤਰੀ ਜੀ ਬਣਾਈ ਪਈ, ''ਮਖਿਆ ਇਹ ਕੀ ਵੇ?'' ਓਸੇ ਵੇਲੇ ਸਾਹ ਨਿਕਲਣ ਆਲਿਆਂ ਵਾਂਗੂੰ ਚੀਕ ਮਾਰ ਕੇ ਕਮਲ ਨੂੰ ਬੋਲ ਮਾਰਿਆ, ਤਾਂ ਕਹਿੰਦੀ, ''ਮੰਮੀ ਅੱਜ-ਕੱਲ੍ਹ ਤਾਂ ਜਵਾਕ ਵੇਖੋ-ਵੇਖ ਐਈਂ ਕਰਦੇ ਨੇ, ਕਿੰਨੇ ਦਿਨਾਂ ਦੇ ਤੰਗ ਕਰਦੇ ਸੀ। ਮੈਂ ਕਾਜਲ ਨੂੰ ਕਿਹਾ ਮੁਕਾਅ ਕੰਮ। ਇਨ੍ਹਾਂ ਨੇ ਨੀ ਹਟਣਾ।''

ਮਖਿਆ, ''ਨੀਂ ਆਪਣੇ ਤਾਂ ਵੱਡ-ਵਡੇਰਿਆਂ ਦੀ ਨਿਸ਼ਾਨੀ ਨੇ ਕੇਸ।'' ਕੁਛ ਕਹੇ ਬਿਨਾਂ ਫੇਰ ਦੁਕਾਨ 'ਚ ਜਾ ਵੜੀ।

ਮਨ ਔਖਾ ਰਿਹਾ ਕਈ ਦਿਨ।

ਪਰ ਕੀ ਪਤਾ ਸੀ ਜਵਾਕ ਦੀ ਅੜੀ ਤਾਂ ਸੁਣਦੇ ਆਏ ਆਂ। ਜਦੋਂ ਵੱਡੇ ਵੀ ਅੜ੍ਹੀਆਂ ਕਰਨ, ਫੇਰ ਕੀ ਕਰੀਏ। ਇਹਨੂੰ ਚੰਦਰੀ ਨੂੰ ਐਂ ਨੀਂ, ਵੀ ਮੇਰੀ ਮਾਂ, ਮੇਰੇ ਮੂਹਰੇ ਬਿਰੜੇ ਪਾਈ ਜਾਂਦੀ ਐ, ਮੈਂ ਕੁਛ ਤਾਂ ਸੋਚਾਂ।

ਨਹੀਂ, ਕਿਸੇ ਗੱਲ 'ਤੇ ਆਈ। ਇਸੇ ਗੱਲ ਦਾ ਡਰ ਐ।

ਇਹਦੇ ਕੋਲ ਪਿੰਡ ਤੇ ਨਾਲ ਲੱਗਦੇ ਪਿੰਡਾਂ ਦੀਆਂ ਕੁੜੀਆਂ ਕੰਮ ਸਿੱਖਣ ਆ ਜਾਂਦੀਆਂ ਨੇ। ਆਹ ਬਾਹਰਲੇ ਬਾਰ ਮੂਹਰੇ ਕਾਲੇ ਸ਼ੀਸ਼ੇ ਲਵਾਏ ਨੇ, ਇਨ੍ਹਾਂ 'ਚੋਂ ਅੰਦਰੋਂ ਤਾਂ ਪੂਰਾ ਦੀਂਹਦੈ ਬਾਹਰੋਂ ਕੁਛ ਪਤਾ ਨੀਂ ਲੱਗਦਾ। ਪਰ੍ਹੇ ਡੇਰੇ ਵੰਨੀਓਂ ਘਰਾਂਚੋਂ ਆਲੇ ਮਿਸਤਰੀਆਂ ਦੀ ਕੁੜੀ ਕੰਮ ਸਿੱਖਣ ਆਉਂਦੀ, ਪਿੰਡ ਦੇ ਕੁਛ ਲੰਡਰ ਜੇ ਉਹਦੇ ਮਗਰ-ਮਗਰ ਆਇਆ ਕਰਨ। ਗੰਦ ਬਕਿਆ ਕਰਨ। ਇਕ-ਦੋ ਵਾਰੀ ਵੱਡਾ ਗੇਟ ਖੁੱਲ੍ਹਾ ਹੁੰਦਾ, ਮੈਂ ਵੀ ਵੇਖੇ, ਕੁੜੀ ਨੇ ਕਮਲ ਨੂੰ ਦੱਸਿਆ। ਉਹਨੇ ਹਾਕਮ ਨਾਲ ਗੱਲ ਕੀਤੀ ਤਾਂ ਹਾਕਮ ਕਹਿੰਦਾ, ''ਚੌਕੀ 'ਚ ਰਪਟ ਲਿਖਾਉਨੇ ਆਂ।''

ਲੈ ਕਿਹੜੀ ਚੌਕੀ, ਇਹ ਕਿੱਥੇ ਮੰਨਣ ਆਲੀ ਸੀ। ਚੌਕ 'ਚ ਜਾ ਖੜ੍ਹੀ। ਸਿੱਧੀਆਂ ਸੁਣਾਈਆਂ। ਮੁੜ ਕੇ ਨੀ ਛਿਪੇ ਇਧਰ ਕਦੇ। ਐਨੀ ਨਿਡਰ ਐ। ਮੇਰੇ ਤਾਂ ਓਦੋਂ ਦਾ ਹਰ ਵੇਲੇ ਡਰ ਬਣਿਆ ਰਹਿੰਦੈ। ਹੁਣ ਇਹ ਸਾਰੀਆਂ ਗੱਲਾਂ ਮੇਰੇ ਸਹਿਮ ਦਾ ਸਬੱਬ ਬਣੀ ਜਾਂਦੀਆਂ ਨੇ।

ਇਹਨੇ ਕੋਈ ਗੱਲ ਈ ਨੀਂ ਗੌਲੀ। ਸਰਸਰੀ ਮੇਰੇ ਸਿਰਹਾਣੇ ਖੜ੍ਹ ਕੇ ਕਹਿ ਗਈ, ''ਮੈਂ ਜਾਊਂਗੀ।'' ਇਹ ਦੋ ਲਫ਼ਜ਼ ਚੇਤੇ ਆਉਂਦੇ ਐ, ਮੇਰਾ ਅੰਦਰਲਾ ਬਾਹਰ ਨੂੰ ਆ ਰਿਹੈ। ਇਹਨੇ ਕੋਈ ਨੀਂ ਸੁਣੀ, ਆਵਦਾ ਰਾਗ ਅਲਾਪਦੀ ਤੁਰਗੀ।

ਬਾਹਰਲਾ ਬਾਰ ਖੜਕਦੈ। ਨਿਗਾਹ 'ਤੇ ਦਿਮਾਗ 'ਤੇ ਪੂਰਾ ਜ਼ੋਰ ਦੇ ਕੇ ਬਾਹਰ ਵੰਨ੍ਹੀਂ ਝਾਕਦੀ ਆਂ। ਗੋਰੀ ਨਿਸ਼ੋਹ ਭਰਵੇਂ ਸਰੀਰ ਵਾਲੀ ਹੱਥ 'ਚ ਵੱਡਾ ਸਾਰਾ 'ਟੈਚੀ ਲਈ ਅੰਦਰ ਨੂੰ ਆਉਂਦੀ ਐ।

''ਮੈਮ ਅੱਜ ਪਾਰਲਰ 'ਤੇ ਹੈਨੀ। ਸੋਚਿਆ ਅੰਦਰੋਂ ਪਤਾ ਕਰਲਾਂ।''

ਕਹਿ ਉਹ ਮੇਰੇ ਕੋਲ ਪਈ ਪਲਾਸਟਿਕ ਦੀ ਕੁਰਸੀ 'ਤੇ ਬਹਿ ਜਾਂਦੀ ਐ।

ਉਸਦਾ ਖੁੱਲ੍ਹਾ ਜਾ ਪਜਾਮਾ 'ਤੇ ਗੋਡਿਆਂ ਤੋਂ ਨੀਵਾਂ ਸਾਧਾਂ ਵਰਗਾ ਖੁੱਲ੍ਹਾ ਕੁੜਤਾ ਵੇਖ ਕੇ ਧਕ-ਧਕ ਵਜਦੈ ਕਾਲਜਾ। ਐਹਾ ਜਾਹ ਹੀ ਪਾ ਕੇ ਅੱਜ ਉਹ ਨਿਕਲੀ ਐ ਘਰੋਂ। ਮੇਰੇ ਮੂਹਰੇ ਬੈਠੀ ਇਹ ਦਿੱਲੀ ਕਰਨਾਲ ਆਲੀ ਸਾਧਣੀ ਵਰਗੀ ਲੱਗਦੀ ਐ। ਜਿਹੜੀ ਤੜਕੇ-ਤੜਕੇ ਈ ਟੈਲੀਵੀਜ਼ਨ 'ਤੇ ਕਥਾ ਜੀ ਕਰਦੀ ਹੁੰਦੀ ਹੈ। ਉਹਦੀਆਂ ਅੱਖਾਂ ਦੇ ਭਰਵੱਟੇ ਦਸੂਤੀ ਦੇ ਧਾਗੇ ਜਿੰਨੀਆਂ ਬਰੀਕ ਬਰੀਕ ਲਖੀਰਾਂ ਵਾਂਗੂੰ ਹੁੰਦੇ ਨੇ।

ਇਹਨੇ ਵੀ ਬੈਠਦੀ ਨੇ ਆਵਦਾ ਰਾਗ ਅਲਾਪਣਾ ਸ਼ੁਰੂ ਕਰ ਦਿੱਤੈ।

''ਮਾਤਾ ਜੀ ਇਹ ਸੋਹਣਾ ਬਣਨਾ ਤਾਂ ਹੈ ਹੀ। ਸਰੀਰ ਦੀ ਸਾਂਭ-ਸੰਭਾਲ ਤੇ ਸਫ਼ਾਈ ਵੀ ਐ। ਜੇ ਆਪਾਂ ਹੱਥਾਂ ਪੈਰਾਂ ਦੇ ਨੌਹਾਂ ਦੀ ਸਫ਼ਾਈ ਨਾ ਕਰੀਏ, ਤਾਂ ਹੇਠਾਂ ਮੈਲ ਜੰਮ ਜਾਂਦੀ ਐ। ਓਦੂੰ ਮਗਰੋਂ ਇਹ ਉੱਲੀ ਬਣ ਜਾਂਦੀ ਐ।''

''ਨੀਂ ਇਹ ਤਾਂ ਹੁਣੇ ਈ ਆਈ ਐ। ਸਾਡੇ ਪਿੰਡ 'ਚ ਤਾਂ, ਕਮਲ ਦੀ ਦੁਕਾਨ ਖੁੱਲ੍ਹਣ ਮਗਰੋਂ, ਜਦੋਂ ਦੀਆਂ ਤੁਸੀਂ ਆਉਣ ਲੱਗੀਓਂ। ਸਾਡੇ ਵੇਲੇ ਤਾਂ ਕੋਈ ਉੱਲੀ ਅੱਲੀ ਨੀਂ ਹੁੰਦੀ ਸੀ। ਇਹ ਸਾਰੇ-ਕਾਸੇ ਤੋਂ ਪਹਿਲਾਂ ਵੀ ਲੋਕ ਸੋਹਣੇ ਬਣਦੇ ਸੀ। ਹਾਰ ਸ਼ਿੰਗਾਰ ਕਰਦੇ ਸੀ। ਹੁਣ ਭਾਈ ਪੈਸੇ ਦੀ ਖੇਡ ਹੋਗੀ। ਸਾਡੇ ਨਾਲ ਈ, ਜੋਗਾ-ਰੱਲਾ ਪਿੰਡ ਨੇ, ਲੋਕ ਦੱਸਦੇ ਐ ਵੀ ਇੱਥੇ ਪਰੀਆਂ ਆਈਆਂ ਸੀ। ਪਰੀਆਂ ਦੀ ਔਲਾਦ ਐ, ਓਥੋਂ ਦੇ ਲੋਕ। ਸਾਰੇ ਮੁੰਡੇ ਕੁੜੀਆਂ ਇਕ ਤੋਂ ਇਕ ਛੈਲ ਜੁਆਨ ਨਿਖ਼ਰਦੇ ਨੇ।''

''ਤੂੰ ਕਿਧਰ ਦੀ ਐ?''

''ਮਾਤਾ ਜੀ, ਮੈਂ ਤਾਂ ਮੋਗੇ ਕੋਲ ਦੀ ਆਂ।''

''ਲੈ ਦੌਧਰ ਆਲੀ ਧੰਨ ਕੁਰ ਜੀਹਦੀ ਬੋਲੀ ਪੈਂਦੀ ਐ ਸਾਰੇ ਥੋਡੇ ਮੋਗੇ ਕੋਲ ਦੀ ਓ ਸੀ। ਉਹਦੇ ਸੁਹੱਪਣ ਤੇ ਮੜ੍ਹਕ ਕਰਕੇ ਦੌਧਰ ਪਿੰਡ ਮਸ਼ਹੂਰ ਹੋਇਐ।''

ਉਹ ਮੋਟੀਆਂ ਮੋਟੀਆਂ ਬਲੌਰੀ ਅੱਖਾਂ ਮਟਕਾਉਂਦੀ ਬੋਲਦੀ ਐ,''ਬੀਬੀ ਜੀ ਮੈਂ ਇਨ੍ਹਾਂ ਗੱਲਾਂ ਬੰਨੀਂ ਕਦੇ ਧਿਆਨ ਨੀਂ ਦਿੱਤਾ।''

''ਇਸੇ ਸੁਹੱਪਣ ਦੇ ਪੁਆੜੇ ਕਰਕੇ ਸ਼ਹਿਰ ਸਾਰਾ ਪਿੰਡਾਂ ਬੰਨੀਂ ਤੁਰਿਆ ਆਉਂਦੈ ਲੁੱਟਣ ਨੂੰ। ਨਿੱਤ ਨਵੀਆਂ ਖੇਡਾਂ ਖੇਡਦੇ ਨੇ ਵਪਾਰੀ।''

''ਨਹੀਂ ਮਾਤਾ ਜੀ, ਅਸੀਂ ਤਾਂ ਮਿਹਨਤ ਕਰਦੀਆਂ।''

''ਨੀਂ ਥੋਡੀ ਗੱਲ ਨੀਂ, ਹੋਰ ਬਥੇਰੇ ਢੰਗ ਕਰਦੇ ਨੇ ਇੱਥੇ ਆ ਕੇ।'' ਇਹਦੇ ਨਾਲ ਇਹ ਗੱਲਾਂ ਮੈਂ ਅੰਦਰੋਂ ਉੱਖੜੇ ਮਨ ਨੂੰ ਓਡੋਕਣ ਦੇਣ ਲਈ ਮਾਰੀ ਜਾਨੀ ਆਂ। ਮਨ ਤਾਂ ਕਿਤੇ ਹੋਰ ਫਿਰਦੈ ਔਂਟਲਿਆ।

ਕੁੜੀ ਵੀ ਉੱਠਣ ਨੂੰ ਅਹੁਲਦੀ ਐ। ਤੁਰਨ ਲੱਗੀ ਨੂੰ ਐਨਾ ਈ ਆਖਦੀ ਆਂ, ''ਬਾਰ ਭੇੜ ਜੀਂ, ਬੀਬਾ।'' ਉਸਦੇ ਜਾਣ ਦੇ ਨਾਲ ਈ ਮਨ ਦੀਆਂ ਘੰਟੀਆਂ ਫੇਰ ਭੂਚਾਲ ਪਾਉਣ ਲੱਗਪੀਆਂ ਨੇ। ਆਹ ਜਿਹੜੀ ਉੱਠ ਕੇ ਗਈ ਐ, ਇਹਦਾ ਮੂੰਹ ਮੁਹਾਂਦਰਾ ਵੇਖ, ਤੇ ਗੱਲਾਂ ਸੁਣ ਕੇ ਮਨ ਟਿਕਣ ਦੀ ਬਜਾਏ ਸਗੋਂ ਹੋਰ ਉਖੜ ਗਿਐ। ਸਾਂਭ-ਸੰਭਾਲ ਤੇ ਸਰੀਰ ਦੀ ਸੇਵਾ ਦੀਆਂ ਗੱਲਾਂ ਸੁਣ ਕੇ ਬਿਰਤੀ ਬਹੁਤ ਪਿਛਾਂਹ ਤੁਰ ਜਾਂਦੀ ਐ। ਆਵਦੀ ਹੋਈ ਬੀਤੀ ਮੂਹਰੇ ਆ ਖੜ੍ਹਦੀ ਐ। ਲੋਕਾਂ ਦੀਆਂ ਨੂੰਹਾਂ, ਧੀਆਂ ਦੇ ਜਾਪੇ ਤਾਂ ਮੈਂ ਪਹਿਲਾਂ ਹੀ ਕਰਵਾਉਂਦੀ ਸੀ। ਹਾਕਮ ਹੋਰਾਂ ਦਾ ਪਿਓ ਤੁਰ ਗਿਆ। ਮੈਂ ਮਨ 'ਚ ਧਾਰਲੀ ਹੁਣ ਇਹ ਜਿੰਦੜੀ ਲੋਕਾਂ ਦੇ ਲੇਖੇ ਈ ਲਾਉਣੀ ਐ। ਨਾ ਦਿਨ ਵੇਖਦੀ, ਨਾ ਰਾਤ, ਜਦੋਂ ਕੋਈ ਆ ਜਾਂਦਾ ਓਹਦੇ ਨਾਲ ਈ ਤੁਰ ਪੈਂਦੀ। ਸਾਰੇ ਪਿੰਡ 'ਚ ਮੇਰੀ ਇਹ ਪੂਰੀ ਮਾਨਤਾ ਸੀ, ਲੋਕ ਗੱਲਾਂ ਕਰਦੇ ਜਿਹੜੇ ਕੇਸ ਨੂੰ ਹੱਥ ਪਾਉਂਦੀ ਐ, ਕੁਦਰਤ ਦੀ ਮਿਹਰ ਹੁੰਦੀ ਐ। ਜਿਹਦੇ ਵੀ ਘਰੇ ਗਈ ਐ, ਚੰਗੀ ਚੀਜ਼ ਦੇ ਬੂਟੇ ਲਾਏ ਨੇ। ਕੀ ਪਤਾ ਹੁੰਦੈ ਵਕਤ ਦਾ।

ਉਹ ਦਿਨ ਕਿੱਥੇ ਭੁਲਦੈ, ਆਲਮ ਕੇ ਕੋਠਿਆਂ 'ਚੋਂ ਭੈਣੀ ਆਲਿਆਂ ਦਾ ਕੈਲਾ ਤੇ ਓਹਦੀ ਤੀਮੀਂ ਮੇਲੋ ਆਗੇ, ਟਰੈਕਟਰ ਲੈ ਕੇ, ਦਿਨ ਛਿਪੇ ਤੋਂ ਮਗਰੋਂ।

ਦਬਾ-ਦਬ ਟਰੈਕਟਰ ਤੋਂ ਉਤਰ ਕੇ ਮੇਲੋ ਕਹਿੰਦੀ, ''ਭਾਨੋ ਭੈਣੇ ਸਾਰੇ ਪਿੰਡ ਨੂੰ ਪਤੈ ਤੇਰੇ ਹੱਥ ਜਸ ਐ। ਮੇਰੀ ਨਣਦ ਆਈ ਹੋਈ ਐ ਜਾਪੇ ਵਾਸਤੇ। ਸਾਨੂੰ ਭੁਲੇਖਾ ਰਹਿ ਗਿਆ ਉਸਦੇ ਤਾਂ ਇੱਕ ਦਮ ਦਰਦਾਂ ਉਠ ਖੜੀਆਂ। ਤੂੰ ਚੱਲ ਹੁਣੇ ਸਾਡੇ ਨਾਲ। ਕੁੜੀ ਦਾ ਦੂਜਾ ਜਾਪੈ, ਪਹਿਲਾਂ ਗੋਦੀ ਕੁੜੀ ਐ। ਤੇਰੇ ਹੱਥੋਂ ਭਲਾ ਹੁੰਦੈ। ਤੇਰਾ ਮਾਨਤਾਨ ਪੂਰਾ ਕਰਾਂਗੇ। ਚੱਲ ਜ਼ਰੂਰ।''

''ਹਾਂ ਭਾਈ ਭਾਨੋਂ, ਅਸੀਂ ਵੱਡੀ ਆਸ ਰੱਖ ਕੇ ਆਏ ਆਂ ਤੇਰੇ ਕੋਲ।'' ਮਗਰੇ ਕੈਲਾ ਬੋਲਦੈ।

ਬਿਨਾਂ ਹੀਲ ਹੁੱਜਤ ਤੋਂ ਮੈਂ ਉਸੇ ਵਕਤ ਤੁਰਪੀ। ਕੁੜੀ ਦਰਦਾਂ ਨਾਲ ਕਰਾਹੀ ਜਾਵੇ। ਸਾਰਾ ਟੱਬਰ ਫ਼ਿਕਰ 'ਚ ਡੁੱਬਿਆ ਪਿਆ। ਜਮਾਈ ਆਇਆ ਬੈਠਾ, ਪਰ੍ਹੇ ਟਾਹਲੀ ਹੇਠ ਬਲਬ ਦੇ ਚਾਨਣੇ। ਮੈਂ ਸਿੱਧੀ ਸਬ੍ਹਾਤ 'ਚ ਵੜਗੀ।

''ਲੈ ਸਰਦਾਰਾ ਲਿਆਂਦੀ ਵਿਹੁ ਮਾਤਾ। ਮੁੰਡਾ ਹੋਊ।'' ਕੈਲੇ ਦੇ ਬੋਲ ਮੇਰੇ ਕੰਨੀਂ ਪਏ।

ਅੱਧੀ ਰਾਤ ਤਾਈਂ ਘੋਲ ਕਰਦੀ ਨੇ ਬੱਚਾ ਜਮਾਅਤਾ, ਨਾੜੂਆ ਕੱਟ ਕੇ, ਪੁੱਠਾ ਲਮਕਾਤਾ। ਬੱਚੇ ਦੀ ਕਿਲਕਾਰੀ ਸੁਣ ਕੇ ਦੋਵੇਂ ਸਾਲਾ ਭਣੋਈਆ ਸਬਾਤ ਦੇ ਬਾਰ ਮੂਹਰੇ ਆ ਖੜ੍ਹੇ।

ਵਿਰਲਾਂ ਵਿਚ ਦੀ ਕੈਲਾ ਪੁੱਛਦੈ, ''ਭਾਨੋ ਕੀ ਬੱਚੈ?''

''ਮਖਿਆਂ ਰੱਬ ਦੀ ਮਰਜ਼ੀ ਐ ਭਾਈ, ਉਸਦੀ ਰਜ਼ਾਅ ਤੋਂ ਬਾਹਰ ਆਪਾਂ ਨੀਂ ਹੋ ਸਕਦੇ। ਧੀ ਆਗੀ।''

ਮੇਰੀ ਗੱਲ ਸੁਣ ਕੇ ਤਖ਼ਤੇ ਐ ਖੜਕੇ ਜਿਵੇਂ ਟੱਕਰ ਮਾਰੀ ਹੋਵੇ ਕਿਸੇ ਨੇ।

ਕੁਛ ਚਿਰ ਮਗਰੋਂ ਮੈਂ ਬਾਹਰ ਆ ਕੇ ਕਿਹਾ, ''ਲੈ ਮੈਨੂੰ ਛੱਡ ਆਓ।''

ਕੈਲੇ ਨੇ ਟਰੈਕਟਰ ਸਟਾਰਟ ਕਰ ਲਿਆ, ਭਣੋਈਆ ਵੀ ਨਾਲ ਬਹਿ ਗਿਆ। ਦੋਵੇਂ ਧੁੱਤ ਹੋਏ ਪਏ। ਮਨ 'ਚ ਆਈ, ਖੈਰ ਰਹੇ। ਟਰੈਕਟਰ ਦਾ ਘਗਾਟ ਪਵਾਈਂ ਜਾਵੇ। ਧੂੰਏਂ ਆਲੇ ਸਲੈਂਸਰ 'ਚੋਂ ਚਿੰਗਾੜੇ ਨਿਕਲਣ। ਟਰੈਕਟਰ ਪਿੰਡ ਵੰਨੀ ਲਿਜਾਣ ਦੀ ਥਾਂ ਪਰ੍ਹੇ ਮੋਟਰ ਵੰਨੀ ਮੋੜ ਲਿਆ। ਮੇਰਾ ਕਾਲਜਾ ਧੱਕ ਧੱਕ ਕਰੇ। ਇਨ੍ਹਾਂ ਦਾ ਬੇੜਾ ਬਹਿਜੇ ਦੋਵੇਂ ਮੈਨੂੰ ਕੋਠੇ ਅੰਦਰ ਘੜੀਸਕੇ ਲੈਗੇ।

''ਲੋਕਾਂ ਦੇ ਘਰ ਭਰਤੇ ਮੁੰਡਿਆਂ ਨਾਲ ਸਾਡੇ ਕੁੜੀਆਂ ਜੰਮਾਉਂਦੀ ਐ, ਸਾਲੀਏ।''

ਦੋਵੇਂ ਜਮਦੂਤ ਫ਼ੁੰਕਾਰੇ ਮਾਰਨ। ਮੇਰੀ ਇਕ ਨਾ ਸੁਣੀ। ਕਿੰਨੇ ਚਿਰ ਮਗਰੋਂ ਟੁੱਟਦੇ ਸਾਹ ਲੈ, ਡਿਗਦੀ ਪੈਂਦੀ ਮੈਂ ਬਾਹਰ ਆਗੀ। ਬੇਸੁਰਤ ਹੋਈ ਨੂੰ ਪਤਾ ਨੀਂ ਕੌਣ ਘਰੇ ਛੱਡ ਗਿਆ?

ਸਾਰੀ ਰਾਤ ਵਿਲਕਦੀ ਰਹੀ। ਕੀਹਨੂੰ ਦੱਸਾਂ? ਕੀਹਦੇ ਕੋਲ ਰੋਵਾਂ! ਮਾਸੂਮ ਦੋਵੇਂ ਛੋਟੇ।

ਉੱਠਣਾ ਤਾਂ ਕੀ, ਕੋਲ ਪਈ ਗੜਵੀ 'ਚੋਂ ਪਾਣੀ ਦੀ ਘੁੱਟ ਲੈਣਾ ਮੁਹਾਲ ਹੋਇਆ ਪਿਐ।

ਮਖਿਆਂ ਮੇਰੇ ਅਬਲਾ 'ਤੇ ਜ਼ੁਲਮ ਕੀਤੈ, ਪਾਪੀਓ ਰੱਬ ਮਾਰੂ ਥੋਨੂੰ। ਇੱਥੇ ਈ ਭੁਗਤੋਂਗੇ। ਦੁਨੀਆਂ ਵੇਖੂਗੀ।

ਰੱਬ ਤਾਂ ਫਿਰ ਦਿਖਾਉਂਦੈ ਆਵਦੇ ਰੰਗ। ਉਹ ਮਾਖੇ ਆਲਾ ਝੋਟਾ ਜਾਹ, ਜਿਹੜਾ 'ਜਾਦੇ ਹੰਕਾਰਿਆ ਸੀ ਲੋਈ ਦੀਆਂ ਬੁੱਕਲਾਂ ਆਲਿਆਂ ਦੇ ਚੜ੍ਹ ਗਿਆ 'ਡਿੱਕੇ, ਦਾਰੂ ਦਾ ਡੱਕਿਆ ਉਨ੍ਹਾਂ ਮੂਹਰੇ ਓਰਲ-ਓਰਲ ਜਾ ਕਰੇ। ਉਨ੍ਹਾਂ ਨੇ ਚਾੜ੍ਹਤਾ ਗੱਡੀ। ਓਸ ਨ੍ਹੇਰੀ 'ਚ ਕੌਣ ਪੁੱਛਦਾ ਸੀ। ਇੱਥੋਂ ਆਲਾ ਸਾਰਾ ਟੱਬਰ ਲੁਕਦਾ ਫਿਰੇ। ਪਿੰਡ 'ਚੋਂ ਕੋਈ ਮਕਾਣ ਵੀ ਨੀਂ ਗਿਆ। ਉਹ ਕੈਲਾ ਕੀੜੇ ਪੈਣਾ ਜਾਂਦਾ ਸੀ ਆਵਦੀ ਭੈਣ ਦੀ ਜ਼ਮੀਨ ਜ਼ਮੂਨ ਵਾਹੁਣ ਟਰੈਕਟਰ ਲੈ ਕੇ। ਰਾਤ ਨੂੰ ਜਾਂਦਾ ਸਣੇ ਟਰੈਕਟਰ ਭਾਖੜਾ 'ਚ ਜਾ ਡਿੱਗਿਆ। ਤੀਜੇ ਦਿਨ ਕੁਸਲੇ ਆਲੇ ਹੈੱਡਾਂ ਤੋਂ ਲਾਸ਼ ਥਿਆਈ ਸੀ। ਡੇਰੇ ਆਲੇ ਸਿਵਿਆਂ 'ਚੋਂ ਲਟ-ਲਟ ਮਚਦੀਆਂ ਲਾਟਾਂ ਨੇ ਮੇਰੇ ਅੰਦਰ ਬਲਦੀ ਅੱਗ ਦੇ ਭਾਂਬੜ ਨੂੰ ਕੁਝ ਮੱਠਾ ਕੀਤਾ। ਅੰਗਿਆਰੇ ਤਾਂ ਹਾਲੇ ਵੀ ਉਵੇਂ ਬਲਦੇ ਐ। ਇਹ ਸਰੀਰ ਦੇ ਨਾਲ ਈ ਜਾਣਗੇ।

ਰੁੜ੍ਹ ਜਾਣੇ ਮਲੰਗ ਸੀ ਸਾਰੇ। ਖੇਤ ਕੱਚੇ-ਕੋਠਿਆਂ 'ਚ ਬੈਠੇ ਸੀ। ਹੁਣ ਆਹ ਪਿਛਲਿਆਂ ਵੇਲੇ ਕੁਛ ਜ਼ਮੀਨ ਬਿਜਲੀ ਆਲੇ ਕਾਰਖਾਨੇ 'ਚ ਆਗੀ। ਪੈਸੇ ਮਿਲਗੇ। ਔਲਾਦ ਨੇ ਉਹਦੀਆਂ ਕੋਠੀਆਂ ਪਾ ਲਈਆਂ। ਜ਼ਮੀਨ ਕਿਹੜੀ ਸੀ ਉਹ ਮਾਰਕੇ ਮੈਰ੍ਹੇ ਦੀ। ਮੂਸੀਆਂ ਕਿਰਲੀਆਂ ਦੀ ਖਾਧ, ਟਿੱਬੇ, ਕੱਕਾ ਰੇਤਾ। ਕਹਾਉਂਦੇ ਤਾਂ ਮਾਰਕੇ ਫੱਨੇ ਖਾਂ ਨੇ ਆਵਦੇ ਆਪਨੂੰ। ਬੈਂਕ ਦਾ ਕਰਜ਼ਾ ਸਿਰ ਐ।

ਏਨ੍ਹਾਂ ਅੰਨੀਆਂ ਬੋਲੀਆਂ ਹਨੇਰੀਆਂ ਦੀ ਭੰਨੀ ਪਈ ਆਂ ਪਰ ਇਹਨੂੰ ਕੋਈ ਖਿਆਲ ਈ ਨੀਂ। ਭੱਲੜੀ ਨੇ ਆਹ ਜਿਹੜੀ ਨਵੀਂ ਜ਼ਿੱਦ ਫੜੀ ਐ ਇਹਨੇ ਮੇਰੇ ਅੰਦਰਲਾ ਨਸੂਰ ਫੇਰ ਉਚੇੜ ਦਿੱਤੇ। ਰਿਸਦਾ ਰਹੂ ਸਾਰੀ ਉਮਰ। ਚੰਦਰੀ ਕੁਸ਼ ਤਾਂ ਅਸਰ ਕਰਦੀ। ਮੇਰੇ ਕਹੇ ਦਾ।

ਬਾਹਰਲਾ ਗੇਟ ਖੜਕਦੈ। ਬਰਾਂਡੇ 'ਚ ਬੈਠਾ ਕੁੱਤਾ ਭੌਂਕਦੈ। ਨਿਢਾਲ ਹੋਇਆ ਪਿਐ ਸਾਰਾ ਸਰੀਰ। ਅੰਨੀਆਂ ਹੁੰਦੀਆਂ ਜਾ ਰਹੀਆਂ ਅੱਖਾਂ ਦੀ ਬਚਦੀ ਜੋਤ ਵਿਹੜੇ ਵੰਨੀ ਜਾਂਦੀ ਐ।

ਕਾਹਲੀ ਨਾਲ ਅੰਦਰ ਆਉਂਦੀ ਕਮਲ ਨੇ ਬੈਗ ਮੇਜ਼ 'ਤੇ ਰੱਖ ਦਿੱਤੈ। ਮੈਂ ਸ਼ੱਕੀ ਨਿਗਾਹਾਂ ਨਾਲ ਉਸਦੇ ਸਰੀਰ ਨੂੰ ਪੈਰਾਂ ਤੋਂ ਸਿਰ ਤਾਈਂ ਟੋਹਣ ਲੱਗ ਪਈ ਆਂ। ਕਿਧਰੇ ਕੋਈ ਵਿੰਗ ਵਲੇਵਾਂ ਦਿਸਿਆ ਤਾਂ ਹੈਨੀਂ। ਉਸਨੇ ਫਰਿੱਜ 'ਚੋਂ ਪਾਣੀ ਦੀ ਬੋਤਲ ਕੱਢ ਢੱਕਣ ਖੋਲ੍ਹ ਕੇ ਸਿੱਧੀ ਮੂੰਹ ਨੂੰ ਲਾ ਲਈ ਐ। ਬੋਤਲ ਮੇਜ਼ 'ਤੇ ਰੱਖ ਬੋਲਦੀ ਐ, 'ਬੀਬੀ ਘਰ ਚੰਗਾ ਤਕੜਾ ਸੀ, ਮਹਿਲ ਵਰਗੀ ਕੋਠੀ। ਵਧੀਆ ਮਾਣ-ਤਾਣ ਕੀਤਾ। ਜਿੰਨੇ ਕੀਤੇ ਸੀ ਉਸ ਤੋਂ ਸੱਤ ਸੌ ਵੱਧ ਦਿੱਤੈ। ਜਾਂਦਿਆਂ ਨੂੰ ਕਾਜਲ ਪਾਰਲਰ ਆਉਂਦੀ ਮਿਲਗੀ, ਮੈਂ ਬਾਹਰੋਂ ਈ ਨਾਲ ਲੈਗੀ ਕਾਰ 'ਚ ਬਿਠਾ ਕੇ। ਉਹਨੂੰ ਪੰਜ ਸੌ ਅੱਡ ਦਿੱਤੇ ਐ। ਵਿਆਂਦੜ ਕੁੜੀ ਵਧੀਆ ਸਜਾਤੀ ਅਸੀਂ। ਸਾਰੇ ਖੁਸ਼ ਹੋਗੇ।'

**''ਹੁਣ ਇਹਨੂੰ ਮੈਂ ਕੀ ਦੱਸਾਂ ਕਿ ਉਹ ਵੀ ਉਸੇ ਕੰਜਰ ਕੈਲੇ ਦੀ ਪੋਤੀ ਐ। ਆਹੀ ਬਹੁਤ ਐ, ਇਹ ਸਹੀ ਸਲਾਮਤ ਆਗੀ, ਹੋਰ ਮੈਨੂੰ ਕੀ ਚਾਹੀਦੈ।'' ਮੰਜੇ ਤੋਂ ਉੱਠ ਕੇ ਉਸਨੂੰ ਹਿੱਕ ਨਾਲ ਲਾ ਲਿਐ।**

# ਪੰਜਾਬ ਦੀ ਰਾਜਨੀਤੀ, ਭ੍ਰਿਸ਼ਟਾਚਾਰ ਅਤੇ ਪੰਜਾਬ ਸਰਕਾਰ

ਨਰਿੰਦਰ ਸਿੰਘ ਢਿੱਲੋਂ
ਫੋਨ: 587-436-4032

ਭਗਵੰਤ ਮਾਨ ਦੀ ਅਗਵਾਈ ਵਿਚ ਆਮ ਆਦਮੀ ਪਾਰਟੀ ਦੀ ਸਰਕਾਰ ਹੋਂਦ ਵਿਚ ਆਉਣ ਤੋਂ ਬਾਅਦ ਪੰਜਾਬ ਦੀ ਰਾਜਨੀਤੀ ਵਿਚ ਇਕ ਨਵਾਂ ਅਧਿਆਇ ਸ਼ੁਰੂ ਹੋਇਆ ਹੈ। ਨਵਾਂ ਅਧਿਆਇ ਇਸ ਕਰਕੇ ਕਿ ਅੱਜ ਤੋਂ ਪਹਿਲਾਂ ਕਦੇ ਵੀ ਕਿਸੇ ਪਾਰਟੀ ਨੇ ਭ੍ਰਿਸ਼ਟਾਚਾਰ ਦੇ ਵਿਰੁੱਧ ਏਨੀ ਆਵਾਜ਼ ਨਹੀਂ ਉਠਾਈ ਜਿੰਨੀ ਇਹ ਪਾਰਟੀ ਉਠਾ ਕੇ ਰਾਜਸੱਤਾ 'ਤੇ ਕਾਬਜ਼ ਹੋਈ ਹੈ। ਪੰਜਾਬ ਦੀਆਂ ਰਵਾਇਤੀ ਰਾਜਸੀ ਪਾਰਟੀਆਂ ਤਾਂ ਆਪਣਾ ਮੂਲ ਖ਼ਾਸਾ ਹੀ ਬਦਲ ਚੁੱਕੀਆਂ ਹਨ। ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਕਮਿਊਨਿਸਟ ਪਾਰਟੀਆਂ, ਬਸਪਾ ਅਤੇ ਭਾਜਪਾ ਆਦਿ ਪਾਰਟੀਆਂ ਆਪਣੇ ਪੁਰਾਣੇ ਤੈਅ ਕੀਤੇ ਸਿਧਾਂਤਾਂ 'ਤੇ ਕਾਇਮ ਨਹੀਂ ਰਹਿ ਸਕੀਆਂ। ਆਪਣੇ ਆਪ ਨੂੰ ਘਾਗ ਸਿਆਸਤਦਾਨ ਅਤੇ ਤਜਰਬੇਕਾਰ ਅਖਵਾਉਣ ਵਾਲੇ ਲੀਡਰਾਂ ਵਲੋਂ ਰਾਜਨੀਤੀ ਨੂੰ ਪੈਸਾ ਕਮਾਉਣ ਦਾ ਸਾਧਨ ਬਣਾਉਣ ਕਰਕੇ ਅੱਜ ਜਿੱਥੇ ਪੰਜਾਬ ਦਾ ਵਾਲ ਵਾਲ ਕਰਜ਼ਾਈ ਹੈ ਉੱਥੇ ਲੋਕ ਗ਼ਰੀਬੀ, ਬੇਰੁਜ਼ਗਾਰੀ ਅਤੇ ਮਹਿੰਗਾਈ ਦੀ ਵੱਧ ਮਾਰ ਖਾ ਰਹੇ ਹਨ। ਮੈਂ ਕਾਂਗਰਸ ਪਾਰਟੀ ਦੇ ਪੁਰਾਣੇ ਲੀਡਰਾਂ ਨੂੰ ਵੇਖਿਆ ਹੈ ਕਿ ਤਕਰੀਬਨ ਸਾਰੇ ਪੁਰਾਣੇ ਨੇਤਾ ਪਾਰਟੀ ਲਈ ਹੇਠਲੇ ਪੱਧਰ ਤੋਂ ਕੰਮ ਕਰਦੇ ਹੋਏ ਪਹਿਲਾਂ ਮੈਂਬਰ ਪੰਚਾਇਤ/ ਸਰਪੰਚ/ਬਲਾਕ ਜਾਂ ਜ਼ਿਲ੍ਹਾ ਪੱਧਰੀ ਕਿਸੇ ਸੰਸਥਾ ਦੇ ਚੇਅਰਮੈਨ ਆਦਿ ਤੋਂ ਬਾਅਦ ਹੀ ਵਿਧਾਇਕ ਜਾਂ ਮੰਤਰੀ ਦੇ ਅਹੁਦੇ 'ਤੇ ਪੁੱਜੇ ਸਨ। ਉਨ੍ਹਾਂ ਦੇ ਇਰਦ- ਗਿਰਦ ਚਿੱਟੇ ਕੱਪੜਿਆਂ ਵਾਲੇ ਕਾਂਗਰਸੀ ਬੜੇ ਸਾਦ-ਮੁਰਾਦੇ ਰੂਪ ਵਿਚ ਵੇਖੇ ਜਾਂਦੇ ਸਨ। ਉਹ ਆਪਣੀ ਪਾਰਟੀ ਦੇ ਸਿਧਾਂਤ ਨਾਲ ਪ੍ਰਣਾਏ ਹੁੰਦੇ ਸਨ ਅਤੇ ਉਨ੍ਹਾਂ ਤੇ ਭ੍ਰਿਸ਼ਟਾਚਾਰ ਦੇ ਸ਼ਾਇਦ ਹੀ ਕਦੇ ਦੋਸ਼ ਲੱਗੇ ਹੋਣ। ਉਨ੍ਹਾਂ ਵਿਚੋਂ ਇੱਕਾ-ਦੁੱਕਾ ਨੂੰ ਛੱਡ ਕੇ ਲਗਪਗ ਸਾਰੇ ਆਪਣੇ ਆਪ ਨੂੰ ਲੋਕਾਂ ਸਾਹਮਣੇ ਜਵਾਬਦੇਹ ਸਮਝਦੇ ਸਨ ਅਤੇ ਜੋ ਗੱਲ ਕਹਿੰਦੇ ਸਨ ਉਸ 'ਤੇ ਖੜ੍ਹੇ ਰਹਿੰਦੇ ਸਨ ਪਰ ਅੱਜ ਉਹ ਨੇਤਾ ਨਹੀਂ ਰਹੇ। ਅੱਜ ਕਾਂਗਰਸ ਦੇ ਨੇਤਾਵਾਂ ਦੀ ਪਹਿਲਾਂ ਦੇ ਮੁਕਾਬਲੇ ਕਾਰਜ ਸ਼ੈਲੀ ਅਤੇ ਸਭਿਆਚਾਰ ਹੀ ਹੋਰ ਹੈ। ਹੁਣ ਕਾਂਗਰਸ ਵਿਚ ਗਿਆਨੀ ਕਰਤਾਰ ਸਿੰਘ ਵਰਗੇ ਨੇਤਾ ਨਹੀਂ ਰਹੇ, ਜੋ ਪ੍ਰਤਾਪ ਸਿੰਘ ਕੈਰੋਂ ਵਜ਼ਾਰਤ ਵਿਚ ਮੰਤਰੀ ਸਨ। ਜਦ ਉਨ੍ਹਾਂ ਨੂੰ ਵਿਭਾਗ ਅਲਾਟ ਕਰਨ 'ਤੇ ਮੁੱਖ ਮੰਤਰੀ ਕੈਰੋਂ ਨਾਲ ਅਣਬਣ ਹੋਈ ਤਾਂ ਉਹ ਆਪਣੀ ਸਰਕਾਰੀ ਕੋਠੀ 'ਚੋਂ ਸੋਟੀ ਤੇ ਕਛਹਿਰਾ ਲੈ ਕੇ ਬਾਹਰ ਨਿਕਲ ਗਏ। ਕਿਸੇ ਨੇ ਕਿਹਾ ਮੰਤਰੀ ਜੀ ਆਪਣਾ ਬਾਕੀ ਸਾਮਾਨ ਵੀ ਲੈ ਜਾਓ ਤਾਂ ਉਨ੍ਹਾਂ ਨੇ ਕਿਹਾ, 'ਮੇਰਾ ਇੱਥੇ ਹੋਰ ਕੋਈ ਸਾਮਾਨ ਨਹੀਂ ਹੈ'। ਹੁਣ ਕਾਂਗਰਸ ਵਿਚ ਅਜਿਹੇ ਨੇਤਾ ਲੱਭਣੇ ਬਹੁਤ ਮੁਸ਼ਕਲ ਹਨ।

ਪੁਰਾਣੇ ਲੀਡਰਾਂ ਵਿਚ ਬਹੁਤ ਸਾਰੇ ਉਹ ਵੀ ਸਨ ਜਿਨ੍ਹਾਂ ਨੇ ਆਜ਼ਾਦੀ ਦੀ ਲੜਾਈ ਵਿਚ ਥੋੜ੍ਹਾ ਜਾਂ ਬਹੁਤਾ ਹਿੱਸਾ ਵੀ ਪਾਇਆ ਸੀ ਅਤੇ ਉਹ ਚੋਣਾਂ ਜਿੱਤਣ ਤੋਂ ਬਾਅਦ ਲੋਕਾਂ ਦੇ ਅੰਗ-ਸੰਗ ਰਹਿੰਦੇ ਸਨ। ਹੁਣ ਦੇ ਲੀਡਰਾਂ ਵਿਚੋਂ ਬਹੁਤੇ ਚੋਣਾਂ ਜਿੱਤਣ ਤੋਂ ਬਾਅਦ ਲੋਕਾਂ ਦੀ ਪ੍ਰਵਾਹ ਨਹੀਂ ਕਰਦੇ। ਇਨ੍ਹਾਂ ਉੱਤੇ ਭ੍ਰਿਸ਼ਟਾਚਾਰ ਰਾਹੀਂ ਦੌਲਤ ਇਕੱਠੀ ਕਰਨ ਦੇ ਇਲਜ਼ਾਮ ਵੀ ਲੱਗਦੇ ਹਨ। ਇਨ੍ਹਾਂ ਦੀ ਜਾਇਦਾਦ ਕਈ ਗੁਣਾ ਵਧ ਜਾਂਦੀ ਹੈ ਅਤੇ ਇਹ ਵਿਰੋਧੀਆਂ ਨੂੰ ਸਰਕਾਰੀ ਮਸ਼ੀਨਰੀ ਨਾਲ ਦਬਾਉਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਇਹੋ ਹਾਲ ਸ਼੍ਰੋਮਣੀ ਅਕਾਲੀ ਦਲ ਦਾ ਹੈ। ਨੀਲੀਆਂ ਪੱਗਾਂ ਵਾਲੇ ਅਤੇ ਅਕਾਲੀ ਦਲ ਦੇ ਇਕ ਸੱਦੇ 'ਤੇ ਜੇਲ੍ਹ ਜਾਣ ਵਾਲੇ, ਸੰਘਰਸ਼ ਦੌਰਾਨ ਦਰੀਆਂ 'ਤੇ ਸੌਂ ਕੇ ਅਤੇ ਸੁੱਕੀਆਂ ਰੋਟੀਆਂ ਖਾ ਕੇ ਰਾਤਾਂ ਕੱਟਣ ਵਾਲੇ ਅਕਾਲੀ ਹੁਣ ਨਜ਼ਰ ਨਹੀਂ ਆਉਂਦੇ। ਬਹੁਤੇ ਸਵਰਗ ਸਿਧਾਰ ਚੁੱਕੇ ਹਨ ਤੇ ਜੋ ਬਚੇ ਹਨ ਉਹ ਗੁੱਠੇ ਲੱਗੇ ਹੋਏ ਹਨ। ਮੁਆਫ਼ ਕਰਨਾ ਹੁਣ ਦੇ ਬਹੁਤੇ ਅਕਾਲੀਆਂ ਬਾਰੇ ਇਹ ਕਿਹਾ ਜਾਂਦਾ ਹੈ ਕਿ ਇਹ ਨਾਂ ਅਕਲੋਂ ਅਕਾਲੀ ਨਾ ਸ਼ਕਲੋਂ ਅਕਾਲੀ ਹਨ। ਅਕਾਲੀ ਦਲ ਦੇ ਮੁਖੀ ਕਦੇ ਇਸ ਨੂੰ ਸਿੱਖਾਂ ਦੀ ਪਾਰਟੀ ਆਖਦੇ ਹਨ ਤੇ ਕਦੇ ਪੰਜਾਬੀਆਂ ਦੀ। ਇਸੇ ਕਰਕੇ ਹੁਸ਼ਿਆਰਪੁਰ ਅਦਾਲਤ ਵਿਚ ਇਨ੍ਹਾਂ ਉਤੇ ਪਾਰਟੀ ਦੇ ਦੋ ਸੰਵਿਧਾਨ ਰੱਖਣ ਵਿਰੁੱਧ ਕੇਸ ਵੀ ਚੱਲ ਰਿਹਾ ਹੈ। ਇਨ੍ਹਾਂ ਵਿਚੋਂ ਬਹੁਤਿਆਂ ਦਾ ਲੋਕਾਂ ਵਿਚ ਵਿਚਰਨ ਦਾ ਢੰਗ ਹੀ ਫੂੰ-ਫਾਂ ਕਰਦਿਆਂ ਹੰਕਾਰ ਭਰਿਆ ਹੁੰਦਾ ਹੈ। ਅਕਾਲੀ ਦਲ ਦੇ ਮੂਲ ਸਿਧਾਂਤਾਂ ਅਤੇ ਕੁਰਬਾਨੀਆਂ ਭਰੇ ਇਤਿਹਾਸ ਦੇ ਇਹ ਬਿਲਕੁਲ ਉਲਟ ਨਜ਼ਰ ਆਉਂਦੇ ਹਨ। ਲੋਕਾਂ 'ਤੇ ਹੁੰਦੇ ਜਬਰ ਵਿਰੁੱਧ ਨਾ ਇਨ੍ਹਾਂ ਕਦੇ ਜੇਲ੍ਹ ਕੱਟੀ ਨਾ ਕੋਈ ਹੋਰ ਕੁਰਬਾਨੀ ਕੀਤੀ ਅਤੇ ਨਾ ਹੀ ਇਨ੍ਹਾਂ ਨੂੰ ਅਕਾਲੀ ਦਲ ਦੇ ਇਤਿਹਾਸ ਦੀ ਸਮਝ ਹੈ। ਅਕਾਲੀ ਦਲ ਵਿਚ ਗੁਰਚਰਨ ਸਿੰਘ ਟੌਹੜਾ ਵਰਗੇ ਲੀਡਰ ਨਜ਼ਰ ਨਹੀਂ ਆਉਂਦੇ, ਜਿਸ ਨੇ ਸ਼ਕਤੀਸ਼ਾਲੀ ਨੇਤਾ ਹੁੰਦਿਆਂ ਆਪਣੀ ਪਦਵੀ ਦੀ ਦੁਰਵਰਤੋਂ ਨਹੀਂ ਕੀਤੀ ਅਤੇ ਉਨ੍ਹਾਂ ਬਾਰੇ ਨਾਜਾਇਜ਼ ਜਾਇਦਾਦ ਨਾ ਬਣਾਉਣ ਦੇ ਚਰਚੇ ਹਨ। ਮਾਸਟਰ ਤਾਰਾ ਸਿੰਘ ਆਪਣੇ ਸਮੇਂ ਦੇ ਤਕੜੇ ਅਕਾਲੀ ਨੇਤਾ ਸਨ ਪਰ ਉਨ੍ਹਾਂ ਨੇ ਵੀ ਨਾਜਾਇਜ਼ ਤਰੀਕੇ ਨਾਲ ਆਪਣੀ ਕੋਈ ਜਾਇਦਾਦ ਨਹੀਂ ਸੀ ਬਣਾਈ।

ਕੁਰੱਪਸ਼ਨ ਭਾਰਤੀ ਰਾਜਨੀਤੀ ਦਾ ਹਿੱਸਾ ਬਣ ਚੁੱਕੀ ਹੈ। ਪੰਜਾਬ ਦੀਆਂ ਪਹਿਲੀਆਂ ਸਰਕਾਰਾਂ ਵਿਚ ਵੀ ਕੁਰੱਪਸ਼ਨ ਤਾਂ ਹੋਵੇਗੀ ਪਰ ਸੁਰਜੀਤ ਸਿੰਘ ਬਰਨਾਲਾ ਦੀ ਅਗਵਾਈ ਵਿਚ ਬਣੀ ਅਕਾਲੀ ਸਰਕਾਰ ਸਮੇਂ ਕੁਰੱਪਸ਼ਨ ਦਾ ਖ਼ੂਬ ਬੋਲਬਾਲਾ ਹੋ ਗਿਆ ਸੀ। ਮੰਤਰੀਆਂ ਵਲੋਂ ਮੁਲਾਜ਼ਮਾਂ ਦੀਆਂ ਬਦਲੀਆਂ ਅਤੇ ਹੋਰ ਕਈ ਤਰ੍ਹਾਂ ਦੇ ਕੰਮਾਂ ਵਿਚ ਰਿਸ਼ਵਤ ਦੀਆਂ ਮੋਟੀਆਂ ਰਕਮਾਂ ਲੈਣ ਦੇ ਚਰਚੇ ਚਲਦੇ ਰਹਿੰਦੇ ਸਨ। ਹੁਣ ਤਾਂ ਸਥਿਤੀ ਇਹ ਬਣੀ ਹੋਈ ਹੈ ਕਿ ਇਨ੍ਹਾਂ ਪਾਰਟੀਆਂ ਦੇ ਥੋੜ੍ਹਾ ਸਮਾਂ ਰਹਿਣ ਵਾਲੇ ਵੀ ਵਿਧਾਇਕ ਜਾਂ ਮੰਤਰੀ ਦੌਲਤ ਦੇ ਅੰਬਾਰ ਇਕੱਠੇ ਕਰ ਲੈਂਦੇ ਹਨ। ਅਤਿਵਾਦ ਦੀ ਲੰਮਾ ਸਮਾਂ ਮਾਰ ਝੱਲਣ ਤੋਂ ਬਾਅਦ ਵੀ ਪੰਜਾਬ ਦੀ ਆਰਥਿਕ ਸਥਿਤੀ ਲਗਪਗ ਠੀਕ ਸੀ। ਪਰ 1997 ਵਿਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਆਈ ਅਕਾਲੀ-ਭਾਜਪਾ ਸਰਕਾਰ ਨੇ ਲੁੱਟ-ਖਸੁੱਟ ਦੇ ਸਾਰੇ ਰਿਕਾਰਡ ਮਾਤ ਕਰ ਦਿੱਤੇ ਅਤੇ ਪੰਜਾਬ ਦੀ ਹਾਲਤ ਡਾਵਾਂਡੋਲ ਹੋਣੀ ਸ਼ੁਰੂ ਹੋ ਗਈ। ਸੰਨ 1997 ਵਿਚ ਅਕਾਲੀ ਦਲ ਵਲੋਂ ਲੰਗਾਹ, ਮਲੂਕਾ, ਚੰਦੂਮਾਜਰਾ ਅਤੇ ਜਗਦੀਸ਼ ਗਰਚੇ ਵਰਗੇ ਵਿਅਕਤੀਆਂ ਨੂੰ ਟਿਕਟਾਂ ਦਿੱਤੀਆਂ ਗਈਆਂ, ਜਿਨ੍ਹਾਂ ਦੀ ਅਕਾਲੀ ਦਲ ਨੂੰ ਕੋਈ ਦੇਣ ਜਾਂ ਲੋਕਾਂ ਲਈ ਕੁਰਬਾਨੀ ਨਹੀਂ ਸੀ। ਅਜਿਹੇ ਲੋਕਾਂ ਨੂੰ ਮੰਤਰੀ ਬਣਾ ਕੇ ਪੰਜਾਬ ਦੇ ਭਲੇ ਦੀ ਆਸ ਕਿਵੇਂ ਰੱਖੀ ਜਾ ਸਕਦੀ ਸੀ। ਇਸ ਤੋਂ ਬਾਅਦ ਸੁਖਬੀਰ ਬਾਦਲ ਨੂੰ ਉਪ ਮੁੱਖ ਮੰਤਰੀ ਬਣਾਇਆ ਗਿਆ ਜਦਕਿ ਉਸ ਤੋਂ ਪੁਰਾਣੇ ਅਕਾਲੀ ਦਲ ਨੂੰ ਸਮਰਪਿਤ ਨੇਤਾ ਮੌਜੂਦ ਸਨ। ਉਸ ਦੀ ਯੋਗਤਾ ਕੇਵਲ ਇਹ ਸੀ ਕਿ ਉਹ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦਾ ਲੜਕਾ ਸੀ।




25 ਸਾਲਾਂ ਵਿਚ ਬਾਦਲ ਪਰਿਵਾਰ ਅਤੇ ਹੋਰ ਬਹੁਤ ਸਾਰੇ ਅਕਾਲੀ ਨੇਤਾਵਾਂ ਦੀ ਜਾਇਦਾਦ ਇੰਨੀ ਵਧ ਗਈ ਜਿਸ ਦਾ ਅੰਦਾਜ਼ਾ ਲਾਉਣਾ ਔਖਾ ਹੋ ਜਾਂਦਾ ਹੈ। ਭਾਜਪਾ ਆਪਣੇ ਮੁੱਖ ਸਿਧਾਂਤ ਹਿੰਦੂਤਵ ਉੱਤੇ ਤਾਂ ਕਾਇਮ ਹੈ ਲੇਕਿਨ ਵਾਜਪਾਈ ਵਰਗੇ ਕੁਝ ਕੁ ਲੀਡਰਾਂ ਦੇ ਵਿਰੋਧੀਆਂ ਪ੍ਰਤੀ ਸੁਹਿਰਦ ਵਤੀਰੇ ਤੋਂ ਇਨ੍ਹਾਂ ਕੋਈ ਸਬਕ ਨਹੀਂ ਲਿਆ। ਇਨ੍ਹਾਂ ਰਵਾਇਤੀ ਪਾਰਟੀਆਂ ਦੇ ਲੀਡਰਾਂ ਵਿਚ ਸਾਦ-ਮੁਰਾਦੇ ਜੀਵਨ ਦੀ ਕੋਈ ਥਾਂ ਨਹੀਂ। ਇਹ ਸ਼ਾਹੀ ਜ਼ਿੰਦਗੀ ਬਤੀਤ ਕਰਨ ਦੇ ਆਦੀ ਹਨ। ਜਦ ਮੈਂਬਰ ਪਾਰਲੀਮੈਂਟ ਤੇਜਾ ਸਿੰਘ ਸੁਤੰਤਰ ਦੀ ਪਾਰਲੀਮੈਂਟ ਵਿਚ ਦਿਲ ਦਾ ਦੌਰਾ ਪੈਣ ਕਰਕੇ ਮੌਤ ਹੋਈ ਸੀ ਤਾਂ ਉਸ ਦੇ ਸਾਦੇ ਜਿਹੇ ਝੋਲੇ ਵਿਚੋਂ ਅਚਾਰ ਅਤੇ ਪਰੌਂਠੀ ਨਿਕਲੇ। ਇਹ ਵੇਖ ਕੇ ਸਭ ਨੇਤਾ ਉਸ ਦੀ ਸਾਦਗੀ 'ਤੇ ਹੈਰਾਨ ਰਹਿ ਗਏ ਸਨ। ਇਹੋ ਜਿਹੇ ਸਾਦ-ਮੁਰਾਦੇ ਅਤੇ ਆਪਣੇ ਕੰਮ ਨੂੰ ਸਮਰਪਿਤ ਨੇਤਾ ਅੱਜ ਲੱਭਣੇ ਬਹੁਤ ਔਖੇ ਹਨ। ਭਗਵੰਤ ਮਾਨ ਦੀ ਅਗਵਾਈ ਵਿਚ ਸਰਕਾਰ ਬਣਨ ਤੋਂ ਪਹਿਲਾਂ ਚੋਣ ਪ੍ਰਚਾਰ ਸਮੇਂ ਆਮ ਆਦਮੀ ਪਾਰਟੀ ਨੇ ਲੋਕਾਂ ਨਾਲ ਬਹੁਤ ਸਾਰੇ ਵਾਅਦੇ ਕੀਤੇ ਅਤੇ ਗਰੰਟੀਆਂ ਦਿੱਤੀਆਂ ਸਨ। ਇਹ ਚੋਣਾਂ ਬਹੁਤ ਮਹੱਤਵਪੂਰਨ ਸਨ। ਲੋਕਾਂ ਨੇ ਅਕਾਲੀ-ਭਾਜਪਾ ਅਤੇ ਕਾਂਗਰਸ ਤੋਂ ਦੁਖੀ ਹੋ ਕੇ ਅਤੇ ਭਗਵੰਤ ਮਾਨ ਮੁੱਖ ਮੰਤਰੀ ਦਾ ਚਿਹਰਾ ਹੋਣ ਕਰਕੇ ਉਸ ਦੀ ਅਗਵਾਈ ਵਿਚ ਪਾਰਟੀ ਨੂੰ ਇੰਨਾ ਵੱਡਾ ਸਮਰਥਨ ਦਿੱਤਾ। ਸਰਕਾਰ ਬਣਦਿਆਂ ਹੀ ਇਸ ਪਾਰਟੀ ਨੇ ਲੋਕਾਂ ਵਲੋਂ ਆਲੋਚਨਾ ਲਈ ਮੁੱਦੇ ਆਪ ਹੀ ਪੈਦਾ ਕਰ ਦਿੱਤੇ। ਭਗਵੰਤ ਮਾਨ ਵਲੋਂ ਖੜਕੜ ਕਲਾਂ ਵਿਚ ਲੱਖਾਂ ਰੁਪਏ (ਕਿਹਾ ਜਾਂਦਾ ਹੈ ਇਕ ਕਰੋੜ ਰੁਪਏ) ਦਾ ਪੰਡਾਲ ਬਣਾ ਕੇ ਸਹੁੰ ਚੁੱਕ ਸਮਾਗਮ ਰੱਖਣ ਦੀ ਕੋਈ ਤੁਕ ਨਹੀਂ ਸੀ ਬਣਦੀ। ਲੋਕਾਂ ਦੇ ਟੈਕਸ ਦੇ ਪੈਸਿਆਂ ਦੀ ਬਚਤ ਕਰਨ ਦਾ ਦਮ ਭਰਨ ਵਾਲੀ ਪਾਰਟੀ ਚੰਡੀਗੜ੍ਹ ਵਿਚ ਸਾਦਾ ਪੰਡਾਲ ਬਣਾ ਕੇ ਵੀ ਬਤੌਰ ਮੁੱਖ ਮੰਤਰੀ ਸਹੁੰ ਚੁੱਕਣ ਤੋਂ ਬਾਅਦ ਭਗਤ ਸਿੰਘ ਪ੍ਰਤੀ ਸਹੁੰ ਚੁੱਕ ਸਕਦੀ ਸੀ। ਇਸ ਦਾ ਆਮ ਪੰਜਾਬੀ ਲੋਕਾਂ ਨੇ ਤਾਂ ਬੁਰਾ ਮਨਾਇਆ ਹੀ 'ਆਪ' ਦੇ ਵਰਕਰਾਂ ਨੇ ਵੀ ਇਸ ਨਾਲ ਨਮੋਸ਼ੀ ਪ੍ਰਗਟ ਕੀਤੀ। ਜਿੱਥੇ ਰਵਾਇਤੀ ਪਾਰਟੀਆਂ ਆਪਣੇ ਮੂਲ ਸਿਧਾਂਤਾਂ 'ਤੇ ਟਿਕੀਆਂ ਨਹੀਂ ਰਹਿ ਸਕੀਆਂ ਉੱਥੇ ਸ਼ੱਕ ਹੈ ਕਿ ਇਹ ਪਾਰਟੀ ਵੀ ਉਸੇ ਰਸਤੇ ਨਾ ਤੁਰ ਪਵੇ।

ਆਮ ਆਦਮੀ ਪਾਰਟੀ ਦੀ ਕੌਮੀ ਅਤੇ ਕੌਮਾਂਤਰੀ ਸਿਆਸੀ ਨੀਤੀ ਵੀ ਅਜੇ ਤਕ ਸਾਹਮਣੇ ਨਹੀਂ ਆਈ। ਦੇਸ਼ ਦੀ ਆਰਥਿਕ ਸਥਿਤੀ ਅਤੇ ਅੰਤਰਰਾਜੀ ਝਗੜਿਆਂ ਦੇ ਮੁੱਦਿਆਂ ਬਾਰੇ ਉਨ੍ਹਾਂ ਦਾ ਕੋਈ ਸਪੱਸ਼ਟ ਸਟੈਂਡ ਨਹੀਂ ਹੈ। ਆਮ ਆਦਮੀ ਪਾਰਟੀ ਦੇ ਬਹੁਤ ਸਾਰੇ ਐੱਮ. ਐੱਲ. ਏ. ਨਵੇਂ ਹਨ। ਬਹੁਤ ਸਾਰੇ ਐਸੇ ਹਨ ਜਿਨ੍ਹਾਂ ਦਾ ਰਾਜਨੀਤਕ ਪਿਛੋਕੜ ਵੀ ਨਹੀਂ ਹੈ। ਰਾਜਨੀਤੀ ਨੂੰ ਸਮਝਣਾ ਤੇ ਆਪਣੀ ਪੁਜ਼ੀਸ਼ਨ ਦੀ ਕਿਵੇਂ ਵਰਤੋਂ ਕਰਨੀ ਹੈ, ਉਹ ਇਸ ਗੱਲ ਤੋਂ ਵੀ ਅਣਜਾਣ ਹਨ। ਇਨ੍ਹਾਂ ਵਲੋਂ ਇਹ ਆਦਰਸ਼ ਸਾਹਮਣੇ ਰੱਖ ਕੇ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਖ਼ਤਮ ਕਰਨਾ ਹੈ ਅਤੇ ਸਰਕਾਰੀ ਸਿਸਟਮ ਨੂੰ ਠੀਕ ਢੰਗ ਨਾਲ ਚਲਾਉਣਾ ਹੈ, ਸਰਕਾਰੀ ਅਦਾਰਿਆਂ ਵਿਚ ਗਲਤ ਢੰਗ ਨਾਲ ਕੀਤੀ ਗਈ ਦਖ਼ਲ-ਅੰਦਾਜ਼ੀ ਭਾਵ ਮਾਰੇ ਗਏ ਛਾਪਿਆਂ ਦੌਰਾਨ ਅਧਿਕਾਰੀਆਂ ਨਾਲ ਟਕਰਾਅ ਅਤੇ ਰੋਸ ਦਾ ਮਾਹੌਲ ਪੈਦਾ ਹੋਇਆ ਹੈ। ਇਸ ਨਾਲ ਕੁਝ ਰਿਸ਼ਵਤਖੋਰ ਅਨਸਰਾਂ ਅੰਦਰ ਦਹਿਸ਼ਤ ਤਾਂ ਪਾਈ ਗਈ ਹੈ ਲੇਕਿਨ ਮੂਲ ਰੂਪ ਵਿਚ ਅਫ਼ਸਰਸ਼ਾਹੀ ਅਤੇ ਬਹੁਤ ਸਾਰੇ ਮੁਲਾਜ਼ਮ ਇਨ੍ਹਾਂ ਦੇ ਕੰਮ ਢੰਗ ਦੇ ਵਿਰੋਧ ਵਿਚ ਖੜ੍ਹੇ ਹੋ ਗਏ ਹਨ। ਸਿਹਤ ਮੰਤਰੀ ਵਲੋਂ ਇਕ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਨਾਲ ਕੀਤਾ ਵਿਹਾਰ ਇਸ ਦੀ ਸਿਖਰ ਹੋ ਨਿਬੜਿਆ ਹੈ। ਇਸ ਘਟਨਾ ਨੇ ਕੇਵਲ ਡਾਕਟਰ ਹੀ ਨਹੀਂ ਸਮੁੱਚੀ ਅਫ਼ਸਰਸ਼ਾਹੀ ਨੂੰ ਹਿਲਾ ਕੇ ਰੱਖ ਦਿੱਤਾ ਹੈ। ਉਂਜ ਉਸ ਵਾਈਸ ਚਾਂਸਲਰ ਬਾਰੇ ਵੀ ਲੋਕਾਂ ਦੇ ਪ੍ਰਤੀਕਰਮ ਸਾਹਮਣੇ ਆ ਚੁੱਕੇ ਹਨ। ਲੋਕ ਅਤੇ ਵਾਈਸ ਚਾਂਸਲਰ ਦਾ ਸਟਾਫ ਧਰਨੇ ਮਾਰ ਕੇ ਮੰਤਰੀ ਦੇ ਹੱਕ ਵਿਚ ਬੋਲ ਰਹੇ ਹਨ ਅਤੇ ਵਾਈਸ ਚਾਂਸਲਰ ਦਾ ਵਿਰੋਧ ਕਰ ਰਹੇ ਹਨ। ਇਹ ਵੀ ਚਰਚਾ ਹੈ ਕਿ ਕੁਝ ਆਈ. ਏ. ਐਸ. ਅਧਿਕਾਰੀ ਸਰਕਾਰ ਤੋਂ ਖਫਾ ਹੋ ਕੇ ਡੈਪੂਟੇਸ਼ਨ 'ਤੇ ਦਿੱਲੀ ਜਾਣਾ ਚਾਹੁੰਦੇ ਹਨ, ਜਿਨ੍ਹਾਂ ਨੂੰ ਹੁਣ ਭਗਵੰਤ ਮਾਨ ਮਨਾ ਰਹੇ ਹਨ। ਆਪਣੇ ਮੰਤਰੀ ਵਿਜੈ ਸਿੰਗਲਾ ਨੂੰ ਵਿਜੀਲੈਂਸ ਵਲੋਂ ਭ੍ਰਿਸ਼ਟਾਚਾਰ ਦੇ ਕੇਸ ਵਿਚ ਗ੍ਰਿਫ਼ਤਾਰ ਕਰਨ ਦੇ ਨਾਲ ਸਰਕਾਰ ਦੀ ਅਫ਼ਸਰਸ਼ਾਹੀ ਵਿਚ ਜੋ ਭ੍ਰਿਸ਼ਟਾਚਾਰ ਵਿਰੋਧੀ ਠੁੱਕ ਬਣੀ ਸੀ ਉਹ ਸਿਹਤ ਮੰਤਰੀ ਦੀ ਘਟਨਾ ਨੇ ਠੁੱਸ ਕਰ ਦਿੱਤੀ। ਭਾਵੇਂ ਮੁੱਖ ਮੰਤਰੀ ਨੇ ਵਾਈਸ ਚਾਂਸਲਰ ਕੋਲੋਂ ਸਿਹਤ ਮੰਤਰੀ ਦੇ ਵਿਹਾਰ 'ਤੇ ਮੁਆਫ਼ੀ ਮੰਗੀ ਅਤੇ ਸਥਿਤੀ ਨੂੰ ਸੰਭਾਲਣ ਦਾ ਯਤਨ ਕੀਤਾ ਲੇਕਿਨ ਸਮੁੱਚੇ ਪੰਜਾਬ ਵਿਚ ਇਹ ਚਰਚਾ ਦਾ ਮੁੱਦਾ ਬਣ ਗਿਆ। ਹੁਣ ਮੁੱਖ ਮੰਤਰੀ ਨੇ ਆਪਣੀ ਪਾਰਟੀ ਦੇ ਸਾਰੇ ਵਿਧਾਇਕਾਂ ਨੂੰ ਚੰਡੀਗੜ੍ਹ ਮੀਟਿੰਗ ਵਿਚ ਇਸ ਕੰਮ ਢੰਗ ਤੋਂ ਵਰਜਿਆ ਹੈ ਅਤੇ ਰਾਜ ਵਿਚ ਵਿਕਾਸ ਦੀਆਂ ਸਕੀਮਾਂ ਨੂੰ ਲਾਗੂ ਕਰਨ ਲਈ ਅਫਸਰਾਂ ਨਾਲ ਤਾਲਮੇਲ ਬਣਾ ਕੇ ਚੱਲਣ ਲਈ ਹਦਾਇਤ ਕੀਤੀ ਹੈ।

ਸਰਕਾਰ ਬਣੀ ਨੂੰ ਅਜੇ ਪੰਜ ਕੁ ਮਹੀਨੇ ਹੋਏ ਹਨ। ਇੰਨੇ ਕੁ ਸਮੇਂ ਵਿਚ ਸਰਕਾਰ ਦੀਆਂ ਪ੍ਰਾਪਤੀਆਂ 'ਤੇ ਟਿੱਪਣੀ ਕਰਨੀ ਵਾਜਬ ਨਹੀਂ ਪਰ ਕੁਝ ਗੱਲਾਂ ਨੂੰ ਨਜ਼ਰਅੰਦਾਜ਼ ਵੀ ਨਹੀਂ ਕੀਤਾ ਜਾ ਸਕਦਾ। ਪੰਜਾਬ ਦੇ ਲੋਕਾਂ, ਇੱਥੋਂ ਤਕ ਕਿ ਆਮ ਆਦਮੀ ਪਾਰਟੀ ਦੇ ਵਰਕਰਾਂ ਨੇ ਵੀ ਉਸ ਸਮੇਂ ਬੜਾ ਬੁਰਾ ਮਨਾਇਆ ਸੀ ਜਦ ਭਗਵੰਤ ਮਾਨ ਨੇ ਇਕ-ਦੋ ਨੂੰ ਛੱਡ ਕੇ ਬਾਕੀ ਗ਼ੈਰ ਮਹੱਤਵਪੂਰਨ ਵਿਧਾਇਕਾਂ ਨੂੰ ਕੈਬਨਿਟ ਮੰਤਰੀ ਬਣਾ ਦਿੱਤਾ। ਆਮ ਆਦਮੀ ਦਾ ਦਾਅਵਾ ਭਰਨ ਵਾਲੀ ਪਾਰਟੀ ਦੀ ਇਕ ਔਰਤ ਮੰਤਰੀ ਅਨਮੋਲ ਗਗਨ ਮਾਨ ਬਾਰੇ ਆਪਣੀ ਸਰਕਾਰੀ ਕੋਠੀ ਵਿਚ ਸਵਿਮਿੰਗ ਪੂਲ ਸਮੇਤ ਬਹੁਤ ਸਾਰੀਆਂ ਸਹੂਲਤਾਂ ਦੀ ਮੰਗ ਬਾਰੇ ਲਿਖੀ ਚਿੱਠੀ ਦੀ ਸੋਸ਼ਲ ਮੀਡੀਆ 'ਤੇ ਖ਼ੂਬ ਚਰਚਾ ਚੱਲ ਰਹੀ ਹੈ। ਅਜਿਹੀਆਂ ਖ਼ਾਹਸ਼ਾਂ ਰੱਖਣ ਵਾਲੀ ਮੰਤਰੀ ਪੰਜਾਬ ਦਾ ਕੀ ਸੰਵਾਰੇਗੀ? ਹੋਰ ਕੁਝ ਕੁ ਵਿਧਾਇਕਾਂ ਅਤੇ ਮੰਤਰੀਆਂ ਬਾਰੇ ਜੋ ਕਨਸੋਆਂ ਮਿਲ ਰਹੀਆਂ ਹਨ ਉਸ ਬਾਰੇ ਤਾਂ ਇਹੀ ਕਿਹਾ ਜਾ ਸਕਦਾ ਹੈ ਕਿ ਭਗਵੰਤ ਮਾਨ ਨੂੰ ਆਪਣੀਆਂ ਅੱਖਾਂ ਅਤੇ ਕੰਨ ਖੋਲ੍ਹ ਕੇ ਰੱਖਣੇ ਪੈਣਗੇ। ਅਜੇ ਕੈਬਨਿਟ ਵੀ ਪੂਰੀ ਨਹੀਂ ਬਣਾਈ ਗਈ ਤਾਂ ਕਿ ਕੁਝ ਹੋਰ ਵਿਧਾਇਕਾਂ ਨੂੰ ਮੰਤਰੀ ਬਣਨ ਦੀ ਝਾਕ ਰਹੇ ਅਤੇ ਕੋਈ ਬੋਲੇ ਨਾ। ਰਾਜ ਸਭਾ ਦੇ ਮੈਂਬਰਾਂ ਦੀ ਨਾਮਜ਼ਦਗੀ ਲਈ ਉਹ ਵਿਅਕਤੀ ਲਏ ਗਏ, ਜਿਨ੍ਹਾਂ ਦੀ ਭੂਮਿਕਾ ਨਾ ਆਮ ਆਦਮੀ ਪਾਰਟੀ ਵਿਚ ਸੀ ਤੇ ਨਾ ਪੰਜਾਬ ਮਸਲਿਆਂ ਵਿਚ ਸੀ। ਦੋ ਮੈਂਬਰ ਦਿੱਲੀ ਤੋਂ ਲਏ ਗਏ ਤੇ ਪੰਜਾਬ ਤੋਂ ਲਏ ਗਏ ਮੈਂਬਰ ਵੀ ਕੋਈ ਮਹੱਤਵਪੂਰਨ ਨਹੀਂ ਸਨ। ਦਿੱਲੀ ਤੋਂ ਸੱਦ ਕੇ ਰਾਘਵ ਚੱਢਾ ਨੂੰ ਪਹਿਲਾਂ ਰਾਜ ਸਭਾ ਮੈਂਬਰ ਬਣਾਇਆ ਤੇ ਹੁਣ ਸਲਾਹਕਾਰ ਕਮੇਟੀ ਦਾ ਚੇਅਰਮੈਨ ਬਣਾਇਆ ਹੈ, ਜਿਸ ਸਬੰਧੀ ਪੰਜਾਬ ਦੇ ਲੋਕਾਂ ਵਿਚ ਸਖ਼ਤ ਰੋਸ ਹੈ। ਰਾਘਵ ਚੱਢਾ ਵੀ ਆਪਣੇ ਆਪ ਨੂੰ ਸੁਪਰ ਮੁੱਖ ਮੰਤਰੀ ਵਜੋਂ ਪੇਸ਼ ਕਰ ਰਿਹਾ ਹੈ। ਭ੍ਰਿਸ਼ਟਾਚਾਰ ਦੇ ਦੋਸ਼ ਵਿਚ ਸਾਬਕਾ ਮੰਤਰੀ ਸਾਧੂ ਸਿੰਘ ਧਰਮਸੋਤ ਅਤੇ ਹੋਰ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਨਾਲ ਸਰਕਾਰ ਦਾ ਭ੍ਰਿਸ਼ਟਾਚਾਰ ਵਿਰੋਧੀ ਚੰਗਾ ਪੱਖ ਲੋਕਾਂ ਵਿਚ ਗਿਆ। ਹੁਣ ਵੇਖਣਾ ਇਹ ਹੈ ਕਿ ਵਿਜੀਲੈਂਸ ਇਨ੍ਹਾਂ ਦੋਸ਼ੀਆਂ ਨੂੰ ਯੋਗ ਸਜ਼ਾਵਾਂ ਦਿਵਾਉਣ ਲਈ ਪੂਰੀ ਪੈਰਵਾਈ ਕਰਦੀ ਹੈ ਜਾਂ ਘੱਟੇ ਕੌਡੀਆਂ ਹੀ ਰਲਾਅ ਦਿੰਦੀ ਹੈ। ਹੋਰ ਵੀ ਭ੍ਰਿਸ਼ਟ ਲੀਡਰਾਂ ਨੂੰ ਵਿਜੀਲੈਂਸ ਵਲੋਂ ਗ੍ਰਿਫ਼ਤਾਰ ਕਰਨ ਦੇ ਚਰਚੇ ਸੁਣੇ ਜਾ ਰਹੇ ਹਨ। ਜੇ ਇੰਜ ਕੀਤਾ ਜਾਂਦਾ ਹੈ ਤਾਂ ਇਹ ਇਕ ਸ਼ਲਾਘਾਯੋਗ ਕਦਮ ਹੋਵੇਗਾ।

ਸਰਕਾਰ ਵਲੋਂ ਇਕ ਵਿਧਾਇਕ, ਇਕ ਪੈਨਸ਼ਨ ਦਾ ਬਿੱਲ ਪਾਸ ਕਰਨਾ, ਸਰਕਾਰੀ ਵਿਭਾਗਾਂ ਵਿਚ ਖਾਲੀ ਅਸਾਮੀਆਂ ਭਰਨ ਲਈ ਕਾਰਵਾਈ ਸ਼ੁਰੂ ਕਰਨਾ, ਕੱਚੇ ਮੁਲਾਜ਼ਮਾਂ ਨੂੰ ਪੱਕੇ ਕਰਨ ਲਈ ਕਾਰਵਾਈ ਸ਼ੁਰੂ ਕਰਨਾ, ਡਿਊਟੀ ਦੌਰਾਨ ਸੁੱਖਿਆ ਕਰਮਚਾਰੀਆਂ ਦੀ ਮੌਤ ਹੋਣ 'ਤੇ ਪਰਿਵਾਰ ਨੂੰ ਇਕ ਕਰੋੜ ਸਹਾਇਤਾ ਰਾਸ਼ੀ ਦੇਣਾ (ਕੁਝ ਪਰਿਵਾਰਾਂ ਨੂੰ ਦਿੱਤੀ ਵੀ ਜਾ ਚੁੱਕੀ ਹੈ), ਕਿਸਾਨ ਮੋਰਚੇ ਦੌਰਾਨ ਸ਼ਹੀਦ ਹੋਏ 789 ਕਿਸਾਨਾਂ ਦੇ ਪਰਿਵਾਰਾਂ ਨੂੰ ਪੰਜ-ਪੰਜ ਲੱਖ ਪ੍ਰਤੀ ਪਰਿਵਾਰ ਦੇਣਾ ਅਤੇ ਇਕ ਇਕ ਕਰਕੇ ਕਿਸਾਨਾਂ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਸੁਹਿਰਦ ਹੋਣਾ, ਰਿਸ਼ਵਤਖੋਰੀ ਵਿਰੁੱਧ ਚੌਕਸੀ ਵਰਤਣੀ, ਪ੍ਰਸ਼ਾਸਨ ਵਿਚ ਸਿਆਸੀ ਦਖ਼ਲ-ਅੰਦਾਜ਼ੀ ਨਾ ਦੇਣ ਲਈ ਆਪਣੇ ਵਿਧਾਇਕਾਂ ਨੂੰ ਤਾੜਨਾ ਕਰਨਾ, ਪੰਜਾਬ ਵਿਚੋਂ ਗੈਂਗਸਟਰ ਕਲਚਰ ਖ਼ਤਮ ਕਰਨ ਲਈ ਪੁਲੀਸ ਨੂੰ ਹਰਕਤ ਵਿਚ ਰੱਖਣਾ ਸਰਕਾਰ ਦੇ ਸ਼ਲਾਘਾਯੋਗ ਕਦਮ ਹਨ।

ਪੰਜਾਬ ਵਿਧਾਨ ਸਭਾ ਦੀਆਂ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਨੇ ਸਿੱਖਿਆ ਅਤੇ ਸਿਹਤ ਸਹੂਲਤਾਂ ਲਈ ਦਿੱਲੀ ਮਾਡਲ ਦਾ ਬਹੁਤ ਪ੍ਰਚਾਰ ਕੀਤਾ ਸੀ। ਦਿੱਲੀ ਮਾਡਲ ਦੇ ਨਾਂ 'ਤੇ ਸਕੂਲਾਂ ਦੀਆਂ ਕੰਧਾਂ ਨੂੰ ਪੇਂਟ ਕਰਨ ਦਾ ਕੋਈ ਲਾਭ ਨਹੀਂ ਜੇ ਸਕੂਲਾਂ ਵਿਚ ਲੋੜੀਂਦਾ ਸਟਾਫ਼ ਅਤੇ ਹੋਰ ਸਹੂਲਤਾਂ ਨਹੀਂ ਦਿੱਤੀਆਂ ਜਾਂਦੀਆਂ। ਜੇਕਰ ਸਿਹਤ ਵਿਭਾਗ ਦੀਆਂ ਮੌਜੂਦਾ ਡਿਸਪੈਂਸਰੀਆਂ ਅਤੇ ਸਰਕਾਰੀ ਹਸਪਤਾਲਾਂ ਦੀ ਹਾਲਤ ਸੁਧਾਰੀ ਨਹੀਂ ਜਾਂਦੀ ਤਾਂ 15 ਅਗਸਤ ਨੂੰ 75 ਮੁਹੱਲਾ ਕਲੀਨਿਕ ਵੀ ਕਾਮਯਾਬ ਹੋਣ ਦੀ ਸੰਭਾਵਨਾ ਨਹੀਂ ਹੈ। ਛੋਟੇ ਹਸਪਤਾਲਾਂ ਦੀ ਗੱਲ ਛੱਡੋ ਤਹਿਸੀਲ ਅਤੇ ਜ਼ਿਲ੍ਹਾ ਪੱਧਰੀ ਹਸਪਤਾਲਾਂ ਦਾ ਵੀ ਮੰਦਾ ਹਾਲ ਹੈ। ਸਰਕਾਰੀ ਡਿਸਪੈਂਸਰੀਆਂ ਅਤੇ ਹਸਪਤਾਲਾਂ ਨੂੰ ਨਜ਼ਰਅੰਦਾਜ਼ ਕਰ ਕੇ ਮੁਹੱਲਾ ਕਲੀਨਿਕਾਂ ਦਾ ਰਾਗ ਅਲਾਪਣਾ ਨਿਰੀ ਸ਼ੋਸ਼ੇਬਾਜ਼ੀ ਹੈ। ਸ਼ੋਸ਼ੇਬਾਜ਼ੀ ਦੀ ਰਾਜਨੀਤੀ ਕਰਨ ਦਾ ਕੋਈ ਲਾਭ ਨਹੀਂ ਹੁੰਦਾ। ਮੁਫ਼ਤ ਸਹੂਲਤਾਂ ਦੇ ਨਾਅਰਿਆਂ ਨੂੰ ਪ੍ਰਕਾਸ਼ ਸਿੰਘ ਬਾਦਲ ਨੇ 1997 ਵਿਚ ਸ਼ੁਰੂ ਕੀਤਾ ਸੀ ਜਦ ਕਿਸਾਨਾਂ ਦੇ ਟਿਊਬਵੈੱਲਾਂ ਨੂੰ ਮੁਫ਼ਤ ਬਿਜਲੀ ਦੇਣ ਦਾ ਐਲਾਨ ਕੀਤਾ ਗਿਆ। ਉਸ ਤੋਂ ਬਾਅਦ ਕੁਝ ਗ਼ਰੀਬ ਤਬਕਿਆਂ ਨੂੰ ਵੀ ਮੁਫ਼ਤ ਯੂਨਿਟਾਂ ਦੀ ਸਹੂਲਤ ਦਿੱਤੀ ਗਈ। ਇਨ੍ਹਾਂ ਐਲਾਨਾਂ ਨੇ ਪੰਜਾਬ ਪਾਵਰ ਕਾਰਪੋਰੇਸ਼ਨ ਨੂੰ ਕੰਗਾਲ ਕਰ ਦਿੱਤਾ। ਹੁਣ ਆਪ ਸਰਕਾਰ ਵਲੋਂ ਹਰ ਘਰ ਨੂੰ ਤਿੰਨ ਸੌ ਯੂਨਿਟ ਪ੍ਰਤੀ ਮਹੀਨਾ ਬਿਜਲੀ ਮੁਫ਼ਤ ਦੇਣ ਕਾਰਨ ਪੰਜਾਬ ਪਾਵਰ ਕਾਰਪੋਰੇਸ਼ਨ ਦਾ ਰਹਿੰਦਾ ਖੂੰਹਦਾ ਵੀ ਭੱਠਾ ਬੈਠ ਜਾਵੇਗਾ। ਬਾਦਲ ਸਰਕਾਰ ਵਲੋਂ ਚਲਾਈ ਗਈ ਆਟਾ-ਦਾਲ ਸਕੀਮ ਨੇ ਖੁਰਾਕ ਏਜੰਸੀਆਂ ਨੂੰ ਕਰਜ਼ਾਈ ਕਰ ਦਿੱਤਾ ਹੈ। ਹੁਣ 'ਆਪ' ਸਰਕਾਰ ਦੋ ਕਦਮ ਹੋਰ ਅੱਗੇ ਚਲੀ ਗਈ ਹੈ। ਇਨ੍ਹਾਂ ਦਾ ਕਹਿਣਾ ਹੈ ਕਿ ਅਨਾਜ ਲੋਕਾਂ ਦੇ ਘਰ-ਘਰ ਪਹੁੰਚਾਇਆ ਜਾਵੇਗਾ। ਇਸ ਕੰਮ ਲਈ ਸਟਾਫ, ਵਾਹਨ ਅਤੇ ਪੈਸੇ ਕਿੱਥੋਂ ਆਉਣਗੇ ਅਤੇ ਖੁਰਾਕ ਏਜੰਸੀਆਂ ਦੇ ਘਾਟੇ ਦੀ ਭਰਪਾਈ ਕਿਵੇਂ ਹੋਵੇਗੀ, ਇਹ ਗੱਲ ਸਮਝ ਤੋਂ ਬਾਹਰ ਹੈ।

ਅਜੇ ਹਰ 18 ਸਾਲ ਜਾਂ ਵੱਧ ਉਮਰ ਦੀਆਂ ਔਰਤਾਂ ਨੂੰ ਇਕ ਹਜ਼ਾਰ ਰੁਪਏ ਪ੍ਰਤੀ ਮਹੀਨਾ ਦੇਣ ਦੀ 'ਗਰੰਟੀ' ਸਿਰ 'ਤੇ ਖੜ੍ਹੀ ਹੈ ਜਿਸ ਲਈ ਬਾਰਾਂ ਹਜ਼ਾਰ ਕਰੋੜ ਰੁਪਇਆ ਚਾਹੀਦਾ ਹੈ। ਇਹ ਪੈਸਾ ਕਿੱਥੋਂ ਆਵੇਗਾ ? ਸਰਕਾਰ ਨੂੰ ਚਾਹੀਦਾ ਹੈ ਕਿ ਉਹ ਮੁਫ਼ਤ ਸਹੂਲਤਾਂ ਦੇਣ ਦੀ ਬਜਾਏ ਲੋਕਾਂ ਦੇ ਰੁਜ਼ਗਾਰ ਦਾ ਪ੍ਰਬੰਧ ਕਰੇ ਤਾਂ ਜੋ ਲੋਕ ਆਪਣੀ ਰੋਜ਼ੀ ਆਪ ਕਮਾ ਸਕਣ। ਲੋਕਾਂ ਨੂੰ ਵਿਹਲੜ, ਮੁਫ਼ਤਖੋਰੇ ਅਤੇ ਮੰਗਤੇ ਬਣਾਉਣ ਦੀ ਨੀਤੀ ਛੱਡ ਦੇਣੀ ਚਾਹੀਦੀ ਹੈ। ਇਹ ਦੇਸ਼ ਅਤੇ ਸਮਾਜ ਲਈ ਘਾਤਕ ਹੈ। ਪੰਜ-ਛੇ ਮਹੀਨੇ ਵਿਚ ਰਾਜ ਕਰ ਰਹੀ ਪਾਰਟੀ ਦੀ ਸਰਕਾਰ ਵਲੋਂ ਵਾਅਦੇ ਪੂਰੇ ਕਰਨੇ ਸੰਭਵ ਨਹੀਂ ਹੁੰਦੇ ਲੇਕਿਨ ਵਾਅਦੇ ਪੂਰੇ ਕਰਨ ਲਈ ਤੈਅ ਹੋਈ ਨੀਤੀ ਦਿਸਣੀ ਚਾਹੀਦੀ ਹੈ। ਪੰਜਾਬ ਦੇ ਲੋਕਾਂ ਦੇ ਟੈਕਸ ਦੇ ਪੈਸਿਆਂ ਦੇ ਇਸ਼ਤਿਹਾਰ ਹਿਮਾਚਲ ਪ੍ਰਦੇਸ਼, ਦਿੱਲੀ ਜਾਂ ਗੁਜਰਾਤ ਵਿਚ ਦੇ ਕੇ ਪੈਸੇ ਦੀ ਬਰਬਾਦੀ ਨਹੀਂ ਕਰਨੀ ਚਾਹੀਦੀ। ਇਹ ਕਰੋੜਾਂ ਰੁਪਏ ਪੰਜਾਬ ਵਿਚ ਲੋਕਾਂ ਦੀ ਬਿਹਤਰੀ ਲਈ ਖਰਚ ਕਰਨੇ ਚਾਹੀਦੇ ਹਨ। ਪੰਜਾਬ ਸਰਕਾਰ ਦੇ ਦਾਅਵਿਆਂ ਅਤੇ ਵਾਅਦਿਆਂ ਮੁਤਾਬਕ ਉਹ 75 ਸਾਲ ਦੇ ਵਿਗੜੇ ਹੋਏ ਪ੍ਰਬੰਧ ਨੂੰ ਠੀਕ ਕਰਨਗੇ ਲੇਕਿਨ ਇਸ ਲਈ ਸਰਕਾਰ ਦਾ ਨਜ਼ਰੀਆ ਅਜੇ ਤਕ ਸਪੱਸ਼ਟ ਨਹੀਂ ਹੋਇਆ।

ਅਜੇ ਪੰਜਾਬ ਲਈ ਪਾਣੀ, ਕਿਸਾਨੀ ਅਤੇ ਨੌਜਵਾਨੀ ਦਾ ਸੰਕਟ ਦਰਪੇਸ਼ ਹੈ। ਇਹ ਤਿੰਨੇ ਸੰਕਟ ਪੰਜਾਬ ਦੇ ਹਰ ਘਰ ਦੇ ਚੁੱਲ੍ਹਿਆਂ ਤੱਕ ਮਾਰ ਕਰਦੇ ਹਨ ਅਤੇ ਪੰਜਾਬ ਸਰਕਾਰ ਲਈ ਗੰਭੀਰ ਚੈਲੰਜ ਹਨ। ਪਾਣੀ ਦੀ ਬੱਚਤ ਲਈ ਸਰਕਾਰੀ ਯਤਨਾਂ ਤੋਂ ਇਲਾਵਾ ਹਰ ਸ਼ਹਿਰੀ ਦਾ ਇਹ ਫ਼ਰਜ਼ ਬਣਦਾ ਹੈ ਕਿ ਉਹ ਘਰ ਅਤੇ ਬਾਹਰ ਜਿੱਥੇ ਵੀ ਪਾਣੀ ਨਾਲ ਸਬੰਧਤ ਹੈ ਉਸ ਦੀ ਬਚਤ ਕਰਨ ਵਿਚ ਦਿਲਚਸਪੀ ਲਵੇ। ਦੇਸ਼ ਦਾ ਹਰ ਸ਼ਹਿਰੀ ਕਿਸਾਨਾਂ ਦੇ ਨਾਲ ਜੁੜਿਆ ਹੋਇਆ ਹੈ ਜਿਸ ਕਰਕੇ ਕਿਸਾਨੀ ਸੰਕਟ ਪਹਿਲ ਦੇ ਆਧਾਰ 'ਤੇ ਹੱਲ ਕਰਨ ਦੀ ਲੋੜ ਹੈ। ਜੇ ਇਹ ਸੰਕਟ ਹੱਲ ਨਾ ਹੋਇਆ ਤਾਂ ਇਸ ਦਾ ਖਮਿਆਜ਼ਾ ਦੇਸ਼ ਦੇ ਹਰ ਸ਼ਹਿਰੀ ਨੂੰ ਭੁਗਤਣਾ ਪਵੇਗਾ।

ਲੰਮੇ ਸਮੇਂ ਤੋਂ ਪੰਜਾਬ ਦੀਆਂ ਸਰਕਾਰਾਂ ਨੇ ਨੌਜਵਾਨਾਂ ਦੇ ਰੁਜ਼ਗਾਰ ਲਈ ਕੋਈ ਸੁਹਿਰਦਤਾ ਨਹੀਂ ਵਿਖਾਈ ਜਿਸ ਕਰਕੇ ਵੱਡੀ ਗਿਣਤੀ ਨੌਜਵਾਨ ਵਿਦੇਸ਼ਾਂ ਨੂੰ ਜਾ ਚੁੱਕੇ ਹਨ ਅਤੇ ਜਾ ਰਹੇ ਹਨ। ਪੰਜਾਬ, ਨੌਜਵਾਨ ਲੜਕੇ ਅਤੇ ਲੜਕੀਆਂ ਤੋਂ ਖਾਲੀ ਹੁੰਦਾ ਜਾ ਰਿਹਾ ਹੈ। ਇਸ ਸੰਕਟ ਨੂੰ ਹੋਰ ਗੰਭੀਰ ਹੋਣ ਤੋਂ ਰੋਕਣ ਲਈ ਸਮੁੱਚੇ ਸਰਕਾਰੀ ਵਿਭਾਗਾਂ ਵਿਚ ਖਾਲੀ ਪੋਸਟਾਂ 'ਤੇ ਨਿਯੁਕਤੀਆਂ ਕਰਨੀਆਂ ਚਾਹੀਦੀਆਂ ਹਨ ਅਤੇ ਰੁਜ਼ਗਾਰ ਦੇ ਹੋਰ ਮੌਕੇ ਪੈਦਾ ਕਰਨੇ ਚਾਹੀਦੇ ਹਨ। ਜੇ ਆਮ ਆਦਮੀ ਪਾਰਟੀ ਵਾਕਈ ਭ੍ਰਿਸ਼ਟਾਚਾਰ ਵਿਰੁੱਧ ਫੈਸਲਾਕੁਨ ਲੜਾਈ ਲੜ ਲੈਂਦੀ ਹੈ ਅਤੇ ਆਪਣੇ ਮਿੱਥੇ ਨਿਸ਼ਾਨੇ ਭਾਵ ਸੰਕਟਗ੍ਰਸਤ ਪੰਜਾਬ ਨੂੰ ਲੀਹ 'ਤੇ ਲੈ ਆਉਂਦੀ ਹੈ ਤਾਂ ਇਹ ਪੰਜਾਬ ਦੀ ਰਾਜਨੀਤੀ ਵਿਚ ਨਵਾਂ ਅਧਿਆਇ ਹੋਵੇਗਾ ਅਤੇ ਲੋਕਾਂ ਨੂੰ ਇਸ ਦਾ ਭਾਰੀ ਲਾਭ ਹੋਵੇਗਾ।

# ਸਿੱਖਾਂ ਦੇ ਦਰਦ ਨੂੰ ਬਿਆਨਦੀ ਪੁਸਤਕ - ਦੇਸ ਨਿਕਾਲਾ

**ਪੁਸਤਕ ਚਰਚਾ**


ਸਿੱਖ ਵਿਦਵਾਨ, ਕਵੀ ਤੇ ਫ਼ਿਲਾਸਫ਼ਰ ਪ੍ਰਭਸ਼ਰਨਦੀਪ ਸਿੰਘ ਦੀ ਪਲੇਠੀ ਕਿਤਾਬ 'ਦੇਸ ਨਿਕਾਲਾ' ਪੜ੍ਹੀ। ਇਸ ਪੁਸਤਕ ਦਾ ਸਿਰਲੇਖ 'ਦੇਸ ਨਿਕਾਲਾ' ਸਿੱਖਾਂ ਦੀ ਅਜੋਕੀ ਹਾਲਤ ਨੂੰ ਬਾਖ਼ੂਬੀ ਬਿਆਨ ਕਰਦਾ ਹੈ। ਗੁਲਾਮੀ ਦੀ ਸਥਿਤੀ ਹੋਣ ਕਰਕੇ ਕਈ ਵਾਰ ਇਸ ਤਰ੍ਹਾਂ ਲੱਗਦਾ ਹੈ ਕਿ ਸਾਡੀ ਸਿੱਖਾਂ ਦੀ ਪੀੜ (ਮਾਨਸਿਕ ਤੇ ਸਰੀਰਕ) ਬਹੁਤ ਹੀ ਅਕਹਿ ਤੇ ਅਸਹਿ ਹੈ। ਸਾਡੀ ਇਸ ਪੀੜ ਦੇ ਧੁਰ ਅੰਦਰ ਨਾਲ ਸਾਂਝ ਪਾਉਂਦਾ ਹੈ ਕਿਤਾਬ ਦਾ ਸਿਰਲੇਖ। ਸਿੱਖਾਂ ਨਾਲ ਹੋ ਰਹੇ ਸਮਾਜਿਕ, ਆਰਥਿਕ, ਰਾਜਨੀਤਕ ਅਤੇ ਧਾਰਮਿਕ ਅਨਿਆਂ ਦੀ

**ਪ੍ਰਭਜੋਤ ਕੌਰ**

ਵਿਆਖਿਆ ਕਿਸੇ ਵੀ ਖੱਬੇ-ਪੱਖੀ, ਰਾਸ਼ਟਰਵਾਦੀ, ਲਿਬਰਲ ਵਿਚਾਰਧਾਰਾ ਵਾਲੀ ਨੁਕਤਾ-ਨਿਗਾਹ ਤੋਂ ਹੋ ਹੀ ਨਹੀਂ ਸਕਦੀ। ਪੰਜਾਬ ਦੀ ਅਸਲੀ ਨਬਜ਼ ਓਹੀ ਫੜ ਸਕਦਾ ਹੈ, ਜਿਸਨੇ ਦੇਸ ਨਿਕਾਲਾ ਵਰਗੇ ਅਹਿਸਾਸ ਨੂੰ ਡੂੰਘੀ ਸ਼ਿੱਦਤ ਨਾਲ ਮਹਿਸੂਸ ਕੀਤਾ ਹੋਵੇ। ਕਵੀ, ਜਿਸ ਨੇ ਇਹ ਪੀੜ ਹੱਡੀ ਹੰਢਾਈ ਹੈ, ਵਲੋਂ ਬਹੁਤ ਡੂੰਘੇ ਅਹਿਸਾਸ 'ਚੋਂ ਹੀ ਇਹ ਨਾਮ ਚੁਣਿਆ ਗਿਆ ਲੱਗਦਾ ਹੈ। ਇਹ ਦੋ ਅੱਖਰ ਸਿੱਖ ਕੌਮ ਦੀ 1849 ਤੋਂ ਹੁਣ ਤਕ ਦੀ ਦਸ਼ਾ ਬਿਆਨ ਕਰਦੇ ਹਨ।

ਪੰਜਾਬ ਅਤੇ ਪੰਜਾਬ ਦੇ ਬਾਹਰ ਦੇ ਕਾਲਜਾਂ, ਯੂਨੀਵਰਸਿਟੀਆਂ ਵਿਚ ਵਿਚਰਦਿਆਂ ਗ਼ੈਰ-ਸਿੱਖਾਂ ਨਾਲ ਜਦੋਂ ਵੀ ਸਿੱਖ ਸਰੋਕਾਰਾਂ ਬਾਰੇ ਗੱਲ ਛਿੜਦੀ, ਉਦੋਂ ਹੀ ਮਨ ਨੂੰ ਬੇਚੈਨ ਕਰਨ ਵਾਲੇ ਵਾਕਿਆਤ ਹੁੰਦੇ ਸਨ। ਇਸ ਕਿਤਾਬ ਨੂੰ ਪੜ੍ਹਨ ਵੇਲੇ ਅਜਿਹਾ ਲੱਗਦਾ ਹੈ ਕਿ ਜਿਵੇਂ ਉਸ ਸਾਲਾਂ ਦੇ ਬੋਝ ਨੂੰ ਜ਼ੁਬਾਨ ਮਿਲ ਗਈ ਹੋਵੇ। ਸਿਰਫ ਮੈਂ ਹੀ ਨਹੀਂ ਪੰਥ ਦਾ ਕੋਈ ਵੀ ਨੌਜਵਾਨ, ਬਜ਼ੁਰਗ, ਵਿਦਿਆਰਥੀ ਜੋ ਵੀ ਸਿੱਖਾਂ ਦੀ ਪੀੜ ਨੂੰ ਹਿਰਦੇ 'ਚ ਸਮੋਅ ਕੇ ਵਿਚਰਦਿਆਂ, ਜੋ ਇਕੱਲਤਾ, ਬੇਬਸੀ, ਬੇਗਾਨਗੀ ਦੇ ਅਹਿਸਾਸ ਲੈ ਕੇ ਜੀਵਿਆ ਹੈ, ਉਸਨੂੰ ਇਹ ਕਿਤਾਬ ਪੜ੍ਹਦਿਆਂ ਕਿਤੇ ਨਾ ਕਿਤੇ ਇਹ ਜ਼ਰੂਰ ਲੱਗੇਗਾ ਕਿ ਉਸਦੀ ਜ਼ਿੰਦਗੀ ਦੇ ਅਨੁਭਵ ਅਤੇ ਕਵੀ ਦੇ ਅਨੁਭਵ ਸਾਂਝੇ ਹਨ।

ਜਦੋਂ ਵੀ ਆਪਣੇ ਨਾਲ ਹੋਏ ਧੱਕੇ ਦੀ ਗੱਲ ਕਰਦੇ ਸੀ ਤਾਂ ਹਮੇਸ਼ਾ ਹਿੰਦੂਵਾਦੀਆਂ, ਖੱਬੇ-ਪੱਖੀਆਂ, ਰਾਸ਼ਟਰਵਾਦੀ ਵਲੋਂ ਵਿਰੋਧਤਾ ਅਤੇ ਮਾਨਸਿਕ ਦਬਾਅ ਸਹਿਣਾ ਪੈਂਦਾ ਸੀ। ਹਮੇਸ਼ਾ ਇਹ ਅਹਿਸਾਸ ਕਰਾਇਆ ਜਾਂਦਾ ਸੀ ਕਿ ਆਪਣੇ ਉੱਤੇ ਹੋਏ ਜ਼ੁਲਮ, ਧੱਕੇ ਅਤੇ ਸੱਚ ਬਿਆਨ ਕਰ ਕੇ ਕੋਈ ਬਹੁਤ ਗਲਤ ਕਰ ਰਹੇ ਹਾਂ। ਕਵੀ ਵਲੋਂ ਲਿਖੀ ਭੂਮਿਕਾ ਪੜ੍ਹ ਕੇ ਸਮਝ ਆਉਂਦੀ ਹੈ ਕਿ ਉਨ੍ਹਾਂ ਸਭ ਵਰਤਾਰਿਆਂ ਦੀ ਜੜ੍ਹ ਕਿੱਥੇ ਲੱਗੀ ਹੈ ਤੇ ਇਸ ਦੇ ਪਿੱਛੇ ਕੀ ਕਾਰਨ ਹਨ। ਉਸ ਸਮੇਂ ਸਮਝ ਨਹੀਂ ਆਉਂਦੀ ਸੀ ਤੇ ਕਈ ਵਾਰ ਸ੍ਵੈ-ਦੁਚਿੱਤੀ 'ਚ ਚਲੇ ਜਾਣਾ। ਕਵੀ ਅਨੁਸਾਰ ਸਾਡੇ ਨਾਲ ਹੋ ਰਹੀ ਬਿਰਤਾਂਤਕ ਹਿੰਸਾ ਸਾਨੂੰ ਕਸੂਰਵਾਰ ਤੇ ਸੌੜੀ ਸੋਚ ਵਾਲੇ ਦਰਸਾ ਰਹੀ ਸੀ। ਇਹ ਕਿਤਾਬ ਸਿੱਖਾਂ ਉੱਤੇ ਖੱਬੇ-ਪੱਖੀਆਂ, ਉਦਾਰਵਾਦੀ, ਹਿੰਦੂ




ਰਾਸ਼ਟਰਵਾਦੀਆਂ ਦੀ ਬਿਰਤਾਂਤਕ ਹਿੰਸਾ ਦੇ ਵਰਤਾਰੇ ਨੂੰ ਬਿਆਨ ਕਰਦੀ ਹੈ ਅਤੇ ਸਿੱਖਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਕਰਦੀ ਹੈ। ਕਵੀ ਨੇ ਆਪਣੀ ਕੌਮ ਨਾਲ ਹੋਏ ਜ਼ੁਲਮ ਨੂੰ ਜ਼ੁਬਾਨ ਦਿੱਤੀ ਹੈ ਅਤੇ ਸਿੱਖਾਂ ਦਾ ਬਿਰਤਾਂਤ ਸਿਰਜਿਆ ਹੈ।

ਪੰਜਾਬ ਅਤੇ ਸਿੱਖਾਂ ਦੀ ਬਹੁਤ ਹੀ ਗੁੰਝਲਦਾਰ ਸਮੱਸਿਆ ਜਿਸਦਾ ਖੱਬੇ-ਪੱਖੀਆਂ, ਲਿਬਰਲ, ਰਾਸ਼ਟਰਵਾਦੀਆਂ ਨੇ ਬਹੁਤ ਹੀ ਸਰਲ, ਸਿੱਧਾ ਅਤੇ ਸੱਚ ਤੋਂ ਹੀਣਾ ਅਧਿਐਨ ਕੀਤਾ ਹੈ, ਇਹ ਕਿਤਾਬ ਉਸ ਤਰ੍ਹਾਂ ਦੇ ਕੱਚ-ਘਰੜ ਅਧਿਐਨ ਨੂੰ ਚੁਣੌਤੀ ਦਿੰਦੀ ਹੈ। ਕਵੀ ਦੀ ਇਹ ਲਿਖਤ ਸਿੱਖ ਸੰਘਰਸ਼ ਵੇਲੇ ਹੋਈ ਬਿਰਤਾਂਤਕ ਹਿੰਸਾ ਦੇ ਕਾਰਨ ਅਤੇ ਉਨ੍ਹਾਂ ਦੇ ਪ੍ਰਭਾਵਾਂ ਨੂੰ ਬਾਖ਼ੂਬੀ ਬਿਆਨ ਕਰਦੀ ਹੈ।

ਇਸ ਕਿਤਾਬ ਵਿਚ ਲਿਖੀਆਂ ਕਵਿਤਾਵਾਂ ਪੜ੍ਹਨ ਵੇਲੇ ਕਿੰਨੀ ਵਾਰੀ ਹਿਰਦੇ ਅੰਦਰ ਡੂੰਘੀ ਚੀਸ ਲਹਿੰਦੀ ਹੈ ਅਤੇ ਅੱਥਰੂ ਆਪ ਮੁਹਾਰੇ ਵਗ ਪੈਂਦੇ ਹਨ।

'ਭਟਕਣ, ਜਬਰ, ਰਿਜ਼ਕ ਦੀਆਂ ਲੋੜਾਂ,
ਦੇਸ ਨਿਕਾਲੇ ਵੱਡੇ
ਮੁਲਕ ਬਿਗਾਨਾ ਹੋ ਗਿਆ
ਅਸਲੋਂ ਮਾਵਾਂ ਵੀ ਤੁਰ ਗਈਆਂ।

ਕਵੀ ਬੋਲੀ ਅਤੇ ਆਪਣੇ ਦੇਸ ਦੀ ਮਹੱਤਤਾ ਨੂੰ ਦਰਸਾਉਂਦਾ ਆਖਦਾ ਹੈ:

"ਭੁੱਲੇ ਬੋਲ ਤੇ ਰਹਿ ਗਏ ਪਿੰਜਰ,
ਦੁੱਖ ਸੁਣਾਈਏ ਕੇਹੇ।
ਬੋਲੀ ਬਾਝੋਂ ਰੁਣ-ਝੁਣ ਨਾਹੀਂ,
ਰੁੱਖੇ ਹੁਕਮ ਸੁਨੇਹੇ।"
"ਧਰਤ ਬਿਗਾਨੀ, ਬੋਲ ਬਿਗਾਨੇ,
ਦੇਹੀ ਰਹਿ ਗਈ ਮੇਰੀ
ਦੇਹੀ ਉੱਤੇ ਭਾਉਂਦੀਆਂ ਗਿਰਜਾਂ
ਨੋਚ ਲੈਣ ਦੀ ਦੇਰੀ।'

ਕਵੀ ਦੀਆਂ ਕਵਿਤਾਵਾਂ ਵਿਚ ਸਿੱਖੀ ਦਾ ਰੰਗ ਬਹੁਤ ਗੂੜ੍ਹਾ ਹੈ। "ਹੁਣ" ਕਵਿਤਾ ਸਤਿਗੁਰਾਂ ਦੀ ਸਭ ਤੋਂ ਪਵਿੱਤਰ ਦਾਤ ਸ਼ਹਾਦਤ ਲਈ ਪ੍ਰੇਰਦੀ ਹੈ।

ਹੁਣੇ ਮੌਤ ਨੇ ਦਸਤਕ ਦਿੱਤੀ,
ਹੁਣੇ ਮੈਂ ਘਰ ਨੂੰ ਜਾਣਾ।
ਹੁਣੇ ਵਣਾਂ ਵਿਚ ਜੀਵਨ ਪੁੰਗਰੇ,
ਹੁਣੇ ਬਸੰਤ ਅਲਾਣਾ।
ਖੇਤ ਸਿਦਕ ਦਾ, ਭੇਟ ਸੀਸ ਦੀ,
ਨਾ ਕੋਈ ਭਲਕ ਦੇ ਦਾਈਏ।
ਏਸੇ ਪਲ ਹੀ ਬੋਲ ਪੁਗਾਉਣੇ,
ਏਸੇ ਪਲ ਮਰ ਜਾਣਾ।

ਇਹ ਸਿੱਖੀ ਰੰਗ ਵਿਚ ਗੜੁੱਚ ਕਵਿਤਾਵਾਂ ਪੜ੍ਹ ਕੇ ਮਨ ਵਿਚ ਆਪਾ ਵਾਰਨ ਦਾ ਚਾਅ ਉਮੜਦਾ ਹੈ। ਕਵੀ ਦਾ ਸਿੱਖਾਂ ਨੂੰ ਸੁਨੇਹਾ ਹੈ ਕਿ ਪੰਥ ਬਿਖੜੇ ਰਾਹਾਂ 'ਚੋਂ ਲੰਘ ਰਿਹਾ ਹੈ। ਜ਼ਾਲਮਾਂ ਦੀਆਂ ਭੀੜਾਂ ਤੋਂ ਖਲਾਸੀ ਸੰਘਰਸ਼ ਦੇ ਰਸਤੇ ਵਿਚ ਹੀ ਹੈ। ਸਿੱਖਾਂ ਨੂੰ ਸਤਿਗੁਰਾਂ ਦੇ ਬਖਸ਼ੇ ਸਿਦਕਾਂ ਦੇ ਆਸਰੇ ਸੀਸ ਵਾਰਨ ਲਈ ਤਿਆਰ ਹੋਣਾ ਪਵੇਗਾ।

"ਮੁੱਢ" ਕਵਿਤਾ ਵਿਚ ਕਵੀ ਸਿੱਖਾਂ ਨਾਲ ਹੋਈ ਹਿੰਸਾ, ਨਫਰਤ ਤੇ ਨਸਲਕੁਸ਼ੀ ਦੀ ਨਿਸ਼ਾਨਦੇਹੀ ਕਰਦਾ ਆਖਦਾ ਹੈ:

"ਕਿਰਤ, ਕਰਮ, ਕੁਲ, ਧਰਮ, ਭਰਮ, ਦਾ ਨਾਸ਼ ਜਦੋਂ ਸੀ ਹੋਇਆ।
ਹਰਜਨ ਹਰਿਜਨ, ਵਿਗਸੀ ਸੰਗਤ, ਪਾਂਡਾ ਖੁਣ ਸਚ ਮੋਇਆ।"

ਅਗੰਮੀ ਬਾਣੀ ਵਿਚਲੇ ਇਲਾਹੀ ਸੱਚ ਤੋਂ ਭੈਅਭੀਤ ਪਾਂਡਾ ਸਿੱਖਾਂ ਦੇ ਬੀਜ ਨਾਸ ਦੀ ਕੋਸ਼ਿਸ਼ ਵਿਚ ਹੈ। ਨਸਲਕੁਸ਼ੀਆ, ਜ਼ੁਲਮ ਏਸੇ ਆਪਣੇ ਅੰਦਰ ਜ਼ਜਬ ਕਰਨ ਦੀਆਂ ਖ਼ਾਹਿਸ਼ਾਂ ਅਤੇ ਖੁੰਦਕਾਂ ਵਿਚੋਂ ਨਿਕਲਦੀਆਂ ਹਨ।

ਸਿੱਖਾਂ ਦੇ ਜ਼ੁਲਮ ਦੀ ਬਾਤ ਪਾਉਂਦਾ ਕਵੀ ਕਵਿਤਾ 'ਮੁਰਦਾਰ' ਵਿਚ ਆਖਦਾ ਹੈ,

"ਦੇਹ ਦੀਆਂ ਹੱਡਾਂ ਮਿਥ-ਮਿਥ ਜਾਬਰ,
ਮਨ ਦੀਆਂ ਜੂਹਾਂ ਟੋਹਦੇ।
ਪਿੰਜ-ਪਿੰਜ, ਕੋਹ-ਕੋਹ,
ਭੰਨ-ਭੰਨ ਦੇਹੀ, ਸਿਖਰ ਸਿਦਕ ਦੀ ਜੋਂਹਦੇ।
ਦੇਹ ਨਾ ਟੁੱਟੇ, ਪੱਤ ਰੋਲਦੇ,
ਕੜ੍ਹ-ਕੜ੍ਹ ਅੱਗ ਵਰ੍ਹਾਵਣ।
ਜ਼ਾਲਮ ਹੋ ਮੁਰਦਾਰ ਕੂਕਦੇ,
ਜਿੱਤੇ ਮਨਾਂ ਨਾ ਪੋਂਹਦੇ।

ਕਵੀ ਪੰਥ ਦੀ ਚੜ੍ਹਦੀ ਕਲਾ ਦੀ ਆਸ ਕਰਦਾ ਲਿਖਦਾ ਹੈ:

"ਦੁੱਖ ਨਾਂ ਦੱਬਦੇ, ਰੂਹ ਨਾਂ ਮਰਦੀ,
ਆਖਰ ਨੂੰ ਦਿਹੁੰ ਚੜ੍ਹਨਾ।"
"ਦਇਆ ਤੇਗ਼ ਦੀ ਨਿਰਮਲਧਾਰਾ,
ਬਿਪਰੀ ਕਿਲਵਿਖ ਧੋਵੇ,
ਜੁਗਾਂ ਜੁਗਾਂ ਤੱਕ ਰਾਜ ਭੋਗਣੇ,
ਦਿਲਾਂ 'ਚ ਵਸੇ ਤੂਫ਼ਾਨਾਂ।"

ਕਵੀ ਕੋਲ (ਸਿੱਖ) ਸ਼ਬਦਾਂ ਦਾ ਅਥਾਹ ਭੰਡਾਰ ਹੈ। ਕਵੀ ਬੜੇ ਪ੍ਰਭਾਵਸ਼ਾਲੀ ਅਤੇ ਭਾਵਪੂਰਤ ਸ਼ਬਦਾਂ ਵਿਚ ਇਕ ਸਿੱਖ ਮਾਂ ਦੇ ਸਿਦਕ ਨੂੰ ਬਿਆਨਦਾ ਹੈ।

"ਪੁੱਤ ਨਿੱਤਰ ਪਏ, ਫੱਟ ਡੂੰਘੇਰੇ,
ਦੁੱਖ ਕਲਯੁਗ ਦੀ ਕਾਤੀ।
ਮਾਛੀਵਾੜੇ ਪੈੜਾਂ ਦਿਸੀਆਂ,
ਉਨ੍ਹੀਂ ਰਾਹੀਂ ਚੱਲਾ।

ਅੱਜ ਵੀ ਸਿੱਖ ਬੀਬੀਆਂ 'ਚ ਇਹੋ ਜਿਹੇ ਸਿਦਕ ਤੋਂ ਬਿਨਾਂ ਸਿੱਖਾਂ ਕੋਲੋਂ ਸੰਘਰਸ਼ ਦੇ ਰਾਹ ਨਹੀਂ ਤੁਰਿਆ ਜਾਣਾ। ਸਿੱਖ ਬੀਬੀ ਹੀ ਸੰਘਰਸ਼ ਦੀ ਜਨਮ-ਦਾਤੀ ਹੈ।

ਇਹ ਕਿਤਾਬ ਹਰ ਸਿੱਖ ਵਿਦਿਆਰਥੀ, ਕਾਰਕੁਨ, ਸੰਘਰਸ਼ੀ ਨੂੰ ਪੜ੍ਹਨੀ ਚਾਹੀਦੀ ਹੈ। ਇਸ ਕਿਤਾਬ ਨੂੰ ਪੜ੍ਹਨ ਨਾਲ ਸਿੱਖਾਂ ਅੰਦਰ ਗੁਲਾਮੀ ਦੀ ਚੀਸ ਹੋਰ ਵਧੇਰੇ ਡੂੰਘੀ ਜੜ੍ਹ ਲਾਵੇਗੀ ਅਤੇ ਸੰਘਰਸ਼ ਕਰਨ ਲਈ ਪ੍ਰੇਰਨਾ ਵੀ ਬਣੇਗੀ।

ਇਹੀ ਅਰਦਾਸ ਹੈ ਕਿ ਵਾਹਿਗੁਰੂ ਇਸ ਕਲਮ ਨੂੰ ਹੋਰ ਭਾਗ ਲਾਵੇ ਅਤੇ ਇਸ ਤਰ੍ਹਾਂ ਦੀਆਂ ਰਾਹ ਦਸੇਰੇ ਵਾਲੀਆਂ ਲਿਖਤਾਂ ਪੰਥ ਦੀ ਝੋਲੀ ਪਾਉਂਦੇ ਰਹੋ।

***-ਲੇਖਿਕਾ ਨੇ ਆਈ ਆਈ ਟੀ ਕਾਨਪੁਰ ਤੋਂ ਪੀ ਐਚ. ਡੀ ਇਨਾਮਿਕਸ ਕੀਤੀ ਹੈ ਤੇ ਹੁਣ ਆਈ ਟੀ ਪ੍ਰਫੈਸ਼ਨਲ ਵਜੋਂ ਕੰਮ ਕਰ ਰਹੀ ਹੈ।***

# ਸਿੱਖਾਂ ਵਿਚ ਆਜ਼ਾਦੀ ਦੀ ਚਿਣਗ ਜਗਾਉਂਦੀ ਕਿਤਾਬ - ਦੇਸ ਨਿਕਾਲ਼ਾ

ਸਿੱਖ ਚਿੰਤਕ ਪ੍ਰਭਸ਼ਰਨਦੀਪ ਸਿੰਘ ਜੀ ਨੇ ਸਿੱਖਾਂ ਦੇ ਬੇਵਤਨ ਹੋਣ ਦੇ ਸੰਤਾਪ ਨੂੰ ਆਪਣੀ ਕਿਤਾਬ 'ਦੇਸ ਨਿਕਾਲਾ' ਵਿਚ ਬਾਖ਼ੂਬੀ ਬਿਆਨ ਕੀਤਾ ਹੈ। ਦਹਾਕਿਆਂ ਬਾਅਦ ਸਿੱਖਾਂ ਦੇ ਸਮੂਹਿਕ ਅਵਚੇਤਨ ਵਿਚ ਦੱਬੀ ਹੋਈ ਡੂੰਘੀ ਪੀੜ ਨੂੰ ਆਪਣੇ ਸ਼ਬਦਾਂ ਨਾਲ ਉਜਾਗਰ ਕੀਤਾ ਹੈ। ਇਹ ਕਵਿਤਾਵਾਂ

**ਪਰਮਿੰਦਰ ਸਿੰਘ**
**ਯੂਨੀਵਰਸਿਟੀ ਆਫ ਅਲਬਰਟਾ ਵਿਖੇ ਦਰਸ਼ਨ ਦਾ ਵਿਦਿਆਰਥੀ**

ਪੜ੍ਹ ਮੈਨੂੰ ਪਤਾ ਲੱਗਾ ਕਿ ਵਾਰਤਕ ਵਿਚ ਲੇਖਕ ਆਪਣੇ ਪਾਠਕਾਂ ਨਾਲ ਕੋਈ ਜਾਣਕਾਰੀ ਤਾਂ ਸਾਂਝੀ ਕਰ ਸਕਦਾ ਹੈ ਪਰ ਵਾਰਤਕ ਵਿਚ ਕੋਈ ਲੇਖਕ ਆਪਣੇ ਜਜ਼ਬਾਤਾਂ ਨੂੰ ਉਸ ਸ਼ਿੱਦਤ ਨਾਲ ਸਾਂਝੇ ਨਹੀਂ ਕਰ ਸਕਦਾ ਜਿਵੇਂ ਇਕ ਕਵੀ ਆਪਣੀ ਕਵਿਤਾ ਰਾਹੀਂ ਕਰ ਸਕਦਾ ਹੈ। ਦੇਸ ਨਿਕਾਲਾ ਦੀਆਂ ਕਵਿਤਾਵਾਂ ਨੂੰ ਪੜ੍ਹ ਕੇ ਕਵੀ ਦਾ ਦੁਖ ਤੇ ਉਸ ਦੇ ਦਿਲ ਦੀ ਪੀੜ ਨੂੰ ਹੂਬਹੂ ਮਹਿਸੂਸ ਕੀਤਾ ਜਾ ਸਕਦਾ ਹੈ। ਸ਼ਾਇਦ ਇਹੀ ਕਵੀ ਤੇ ਉਸਦੀ ਕਵਿਤਾ ਦੀ ਇਕ ਵੱਡੀ ਖ਼ਾਸੀਅਤ ਹੁੰਦੀ ਹੈ ਕਿ ਉਹ ਆਪਣੀ ਕਲਾ ਤੇ ਤਜਰਬੇ ਨਾਲ ਆਪਣੀਆਂ ਭਾਵਨਾਵਾਂ ਨੂੰ ਪਾਠਕ ਨਾਲ ਸਾਂਝਿਆਂ ਕਰੇ। ਦੇਸ ਨਿਕਾਲਾ ਵਿਚਲਾ ਦਰਦ ਸਮੂਹ ਸਿੱਖ ਪੰਥ ਦਾ ਦਰਦ ਹੈ। ਪ੍ਰਭਸ਼ਰਨਦੀਪ ਸਿੰਘ ਜੀ ਨੇ ਬੜੇ ਬਾਕਮਾਲ ਤਰੀਕੇ ਨਾਲ ਸਿੱਖਾਂ ਦੀ ਅ-ਬੋਲ ਪੀੜ ਨੂੰ ਬੋਲ ਦਿੱਤੇ ਹਨ।

ਦੇਸ ਨਿਕਾਲਾ ਵਿਚੋਂ ਮਾਵਾਂ ਦੇ ਦੁੱਖ ਦੀ ਦੱਸ ਪਾਉਂਦੀ ਇਕ ਕਵਿਤਾ 'ਜਿਨ੍ਹਾਂ ਦੇ ਪੁੱਤ ਮੁੜ ਕਦੇ ਘਰ ਨਾ ਆਏ':

'ਸੁੰਞੇ ਘਰ'
ਚੁੱਲ੍ਹੇ ਮੂਹਰੇ ਬੈਠੀ ਮਾਤਾ,
ਤਵੇ 'ਤੇ ਰੋਟੀ ਪਾਵੇ।
ਸੁੰਞਾ ਵਿਹੜਾ, ਜੱਗ ਓਪਰਾ,
ਦਿਲ ਪੁੱਤਰਾਂ ਦੇ ਹਾਵੇ।
ਅੱਖੀਆਂ ਬੂਹੇ ਹੇਠਾਂ ਵਿਛੀਆਂ,
ਪਰਛਾਵੇਂ ਦੀਆਂ ਬਿੜਕਾਂ।
ਆਸ ਉਡੀਕ ਦੇ ਥਲ ਵਿਚ ਸੁੱਕੀ,
ਪੱਤ ਵਿਸਰ ਗਏ ਸਾਵੇ।

ਕਵੀ ਦਾ ਆਪਣੀ ਧਰਤੀ ਨਾਲ ਨਾਤਾ ਬਹੁਤ ਗੂੜ੍ਹਾ ਹੈ। ਵਿਦੇਸ਼ਾਂ ਦੇ ਸੋਹਣੇ ਬਾਗਾਂ ਤੋਂ ਵੱਧ ਕਵੀ ਨੂੰ ਆਪਣੀ ਧਰਤੀ ਦੀ ਧੂੜ ਚੰਗੀ ਲੱਗਦੀ ਹੈ ਅਤੇ ਉਹ ਆਪਣੇ ਦੇਸ ਪੰਜਾਬ ਵਾਪਸ ਪਰਤਣ ਲਈ ਉਤਸੁਕ ਹੈ। ਕਵੀ ਆਪਣੀ ਕਵਿਤਾ ਵਿਚ ਇਕੱਲਾ ਆਪਣੀ ਹੀ ਨਹੀਂ ਬਲਕਿ ਹੋਰ ਲੱਖਾਂ ਸਿੱਖ ਨੌਜਵਾਨਾਂ ਦੇ ਦਿਲ ਦੀ ਸੁੱਚੀ ਆਹ ਦੀ ਵੀ ਬਾਤ ਪਾ ਰਿਹਾ ਹੈ ਜਿਹੜੇ ਜ਼ਾਲਮ ਸਰਕਾਰ ਤੋਂ ਤੰਗ ਆ ਕੇ ਪੰਜਾਬ ਦੀ ਧਰਤੀ ਤੋਂ ਪਰਵਾਸ ਕਰ ਗਏ ਹਨ:

ਦੇਸ਼ਾਂ ਦੇ ਉਸ ਧੂੜ ਤੋਂ ਵਿਛੜੇ
ਵਿਚ ਬਰਫ਼ਾਂ ਤੇ ਬਾਗਾਂ।
ਵਿੱਸਰੇ ਨਾ ਉਹ ਨੀਂਦ ਭਲੀ, ਤੇ
ਭੁਲਣ ਨਾ ਉਹ ਜਾਗਾਂ।
ਚੇਤੇ ਦੇ ਸਾਗਰ ਦੇ ਤਲ 'ਤੇ,
ਘੋੜ ਲੈਣ ਅੰਗੜਾਈਆਂ।
ਦੇਸ ਬਿਨਾ ਪ੍ਰਦੇਸ ਨਾ ਸੋਹਦੇ
ਛੱਡ ਸੋਹਣੀਏ ਵਾਗਾਂ।

ਅੰਗਰੇਜ਼ਾਂ ਤੇ ਭਾਰਤ ਸਰਕਾਰ ਦੀ ਬਿਰਤਾਂਤਕ ਹਿੰਸਾ ਦੀ ਨਿਸ਼ਾਨਦੇਹੀ ਇਸ ਕਿਤਾਬ ਵਿਚ ਕੀਤੀ ਗਈ ਹੈ। ਕਵੀ ਦੱਸਦਾ ਹੈ ਕਿ 1849 ਤੋਂ ਬਾਅਦ ਅੰਗਰੇਜ਼ਾਂ ਦੀ ਸਿੱਖਾਂ 'ਤੇ ਹਿੰਸਾ ਇਕੱਲੀ ਸਰੀਰਕ ਨਹੀਂ ਸੀ, ਮਾਨਸਿਕ ਵੀ ਸੀ। ਅੰਗਰੇਜ਼ਾਂ ਨੇ ਪੰਜਾਬ ਵਿਚੋਂ ਸਾਰੇ ਗੁਰਮੁਖੀ ਦੇ ਕਾਇਦੇ ਇਕੱਠੇ ਕਰ ਕੇ ਗਲੀਆਂ ਵਿਚ ਸਾੜ ਦਿੱਤੇ ਸਨ। ਸਿੱਖਾਂ ਦੇ ਸਾਰੇ ਰਵਾਇਤੀ ਵਿੱਦਿਅਕ, ਸਿਆਸੀ ਤੇ ਧਾਰਮਿਕ ਸੱਭਿਆਚਾਰ ਤਹਿਸ-ਨਹਿਸ ਕਰ ਕੇ ਅੰਗਰੇਜ਼ਾਂ ਨੇ ਪੱਛਮੀ ਸੱਭਿਆਚਾਰ ਨੂੰ ਪੰਜਾਬ ਵਿਚ ਮੱਲੋ-ਜੋਰੀ ਲਾਗੂ ਕੀਤਾ ਸੀ। ਅੰਗਰੇਜ਼ ਸਕੂਲਾਂ ਤੇ ਕਾਲਜਾਂ ਵਿਚ ਪੱਛਮੀ ਵਿੱਦਿਆ ਦੇ ਢਾਂਚੇ ਲਾਗੂ ਕਰ ਕੇ ਪੱਛਮੀ ਬਿਰਤਾਂਤ ਨੂੰ ਪੰਜਾਬ ਵਿਚ ਲੈ ਕੇ ਆਏ ਤੇ ਸਿੱਖਾਂ ਦੀਆਂ ਆਜ਼ਾਦ ਰੂਹਾਂ ਨੂੰ ਗੁਲਾਮ ਕਰਦੇ ਰਹੇ ਤਾਂ ਜੋ ਸਿੱਖ ਜ਼ਾਲਮ ਸਰਕਾਰ ਦਾ ਵਿਰੋਧ ਕਰਨ ਜੋਗੇ ਨਾ ਰਹਿਣ। ਅੰਗਰੇਜ਼ਾਂ ਦੀ ਇਸ ਬਿਰਤਾਂਤਕ ਹਿੰਸਾ ਨੇ ਸਿੱਖਾਂ ਦੇ ਮਨ ਮਸਤਕ ਉਤੇ ਜੋ ਜ਼ੁਲਮ ਕੀਤਾ ਉਸ ਨੂੰ ਕਵੀ ਬਿਆਨ ਕਰਦਾ ਹੋਇਆ ਲਿਖਦਾ ਹੈ:

ਖੋਹ-ਖੋਹ ਕਾਇਦੇ 'ਕੱਠੇ ਕੀਤੇ,
ਆਣ ਫ਼ਰੰਗੀ ਧਾੜਾਂ।
ਵੀਹਾਂ ਵਿਚ ਢੇਰ ਲਾ ਫੂਕੇ,
ਦੁੱਤੀ ਰਲੇ ਕਰਾੜਾਂ।
ਇਲਮ ਦੇ ਸੋਮੇ ਖਾਕ ਰਲਾ ਕੇ
ਰੂਹ ਨੂੰ ਦੇਵਣ ਗੰਢਾਂ।
ਅੰਮ੍ਰਿਤ ਦੀ ਹਰ ਕਣੀ ਦੇ ਵੈਰੀ,
ਸੱਪ ਫਿਰਨ ਵਿਚ ਨਾੜਾਂ।


ਕਵਿਤਾ ਤੋਂ ਇਲਾਵਾ ਇਸ ਕਿਤਾਬ ਦੀ ਭੂਮਿਕਾ ਵੀ ਬਹੁਤ ਮਹੱਤਵਪੂਰਨ ਹੈ। ਭੂਮਿਕਾ ਵਿਚ ਕਾਲ ਤੇ ਸਥਾਨ ਦੇ ਸੰਬੰਧਾਂ, ਬੋਲੀ, ਕਵਿਤਾ ਅਤੇ ਹੋਰ ਵਿਸ਼ਿਆਂ ਬਾਰੇ ਦਿੱਤੇ ਗਏ ਵਿਚਾਰ ਦੀਰਘ ਤੇ ਉਚ ਕੋਟੀ ਦੇ ਹਨ। ਪੱਛਮ ਦੇ ਜਿਨ੍ਹਾਂ ਫਿਲਾਸਫਰਾਂ ਦੇ ਹਵਾਲੇ ਭੂਮਿਕਾ ਵਿਚ ਆਏ ਹਨ, ਉਹ ਪੱਛਮ ਵਿਚ ਵੱਡੇ ਵਿਦਵਾਨਾਂ ਵਜੋਂ ਸਥਾਪਿਤ ਹਨ। ਇਨ੍ਹਾਂ ਹਵਾਲਿਆਂ ਵਿਚ ਕੋਈ ਸਤਹੀ ਪੱਧਰ ਦੀ ਗੱਲ ਨਹੀਂ ਕੀਤੀ ਗਈ, ਬਲਕਿ Heidegger, Julia kristeva ਤੇ Derrida ਵਰਗੇ ਵੱਡੇ ਫਿਲਾਸਫਰਾਂ ਦੀਆਂ ਲਿਖਤਾਂ ਦੇ ਲੰਮੇ ਅਧਿਐਨ ਕਰ ਕੇ ਪੰਜਾਬੀ ਵਿਚ ਬਹੁਤ ਮਹੱਤਵਪੂਰਨ ਵਿਚਾਰ ਸਾਂਝੇ ਕੀਤੇ ਗਏ ਹਨ। ਪ੍ਰਭਸ਼ਰਨਦੀਪ ਸਿੰਘ ਜੀ ਨੇ ਫਲਸਫੇ ਦੀਆਂ ਬਹੁਤ ਔਖੀਆਂ ਗੱਲਾਂ ਪੰਜਾਬੀ ਵਿਚ ਬਹੁਤ ਆਸਾਨ ਕਰ ਕੇ ਆਪਣੇ ਪਾਠਕਾਂ ਨੂੰ ਦੱਸਣ ਦੀ ਕੋਸ਼ਿਸ਼ ਕੀਤੀ ਹੈ ਅਤੇ ਉਹ ਆਪਣੀ ਕੋਸ਼ਿਸ਼ ਵਿਚ ਕਾਮਯਾਬ ਵੀ ਹੋਏ ਹਨ। ਉਨ੍ਹਾਂ ਕੁੱਜੇ ਵਿਚ ਸਮੁੰਦਰ ਨੂੰ ਪਾਇਆ ਹੈ। ਉਨ੍ਹਾਂ ਬਹੁਤ ਸਹਿਜੇ ਹੀ ਇਹ ਗੱਲ ਸਮਝਾਈ ਕਿ ਕਿਸ ਤਰ੍ਹਾਂ ਅਸੀਂ ਬੋਲੀ ਨੂੰ ਨਹੀਂ ਬੋਲਦੇ ਬਲਕਿ ਬੋਲੀ ਸਾਡੇ ਰਾਹੀਂ ਬੋਲਦੀ ਹੈ। ਇਹ ਇਕ ਬਹੁਤ ਮਹੱਤਵਪੂਰਨ ਤੇ ਜ਼ਰੂਰੀ ਗੱਲ ਹੈ। ਇਸ ਤੋਂ ਇਹ ਗੱਲ ਸਾਹਮਣੇ ਆਉਂਦੀ ਹੈ ਕਿ ਕਿਸ ਤਰ੍ਹਾਂ ਆਮ ਤੌਰ 'ਤੇ ਅਸੀਂ ਸਾਰੇ ਸਟੇਟ ਤੇ ਹੋਰ ਵੱਡੀਆਂ ਤਾਕਤਾਂ ਜੋ ਇਨਸਾਨ ਨੂੰ ਗੁਲਾਮ ਬਣਾਉਂਦੀਆਂ ਹਨ ਦੇ ਬਿਰਤਾਂਤ (Narrative) ਵਿਚ ਹੀ ਗੱਲ ਕਰਦੇ ਹਾਂ। ਪਰ ਕਵਿਤਾ ਹੀ ਇਕ ਜ਼ਰੀਆ ਹੈ ਜਿਸ ਰਾਹੀਂ ਅਸੀਂ ਗੁਲਾਮ ਬਿਰਤਾਂਤਾਂ ਤੋਂ ਆਜ਼ਾਦ ਹੋ ਕੇ ਆਪਣੀ ਗੱਲ ਰੱਖ ਸਕਦੇ ਹਾਂ। ਕਵੀ ਲਿਖਦਾ ਹੈ ਕਿ "ਕਾਵਿਕ ਹੋ ਕੇ ਮਨੁੱਖ ਬਿਰਤਾਂਤਾਂ ਦੀ ਨਿਰਧਾਰਤ ਕੀਤੀ ਬੋਲੀ ਨਹੀਂ ਬੋਲਦਾ"।

ਇਸੇ ਤਰ੍ਹਾਂ 1947 ਤੋਂ ਬਾਅਦ ਭਾਰਤ ਸਰਕਾਰ ਨੇ ਵੀ ਅੰਗਰੇਜ਼ਾਂ ਵਾਲੇ ਹਥਕੰਡੇ ਵਰਤ ਕੇ ਸਿੱਖਾਂ ਨੂੰ ਅੱਜ ਤਕ ਗੁਲਾਮ ਬਣਾਇਆ ਹੋਇਆ ਹੈ ਤੇ ਸਰੀਰਕ ਤੇ ਮਾਨਸਿਕ ਤਸ਼ੱਦਦ ਦੀ ਇੰਤਹਾਂ ਕੀਤੀ ਹੋਈ ਹੈ।

ਬਾਕੀ 'ਦੇਸ ਨਿਕਾਲਾ' ਦੀ ਭੂਮਿਕਾ ਵਿਚ ਕਵੀ ਨੇ ਆਪਣੇ ਕਾਵਿਕ ਸਫ਼ਰ ਨੂੰ ਬਿਆਨ ਕਰਦਿਆਂ ਖੱਬੇਪੱਖੀ ਮਾਰਕਸੀ ਕਾਮਰੇਡਾਂ ਵਲੋਂ ਪੰਜਾਬ ਤੇ ਸਿੱਖਾਂ ਨਾਲ ਕਮਾਏ ਧਰੋਹ ਬਾਰੇ ਵੀ ਦੱਸਿਆ ਹੈ। ਇਹ ਦੱਸਿਆ ਕਿ ਕਿਸ ਤਰ੍ਹਾਂ ਸਟੇਟ ਤੇ ਕਾਮਰੇਡਾਂ ਮਿਲ ਕੇ ਸਿੱਖਾਂ ਨੂੰ ਫਿਰਕੂਵਾਦੀ ਬਣਾ ਕੇ ਪੰਜਾਬ ਦੇ ਅਕਾਦਮਿਕ ਅਦਾਰਿਆਂ ਵਿਚੋਂ ਪਾਸੇ ਕੀਤਾ। ਭੂਮਿਕਾ ਵਿਚ ਮਾਰਕਸ ਦੇ ਧਰਮ ਦੀ ਪਰਿਭਾਸ਼ਾ ਕਿ ਧਰਮ ਲੋਕਾਂ ਨੂੰ ਕਾਬੂ ਕਰਨ ਦਾ ਇਕ ਸਾਧਨ ਹੈ, ਦਾ ਵੀ ਨਿਬੇੜਾ ਕੀਤਾ ਹੈ। ਆਖਿਰ ਇਹੀ ਕਿਹਾ ਜਾ ਸਕਦਾ ਹੈ ਕਿ ਦੇਸ ਨਿਕਾਲਾ ਦੀ ਭੂਮਿਕਾ ਤੇ ਕਵਿਤਾ ਦੋਵੇਂ ਪੰਜਾਬ ਦੇ ਚਿੰਤਕਾਂ ਲਈ ਵੱਡੀ ਸੌਗਾਤ ਹਨ, ਜੋ ਸਾਹਿਤਕ ਤੇ ਅਕਾਦਮਿਕ ਦਾਇਰਿਆਂ ਲਈ ਬਹੁਤ ਸਾਰੇ ਨਵੇਂ ਰਾਹ ਖੋਲ੍ਹਣ ਦੀ ਸਮਰੱਥਾ ਰੱਖਦੇ ਹਨ। ਪ੍ਰਭਸ਼ਰਨਦੀਪ ਸਿੰਘ ਜੀ ਦੀ ਕਿਤਾਬ ਦੇਸ ਨਿਕਾਲਾ ਸਿੱਖ ਪੰਥ ਨੂੰ ਵੱਡੀ ਦੇਣ ਹੈ। ਸਮੂਹ ਪੰਜਾਬੀਆਂ ਨੂੰ ਇਹ ਕਿਤਾਬ ਜ਼ਰੂਰ ਪੜ੍ਹਨੀ ਚਾਹੀਦੀ ਹੈ। ਇਸ ਵਿਚਲੀਆਂ ਕਵਿਤਾਵਾਂ ਨੂੰ ਪੜ੍ਹ ਕੇ ਕੋਈ ਨਾ ਬਿਆਨ ਕੀਤਾ ਜਾਣ ਵਾਲਾ ਸਕੂਨ ਮਿਲਦਾ ਹੈ। ਇਹ ਕਵਿਤਾ ਸੱਚੀ ਕੋਈ ਦੇਹੀ ਦੇ ਸੰਗੀਤ ਨੂੰ ਛੇੜਦੀ ਹੈ। ਪ੍ਰਭਸ਼ਰਨਦੀਪ ਸਿੰਘ ਜੀ ਦੀ ਕਿਤਾਬ ਦਾ ਲਿਖਿਆ ਜਾਣਾ ਸਿੱਖਾਂ ਲਈ ਮਾਣ ਦੀ ਗੱਲ ਹੈ। ਉਮੀਦ ਹੈ ਕਿ ਉਹ ਭਵਿੱਖ ਵਿਚ ਵੀ ਹੋਰ ਕਿਤਾਬਾਂ ਲਿਖ ਕੇ ਸਾਡੀ ਝੋਲੀ ਪਾਉਣਗੇ।

# ਪੌਲੀਵੁੱਡ ਵਿਚ ਮੁੜ ਤਹਿਲਕਾ ਮਚਾਵੇਗੀ 'ਲੌਂਗ-ਲਾਚੀ 2'

2018 ਵਿਚ ਰਿਲੀਜ਼ ਹੋਈ ਨੀਰੂ ਬਾਜਵਾ ਨਾਲ ਅੰਬਰਦੀਪ ਦੀ ਬਤੌਰ ਹੀਰੋ ਪਹਿਲੀ ਫ਼ਿਲਮ 'ਲੌਂਗ ਲਾਚੀ' ਸੀ, ਜਿਸਨੇ ਆਪਣੇ ਗੀਤਾਂ ਅਤੇ ਸਾਦਗੀ ਭਰੇ ਵਿਸ਼ੇ ਕਰਕੇ ਦਰਸ਼ਕਾਂ ਦਾ ਭਰਪੂਰ ਪਿਆਰ ਲਿਆ। ਇਸ ਫ਼ਿਲਮ ਦੇ ਟਾਈਟਲ ਗੀਤ ਨੇ ਤਾਂ ਮਕਬੂਲੀਅਤ ਦੇ ਸਾਰੇ ਰਿਕਾਰਡ ਤੋੜ ਕਿਰਦਾਰ ਵੀ ਪਹਿਲਾਂ ਨਾਲੋਂ ਹਟਕੇ ਹੋਵੇਗਾ। ਇਸ ਫ਼ਿਲਮ ਵਿਚ ਦਰਸ਼ਕਾਂ ਦੇ ਉਤਸ਼ਾਹ ਨੂੰ ਬਰਕਰਾਰ ਰੱਖਣ ਲਈ, ਨਿਰਮਾਤਾਵਾਂ ਨੇ ਪਹਿਲਾਂ ਟਰੇਲਰ ਤੇ ਹੁਣ ਲੌਂਗ ਲਾਚੀ-2' ਦਾ ਟਾਈਟਲ ਟਰੈਕ ਰਿਲੀਜ਼ ਕਰ ਦਿੱਤਾ ਹੈ, ਜਿਸ ਨੂੰ ਦਰਸ਼ਕਾਂ ਵਲੋਂ ਖ਼ੂਬ ਪਸੰਦ ਕੀਤਾ ਜਾ ਰਿਹਾ ਹੈ। ਗੀਤ ਵਿਚ ਨੀਰੂ




ਦਿੱਤੇ ਸਨ। ਹਰਮਨਜੀਤ ਦਾ ਲਿਖਿਆ ਤੇ ਮੰਨਤ ਨੂਰ ਵਲੋਂ ਗਾਇਆ ਗੀਤ 'ਵੇ ਤੂੰ ਲੌਂਗ ਤੇ ਮੈਂ ਲਾਚੀ...' ਯੂਟਿਊਬ ਦੀ ਦੁਨੀਆ ਵਿਚ ਭਾਰਤ ਪੱਧਰ 'ਤੇ ਪਹਿਲਾ ਗੀਤ ਸੀ ਜਿਸਨੇ ਬਾਲੀਵੁੱਡ ਗੀਤਾਂ ਨੂੰ ਪਛਾੜ ਕੇ ਇਕ ਬਿਲੀਅਨ ਵਿਊਜ਼ ਨੂੰ ਟੱਚ ਕੀਤਾ। ਇਸ ਫ਼ਿਲਮ ਦੀ ਪ੍ਰਸਿੱਧੀ ਨੂੰ ਵੇਖਦਿਆਂ ਦਰਸ਼ਕਾਂ ਦੀ ਚਿਰਾਂ ਤੋਂ ਮੰਗ ਸੀ ਕਿ ਇਸ ਦਾ ਸੀਕੁਅਲ ਬਣਾਇਆ ਜਾਵੇ, ਹੁਣ ਦਰਸ਼ਕਾਂ ਦੀ ਇਹ ਮੰਗ ਪੂਰੀ ਹੋਣ ਜਾ ਰਹੀ ਹੈ।

19 ਅਗਸਤ ਨੂੰ 'ਲੌਂਗ ਲਾਚੀ 2' ਸਿਨੇਮਾ ਘਰਾਂ 'ਚ ਰਿਲੀਜ਼ ਹੋਣ ਜਾ ਰਹੀ ਹੈ। ਇਸ ਫ਼ਿਲਮ ਦਾ ਟਰੇਲਰ ਬੀਤੇ ਦਿਨੀਂ ਰਿਲੀਜ਼ ਹੋਇਆ ਹੈ ਜਿਸ ਨੂੰ ਦਰਸ਼ਕਾਂ ਦਾ ਭਰਵਾਂ ਹੁੰਗਾਰਾ ਮਿਲ ਰਿਹਾ ਹੈ। ਫ਼ਿਲਮ ਦੀ ਕਹਾਣੀ ਵਿਚ ਨਵਾਂਪਣ ਹੈ ਜੋ ਫ਼ਿਲਮ ਦੇ ਕਿਰਦਾਰਾਂ ਦੇ ਪਿਛੋਕੜ ਦੀ ਗੱਲ ਕਰਦੀ ਦਰਸ਼ਕਾਂ ਨੂੰ ਨਵੇਂ ਮਨੋਰੰਜਨ ਨਾਲ ਜੋੜੇਗੀ। ਅੰਬਰਦੀਪ ਨੇ ਇਸ ਫ਼ਿਲਮ 'ਤੇ ਬਹੁਤ ਮਿਹਨਤ ਕੀਤੀ ਹੈ। ਫ਼ਿਲਮ ਵਿਚ 1947 ਦੀ ਵੰਡ ਵੇਲੇ ਦਾ ਮਾਹੌਲ ਵੀ ਸ਼ਾਮਿਲ ਕੀਤਾ ਗਿਆ ਹੈ। ਐਮੀ ਵਿਰਕ ਦਾ ਬਾਜਵਾ, ਅੰਬਰਦੀਪ ਸਿੰਘ ਅਤੇ ਐਮੀ ਵਿਰਕ ਨਜ਼ਰ ਆ ਹਨ, ਜਿਨ੍ਹਾਂ ਦੀ ਤਿਕੜੀ ਗੀਤ ਵਿਚ ਖਾਸ ਅੰਦਾਜ਼ 'ਚ ਨਜ਼ਰ ਆ ਰਹੀ ਹੈ। ਗੀਤ ਨੂੰ ਸਿਮਰਨ ਭਾਰਦਵਾਜ ਨੇ ਗਾਇਆ ਤੇ ਹਰਮਨਜੀਤ ਸਿੰਘ ਨੇ ਲਿਖਿਆ ਹੈ, ਸੰਗੀਤ ਗੁਰਮੀਤ ਸਿੰਘ ਨੇ ਦਿੱਤਾ ਹੈ ਅਤੇ ਅਰਵਿੰਦ ਠਾਕੁਰ ਨੇ ਇਸ ਗੀਤ ਦੀ ਕੋਰੀਓਗ੍ਰਾਫੀ ਕੀਤੀ ਹੈ।

ਫ਼ਿਲਮ ਵਿਚ ਐਮੀ ਵਿਰਕ, ਨੀਰੂ ਬਾਜਵਾ ਤੇ ਅੰਬਰਦੀਪ ਤੋਂ ਇਲਾਵਾ ਪ੍ਰਸਿੱਧ ਗਾਇਕਾ ਜਸਵਿੰਦਰ ਬਰਾੜ, ਅਮਰ ਨੂਰੀ, ਗੁਰਮੀਤ ਸਾਜਨ, ਸਾਹਿਬ ਸਿੰਘ ਆਦਿ ਕਲਾਕਾਰਾਂ ਨੇ ਅਹਿਮ ਕਿਰਦਾਰ ਨਿਭਾਏ ਹਨ।

ਫ਼ਿਲਮ ਦਾ ਨਿਰਦੇਸ਼ਨ ਅੰਬਰਦੀਪ ਨੇ ਖ਼ੁਦ ਕੀਤਾ ਹੈ। ਇਹ ਫਿਲਮ ਵਿਲੇਜਰਜ਼ ਫਿਲਮ ਸਟੂਡੀਓ, ਅੰਬਰਦੀਪ ਪ੍ਰੋਡਕਸ਼ਨ ਅਤੇ ਨੀਰੂ ਬਾਜਵਾ ਐਂਟਰਟੇਨਮੈਂਟ ਦੇ ਸਹਿਯੋਗ ਨਾਲ ਬਣਾਈ ਗਈ ਹੈ ਜਿਸ ਨੂੰ ਭਗਵੰਤ ਵਿਰਕ ਦੁਆਰਾ ਨਿਰਮਿਤ ਕੀਤਾ ਗਿਆ ਹੈ।

*-ਸੁਰਜੀਤ ਜੱਸਲ*

## ਮਿੰਨੀ ਕਹਾਣੀ: ਭਰੋਸਾ

** ਮੂਲ : ਅਭਿਜੀਤ ਕੁਮਾਰ ਦਬੇ*
** ਅਨੁ : ਪ੍ਰੋ. ਨਵ ਸੰਗੀਤ ਸਿੰਘ*

ਟਿਕਟ ਕਾਊਂਟਰ 'ਤੇ ਬੜੀ ਭੀੜ ਸੀ। ਬੱਸ ਆਉਣ ਵਾਲੀ ਸੀ। ਟਿਕਟ ਛੇਤੀ ਲੈਣ ਲਈ ਯਾਤਰੀ ਆਪਸ ਵਿਚ ਧੱਕਾ-ਮੁੱਕੀ ਵੀ ਕਰ ਰਹੇ ਸਨ। ਮਾਈਕ 'ਤੇ ਘੋਸ਼ਣਾ ਕੀਤੀ ਜਾ ਚੁੱਕੀ ਸੀ ਕਿ ਬਕਸਰ-ਪਟਨਾ ਸਾਹਿਬ ਦੀ ਬਸ ਕੁਝ ਹੀ ਦੇਰ ਵਿਚ ਆਉਣ ਵਾਲੀ ਹੈ। ਬੁਕਿੰਗ ਕਲਰਕ ਵੀ ਛੇਤੀ-ਛੇਤੀ ਯਾਤਰੀਆਂ ਨੂੰ ਟਿਕਟ ਦੇ ਰਿਹਾ ਸੀ। ਜਿਨ੍ਹਾਂ ਲੋਕਾਂ ਕੋਲ ਖੁੱਲ੍ਹੇ ਪੈਸੇ ਨਹੀਂ ਸਨ, ਉਨ੍ਹਾਂ ਨਾਲ ਕੁਝ ਝਗੜਾ ਵੀ ਹੋ ਰਿਹਾ ਸੀ।

ਇਸੇ ਭੀੜ ਵਿਚ ਇਕ ਭਿਖਾਰੀ ਵੀ ਖੜ੍ਹਾ ਸੀ। ਕਾਊਂਟਰ ਦੇ ਅੰਦਰ ਹੱਥ ਸਰਕਾ ਕੇ ਉਹ ਬੋਲਿਆ, "ਬਾਬੂ ਜੀ, ਖੁੱਲ੍ਹੇ ਪੈਸੇ ਦੇ ਦਿਓ।" ਬਾਬੂ ਨੇ ਉਹਨੂੰ ਝਿੜਕ ਕੇ ਕਿਹਾ, 'ਚੱਲ ਕਾਊਂਟਰ ਛੱਡ, ਪਰੇ ਹਟ। ਵੇਖਦਾ ਨਹੀਂ, ਕਿੰਨੀ ਭੀੜ ਹੈ!" ਉਹ ਭਿਖਾਰੀ ਕਾਊਂਟਰ ਤੋਂ ਕੁਝ ਦੂਰ ਹੋ ਗਿਆ। ਟਿਕਟ ਬਾਬੂ ਫਿਰ ਆਪਣੇ ਕੰਮ ਵਿਚ ਜੁਟ ਗਿਆ। ਹੌਲੀ-ਹੌਲੀ ਭੀੜ ਖ਼ਤਮ ਹੋਈ ਤਾਂ ਉਹ ਭਿਖਾਰੀ ਫਿਰ ਕਾਊਂਟਰ 'ਤੇ ਆਇਆ। ਫਿਰ ਆਪਣੀ ਬੰਦ ਮੁੱਠੀ ਕਾਊਂਟਰ ਦੇ ਅੰਦਰ ਕਰ ਕੇ ਕਿਹਾ, "ਬਾਬੂ ਜੀ, ਖੁੱਲ੍ਹੇ ਪੈਸੇ ਦੇ ਦਿਓ।" ਇਸ ਵਾਰ ਬੁਕਿੰਗ ਕਲਰਕ ਨੇ ਉਹਨੂੰ ਧਿਆਨ ਨਾਲ ਵੇਖਦਿਆਂ ਪੁੱਛਿਆ, "ਕਿੱਥੋਂ ਲਿਆਇਐਂ?"

"ਬਾਬੂ ਜੀ, ਅੱਜ ਇਕ ਦਿਆਲੂ ਸਾਹਿਬ ਨੇ ਦਿੱਤੇ ਸਨ। ਖੁੱਲ੍ਹੇ ਦੇ ਦਿਓ। ਬੜੀ ਭੁੱਖ ਲੱਗੀ ਹੈ, ਜਾ ਕੇ ਰੋਟੀ ਖਾਵਾਂਗਾ।" ਬਾਬੂ ਜੀ ਨੇ ਉਸ ਤੋਂ ਪੈਸੇ ਲਏ ਅਤੇ ਉਸ ਨੂੰ ਪੰਜਾਹ-ਪੰਜਾਹ ਦੇ ਦੋ ਨੋਟ ਦਿੰਦਿਆਂ ਕਿਹਾ, "ਚੰਗੀ ਤਰ੍ਹਾਂ ਗਿਣ ਲੈ, ਪਿੱਛੋਂ ਨਾ ਕਹੀਂ, ਮੈਂ ਘੱਟ ਦਿੱਤੇ ਨੇ।"

"ਨਹੀਂ ਬਾਬੂ ਜੀ, ਤੁਸੀਂ ਤਾਂ ਦੇਵਤਾ ਹੋ। ਤੁਸੀਂ ਕਿਵੇਂ ਘੱਟ ਦੇ ਸਕਦੇ ਹੋ। ਪੂਰਾ ਭਰੋਸਾ ਹੈ ਤੁਹਾਡੇ 'ਤੇ। ਪਰਮਾਤਮਾ ਤੁਹਾਨੂੰ ਖ਼ੂਬ ਤਰੱਕੀ ਦੇਵੇ!" ਆਸ਼ੀਰਵਾਦ ਦਿੰਦਾ ਹੋਇਆ ਉਹ ਭਿਖਾਰੀ ਪੰਜਾਹ-ਪੰਜਾਹ ਦੇ ਦੋਵੇਂ ਨੋਟ ਲੈ ਕੇ ਚਲਾ ਗਿਆ।

ਏਧਰ ਬਾਬੂ ਜੀ ਮੁਸਕਰਾ ਰਹੇ ਸਨ ਅਤੇ ਭਿਖਾਰੀ ਵਲੋਂ ਦਿੱਤੇ ਗਏ ਪੰਜ ਸੌ ਦੇ ਨੋਟ ਨੂੰ ਵੇਖ ਰਹੇ ਸਨ।

# ਖੇਡ ਮੇਲਿਆਂ ਦੀ ਸ਼ਾਨ-ਜੱਬਰ ਸਿੰਘ ਗਰੇਵਾਲ

ਨਿਊਯਾਰਕ ਅਤੇ ਨਿਊਜਰਸੀ ਵਿਚ ਲੁਧਿਆਣੇ ਦੇ ਗਰੇਵਾਲਾਂ ਦੇ ਸ਼ੇਰ ਪੁੱਤ ਜੱਬਰ ਸਿੰਘ ਗਰੇਵਾਲ ਦਾ ਵੱਡਾ ਨਾਂ ਹੈ। ਹਰ ਖੇਡ ਮੇਲੇ 'ਚ ਓਹਦੀ ਸ਼ਮੂਲੀਅਤ ਜ਼ਰੂਰੀ ਹੁੰਦੀ ਐ। ਕਬੱਡੀ ਦਾ ਓਹ ਵੱਡਾ ਆਸ਼ਕ ਹੈ। ਕਬੱਡੀ ਦੀ ਚਿਣਗ ਓਹਦੇ 'ਚ ਕੁੱਟ-ਕੁੱਟ ਕੇ ਭਰੀ ਹੋਈ ਐ। ਕਬੱਡੀ ਸੰਸਥਾਵਾਂ ਦੇ ਨਾਲ ਉਹ ਚੱਟਾਨ ਬਣ ਕੇ ਖੜ੍ਹ ਜਾਂਦੈ ਤੇ ਤਨ-ਮਨ-ਧਨ ਦੀ ਬਾਜ਼ੀ ਲਾ ਦਿੰਦੈ। ਪੰਜਾਬੀਆਂ ਦੀਆਂ ਮਨ ਭਾਉਂਦੀਆਂ ਖੇਡਾਂ ਤਾਂ ਹੋਰ ਵੀ ਨੇ ਪਰ ਕਬੱਡੀ ਦੇ ਕੁਝ ਜ਼ਿਆਦਾ ਹੀ

ਇਕਬਾਲ ਸਿੰਘ ਜੱਬੋਵਾਲੀਆ

ਸ਼ੌਕੀਨ ਨੇ। ਓਹਦੇ ਥਾਪੜੇ ਨਾਲ ਕਬੱਡੀ ਕਲੱਬਾਂ ਵੀ ਸਿਰੇ ਦੇ ਮੈਚ ਕਰਾਉਣ ਲਈ ਸਿਰ ਧੜ ਦੀ ਬਾਜ਼ੀ ਲਾ ਦਿੰਦੀਆਂ ਨੇ।

ਜੱਬਰ ਸਿੰਘ ਦੇ ਟੂਰਨਾਮੈਂਟਾਂ ਵਿਚ ਪਹੁੰਚਦੇ ਹੀ ਕਮੇਟੀਆਂ ਦਾ ਹੌਸਲਾ ਦੂਣਾ-ਤੀਣਾ ਹੋ ਜਾਂਦੈ ਤੇ ਮਾਈਕ ਤੋਂ ਅਨਾਊਂਸਮੈਂਟਾਂ ਹੋਣ ਲੱਗ ਪੈਂਦੀਆਂ ਨੇ-'ਲਓ ਜੀ ਆ ਗਿਆ ਖੇਡ ਮੇਲਿਆਂ ਦੀ ਸ਼ਾਨ, ਖੇਡ ਮੇਲਿਆਂ ਦੀ ਰੌਣਕ ਜੱਬਰ ਸਿੰਘ ਗਰੇਵਾਲ। ਖਿਡਾਰੀਆਂ ਉੱਤੇ ਹੁਣ ਪੈਸਿਆਂ ਦੀ ਬਾਰਸ਼ ਹੋਵੇਗੀ, ਦੇਖੀ ਜਾਣਾ...। ਫਿਰ ਵਾਕਿਆ ਹੀ ਡਾਲਰਾਂ ਦਾ ਮੀਂਹ ਵਰ੍ਹਨ ਲੱਗ ਜਾਂਦੈ..। ਕਜ਼ਨ ਭਰਾ ਜੀਤੀ ਗਰੇਵਾਲ ਵੀ ਹਮੇਸ਼ਾਂ ਓਹਦੇ ਨਾਲ ਹੀ ਪਰਛਾਵੇਂ ਵਾਂਗ ਰਹਿੰਦੈ ਤੇ ਸਾਹਾਂ 'ਚ ਸਾਹ ਭਰੀ ਰੱਖਦੈ।

ਜੱਬਰ ਸਿੰਘ ਦੇ ਗੈਸ ਸਟੇਸ਼ਨ ਨੇ। ਗੈਸ ਸਟੇਸ਼ਨਾਂ ਦਾ ਬਿਜ਼ਨਸ ਕਰਦੇ ਉਹਨੂੰ ਤੇਈ ਸਾਲ ਹੋ ਗਏ ਨੇ। ਆਪਣੀ ਨੇਕ ਕਮਾਈ ਦਾ ਵੱਧ ਤੋਂ ਵੱਧ ਦਸਵੰਧ ਖੇਡ ਮੇਲਿਆਂ ਦੇ ਲੇਖੇ ਲਾਉਂਦੈ। ਬੜੇ ਬੜੇ ਬਿਜ਼ਨਸਾਂ, ਬਿਲਡਿੰਗਾਂ ਪੈਸੇ ਵਾਲੇ ਬੈਠੇ ਨੇ ਪਰ ਦਾਨ ਵੀ ਹਰ ਇਕ ਦੇ ਹਿੱਸੇ ਨਹੀਂ ਆਉਂਦਾ। ਓਹ ਪਰਮਾਤਮਾ ਦੀ ਬਖ਼ਸ਼ਿਸ਼ ਜਾਂ ਕੁਦਰਤ ਦੀ ਦੇਣ ਹੀ ਕਿਹਾ ਜਾ ਸਕਦੈ ਜੋ ਖੇਡ ਮੇਲਿਆਂ ਦਾ ਹਰਫ਼ਨ ਮੌਲਾ ਆਸ਼ਕ ਹਿੱਸੇ ਆਈ ਹੈ। ਉਹਦੇ ਬਜ਼ੁਰਗ ਬਾਬੇ ਵੀ ਬੜੇ ਦਾਨੀ ਸੁਭਾਅ ਦੇ ਸਨ। ਦਾਦਾ ਜੀ ਪਹਿਲਵਾਨ ਸੁੱਚਾ ਸਿੰਘ ਪਾਕਿਸਤਾਨੋਂ ਆ ਕੇ ਜ਼ਿਲ੍ਹਾ ਲੁਧਿਆਣਾ 'ਚ ਪੈਂਦੇ ਮੰਡੀ ਅਹਿਮਦਗੜ੍ਹ ਕੋਲ ਧੂਲਕੋਟ ਪਿੰਡ ਜਾ ਵਸੇ ਸਨ। ਪਿਤਾ ਸ. ਮਲਕੀਤ ਸਿੰਘ ਵੀਹ ਸਾਲ ਪਿੰਡ ਧੂਲਕੋਟ ਦੇ ਸਰਪੰਚ ਰਹੇ। ਪਿੰਡ ਦੇ ਵਿਕਾਸ ਨੂੰ ਹਮੇਸ਼ਾਂ ਪਹਿਲ ਦਿੰਦੇ ਰਹੇ। ਸਰਕਾਰੇ ਦਰਬਾਰੇ ਪੂਰੀ ਪਹੁੰਚ ਸੀ। ਲੋਕਾਂ ਦੇ ਰੁਕੇ ਕਾਰਜ ਸਿੱਧ ਕੀਤੇ। ਲੋਕ ਮਨਾਂ ਵਿਚ ਵਿਸ਼ਵਾਸ ਪੈਦਾ ਕੀਤਾ। ਬਜ਼ੁਰਗਾਂ ਦੀਆਂ ਦੁਆਵਾਂ ਦਾ ਹੀ ਅੱਗੇ ਤੋਂ ਅੱਗੇ ਅਸਰ ਪੈਂਦਾ ਅਮਰੀਕਾ ਦੀ ਧਰਤੀ 'ਤੇ ਜਾ ਪਹੁੰਚਿਆ। ਜੱਬਰ ਸਿੰਘ ਨੇ ਕਦੇ ਹੱਥ ਨਹੀਂ ਘੁੱਟਿਆ, ਹਮੇਸ਼ਾਂ ਖੋਲ੍ਹ ਕੇ ਰੱਖਿਆ। ਜੋ ਜੀਅ ਆਵੇ ਸੋ ਰਾਜ਼ੀ ਜਾਵੇ ਵਾਲੀ ਕਹਾਵਤ ਸਿੱਧ ਕੀਤੀ ਹੋਈ ਹੈ। ਉਹ ਪੰਜਾਬ ਦੀ ਮਿੱਟੀ ਨਾਲ ਹਮੇਸ਼ਾਂ ਜੁੜਿਆ ਰਹਿੰਦੈ। ਕਿਸੇ ਵੀ ਲੋੜਵੰਦ ਨੂੰ ਅੱਜ ਤੱਕ ਕਦੇ ਪਿੱਠ ਨਹੀਂ ਮੋੜੀ ਸਗੋਂ ਬਰਾਬਰ ਤੋਂ ਮੂਹਰੇ ਜਾ ਖੜ੍ਹਦੈ। ਖੇਡ ਮੇਲੇ ਹੋਣ ਜਾਂ ਸਮਾਜਿਕ ਭਲਾਈ ਦੇ ਕੰਮ ਜਾਂ ਗੁਰੂ ਘਰਾਂ ਲਈ ਦਾਨ ਜਾਂ ਕੋਈ ਲੋੜਵੰਦ ਹੋਵੇ ਫ਼ਿਕਰ ਨਾ ਕਰ, ਮੈਂ ਹੈਗਾ ਕਹਿ ਦਿੰਦੈ। ਬੜੇ ਸਾਲ ਪਹਿਲਾਂ ਉਸ ਦੇ ਜਿਗਰੀ ਮਿੱਤਰ ਮੱਖਣ ਸਿੰਘ ਗਰੇਵਾਲ ਦੀ ਮੌਤ ਨੇ ਉਸ ਨੂੰ ਝੰਜੋੜ ਕੇ ਰੱਖ ਦਿੱਤਾ ਸੀ। ਉਸ ਦੀ ਯਾਦ ਵਿਚ ਲੁਧਿਆਣੇ ਸਟੇਡੀਅਮ ਵਾਸਤੇ ਵਾਹਵਾ ਮਾਇਆ ਦਾਨ ਕੀਤੀ ਸੀ।

ਜੱਬਰ ਸਿੰਘ ਗਰੇਵਾਲ ਹਰ ਇਕ ਦੇ ਕੰਮ ਆਉਣਾ ਆਪਣਾ ਫ਼ਰਜ਼ ਸਮਝਦੈ। ਭਲੇ ਦੇ ਕਾਰਜ ਜ਼ਿੰਦਗੀ ਦੇ ਆਖ਼ਰੀ ਸਵਾਸਾਂ ਤੱਕ ਨਿਭਾਉਣ ਦੀ ਮਨ ਵਿਚ ਧਾਰ ਰੱਖੀ ਹੈ। ਆਪਣੇ ਵੱਡ ਵਡੇਰਿਆਂ ਦੇ ਆਸ਼ੀਰਵਾਦ ਤੇ ਥਾਪੜੇ ਨੂੰ ਕਦੇ ਨਹੀਂ ਭੁੱਲਦਾ। ਮਾਤਾ ਮਨਜੀਤ ਕੌਰ ਗਰੇਵਾਲ ਦੀਆਂ ਚੰਗੀਆਂ ਸਿਖਿਆਵਾਂ ਨੂੰ ਹਮੇਸ਼ਾਂ ਦਿਲ 'ਚ ਸਮੋਈ ਰੱਖਦੈ।

ਕਬੱਡੀ ਮੇਲਿਆਂ ਲਈ ਪੈਸੇ ਤਾਂ ਕੀ ਜਾਨ ਤੱਕ ਅਗਲੇ ਹਵਾਲੇ ਕਰ ਦਿੰਦਾ। ਨਿਊਯਾਰਕ/ਨਿਊਜਰਸੀ ਖੇਡ ਮੇਲਿਆਂ 'ਚ ਹਮੇਸ਼ਾਂ ਉਹਦੀ ਉਡੀਕ ਰਹਿੰਦੀ ਐ। ਉਸ ਦੀ ਹਾਜ਼ਰੀ ਜ਼ਰੂਰੀ ਸਮਝੀ ਜਾਂਦੀ ਹੈ। ਜਿਵੇਂ ਲਾੜੇ ਬਿਨਾਂ ਜੰਞ ਅਧੂਰੀ ਹੁੰਦੀ ਐ, ਐਨ ਓਸੇ ਤਰ੍ਹਾਂ ਹੀ ਜੱਬਰ ਸਿੰਘ ਗਰੇਵਾਲ ਬਿਨਾਂ ਖੇਡ ਮੇਲੇ ਅਧੂਰੇ ਸਮਝੇ ਜਾਂਦੇ ਨੇ। ਬੜੇ ਮਾਣ ਨਾਲ ਖੇਡ ਕਲੱਬਾਂ ਕਹਿੰਦੀਆਂ ਨੇ ਜੱਬਰ ਸਿੰਘ ਉਨ੍ਹਾਂ ਨਾਲ ਐ ਹੁਣ ਕੋਈ ਪ੍ਰਵਾਹ ਨਹੀਂ। ਇਸੇ ਸਾਲ ਦਸ ਜੁਲਾਈ ਨੂੰ ਹੋਏ 'ਐਨ ਵਾਈ ਸੀ' ਕਬੱਡੀ ਕਲੱਬ ਨਿਊਯਾਰਕ ਦੇ ਕਬੱਡੀ ਮੇਲੇ ਵਿਚ ਜੱਬਰ ਸਿੰਘ ਦਾ ਬੜਾ ਵੱਡਾ ਸਾਥ ਸੀ। ਕਲੱਬ ਦੇ ਸੱਜਣਾਂ ਨਾਲ ਮੋਢੇ ਨਾਲ ਮੋਢਾ ਜੋੜ ਕੇ ਖੜ੍ਹ ਗਿਆ। '

ਐਨ ਵਾਈ ਸੀ' ਕਬੱਡੀ ਕਲੱਬ ਨੂੰ ਹੈਰੀ ਪੁਆਰ ਤੇ ਰਾਜ ਪੁਆਰ ਤੇ ਪਿਤਾ ਸ. ਦਰਬਾਰਾ ਸਿੰਘ ਪੁਆਰ ਜੀ ਦਾ ਆਸ਼ੀਰਵਾਦ ਤੇ ਵੱਡਾ ਥਾਪੜਾ ਸੀ। ਹੁਣ ਅਗਲੇ ਮਹੀਨੇ ਦਸ ਸਤੰਬਰ ਨੂੰ ਨਿਊਯਾਰਕ ਦੇ 'ਸਮੋਕੀ ਪਾਰਕ' ਵਿਚ ਹੋਣ ਵਾਲਾ ਵੱਡਾ ਕਬੱਡੀ ਮੇਲਾ ਵੀ 'ਮਾਲਵਾ ਬ੍ਰਦਰਜ਼ ਐਸੋਸੀਏਸ਼ਨ, ਪੰਜਾਬੀ ਵਿਰਸਾ ਸਪੋਰਟਸ ਕਲੱਬ ਅਤੇ ਸੰਤ ਪ੍ਰੇਮ ਸਿੰਘ ਕਲਚਰਲ ਐਸੋਸੀਏਸ਼ਨ ਨਿਊਯਾਰਕ ਦੇ ਸਾਂਝੇ ਯਤਨਾਂ ਸਦਕਾ ਇਹ ਕਬੱਡੀ ਮੇਲਾ ਕਰਵਾਇਆ ਜਾ ਰਿਹੈ। ਹੋਣ ਵਾਲੇ ਉਸ ਕਬੱਡੀ ਮੇਲੇ ਦੀ ਨਿਊਯਾਰਕ ਟਰਾਈ ਸਟੇਟ ਦੇ ਸਮੂਹ ਕਬੱਡੀ ਪ੍ਰੇਮੀਆਂ ਨੂੰ ਬੇਸਬਰੀ ਨਾਲ ਉਡੀਕ ਹੈ।

ਖੇਡ ਸ਼ੌਕ ਪਾਲਣੇ ਬੜੇ ਔਖੇ,
ਆਪਾ ਬਰਬਾਦ ਕਰਨਾ ਪੈਂਦਾ ਏ।
ਤਨ ਮਨ ਧਨ ਦੀ ਨਾ ਪ੍ਰਵਾਹ ਹੁੰਦੀ,
ਹਰ ਮੁਸੀਬਤ ਨੂੰ ਜਰਨਾ ਪੈਂਦਾ ਏ।
ਖੇਡਾਂ ਦੇ ਆਸ਼ਕਾਂ ਨੂੰ "ਇਕਬਾਲ ਸਿੰਹਾਂ",
ਘਰ ਫੂਕ ਤਮਾਸ਼ਾ ਕਰ ਕੇ,
ਲੋਕਾਂ ਨੂੰ ਖ਼ੁਸ਼ ਕਰਨਾ ਪੈਂਦਾ ਏ।

# 'ਸੁਪਰ ਸਟਾਰ ਸਿੰਗਰ-2' ਵਿਚ ਸੁਰਾਂ ਦੀ ਛਹਿਬਰ

ਸੁਪਰ ਸਟਾਰ ਸਿੰਗਰ-2 ਵਿਚ ਗਾ ਰਹੇ ਛੋਟੀ-ਛੋਟੀ ਉਮਰ ਦੇ ਬੱਚਿਆਂ ਦੀ ਸੰਗੀਤ-ਸਮਝ, ਸੁਰੀਲੀ ਆਵਾਜ਼ ਅਤੇ ਸਵੈ-ਵਿਸ਼ਵਾਸ 'ਤੇ ਹੈਰਾਨੀ ਹੁੰਦੀ ਹੈ। ਸਖ਼ਤ ਮੁਕਾਬਲੇ ਵਿਚੋਂ ਛਣ ਕੇ ਇੱਥੋਂ ਤਕ ਪੁੱਜੇ ਬਾਲ-ਕਲਾਕਾਰਾਂ ਦਰਮਿਆਨ ਅੱਗੇ ਵੀ ਸਖ਼ਤ ਮੁਕਾਬਲਾ ਹੈ। ਬੱਚਿਆਂ ਦੀ ਕੁਦਰਤੀ ਪ੍ਰਤਿਭਾ, ਮਿਹਨਤ ਅਤੇ ਰਿਆਜ਼ ਦੇ ਬਲ 'ਤੇ ਪ੍ਰੋਗਰਾਮ ਦਿਲਚਸਪ ਮੋੜ 'ਤੇ ਪਹੁੰਚ ਗਿਆ ਹੈ। ਹੁਣ ਤਕ ਸੁਪਰ ਸਟਾਰ

ਪ੍ਰੋ. ਕੁਲਬੀਰ ਸਿੰਘ
ਫੋਨ: 94171-53513

ਸਿੰਗਰ-2 ਨੇ ਲੱਖਾਂ ਕਰੋੜਾਂ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਲਿਆ ਹੈ। ਜਿਹੜਾ ਇਕ ਵਾਰ ਇਹ ਪ੍ਰੋਗਰਾਮ ਵੇਖ ਲੈਂਦਾ ਹੈ। ਉਹ ਬਾਲ-ਕਲਾਕਾਰਾਂ ਦੀ ਗਾਇਨ ਕਲਾ ਦਾ ਚਹੇਤਾ ਬਣ ਜਾਂਦਾ ਹੈ।

ਸੋਨੀ ਐਂਟਰਟੇਨਮੈਂਟ ਟੈਲੀਵਿਜ਼ਨ ਦੁਆਰਾ ਪ੍ਰਸਾਰਿਤ ਕੀਤੇ ਜਾ ਰਹੇ ਇਸ ਰਿਆਲਟੀ ਸ਼ੋਅ ਵਿਚ 6 ਤੋਂ 16 ਸਾਲ ਤਕ ਦੀ ਉਮਰ ਦੇ ਬੱਚਿਆਂ ਨੂੰ ਸ਼ਾਮਲ ਕੀਤਾ ਗਿਆ ਹੈ। ਜਨਵਰੀ 2022 ਵਿਚ ਪ੍ਰੋਗਰਾਮ ਲਈ ਬੱਚਿਆਂ ਦੀ ਚੋਣ ਆਰੰਭ ਕੀਤੀ ਗਈ ਸੀ ਅਤੇ 3 ਅਪ੍ਰੈਲ ਨੂੰ ਇਸਦੀ ਪਹਿਲੀ ਕੜੀ ਪ੍ਰਸਾਰਿਤ ਹੋਈ ਸੀ। ਇਸ ਸ਼ੋਅ ਦਾ ਦਿਲਚਸਪ ਤੇ ਆਕਰਸ਼ਕ ਪਹਿਲੂ ਇਹ ਵੀ ਹੈ ਕਿ ਇੰਡੀਅਨ ਆਈਡਲ ਦੇ ਪਿਛਲੇ ਸਾਲਾਂ ਦੇ ਬਿਹਤਰੀਨ ਗਾਇਕ ਕਲਾਕਾਰ ਪਵਨ, ਅਰੁਣਿਤਾ, ਸਿਆਲੀ, ਸਲਮਾਨ ਅਤੇ ਦਾਨਿਸ਼ ਨੂੰ ਪ੍ਰੋਗਰਾਮ ਨਾਲ ਜੋੜ ਕੇ ਬਾਲ ਕਲਾਕਾਰਾਂ ਨੂੰ ਪੰਜ ਟੀਮਾਂ ਵਿਚ ਵੰਡਿਆ ਗਿਆ ਹੈ। ਟੀਮਾਂ ਦੇ ਨਾਂ ਰੱਖੇ ਗਏ ਹਨ 'ਪਵਨ ਕੇ ਪਟਾਕੇ', 'ਅਰੁਣਿਤਾ ਕੇ ਅਜੂਬੇ', 'ਸਿਆਲੀ ਕੇ ਸੋਲਜਰਸ', 'ਸਲਮਾਨ ਕੇ ਸੁਲਤਾਨ' ਅਤੇ 'ਦਾਨਿਸ਼ ਕੇ ਦਬੰਗ'।

ਸਾਰੇ ਬਾਲ-ਕਲਾਕਾਰ ਦੇਸ਼ ਦੇ ਵੱਖ-ਵੱਖ ਰਾਜਾਂ ਵਿਚੋਂ ਹਨ। ਖ਼ੁਸ਼ੀ ਤੇ ਮਾਣ ਵਾਲੀ ਗੱਲ ਹੈ ਕਿ ਇਨ੍ਹਾਂ ਵਿਚ 3-4 ਬੱਚੇ ਪੰਜਾਬ ਦੇ ਸ਼ਾਮਲ ਹਨ ਜਿਹੜੇ ਬੇਹੱਦ ਪ੍ਰਤਿਭਾਵਾਨ ਹਨ ਅਤੇ ਸਖ਼ਤ ਟੱਕਰਦੇ ਰਹੇ ਹਨ। ਸ਼ੋਅ ਦਾ ਥੀਮ ਸੁਪਰਸਟਾਰ ਸਿੰਗਰ ਰੱਖਿਆ ਗਿਆ ਹੈ। ਇਸਨੂੰ 34 ਕੜੀਆਂ ਵਿਚ ਖ਼ਤਮ ਕੀਤਾ ਜਾਣਾ ਹੈ। ਜੱਜਾਂ ਵਿਚ ਹਿਮੇਸ਼ ਰੇਸ਼ਮੀਆ, ਅਲਕਾ ਯਾਗਨਿਕ ਅਤੇ ਜਾਵੇਦ ਅਲੀ ਸ਼ਾਮਲ ਹਨ। ਹਰੇਕ ਕੜੀ ਵਿਚ ਫ਼ਿਲਮ ਜਗਤ ਦੇ ਨਵੇਂ ਪੁਰਾਣੇ ਪ੍ਰਸਿੱਧ ਅਦਾਕਾਰ ਅਤੇ ਗਾਇਕ ਕਲਾਕਾਰ ਬਤੌਰ ਮਹਿਮਾਨ ਸ਼ਾਮਲ ਹੁੰਦੇ ਹਨ ਜਿਸ ਨਾਲ ਪ੍ਰੋਗਰਾਮ ਹੋਰ ਦਿਲਚਸਪ ਤੇ ਹੋਰ ਆਕਰਸ਼ਕ ਬਣ ਜਾਂਦਾ ਹੈ। ਐਂਕਰ ਆਦਿੱਤਿਆ ਨਰਾਇਣ ਦਾ ਜਵਾਬ ਨਹੀਂ। ਸ਼ੋਅ ਵਿਚ ਜਾਨ ਪਾ ਦਿੰਦਾ ਹੈ। ਗੁਣਾਂ ਦੀ ਖਾਣ ਹੈ। ਉਹ ਖ਼ੁਦ ਸੁਰੀਲਾ ਗਾਇਕ ਹੈ। ਬਤੌਰ ਐਂਕਰ ਉਹ ਚੁੰਬਕੀ-ਆਕਰਸ਼ਣ ਦਾ ਮਾਲਕ ਹੈ।

ਹਰੇਕ ਸ਼ਨਿਚਰਵਾਰ-ਐਤਵਾਰ ਰਾਤ 8 ਵਜੇ ਪ੍ਰਸਾਰਿਤ ਕੀਤੇ ਜਾਂਦੇ ਇਸ ਸ਼ੋਅ ਦੀ 7 ਅਗਸਤ ਨੂੰ 32ਵੀਂ ਕੜੀ ਪੇਸ਼ ਕੀਤੀ ਗਈ। ਜਦ ਕੋਈ ਅਜਿਹਾ ਸ਼ੋਅ ਆਰੰਭ ਹੁੰਦਾ ਹੈ ਤਾਂ ਉਸ ਦੀਆਂ ਕੁਲ ਕੜੀਆਂ ਦੀ ਗਿਣਤੀ ਨਿਸ਼ਚਿਤ ਕੀਤੀ ਜਾਂਦੀ ਹੈ ਪਰ ਜਦ ਸਮੇਂ ਨਾਲ ਸ਼ੋਅ ਦੀ ਪ੍ਰਸਿੱਧੀ ਅਤੇ ਟੀ.ਆਰ.ਪੀ. ਬਹੁਤ ਵਧ ਜਾਂਦੀ ਹੈ ਤਾਂ ਕਿਸ਼ਤਾਂ ਵੀ ਵਧਾ ਦਿੱਤੀਆਂ ਜਾਂਦੀਆਂ ਹਨ। ਇਸ ਸਮੇਂ ਸੁਪਰਸਟਾਰ ਸਿੰਗਰ-2 ਦੀ ਪ੍ਰਸਿੱਧੀ ਸਿਖ਼ਰ 'ਤੇ ਹੈ। ਚੈਨਲ ਜ਼ਰੂਰ ਇਸਨੂੰ ਅੱਗੇ ਖਿੱਚਣਾ ਚਾਹੇਗਾ। ਇਸੇ ਲਈ ਸੁਣਨ ਵਿਚ ਆ ਰਿਹਾ ਹੈ ਕਿ ਫਾਈਨਲ ਮੁਕਾਬਲਾ ਅਕਤੂਬਰ ਮਹੀਨੇ ਵਿਚ ਹੋਵੇਗਾ।

ਇਸ ਸ਼ੋਅ ਦੇ ਡਾਇਰੈਕਟਰ ਨੀਰਜ ਸ਼ਰਮਾ ਅਤੇ ਪ੍ਰੋਡਿਊਸਰ ਗੌਤਮ ਮਰੀਨਾਲ ਹਨ। ਜਿੱਥੇ ਸ਼ੋਅ ਦੀਆਂ ਕਈ ਵਿਸ਼ੇਸ਼ ਕੜੀਆਂ ਪ੍ਰਸਾਰਿਤ ਕੀਤੀਆਂ ਜਾਂਦੀਆਂ ਹਨ ਉਥੇ ਸ਼ੋਅ ਦੀ ਪ੍ਰਸਿੱਧੀ ਤੇ ਚਰਚਾ ਲਈ ਬਾਲ ਗਾਇਕ ਕਲਾਕਾਰਾਂ ਨੂੰ ਚੈਨਲ ਦੇ ਹੋਰਨਾਂ ਪ੍ਰੋਗਰਾਮਾਂ ਵਿਚ ਪੇਸ਼ਕਾਰੀ ਲਈ ਭੇਜਿਆ ਜਾ ਰਿਹਾ ਹੈ ਤਾਂ ਜੋ ਵੱਧ ਤੋਂ ਵੱਧ ਦਰਸ਼ਕਾਂ ਨੂੰ ਸੁਪਰਸਟਾਰ ਸਿੰਗਰ-2 ਨਾਲ ਜੋੜਿਆ ਜਾ ਸਕੇ।

7 ਅਗਸਤ ਦੀ ਕੜੀ ਕਿਸ਼ੋਰ ਕੁਮਾਰ ਨੂੰ ਸਮਰਪਿਤ ਸੀ। ਮਨੀ (ਧਰਮਕੋਟ) ਅਤੇ ਸਾਇਸ਼ਾ (ਖਰੜ-ਮੁਹਾਲੀ) ਨੇ ਦਰਸ਼ਕਾਂ ਦਾ ਦਿਲ ਜਿੱਤ ਲਿਆ। ਦਰਸ਼ਕਾਂ ਨੂੰ ਹਰ ਹਫ਼ਤੇ ਯਾਦਗਾਰੀ ਛਿਣ ਮਿਲ ਜਾਂਦੇ ਹਨ ਜਿਹੜੇ ਉਨ੍ਹਾਂ ਦੇ ਚੇਤਿਆਂ ਵਿਚ ਵਸ ਜਾਂਦੇ ਹਨ। ਮਨੀ ਅਤੇ ਸਾਇਸ਼ਾ ਦੀ ਪੇਸ਼ਕਾਰੀ ਤੇ ਜੱਜ, ਮਹਿਮਾਨ ਅਤੇ ਦਰਸ਼ਕ ਅਸ਼-ਅਸ਼ ਕਰ ਉਠਦੇ ਹਨ। ਕਈ ਵਾਰ ਮਹਿਮਾਨ ਇਨ੍ਹਾਂ ਬਾਲ ਕਲਾਕਾਰਾਂ ਤੋਂ ਏਨੇ ਪ੍ਰਭਾਵਿਤ ਹੁੰਦੇ ਹਨ ਕਿ ਉਨ੍ਹਾਂ ਨੂੰ ਆਪਣੇ ਘਰ ਆਉਣ ਦਾ ਸੱਦਾ ਦੇ ਕੇ ਜਾਂਦੇ ਹਨ।

ਮਾਂ ਸਪੈਸ਼ਲ ਐਪੀਸੋਡ ਵਿਚ ਜਦ ਮਨੀ ਨੇ ਗੀਤ ਗਾਇਆ ਤਾਂ ਜੱਜ ਜਾਵੇਦ ਅਲੀ ਭਾਵੁਕ ਹੋ ਗਏ ਅਤੇ ਕਿਹਾ ਕਿ ਮੈਂ ਆਪਣੀਆਂ ਭਾਵਨਾਵਾਂ ਸ਼ਬਦਾਂ ਵਿਚ ਬਿਆਨ ਨਹੀਂ ਕਰ ਸਕਦਾ। ਉਸਦੇ ਗੀਤ ਬਾਅਦ ਸਾਰੇ ਸਟੂਡੀਓ ਵਿਚ ਸੰਨਾਟਾ ਛਾ ਗਿਆ ਸੀ। ਹਰ ਕੋਈ ਖਾਮੋਸ਼ ਸੀ, ਹੈਰਾਨ ਸੀ। ਕੋਈ ਬਾਲ ਕਲਾਕਾਰ ਐਨਾ ਵਧੀਆ, ਐਨਾ ਸੁਰੀਲਾ, ਭਾਵਨਾਵਾਂ ਨਾਲ ਗੜੁੱਚ ਕਿਵੇਂ ਗਾ ਸਕਦਾ ਹੈ। ਉਸਦੀ ਨਿਰਛਲ ਮੁਸਕਰਾਹਟ ਸੋਨੇ 'ਤੇ ਸੁਹਾਗੇ ਦਾ ਕੰਮ ਕਰਦੀ ਹੈ।

ਪਵਨਦੀਪ ਰਾਜਨ, ਅਰੁਣਿਤਾ ਕਾਂਜੀਲਾਲ, ਸਲਮਾਨ ਅਲੀ, ਮੁਹੰਮਦ ਦਾਨਿਸ਼ ਅਤੇ ਸਿਆਲੀ ਕਾਂਬਲੇ ਬਾਲ-ਕਲਾਕਾਰਾਂ ਨੂੰ ਸਿਖਾਉਂਦੇ ਅਤੇ ਮੁਕਾਬਲੇ ਲਈ ਤਿਆਰ ਕਰਦੇ ਹਨ। ਉਨ੍ਹਾਂ ਨੇ ਹੀ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚੋਂ ਬੜੀ ਮਿਹਨਤ ਨਾਲ ਇਨ੍ਹਾਂ ਪ੍ਰਤਿਭਾਸ਼ਾਲੀ ਬੱਚਿਆਂ ਨੂੰ ਲੱਭਿਆ ਹੈ। ਇਸ ਸਭ ਨਾਲ ਪ੍ਰੋਗਰਾਮ ਮਿਆਰੀ ਅਤੇ ਰੌਚਕ ਬਣਿਆ ਹੈ।

**ਬੱਚਿਆਂ ਦੀ ਮਿਆਰੀ ਤੇ ਹੈਰਾਨਕੁੰਨ ਪੇਸ਼ਕਾਰੀ ਵੇਖ ਕੇ ਕਈ ਵਾਰ ਜੱਜਾਂ ਨੂੰ ਤਾਰੀਫ਼ ਲਈ ਸ਼ਬਦ ਨਹੀਂ ਸੁੱਝਦੇ। ਬੱਚਿਆਂ ਦੀ ਗਾਇਨ ਕਲਾ ਨੇ ਲੱਖਾਂ ਦਰਸ਼ਕਾਂ ਨੂੰ ਬੰਨ੍ਹ ਕੇ ਬਿਠਾਇਆ ਹੋਇਆ ਹੈ ਅਤੇ ਦਰਸ਼ਕ ਹਰੇਕ ਹਫ਼ਤੇ ਸੁਰੀਲੀ ਗਾਇਕੀ ਦਾ ਖ਼ੂਬ ਲੁਤਫ਼ ਉਠਾਉਂਦੇ ਹਨ।**


# ਮਿਹਰਬਾਨੀਆਂ ਆਮਿਰ ਖਾਨ ਤੇ ਅਤੁਲ ਕੁਲਕਰਨੀ

ਅੱਜ ਦੀ ਤਾਰੀਖ ਵਿਚ ਸਭ ਤੋਂ ਵੱਧ ਚਰਚਾ ਅਦਾਕਾਰ ਆਮਿਰ ਖਾਨ ਦੀ ਫਿਲਮ 'ਲਾਲ ਸਿੰਘ ਚੱਢਾ' ਦੀ ਹੋ ਰਹੀ ਹੈ। ਹਿੰਦੂ ਕੱਟੜਪੰਥੀ ਇਸ ਫਿਲਮ ਦਾ ਲਗਾਤਾਰ ਵਿਰੋਧ ਕਰ ਰਹੇ ਹਨ ਅਤੇ ਅਗਾਂਹ ਬਾਈਕਾਟ ਦਾ ਸੱਦਾ ਵੀ ਦੇ ਰਹੇ ਹਨ। ਇਹ ਸੱਦਾ ਫਿਲਮ ਰਿਲੀਜ਼ ਹੋਣ ਤੋਂ ਵੀ ਪਹਿਲਾਂ ਦਾ ਦਿੱਤਾ ਜਾ ਰਿਹਾ ਹੈ। ਉਧਰ, ਜਿੰਨੇ ਵੱਡੇ ਪੱਧਰ 'ਤੇ ਇਸ ਫਿਲਮ ਦਾ ਵਿਰੋਧ ਹੋ ਰਿਹਾ ਹੈ, ਓਨਾ ਹੀ ਇਸ ਦੇ ਹੱਕ ਵਿਚ ਆਵਾਜ਼ ਵੀ ਬੁਲੰਦ ਹੋ


**ਆਮਨਾ ਕੌਰ**


ਰਹੀ ਹੈ। ਧਰਮ ਨਿਰਪੱਖਤਾ ਨੂੰ ਪ੍ਰਣਾਏ ਲੋਕ ਹੋਕਾ ਦੇ ਰਹੇ ਕਿ ਇਸ ਫਿਲਮ ਦਾ ਵਿਰੋਧ ਕਿਸੇ ਖਾਸ ਵਜ੍ਹਾ ਕਰਕੇ ਨਹੀਂ ਸਗੋਂ ਇਸ ਕਰਕੇ ਕੀਤਾ ਜਾ ਰਿਹਾ ਹੈ ਕਿ ਇਹ ਆਮਿਰ ਖਾਨ ਦੀ ਫਿਲਮ ਹੈ ਅਤੇ ਆਮਿਰ ਖਾਨ ਬਾਰੇ ਝੂਠਾ ਪ੍ਰਚਾਰ ਕੀਤਾ ਜਾ ਰਿਹਾ ਹੈ ਕਿ ਉਹ ਭਾਰਤ ਨੂੰ ਰਹਿਣਯੋਗ ਮੁਲਕ ਨਹੀਂ ਮੰਨਦਾ ਹਾਲਾਂਕਿ ਸਚਾਈ ਇਹ ਹੈ ਕਿ ਜਦੋਂ ਹਿੰਦੂਤਵ ਨੂੰ ਪ੍ਰਣਾਈ ਮੋਦੀ ਸਰਕਾਰ ਮੁਸਲਮਾਨਾਂ ਖਿਲਾਫ ਨਾਗਰਿਕਤਾ ਸੋਧ ਬਿੱਲ ਲੈ ਕੇ ਆਈ ਸੀ ਤਾਂ ਆਮਿਰ ਖਾਨ ਦੀ ਪਤਨੀ ਕਿਰਨ ਰਾਓ ਨੇ ਸਹਿਜ-ਸੁਭਾਅ ਟਿੱਪਣੀ ਕੀਤੀ ਸੀ ਕਿ ਮੁਲਕ ਅਸਹਿਣਸ਼ੀਲ ਹੋ ਰਿਹਾ ਹੈ, ਇਥੇ ਤਾਂ ਰਹਿਣਾ ਵੀ ਮੁਸ਼ਕਿਲ ਹੋ ਰਿਹਾ ਹੈ! ਹੁਣ ਯਾਦ ਕਰਨਾ ਪਵੇਗਾ ਕਿ ਕਟੱੜਪੰਥੀ ਕਿਸ ਤਰ੍ਹਾਂ ਮੁਸਲਮਾਨਾਂ ਦੀਆਂ ਹਜੂਮੀ ਹੱਤਿਆਵਾਂ ਕਰ ਰਹੇ ਸਨ ਅਤੇ ਕਿਸ ਤਰ੍ਹਾਂ ਮੁਸਲਮਾਨਾਂ ਸਮੇਤ ਘੱਟਗਿਣਤੀਆਂ ਖਿਲਾਫ ਖੌਫ ਵਾਲਾ ਮਾਹੌਲ ਬਣਾਇਆ ਜਾ ਰਿਹਾ ਸੀ।


'ਲਾਲ ਸਿੰਘ ਚੱਢਾ' ਫਿਲਮ 1994 ਵਿਚ ਅੰਗਰੇਜ਼ੀ ਵਿਚ ਬਣੀ ਫਿਲਮ 'ਫੌਰੈਸਟ ਗੰਪ' ਦੀ ਰੀਮੇਕ ਹੈ। ਇਹ ਫਿਲਮ ਉਥੇ ਅਮਰੀਕੀ ਨਾਵਲਕਾਰ ਵਿੰਸਟਨ ਗਰੂਮ ਦੇ 1986 ਵਿਚ ਛਪੇ ਇਸੇ ਨਾਂ ਵਾਲੇ ਨਾਵਲ (ਫੌਰੈਸਟ ਗੰਪ) 'ਤੇ ਆਧਾਰਿਤ ਹੈ। ਇਹ ਫਿਲਮ ਇਕ ਅਸਾਧਾਰਨ ਬੱਚੇ/ਮਨੁੱਖ ਦੁਆਲੇ ਘੁੰਮਦੀ ਹੈ। ਇਸ ਕਹਾਣੀ ਵਿਚ ਮਾਨਵਤਾ ਅਤੇ ਸੰਵੇਦਨਸ਼ੀਲਤਾ ਡੁੱਲ੍ਹ-ਡੁੱਲ੍ਹ ਪੈਂਦੀ ਹੈ। ਫਿਲਮ ਅਤੇ ਨਾਵਲ 'ਫੌਰੈਸਟ ਗੰਪ' ਕਈ ਅਮਰੀਕੀ ਸਕੂਲਾਂ ਦੇ ਸਿਲੇਬਸ ਦਾ ਹਿੱਸਾ ਹੈ। ਉਂਝ ਵੀ ਇਹ ਫਿਲਮ ਸਕੂਲਾਂ ਵਿਚ ਅਕਸਰ ਫਿਲਮ ਦਿਖਾਈ ਜਾਂਦੀ ਹੈ ਅਤੇ ਕਿਤਾਬ ਪੜ੍ਹਨ ਦੀ ਸਿਫਾਰਿਸ਼ ਵੀ ਕੀਤੀ ਜਾਂਦੀ ਹੈ ਤਾਂ ਕਿ ਬੱਚਿਆਂ ਅਤੇ ਆਮ ਲੋਕਾਂ ਨੂੰ ਮਨੁੱਖਤਾ ਪੱਖੀ ਸੁਨੇਹਾ ਦਿੱਤਾ ਜਾ ਸਕੇ ਪਰ ਭਾਰਤ ਵਿਚ ਸਭ ਉਲਟ ਹੋ ਰਿਹਾ ਹੈ।


ਫਿਲਮ 'ਲਾਲ ਸਿੰਘ ਚੱਢਾ' ਦਾ ਅਦਾਕਾਰ ਆਮਿਰ ਖਾਨ, ਪਟਕਥਾ ਲੇਖਕ ਅਤੁਲ ਕੁਲਕਰਨੀ ਤੇ ਹਦਾਇਤਕਾਰ ਅਦਵੈਤ ਚੰਦਨ।







ਹਾਲੀਵੁੱਡ ਫਿਲਮ 'ਫਾਰੈਸਟ ਗੰਪ' ਦਾ ਪੋਸਟਰ, ਨਾਵਲ 'ਫਾਰੈਸਟ ਗੰਪ' ਦਾ ਸਰਵਰਕ ਅਤੇ ਨਾਵਲ ਦਾ ਲਿਖਾਰੀ ਵਿੰਸਟਨ ਗਰੂਮ।

ਅਸਲ ਵਿਚ ਭਾਰਤ ਵਿਚ ਜਿਸ ਤਰ੍ਹਾਂ ਦੀ ਸਿਆਸਤ ਸੱਤਾਧਾਰੀ ਧਿਰ ਚਲਾ ਰਹੀ ਹੈ, ਇਹ ਫਿਲਮ ਉਸ ਉਤੇ ਬੜਾ ਤਿੱਖਾ ਵਾਰ ਕਰਦੀ ਹੈ। ਇਸ ਤੋਂ ਵੀ ਵੱਧ, ਇਸ ਫਿਲਮ ਦਾ ਮੁੱਖ ਕਿਰਦਾਰ ਉਸ ਘੱਟਗਿਣਤੀ ਦੀ ਨੁਮਾਇੰਦਗੀ ਕਰਦਾ ਹੈ ਜਿਸ ਉਤੇ ਵਧੀਕੀਆਂ ਦੀ ਗੱਲ ਅਕਸਰ ਤੁਰਦੀ ਰਹਿੰਦੀ ਹੈ। ਇਸ ਪੱਖ ਤੋਂ ਫਿਲਮ ਦੇ ਪਟਕਥਾ ਲੇਖਕ ਅਤੁਲ ਕੁਲਕਰਨੀ ਦੀ ਤਾਰੀਫ ਕਰਨੀ ਬਣਦੀ ਹੈ ਜਿਸ ਨੇ 'ਫੌਰੈਸਟ ਗੰਪ' ਵਾਲੇ ਖਿਆਲ ਦਾ ਭਾਰਤੀਕਰਨ ਕਰਦਿਆਂ ਕਮਾਲ ਦੀ ਸੂਝਬੂਝ ਦਿਖਾਈ ਹੈ। ਉਸ ਨੇ ਇਹ ਕਾਰਜ ਉਸ ਵਕਤ ਕੀਤਾ ਹੈ ਜਦੋਂ ਭਾਰਤ ਵਿਚ ਅਜਿਹੇ ਰੂਪ ਵਿਚ ਇਹ ਆਵਾਜ਼ ਬੁਲੰਦ ਕਰਨ ਦੀ ਜ਼ਰੂਰਤ ਸੀ। ਫਿਲਮ ਦੇ ਨਿਰਦੇਸ਼ਕ ਅਦਵੈਤ ਚੰਦਨ ਨੇ ਵੀ ਇਸ ਮਾਮਲੇ ਵਿਚ ਜੁਰਅਤ ਦਿਖਾਈ ਹੈ। ਇਸ ਫਿਲਮ ਨੂੰ 6 ਆਸਕਰ ਇਨਾਮ ਮਿਲ ਚੁੱਕੇ ਹਨ ਅਤੇ ਆਸਕਰ ਦੀ ਕਰਤਾ-ਧਰਤਾ 'ਦਿ ਅਕੈਡਮੀ ਆਫ ਮੋਸ਼ਨ ਪਿਕਚਰ ਆਰਟਸ ਐਂਡ ਸਾਇੰਸ' ਨੇ ਫਿਲਮ 'ਲਾਲ ਸਿੰਘ ਚੱਢਾ' ਨੂੰ ਫਿਲਮ 'ਫੌਰੈਸਟ ਗੰਪ' ਦਾ ਸਹੀ ਭਾਰਤੀ ਰੂਪਾਂਤਰਨ ਦੱਸਿਆ ਹੈ। ਅਕੈਡਮੀ ਨੇ ਟਵਿੱਟਰ 'ਤੇ ਇਨ੍ਹਾਂ ਦੋਵਾਂ ਫਿਲਮਾਂ ਦੀ ਵੀਡੀਓ ਸਾਂਝੀ ਕਰਦਿਆਂ ਲਿਖਿਆ ਹੈ: "ਰੋਬਰਟ ਜ਼ੈਮੈਕਸ ਅਤੇ ਐਰਿਕ ਰੌਥ ਨੇ 'ਫੌਰੈਸਟ ਗੰਪ' ਵਿਚ ਅਜਿਹੇ ਸ਼ਖਸ ਦੀ ਕਹਾਣੀ ਲਿਖੀ ਹੈ ਜੋ ਆਪਣੀ ਦਿਆਲਤਾ ਨਾਲ ਸੰਸਾਰ ਨੂੰ ਬਦਲਦਾ ਹੈ। ਦੂਜੇ ਪਾਸੇ ਅਦਵੈਤ ਚੰਦਨ ਅਤੇ ਅਤੁਲ ਕੁਲਕਰਨੀ ਨੇ 'ਲਾਲ ਸਿੰਘ ਚੱਢਾ' ਨੂੰ ਇਸੇ ਰੂਪ ਵਿਚ ਢਾਲਿਆ ਹੈ। ਆਮਿਰ ਖਾਨ ਨੇ ਟੌਮ ਹੈਂਕਸ ਵੱਲੋਂ ਨਿਭਾਈ ਭੂਮਿਕਾ ਨੂੰ ਹੋਰ ਪ੍ਰਸਿੱਧ ਕਰ ਦਿੱਤਾ ਹੈ।"

ਕਮਾਈ ਦੇ ਪੱਖ ਤੋਂ 'ਲਾਲ ਸਿੰਘ ਚੱਢਾ' ਪਛੜ ਰਹੀ ਹੈ। ਇਸ ਫਿਲਮ ਦਾ ਬਜਟ 180 ਕਰੋੜ ਰੁਪਏ ਦਾ ਹੈ ਅਤੇ ਇਸ ਨੇ ਮੰਗਲਵਾਰ ਤੱਕ ਪਹਿਲੇ ਪੰਜ ਦਿਨਾਂ ਦੌਰਾਨ ਸਮੁੱਚੇ ਸੰਸਾਰ ਵਿਚ 86.57 ਕਰੋੜ ਰੁਪਏ ਕਮਾਏ ਹਨ। ਇਸ ਵਿਚੋਂ ਭਾਰਤ ਵਿਚਲੀ ਕਮਾਈ 54.56 ਕਰੋੜ ਰੁਪਏ ਹੈ। ਉਂਝ, ਅੱਖਾਂ ਖੋਲ੍ਹ ਵਾਲਾ ਇਕ ਤੱਥ ਇਹ ਵੀ ਹੈ ਕਿ 'ਫੌਰੈਸਟ ਗੰਪ' ਨੂੰ ਵੀ ਬਾਕਸਆਫਿਸ 'ਤੇ ਬਹੁਤੀ ਸਫਲਤਾ ਨਹੀਂ ਸੀ ਮਿਲੀ। ਉਦੋਂ ਵੀ ਇਸ ਫਿਲਮ ਦੀ ਚਰਚਾ ਖੂਬ ਹੋਈ ਸੀ ਅਤੇ ਅੱਜ ਤੱਕ ਹੋ ਰਹੀ ਹੈ। ਇਹੀ ਹਾਲ ਭਾਰਤ ਵਿਚ ਹੋਇਆ ਹੈ। ਕਮਾਈ ਦੇ ਪੱਖ ਤੋਂ ਇਹ ਫਿਲਮ ਆਮਿਰ ਖਾਨ ਅਤੇ ਉਸ ਦੀ ਟੀਮ ਲਈ ਘਾਟੇ ਵਾਲਾ ਪ੍ਰੋਜੈਕਟ ਸਾਬਤ ਹੋਵੇਗੀ ਪਰ ਇਹ ਯਾਦ ਰੱਖਿਆ ਜਾਵੇਗਾ ਕਿ ਇਹ ਫਿਲਮ ਉਨ੍ਹਾਂ ਸਮਿਆਂ ਦੌਰਾਨ ਬਣਾਈ ਗਈ ਜਦੋਂ ਨਰਿੰਦਰ ਮੋਦੀ ਸਰਕਾਰ ਬੋਲਣ ਵਾਲੇ ਦੀ ਜ਼ਬਾਨ ਕੱਟ ਦੇਣ 'ਤੇ ਉਤਾਰੂ ਹੋਈ ਪਈ ਹੈ। ਇਸ ਲਈ ਇਹ ਫਿਲਮ ਬਣਾਉਣ ਵਾਲਿਆਂ ਅਤੇ ਦੇਖਣ ਵਾਲਿਆਂ ਨੂੰ ਸੱਚੇ ਦਿਲੋਂ ਸਲਾਮ! ਅਜਿਹੀਆਂ ਫਿਲਮਾਂ ਬਣਦੀਆਂ ਰਹਿਣੀਆਂ ਚਾਹੀਦੀਆਂ ਹਨ।

# 'ਮਹਾਰਾਨੀ' ਹੁਮਾ ਕੁਰੈਸ਼ੀ



ਮਸ਼ਹੂਰ ਓ.ਟੀ.ਟੀ. ਸ਼ੋਅ 'ਮਹਾਰਾਨੀ' ਨੇ ਅਦਾਕਾਰਾ ਹੁਮਾ ਕੁਰੈਸ਼ੀ ਲਈ ਕੰਮ ਦੇ ਨਵੇਂ ਰਾਹ ਖੋਲ੍ਹ ਦਿੱਤੇ ਹਨ। ਅਦਾਕਾਰਾ ਦਾ ਮੰਨਣਾ ਹੈ ਕਿ ਹੁਣ ਉਹ ਮੁੱਖ ਭੂਮਿਕਾ ਵਾਲੇ ਕਿਰਦਾਰ ਨਿਭਾਅ ਸਕਦੀ ਹੈ। 'ਗੈਂਗਜ਼ ਆਫ ਵਾਸੇਪੁਰ', 'ਡੀ-ਡੇਅ', 'ਡੇਢ ਇਸ਼ਕੀਆ' ਅਤੇ 'ਬਦਲਾਪੁਰ' ਵਰਗੀਆਂ ਫਿਲਮਾਂ ਲਈ ਜਾਣੀ ਜਾਂਦੀ ਹੁਮਾ ਕੁਰੈਸ਼ੀ ਦਾ ਕਹਿਣਾ ਹੈ ਕਿ ਡਿਜੀਟਲ ਪਲੈਟਫਾਰਮ ਨੇ ਉਸ ਨੂੰ ਵਿਲੱਖਣ ਕਿਰਦਾਰ ਨਿਭਾਉਣ ਦਾ ਮੌਕਾ ਦਿੱਤਾ ਹੈ। ਉਸ ਮੁਤਾਬਿਕ, "ਮਹਾਰਾਨੀ ਨੂੰ ਮਿਲੀ ਸਫਲਤਾ ਨਾਲ ਹੁਣ ਮੈਨੂੰ ਮੁੱਖ ਭੂਮਿਕਾਵਾਂ ਵਾਲੇ ਵੱਡੀ ਗਿਣਤੀ ਪ੍ਰੋਜੈਕਟਾਂ ਦੀ ਪੇਸ਼ਕਸ਼ ਆ ਰਹੀ ਹੈ।'

ਜ਼ਿਕਰਯੋਗ ਹੈ ਕਿ ਹੁਮਾ ਕੁਰੈਸ਼ੀ ਦੇ ਆਉਣ ਵਾਲੇ ਪ੍ਰੋਜੈਕਟਾਂ ਵਿਚ ਮਸ਼ਹੂਰ ਖਾਨਸਾਮਾ ਤੇ ਲੇਖਕਾ ਤਰਲਾ ਦਲਾਲ ਦੇ ਜੀਵਨ 'ਤੇ ਆਧਾਰਿਤ ਫਿਲਮ, ਦਿਨੇਸ਼ ਵਿਜਨ ਦੇ ਪ੍ਰੋਡਕਸ਼ਨ ਹੇਠ 'ਪੂਜਾ ਮੇਰੀ ਜਾਨ', ਸੋਨਾਕਸ਼ੀ ਸਿਨਹਾ ਨਾਲ ਕਾਮੇਡੀ ਫਿਲਮ 'ਡਬਲ ਐੱਕਸ.ਐੱਲ.' ਅਤੇ ਨੈੱਟਫਲਿਕਸ ਲਈ ਵਸਨ ਬਾਲਾ ਨਿਰਦੇਸ਼ਿਤ 'ਮੋਨਿਕਾ: ਓ ਮਾਈ ਡਾਰਲਿੰਗ' ਸ਼ਾਮਲ ਹਨ।

# ਵਿੱਦਿਆ ਬਾਲਨ ਦੀਆਂ ਬਾਤਾਂ

'ਦਿ ਡਰਟੀ ਪਿਕਚਰ', 'ਬੇਗਮ ਜਹਾਂ', 'ਕਹਾਨੀ', 'ਪਰਿਨਿਤਾ' ਵਰਗੀਆਂ ਔਰਤਾਂ ਦੇ ਮੁੱਖ ਕਿਰਦਾਰ ਵਾਲੀਆਂ ਫਿਲਮਾਂ ਵਿਚ ਆਪਣੀ ਅਦਾਕਾਰੀ ਦੇ ਜੌਹਰ ਦਿਖਾਉਣ ਵਾਲੀ ਅਦਾਕਾਰਾ ਵਿੱਦਿਆ ਬਾਲਨ ਦਾ ਕਹਿਣਾ ਹੈ ਕਿ ਫਿਲਮ ਨਿਰਮਾਤਾ ਔਰਤਾਂ ਵਾਲੇ ਮੁੱਖ ਕਿਰਦਾਰ ਵਾਲੀਆਂ ਅਜਿਹੀਆਂ ਫਿਲਮਾਂ ਬਣਾਉਣ ਤੋਂ ਤ੍ਰਹਿੰਦੇ ਹਨ। ਇਸ ਸਬੰਧ ਵਿਚ ਉਹਨੇ 'ਮਿਸ਼ਨ ਮੰਗਲ' ਫਿਲਮ ਦੀ ਮਿਸਾਲ ਦਿੱਤੀ। ਇਸ ਫਿਲਮ ਦੀ ਸਫਲਤਾ ਲਈ ਹਰ ਕੋਈ ਅਕਸ਼ੈ ਕੁਮਾਰ ਦੀਆਂ ਤਾਰੀਫਾਂ ਕਰ ਰਿਹਾ ਸੀ ਜਦਕਿ ਤੱਥ ਇਹ ਹਨ ਕਿ ਇਸ ਫਿਲਮ ਵਿਚ ਪੰਜ ਅਦਾਕਾਰਾਵਾਂ ਵੀ ਸਨ। "ਕੀ ਇਨ੍ਹਾਂ ਅਦਾਕਾਰਾਵਾਂ ਦਾ ਇਸ ਫਿਲਮ ਦੀ ਸਫਲਤਾ ਵਿਚ ਕੋਈ ਯੋਗਦਾਨ ਨਹੀਂ?" ਵਿੱਦਿਆ ਬਾਲਨ ਇਹ ਸਵਾਲ ਹਰ ਕਿਸੇ ਨੂੰ ਪੁੱਛਦੀ ਹੈ। ਇਸ ਫਿਲਮ ਵਿਚ ਜਿਹੜੀਆਂ ਪੰਜ ਅਦਾਕਾਰਾਵਾਂ ਨੇ ਕੰਮ ਕੀਤਾ, ਉਨ੍ਹਾਂ ਵਿਚ ਖੁਦ ਵਿੱਦਿਆ ਬਾਲਨ ਤੋਂ ਇਲਾਵਾ ਸੋਨਾਕਸ਼ੀ ਸਿਨਹਾ, ਤਾਪਸੀ ਪੰਨੂੰ, ਨਿਤਿਆ ਮੈਨਨ ਤੇ ਕੀਰਤੀ ਕੁਲਕਰਨੀ ਸ਼ਾਮਿਲ ਹਨ। ਫਿਲਮ ਵਿਚ ਅਦਾਕਾਰ ਸ਼ਰਮਨ ਜੋਸ਼ੀ ਦਾ ਵੀ ਅਹਿਮ ਕਿਰਦਾਰ ਹੈ।



ਵਿੱਦਿਆ ਬਾਲਨ ਸਪਸ਼ਟ ਆਖਦੀ ਹੈ, "ਮਸਲਾ ਅਕਸ਼ੈ ਕੁਮਾਰ ਅਤੇ ਪੰਜ ਅਦਾਕਾਰਾਵਾਂ ਦਾ ਨਹੀਂ, ਮਸਲਾ ਉਸ ਪ੍ਰਚਾਰ ਦਾ ਹੈ ਜੋ ਲਗਾਤਾਰ ਕੀਤਾ ਜਾ ਰਿਹਾ ਹੈ। ਕੀ ਫਿਲਮ ਵਿਚ ਸਿਰਫ ਅਕਸ਼ੈ ਕੁਮਾਰ ਦੀ ਹੀ ਅਦਾਕਾਰੀ ਹੈ? ਕੀ ਲੋਕਾਂ ਨੂੰ ਹੋਰ ਅਦਾਕਾਰਾਂ ਦੀ ਕਲਾਕਾਰੀ ਦਿਸ ਹੀ ਨਹੀਂ ਰਹੀ?" ਇਸ ਦੇ ਨਾਲ ਹੀ ਉਹ ਆਲੀਆ ਭੱਟ ਦੀ ਫਿਲਮ 'ਗੰਗੂਬਾਈ ਕਾਠੀਆਵਾੜੀ' ਦੀ ਮਿਸਾਲ ਦਿੰਦੀ ਹੈ ਅਤੇ ਪੁੱਛਦੀ ਹੈ ਕਿ ਇਸ ਫਿਲਮ ਵਿਚ ਤਾਂ ਕਿਸੇ ਅਦਾਕਾਰਾ ਦਾ ਕੋਈ ਵੱਡਾ ਕਿਰਦਾਰ ਨਹੀਂ। ਜੇ ਮਰਦ ਹੀ ਫਿਲਮ ਦਾ ਭਾਰ ਚੁੱਕ ਸਕਦੇ ਹਨ ਤਾਂ ਫਿਰ ਇਹ ਫਿਲਮ ਕਿਸ ਤਰ੍ਹਾਂ ਚੱਲ ਗਈ? ਫਿਰ ਉਹ ਅਗਲਾ ਸਵਾਲ ਦਾਗਦੀ ਹੈ, "ਕੋਈ ਤਾਂ ਤਰਕ, ਕੋਈ ਤਾਂ ਦਲੀਲ ਹੋਵੇ?"

ਇਸ ਤੋਂ ਬਾਅਦ ਵਿੱਦਿਆ ਬਾਲਨ ਨਿਤਾਰਾ ਕਰਦੀ ਹੈ, "ਅਸਲ ਵਿਚ ਸਾਡੀ ਫਿਲਮ ਸਨਅਤ ਨੂੰ ਕੋਈ ਬਿਮਾਰੀ ਚਿੰਬੜੀ ਹੋਈ ਹੈ ਜਿਸ ਦਾ ਇਹ ਇਲਾਜ ਵੀ ਕਰਵਾਉਣਾ ਨਹੀਂ ਚਾਹੁੰਦੀ। ਹੁਣ ਤਾਂ ਸਗੋਂ ਫਿਲਮੀ ਦੁਨੀਆ ਵਿਚ ਹੋਰ ਹੀ ਤਰ੍ਹਾਂ ਦੀਆਂ ਵੰਡੀਆਂ ਪਾਈਆਂ ਜਾ ਰਹੀਆਂ ਹਨ।" ਵਾਕਈ ਵਿੱਦਿਆ ਬਾਲਨ ਦੇ ਸਵਾਲ ਵੱਡੇ ਹਨ।

# Golden State Realty

**Real Estate and Loans Under One Roof**

ਘਰਾਂ ਦੀ ਵਧੀਆ ਡੀਲ ਤੇ ਘਟ ਤੋਂ ਘਟ ਵਿਆਜ ਦਰਾਂ ’ਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

**Selling Homes from Gilroy to Sacramento, CA**

Call us before visiting new model homes to save big time.

ਪਿਛਲੇ 35 ਸਾਲਾਂ ਤੋਂ ਬਿਜ਼ਨਸ ਵਿਚ ਭਰਪੂਰ ਸਹਿਯੋਗ ਲਈ ਸਮੂਹ ਭਾਈਚਾਰੇ ਦਾ ਧੰਨਵਾਦ

**Time to buy new home in Tracy, Manteca, Lothrop and Stockton**

Pinnacle Award Winner 2014, 2015, 2016 & 2017

Grand Master Award Winner: 2018-2021

## *Call for Listing Special 2022*

## Ph: 510-304-9292 or 408-666-8279



Anmol Singh Gill
REALTOR
Bre. # 02062952



Jaswinder (Jassi) Gill
M.Sc (PAU)
CA BRE# 00966763
Broker/Owner/Notary



Harjot Singh Gill
REALTOR
Bre. # 02036421
Ph: 408.413.8350



Rakesh Pabla
REALTOR
Lic no: 01507068
Ph: 408.531.5464

Fremont Office: 86 Pilgrim Loop, Fremont CA 94539

Tel: 510-440-9292

Visit us @ www.jassigill.com for hot listings

## Recent Sales

1. 3315 Mount Everest dr San Jose ca 95127
2. 16765 oak view Cir Morgan hill ca 95037
3. 4732 Zinnia ct Livermore CA 94551
4. 1977 Westport St Manteca, CA, 95337
5. 24552, Karina Ct Hayward,CA,94542
6. 36738 Matiz Cmn Fremont, CA, 94536
7. 1465 Veteran St Manteca, CA, 95337
8. 1441 Divine Ln Tracy, CA, 95376
9. 415 W Cupertino Ave Mountain House, CA, 95391
10. 36401 Bridgepointe Dr Newark, CA, 94560
11. 27490 Mangrove rd Hayward CA 94544
12. 5177 Roycroft Way Fremont, CA, 94538
13. 2447 Remy Cantos Dr Tracy, CA, 95376

Market is hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.

## Purchase Loan and Refinance

15 & 30 Yr Fixed Rates Are Still Better!!! Refinance Now At Zero Cost

Call Sukhveer (Sukhi) Gill Ph: 510-207-9067

DHMS, Loan Broker

CA BRE Lic.#01180969
NMLS# 352095